Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO WCOST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S. Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 41, October 8, 2011
20451 N Plum Grove Rd. Palatine, IL 60074
Ph:847-359-0746, Fax:847-705-9388

# ਬਾਦਲ ਸਰਕਾਰ ਬੇਨੇਮੀਆਂ ਤੇ ਘਪਲਿਆਂ ਦੀ ਘੁੰਮਣਘੇਰੀ 'ਚ

## ਲੋਕਪਾਲ ਤੇ ਹਾਈ ਕੋਰਟ ਨੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਭ੍ਰਿਸ਼ਟਾਚਾਰ ਅਤੇ ਬੇਨੇਮੀਆਂ ਦੇ ਮਾਮਲੇ ਭਖਣ ਨਾਲ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਬੀਬੀ ਜਗੀਰ ਕੌਰ ਨੂੰ ਨਾਜਾਇਜ਼ ਤਰੀਕੇ ਨਾਲ ਜ਼ਮੀਨ ਅਲਾਟ ਕਰਨਾ, ਨਿਜੀ ਲਾਹੇ ਲਈ ਟਰਾਂਸਪੋਰਟ ਨੀਤੀ 'ਚ ਫੇਰਬਦਲ, ਆਟਾ-ਦਾਲ ਸਕੀਮ ਵਿਚ ਘੁਟਾਲਾ ਤੇ ਕੇਬਲ ਨੈਟਵਰਕ 'ਤੇ ਕਬਜ਼ੇ ਦੇ ਮਾਮਲੇ ਇਸ ਵੇਲੇ ਬਾਦਲ ਸਰਕਾਰ ਲਈ ਸਿਰਦਰਦੀ ਬਣੇ ਹੋਏ ਹਨ। ਇਨ੍ਹਾਂ ਮਾਮਲਿਆਂ ਨੂੰ ਲੈ ਕੇ ਜਿਥੇ ਲੋਕਪਾਲ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ, ਉਥੇ ਹਾਈਕੋਰਟ ਨੇ ਵੀ ਸਰਕਾਰ ਨੂੰ ਟਰਾਂਸਪੋਰਟ ਘੁਟਾਲੇ ਬਾਰੇ ਤਲਬ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ 'ਚੰਗੀ ਕਾਰਗੁਜ਼ਾਰੀ' ਤੋਂ ਬਾਅਦ ਜਿੱਥੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਨੇ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਖਿੱਚ ਦਿੱਤੀਆਂ ਹਨ, ਉਥੇ ਸੂਬੇ ਵਿਚ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਸਰਕਾਰ ਦੀਆਂ ਪਿਛਲੇ ਸਾਰ ਸਾਲਾਂ ਦੀਆਂ 'ਨਾਲਾਇਕੀਆਂ' ਨੂੰ ਜਨਤਾ ਸਾਹਮਣੇ ਲਿਆਉਣ ਦੀ ਮੁਹਿੰਮ ਵਿੱਢ ਦਿੱਤੀ ਹੈ। ਸੱਤਾਧਾਰੀ ਧਿਰ ਨੂੰ ਭਾਵੇਂ ਪਹਿਲਾਂ ਹੀ ਪਤਾ ਸੀ ਕਿ ਕਾਂਗਰਸ ਇਨ੍ਹਾਂ ਮੁੱਦਿਆਂ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਉਠਾਏਗੀ ਪਰ ਸਮੇਂ ਤੋਂ ਪਹਿਲਾਂ ਇਹ ਮਾਮਲੇ ਪਰਤ-ਦਰ-ਪਰਤ ਸਾਹਮਣੇ ਆਉਣ ਨਾਲ ਅਤੇ ਇਨ੍ਹਾਂ ਬਾਰੇ ਕਾਨੂੰਨੀ ਕਾਰਵਾਈ ਸ਼ੁਰੂ ਹੋਣ ਨਾਲ ਅਕਾਲੀ ਦਲ, ਖਾਸਕਰ ਬਾਦਲ ਪਰਿਵਾਰ ਲਈ ਮੁਸੀਬਤਾਂ ਵਧ ਗਈਆਂ ਹਨ।



*ਪ੍ਰਕਾਸ਼ ਸਿੰਘ ਬਾਦਲ*

ਬਾਦਲ ਸਰਕਾਰ ਨੂੰ ਵੱਡਾ ਝਟਕਾ ਉਦੋਂ ਲੱਗਾ ਜਦੋਂ ਪੰਜਾਬ ਦੇ ਵੱਡੇ-ਵੱਡੇ ਪ੍ਰਾਈਵੇਟ ਬੱਸ ਟਰਾਂਸਪੋਰਟਰਾਂ ਨੂੰ ਲਾਹਾ ਪਹੁੰਚਾਉਣ ਦੇ ਇਰਾਦੇ ਨਾਲ ਟਰਾਂਸਪੋਰਟ ਨੀਤੀ ਵਿਚ ਕੀਤੇ ਹੇਰਫੇਰਾਂ ਬਾਰੇ ਮੀਡੀਆ 'ਚ ਹੋਏ ਖੁਲਾਸਿਆਂ ਦੇ ਆਧਾਰ 'ਤੇ ਲੋਕਪਾਲ ਅਤੇ ਉਸ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਦਾਖਲ ਕਰਨ ਲਈ ਕਹਿ ਦਿੱਤਾ। ਬੈਰਿਸਟਰ ਹਿੰਮਤ ਸਿੰਘ ਸ਼ੇਰਗਿੱਲ ਨੇ ਜਨਹਿੱਤ ਪਟੀਸ਼ਨ ਦਾਖਲ ਕਰਕੇ ਕਿਹਾ ਸੀ ਕਿ ਮੀਡੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਤੱਖ ਤੌਰ 'ਤੇ ਪੰਜਾਬ ਦੀ ਟਰਾਂਸਪੋਰਟ ਨੀਤੀ ਵਿਚ ਹੇਰਫੇਰ ਕਰਕੇ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ ਤੇ ਗੈਰ-ਕਾਨੂੰਨੀ ਢੰਗ ਨਾਲ ਲਗਜ਼ਰੀ ਤੇ ਸੁਪਰ ਲਗਜ਼ਰੀ ਬੱਸਾਂ ਦੇ ਮਾਲਕ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਲਾਭ ਪਹੁੰਚਾਇਆ ਹੈ। ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੇ ਇਸ ਤੋਂ ਸਭ ਤੋਂ ਜ਼ਿਆਦਾ ਲਾਹਾ ਲਿਆ ਹੈ ਕਿਉਂਕਿ ਉਹ ਇਸ ਸੈਕਟਰ ਵਿਚ ਸਭ ਤੋਂ ਵੱਧ ਬੱਸਾਂ ਦੇ ਮਾਲਕ ਹਨ।

ਪਟੀਸ਼ਨਰ ਨੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਜਾਂ ਕਿਸੇ ਹੋਰ ਆਜ਼ਾਦ ਏਜੰਸੀ ਜਾਂ ਹਾਈ ਕੋਰਟ ਦੇ ਵਰਤਮਾਨ ਜਾਂ ਸੇਵਾ ਮੁਕਤ ਜੱਜ ਤੋਂ ਕਰਵਾਉਣ ਦੀ ਬੇਨਤੀ ਕਰਦੇ ਹੋਏ ਕਿਹਾ ਕਿ ਪ੍ਰਤੀਵਾਦੀ ਖੁਦ ਰਾਜ ਸਰਕਾਰ ਦੇ ਮੁਖੀ ਅਤੇ ਉਪ ਮੁਖੀ ਹਨ, ਇਸ ਕਰਕੇ ਪੰਜਾਬ ਦੀਆਂ ਜਾਂਚ ਏਜੰਸੀਆਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਨ੍ਹਾਂ ਦੇ ਕਾਬੂ ਹੇਠ ਹਨ। ਪੰਜਾਬ ਦੀ ਕਿਸੇ ਏਜੰਸੀ ਵੱਲੋਂ ਇਸ ਮਾਮਲੇ ਦੀ ਆਜ਼ਾਦ ਜਾਂਚ ਸੰਭਵ ਨਹੀਂ ਹੈ।

ਇਸ ਮਾਮਲੇ ਵਿਚ ਸੁਣਵਾਈ ਲਈ ਅਗਲੀ ਤਰੀਕ 21 ਅਕਤੂਬਰ ਤੈਅ ਕੀਤੀ ਗਈ ਹੈ। ਅਦਾਲਤ ਨੇ ਟਰਾਂਸਪੋਰਟ ਨੀਤੀ ਬਾਰੇ ਸਟੇਟਸ

(ਬਾਕੀ ਸਫਾ 6 'ਤੇ)



*ਦੁੱਖ ਭੰਜਨੀ ਬੇਰੀ*

# ਦੁੱਖ ਭੰਜਨੀ ਬੇਰੀ ਵਿਖੇ ਅਖੰਡ ਪਾਠਾਂ ਦੀ ਬੁਕਿੰਗ ਬੰਦ

## ਇਕ ਲੱਖ ਅਖੰਡ ਪਾਠਾਂ ਲਈ ਐਡਵਾਂਸ ਬੁਕਿੰਗ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਹਰਿਮੰਦਰ ਸਾਹਿਬ ਵਿਚ ਦੁੱਖ ਭੰਜਨੀ ਬੇਰੀ ਵਿਖੇ ਸ੍ਰੀ ਅਖੰਡ ਪਾਠਾਂ ਦੀ ਬੁਕਿੰਗ ਬੰਦ ਕਰ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਦੁੱਖ ਭੰਜਨੀ ਬੇਰੀ ਅਤੇ ਹਰ ਕੀ ਪੌੜੀ ਵਿਖੇ ਇਕ ਲੱਖ ਪਾਠਾਂ ਦੀ ਐਡਵਾਂਸ ਬੁਕਿੰਗ ਪਹਿਲਾਂ ਹੀ ਹੋ ਚੁੱਕੀ ਹੈ ਜੋ 10 ਸਾਲ ਵਿਚ ਮੁਕੰਮਲ ਹੋਣੇ ਹਨ।

ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਅਖੰਡ ਪਾਠਾਂ ਦੀ ਬੁਕਿੰਗ ਕਰਨ ਦੇ ਇੰਚਾਰਜ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਸ਼ਰਧਾਲੂਆਂ ਨੂੰ ਹੁਣ ਸ੍ਰੀ ਅਖੰਡ ਪਾਠ ਦੀ ਬੁਕਿੰਗ ਲਈ 10 ਸਾਲ ਉਡੀਕ ਕਰਨੀ ਪਵੇਗੀ ਕਿਉਂਕਿ ਪਹਿਲਾਂ ਹੋਈ ਬੁਕਿੰਗ ਵਾਲੇ ਪਾਠਾਂ ਲਈ ਇੰਨਾ ਸਮਾਂ ਲੱਗ ਜਾਣਾ ਹੈ। ਉਨ੍ਹਾਂ ਕਿਹਾ ਕਿ ਉਂਜ ਤਾਂ ਸ੍ਰੀ ਹਰਿਮੰਦਰ ਸਾਹਿਬ ਦਾ ਕੋਨਾ ਕੋਨਾ ਪਵਿੱਤਰ ਹੈ ਅਤੇ ਸ਼ਰਧਾਲੂ ਸ੍ਰੀ ਅਕਾਲ ਤਖਤ ਸਾਹਿਬ, ਦੁੱਖ ਭੰਜਨੀ ਬੇਰੀ ਅਤੇ ਹਰ ਕੀ ਪੌੜੀ ਵਿਖੇ ਸ੍ਰੀ ਅਖੰਡ ਪਾਠ ਕਰਵਾਉਂਦੇ ਹਨ ਪਰ ਬਹੁਤੇ ਸ਼ਰਧਾਲੂ ਦੁੱਖ ਭੰਜਨੀ ਬੇਰੀ ਵਿਖੇ ਸ੍ਰੀ ਅਖੰਡ ਪਾਠ ਕਰਵਾਉਣ ਨੂੰ ਪਹਿਲ ਦਿੰਦੇ ਹਨ। ਇਸ ਵੇਲੇ ਦੁੱਖ ਭੰਜਨੀ ਬੇਰੀ ਅਤੇ ਅਤੇ ਹਰ ਕੀ ਪੌੜੀ ਵਿਖੇ ਹਰ ਰੋਜ਼ 35 ਤੋਂ 40 ਤੱਕ ਪਾਠ ਚੱਲਦੇ ਹਨ। ਅੰਦਾਜ਼ਾ ਹੈ ਕਿ ਅਗਲੇ 10 ਸਾਲ ਲਈ ਇਕ ਲੱਖ ਪਾਠਾਂ ਦੀ ਬੁਕਿੰਗ ਹੋ ਚੁੱਕੀ ਹੈ। ਇਸੇ ਕਰਕੇ ਹੁਣ ਨਵੀਂ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ ਵਲੋਂ ਪੇਸ਼ ਹੈ

## ਭਾਰਤੀ ਉਪ ਮਹਾਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## 8 ਅਕਤੂਬਰ 2011

ਸਨਿਚਰਵਾਰ 12 ਤੋਂ 8 ਵਜੇ ਤੱਕ


ਸਥਾਨ:ਐਸ.ਈ.ਐਸ. ਹਾਲ 10428,
ਈਸਟ ਸਟਾਕਟਨ ਬੁਲੇਵਾਰਡ,
ਐਲਕਗਰੋਵ, ਸੈਕਰਾਮੈਂਟੋ।

**ਪੈਰੀਂ ਬੇੜੀਆਂ ਦੁਆਲੇ ਸੰਗੀਨਾਂ ਦੀ ਛਾਂ, ਜਾ ਰਿਹਾ ਕੋਈ ਸਜ ਧਜ ਕੇ ਉਹਦੀ ਫੱਬਤ ਤਾਂ ਵੇਖ**


ਲਾਲਾ ਹਰਦਿਆਲ


ਹਰਨਾਮ ਸਿੰਘ ਟੁੰਡੀਲਾਟ


ਦੁੱਲਾ ਸਿੰਘ ਜਲਾਲਦੀਵਾਲਾ


ਸੋਹਣ ਸਿੰਘ ਭਕਨਾ


ਬਾਬਾ ਰਾਮ ਸਿੰਘ

ਸਤਿਕਾਰਯੋਗ ਭੈਣੋ ਤੇ ਭਰਾਵੋ,

ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਕਿਹਾ ਸੀ, ਆਜ਼ਾਦੀ ਕੇਵਲ ਸ਼ਾਂਤਮਈ ਸੰਘਰਸ਼ ਨਾਲ ਹੀ ਪ੍ਰਾਪਤ ਨਹੀਂ ਹੋਈ, ਇਸ ਵਿਚ ਗਦਰੀ ਯੋਧਿਆਂ ਦੇ ਖ਼ੂਨ ਦੀ ਲਾਲੀ ਵੀ ਡਲ੍ਹਕਾਂ ਮਾਰਦੀ ਹੈ। ਕੂਕਾ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਨਾ ਹਰ ਭਾਰਤੀ ਦਾ ਫਰਜ਼ ਬਣਦਾ ਹੈ। ਇਹ ਮੇਲਾ ਵਿਸ਼ੇਸ਼ ਤੌਰ 'ਤੇ ਬਾਬਾ ਦੁੱਲਾ ਸਿੰਘ ਜਲਾਲਦੀਵਾਲਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਸਮਰਪਿਤ ਹੈ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਭਾਰਤੀ ਰਾਜਨੀਤਕ, ਆਰਥਕ ਤੇ ਭਾਈਚਾਰਕ ਆਜ਼ਾਦੀ ਮਾਣ ਰਹੇ ਹਨ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਸ ਮੇਲੇ ਵਿਚ ਹੁਮ ਹੁਮਾ ਕੇ ਪੁਜੋ, ਭਾਈਚਾਰਕ ਜਥੇਬੰਦੀਆਂ ਨੂੰ ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦੇ ਹਾਂ।

### ਮੁੱਖ ਮਹਿਮਾਨ
### ਡੇਵ ਜੋਨਸ
*(ਇੰਸ਼ੋਰੈਂਸ ਕਮਿਸ਼ਨਰ, ਕੈਲੀਫੋਰਨੀਆ)*

**ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ**


## ਮੇਲੇ ਵਿਚ ਪੁੱਜ ਰਹੇ ਕਲਾਕਾਰ

ਸੁਲਤਾਨ ਅਖਤਰ, ਬੱਬੂ ਗੁਰਪਾਲ, ਪੂਨਮ ਮਲਹੋਤਰਾ, ਜੋਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ, ਜੀਤਾ ਗਿੱਲ, ਸੱਤੀ ਸਤਵਿੰਦਰ ਤੇ ਹਰਦੀਪ ਦੁਆਬੀਆ


ਸਟੇਜ ਸਕੱਤਰ
ਜਸਵੰਤ ਸਿੰਘ ਸ਼ਾਦ

*ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ*

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*


ਮੁੱਖ ਕਲਾਕਾਰ
ਨਰਿੰਦਰ ਮਾਵੀ

**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧ-ਲੈਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੌਡ, ਮੱਖਣ ਦੌਲਤਪੁਰੀ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਗੁਰਿੰਦਰ ਗਿੱਲ, ਗੁਰਦੀਪ ਗਿੱਲ, ਮਦਨ ਸ਼ਰਮਾ, ਜਨਕ ਸਿਧਰਾ, ਬਲਵਿੰਦਰ ਸਿੰਘ ਡੁਲ੍ਕੂ ਅਤੇ ਸੋਢੀ ਸਿੰਘ ਸੁਜਾਪੁਰ, ਧੀਰਾ ਨਿੱਜਰ, ਅਵਤਾਰ ਅਠਵਾਲ, ਸੁੱਖ ਧਾਲੀਵਾਲ, ਡੀ ਜੇ-ਏ ਜੇ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ।

### ਪੁੱਜ ਰਹੀਆਂ ਸ਼ਖਸੀਅਤਾਂ

*ਬਾਬਾ ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਬੀਬੀ ਗਿਆਨ ਕੌਰ

*ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ

*ਜਗਮੋਹਣ ਸਿੰਘ ਕੈਨੇਡਾ-ਬਾਬਾ ਅਕਾਲੀ ਠਾਕਰ ਸਿੰਘ ਦਾ ਪੋਤਾ

*ਸ. ਕ੍ਰਿਪਾਲ ਸਿੰਘ ਸੰਧੂ, ਫਰਿਜ਼ਨੋ

*ਅਰਜੀਤ ਸਿੰਘ ਸਪੁੱਤਰ ਗਦਰੀ ਬਾਬਾ ਭਾਈ ਕਪੂਰ ਸਿੰਘ ਕਾਉਂਕੇ

**ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-420-2390), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100),**
**ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਬਲਦੇਵ ਸਿੰਘ (408-390-5577), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275)**
**ਪਰਮਜੀਤ ਸਿੰਘ ਸੰਧੂ (510-387-6997), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)**

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

## ਸੁਧਾਰ ਕਮੇਟੀ ਅਤੇ ਸ. ਨਾਹਲ ਨੂੰ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਕਮੇਟੀ ਦਾ ਜਵਾਬ ਹਾਜ਼ਰ ਹੈ

## *ਸੁਧਾਰ ਕਮੇਟੀ ਦੇ ਝੂਠਾਂ ਦੀ ਦਾਸਤਾਨ ਤਸਵੀਰਾਂ ਬੋਲਦੀਆਂ!!!*

**ਸੈਨ ਹੋਜ਼ੇ:** ਪਿਛਲੇ ਕੁਝ ਹਫ਼ਤਿਆਂ ਤੋਂ ਅਖੌਤੀ ਸੁਧਾਰ ਕਮੇਟੀ ਨੇ ਬੇਵਜ੍ਹਾ ਪਾਣੀ ਵਿਚ ਮਧਾਣੀ ਪਾਈ ਹੋਈ ਹੈ। ਜਾਪਦਾ ਹੈ ਕਿ ਇਸ ਕਮੇਟੀ ਨੇ ਝੂਠਾਂ ਦੀ ਦੁਕਾਨ ਹੀ ਖੋਲ੍ਹੀ ਹੋਵੇ। ਕਹਿੰਦੇ ਨੇ ਕਿ ਝੂਠ ਦੇ ਪੈਰ ਨਹੀਂ ਹੁੰਦੇ। ਇਹ ਗੱਲ ਸੋਲਾਂ ਆਨੇ ਸੱਚ ਹੈ ਅਤੇ ਇਨ੍ਹਾਂ ਸੁਧਾਰ ਕਮੇਟੀ ਵਾਲਿਆਂ 'ਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਇਕ ਝੂਠ ਚਲਦਾ ਨਾ ਦੇਖ ਦੂਜਾ ਫੜ ਲੈਂਦੇ ਹਨ। ਆਓ, ਇਸ ਵਾਰ ਇਨ੍ਹਾਂ ਦੇ ਝੂਠਾਂ ਦੇ ਦੀਦਾਰ ਪਿਛਲੇ ਸਮੇਂ ਵਿਚ ਅਖਬਾਰ 'ਅੰਮ੍ਰਿਤਸਰ ਟਾਈਮਜ਼' ਅਤੇ 'ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਸਜਾਈਆਂ ਉਨ੍ਹਾਂ ਤਸਵੀਰਾਂ ਰਾਹੀਂ ਕਰੀਏ ਜੋ ਇਨ੍ਹਾਂ ਸੁਧਾਰਕਾਂ ਨੇ ਆਪ ਹੀ ਛਪਵਾਈਆਂ ਹਨ। ਪਿਛਲੇ ਹਫ਼ਤੇ ਇਨ੍ਹਾਂ 'ਪੰਜਾਬ ਟਾਈਮਜ਼' ਦੇ ਪੰਨਾ ਨੰਬਰ 3 ਉਤੇ ਛਪਵਾਏ ਆਪਣੇ ਇਸ਼ਤਿਹਾਰ ਵਿਚ ਦਾਅਵਾ ਕੀਤਾ ਸੀ ਕਿ ਕੁਲਵੰਤ ਸਿੰਘ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ ਅਤੇ ਉਸ ਦੀਆਂ ਲਿਖਤਾਂ ਲਈ ਸੁਧਾਰ ਕਮੇਟੀ ਜ਼ਿੰਮੇਵਾਰ ਨਹੀਂ ਹੈ।

ਗੁਰੂ ਪਿਆਰੀ ਸਾਧ ਸੰਗਤ ਜੀ, ਅਸੀਂ ਹੇਠਾਂ ਤਿੰਨ ਤਸਵੀਰਾਂ ਦੇ ਰਹੇ ਹਨ ਅਤੇ ਦੋ ਦਸਤਾਵੇਜ਼ ਛਾਪ ਰਹੇ ਹਾਂ।



1. ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ 31 ਅਗਸਤ ਤੋਂ 6 ਸਤੰਬਰ ਵਾਲੇ ਅੰਕ ਦੇ ਸਫ਼ਾ ਏ-5 ਉਤੇ ਇਹ ਤਸਵੀਰ ਛਪੀ ਸੀ। ਇਸ ਵਿਚ ਕੁਲਵੰਤ ਸਿੰਘ, ਸ. ਨਾਹਲ ਅਤੇ ਸ. ਚੀਮਾ ਦੇ ਵਿਚਾਲੇ ਖੜ੍ਹੇ ਦਿਖਾਈ ਦੇ ਰਹੇ ਹਨ। ਵੈਸੇ, ਸੁਧਾਰ ਕਮੇਟੀ ਵਾਲੇ ਕਹਿਣਗੇ ਇਹੀ ਕਿ ਉਹ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ। ਸਿਆਣਿਆਂ ਸੱਚ ਕਿਹਾ ਹੈ ਕਿ 'ਮਰ ਗਏ ਅਤੇ ਮੁੱਕਰ ਗਏ' ਦਾ ਕੋਈ ਇਲਾਜ ਨਹੀਂ ਹੁੰਦਾ।



2. 'ਅੰਮ੍ਰਿਤਸਰ ਟਾਈਮਜ਼' ਦੇ 7 ਸਤੰਬਰ ਤੋਂ 14 ਸਤੰਬਰ ਵਾਲੇ ਅੰਕ ਵਿਚ ਸਫਾ ਏ-5 ਉਤੇ ਇਹ ਤਸਵੀਰ ਛਪੀ ਸੀ। ਇਸ ਤਸਵੀਰ ਵਿਚ ਖੱਬਿਓਂ ਸਜੇ ਹੇਠਲੀ ਕਤਾਰ ਵਿਚ ਆਖਰੀ ਕੁਰਸੀ 'ਤੇ ਕਾਲੀ ਪੱਗ ਸਜਾਈ ਕੁਲਵੰਤ ਸਿੰਘ ਸੁਧਾਰ ਕਮੇਟੀ ਦੀ ਪ੍ਰਮੁੱਖ ਲੀਡਰਸ਼ਿਪ ਨਾਲ ਸਜੇ ਹੋਏ ਹਨ। ਵੈਸੇ, ਸੁਧਾਰ ਕਮੇਟੀ ਵਾਲੇ ਕਹਿਣਗੇ ਇਹੀ ਕਿ ਉਹ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ ਕਿਉਂਕਿ ਮਰ ਗਏ ਤੇ ਮੁੱਕਰ ਗਏ...।



3. 'ਅੰਮ੍ਰਿਤਸਰ ਟਾਈਮਜ਼' ਦੇ ਹੀ 21 ਸਤੰਬਰ ਤੋਂ 27 ਸਤੰਬਰ ਵਾਲੇ ਅੰਕ ਵਿਚ ਸਫ਼ਾ ਏ-3 'ਤੇ ਛਪੀ ਇਸ ਤਸਵੀਰ ਵਿਚ ਕੁਲਵੰਤ ਸਿੰਘ, ਸ. ਜਸਵੰਤ ਸਿੰਘ ਹੋਠੀ ਅਤੇ ਜਸਵੰਤ ਸਿੰਘ ਜੱਸੀ ਦੇ ਵਿਚਕਾਰ ਖੜ੍ਹੇ ਦਿਖਾਈ ਦੇ ਰਹੇ ਹਨ। ਵੈਸੇ, ਸੁਧਾਰ ਕਮੇਟੀ ਵਾਲੇ ਕਹਿਣਗੇ ਇਹੀ ਕਿ ਉਹ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ ਕਿਉਂਕਿ ਮਰ ਗਏ...।


4. ਨਾਹਲ ਸਾਹਿਬ, ਹੇਠਲਾ ਦਸਤਾਵੇਜ਼ ਤੁਸੀਂ ਤਿੰਨ ਜੁਲਾਈ ਨੂੰ ਜਾਰੀ ਕੀਤਾ ਸੀ। ਤੁਸੀਂ ਆਪਣੀ 21 ਮੈਂਬਰਾਂ ਦੀ ਪ੍ਰਬੰਧਕ ਕਮੇਟੀ "ਬੋਲੇ ਸੋ ਨਿਹਾਲ" ਦੇ ਜੈਕਾਰੇ ਰਾਹੀਂ ਚੁਣ ਲਈ ਸੀ ਜਿਸ ਨੂੰ ਮਾਣਯੋਗ ਜੱਜ ਨੇ ਮਾਨਤਾ ਨਹੀਂ ਸੀ ਦਿੱਤੀ। ਉਸ ਵਿਚ ਕੁਲਵੰਤ ਸਿੰਘ ਦਾ ਨਾਮ ਸੱਤਵੇਂ ਨੰਬਰ 'ਤੇ ਆਉਂਦਾ ਹੈ। ਕਹੋਗੇ ਤੁਸੀਂ ਇਹੀ, ਕਿ ਉਹ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ ਕਿਉਂਕਿ ...।

We, the undersigned, are the current presiding Parbandhak Committee of the Sikh Gurdwara-San Jose.

New Committee Members elected in today's General Body Meeting:

1. Bhai Gurmail Singh Khalsa
2. Bibi Surinderjit Kaur
3. Bibi Bavleen Kaur
4. Bhai Gurinder Singh Dhillon
5. Bhai Harrit Singh Bains
6. Bhai S. P. singh
7. Kulwant Singh
8. Avtar Singh Khella
9. Bhai Sukhdeep Singh
10. Bhai Harmeek Singh
11. Bhai Bhupinder Singh Cheema
12. Bhai Jagjit Singh Mand
13. Bhai Sukhwinder Singh Mann
14. Bhai Amrik Singh
15. Bhai Harpreet Singh
16. Bhai Balkar Singh
17. Bhai Kashmir Singh
18. Bhai Gurjinder Singh
19. Bhai Onkar Singh
20. Jaspal Singh
21. Kamaljit Singh Cheema

5. ਨਾਹਲ ਸਾਹਿਬ, ਸੱਜੇ ਪਾਸੇ ਵਾਲਾ ਦਸਤਾਵੇਜ਼ ਤੁਸੀਂ 22 ਅਪਰੈਲ 2011 ਨੂੰ ਗੁਰੂਘਰ ਦੀ ਕਮੇਟੀ ਨੂੰ ਦਿੱਤਾ ਸੀ ਜਿਸ ਵਿਚ ਤੁਸੀਂ 17 ਅਪਰੈਲ ਦੀਆਂ ਸੋਧਾਂ ਨੂੰ ਰੱਦ ਕੀਤਾ ਸੀ। ਇਹ ਦਸਤਾਵੇਜ਼ ਸੁਧਾਰ ਕਮੇਟੀ ਦੇ ਲੈਟਰ ਪੈਡ 'ਤੇ ਜਾਰੀ ਹੋਇਆ ਸੀ। ਸੁਧਾਰਕਾਂ ਦੀ ਗਿਆਰਾਂ ਮੈਂਬਰੀ ਕਮੇਟੀ ਵਿਚ ਕੁਲਵੰਤ ਸਿੰਘ ਦਾ ਨਾਮ ਛੇਵੇਂ ਨੰਬਰ 'ਤੇ ਦੇਖਿਆ ਜਾ ਸਕਦਾ ਹੈ। ਵੈਸੇ, ਸੁਧਾਰ ਕਮੇਟੀ ਵਾਲੇ ਕਹਿਣਗੇ ਇਹੀ ਕਿ ਉਹ ਸੁਧਾਰ ਕਮੇਟੀ ਦਾ ਮੈਂਬਰ ਨਹੀਂ ਹੈ ਕਿਉਂਕਿ ਮਰ ਗਏ ਤੇ ਮੁੱਕਰ ਗਏ ਦਾ ਸੱਚੀਂ ਕੋਈ ਇਲਾਜ ਨਹੀਂ ਹੁੰਦਾ। ਨਾਹਲ ਸਾਹਿਬ, ਉਪਰ ਦਿੱਤੇ ਦਸਤਾਵੇਜ਼ਾਂ ਨੂੰ ਤੱਕ ਕੇ ਤਾਂ ਗੁਰੂ ਪਿਆਰੀ ਸਾਧ ਸੰਗਤ ਦਾ ਹਰ ਮੈਂਬਰ ਕਹਿ ਉਠੇਗਾ ਕਿ "ਵਿਦਵਾਨ ਜੀ, ਬੁੱਕਲ 'ਚ ਲੈ ਲਓ ਮੂੰਹ, ਹੁਣ ਤਾਂ ਤਸਵੀਰਾਂ ਬੋਲਦੀਆਂ!"



Please feel free to contact the following Gurdwara Sudhar Committee members:

Daljit Singh (408) 332-6789 daljit46@hotmail.com

Gurmail Singh Khalsa (408) 509-1082 gurmailskhalsa@gmail.com

Dr. Tarlochan Singh Nahal (408) 629-1958 tnahal99@yahoo.com

Mailing Address:

P.O. BOX 21949

San Jose, CA 95151-1949

Name: DALJIT SINGH Signature: Date: 4/22/11

Name: GURMAIL S KHALSA Signature: Date:

Name: Jagjit Singh Mand Signature: Date: 4/22/11

Name: TARLOCHAN S NAHAL Signature: Date: 4/22/2011

Name: BHUPINDER SINGH Signature: Date: 4/22/11

Name: KULWANT SINGH Signature: Date: 4/22/11

Name: GURDAYAL SINGH Signature: Date: 4/22/11

Name: JAGJEET SINGH Signature: Date: 4/22/11

Name: Signature: Date: 4/22/11

Name: KULWANT KAUR CHAHAL Signature: Date: 04/22/2011

Name: SUKHDEEP SINGH Signature: Date: 04-22-2011

4 Gurdwara Sudhar Committee Letter April 22, 2011

ਇਹ ਸਭ ਵੇਖ ਜਾਣ ਕੇ ਹੁਣ ਤਾਂ ਮੰਨਣਾ ਹੀ ਪਏਗਾ ਕਿ ਵਾਕਿਆ ਹੀ ਤੁਸੀਂ ਝੂਠਾਂ ਦੇ ਬੇਤਾਜ ਬਾਦਸ਼ਾਹ ਹੋ।

6. ਆਓ ਆਪਾਂ ਇਕ ਹੋਰ ਦਸਤਾਵੇਜ਼ ਦੀ ਗੱਲ ਕਰੀਏ। ਹੇਠਲੀਆਂ ਦੋਵੇਂ ਕਾਪੀਆਂ ਮਾਣਯੋਗ ਜੱਜ ਦੇ ਆਰਡਰ ਦੀਆਂ ਹਨ।

14 ਜੁਲਾਈ ਦਾ ਆਰਡਰ

5 ਅਗਸਤ ਵਾਲਾ ਆਰਡਰ

6. No later than July 22, 2011, the custodian of the General Body Membership list for the Gurdwara shall provide to the Plaintiffs a copy (all four Plaintiffs collectively to receive one copy) of the name, address, telephone number, e-mail address (to the extent that the Gurdwara has an email address in the membership records), and membership registration number of every registered member of the Gurdwara. This membership list shall be provided in hard copy form as well as "soft copy" form on a computer disk so that it is electronically accessible.

ਪਿਛਲੇ ਹਫ਼ਤੇ ਦੀ ਅਖ਼ਬਾਰ ਵਿਚ ਝੂਠਾਂ ਦੀ ਬਾਦਸ਼ਾਹ ਸੁਧਾਰ ਕਮੇਟੀ ਨੇ ਇਕ ਹੋਰ ਗੱਪ ਮਾਰੀ ਹੈ ਕਿ ਕੋਰਟ ਨੇ ਸਪੱਸ਼ਟ ਕਿਹਾ ਹੈ ਕਿ 22 ਜੁਲਾਈ ਤੱਕ ਸੁਧਾਰ ਕਮੇਟੀ ਨੂੰ ਲਿਸਟ ਦਿੱਤੀ ਜਾਵੇ, ਪਰ ਸੁਧਾਰ ਕਮੇਟੀ ਵਾਲੇ (ਨਾਹਲ ਕਮੇਟੀ) ਪੰਜ ਅਗਸਤ ਵਾਲੇ ਆਰਡਰ ਸੰਗਤ ਦੇ ਰੂ-ਬ-ਰੂ ਨਾ ਕਰਕੇ ਆਪਣੀ ਬੇਈਮਾਨ ਫਿਤਰਤ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰ ਰਹੇ ਹਨ। ਪੰਜ ਅਗਸਤ ਵਾਲਾ ਆਰਡਰ ਸਾਫ਼ ਕਹਿੰਦਾ ਹੈ ਕਿ 22 ਜੁਲਾਈ ਵਾਲੇ ਆਰਡਰ ਨੂੰ ਬਦਲ ਦਿੱਤਾ ਗਿਆ ਹੈ। ਇਥੇ ਵੀ ਗੁਰੂ ਪਿਆਰੀ ਸੰਗਤ ਦੇ ਅੱਖੀਂ ਘੱਟਾ ਪਾਉਣ ਦਾ ਸਿਲਸਿਲਾ ਵਿਦਵਾਨ ਨਾਹਲ ਸਾਹਿਬ ਵੱਲੋਂ ਨਿਰੰਤਰ ਜਾਰੀ ਹੈ।

2. The Court's order of July 14, 2011, is modified as follows:

(1) All disclosures of members' private information are stayed. The parties are prohibited from disclosing all (1) members' names; (2) addresses; (3) e-mail addresses; (4) and phone numbers of registered members of Sikh Gurdwara-San Jose unless and until the Court orders otherwise after trial of this matter.

ਉਪਰੋਕਤ ਝੂਠਾਂ ਦੀ ਰੌਸ਼ਨੀ ਵਿਚ ਦੇਖੀਏ ਤਾਂ ਸੁਧਾਰਕਾਂ ਨੂੰ ਸੁਧਾਰ ਕਮੇਟੀ ਦੀ ਬਾਜਾਏ ਆਪਣਾ ਨਾਮ "ਝੂਠ ਕਮੇਟੀ" ਰੱਖ ਲੈਣਾ ਚਾਹੀਦਾ ਹੈ ਅਤੇ ਇਸ ਦੇ ਚੇਅਰਮੈਨ ਹੋਣਗੇ "ਝੂਠਾਂ ਦੇ ਬੇਤਾਜ ਬਾਦਸ਼ਾਹ"।

**ਗੁਰੂ ਘਰ ਦੇ ਕੇਸ:** 'ਪੰਜਾਬ ਟਾਈਮਜ਼' ਦੇ 17 ਸਤੰਬਰ ਵਾਲੇ ਅੰਕ ਵਿਚ ਅਸੀਂ ਗੁਰੂਘਰ ਦੇ ਚਲਦੇ ਕੇਸਾਂ ਦੀ ਹਕੀਕਤ ਸੰਗਤ ਨਾਲ ਸਾਂਝੀ ਕੀਤੀ ਸੀ। ਉਸ ਵਿਚ ਵਿਦਵਾਨ ਨਾਹਲ ਜੀ ਵੱਲੋਂ ਸਿਰਫ਼ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਕੀਤੇ ਕੇਸਾਂ ਦਾ ਜ਼ਿਕਰ ਨਹੀਂ ਸੀ। ਬਾਕੀ ਸਭ ਕੇਸ ਤਫ਼ਸੀਲ ਸਹਿਤ ਦੱਸੇ ਗਏ ਸਨ। ਕੇਸਾਂ ਦੀ ਦੁਹਾਈ ਪਾ ਕੇ ਸ਼ਾਇਦ ਵਿਦਵਾਨ ਸਾਹਿਬ ਇਹ ਕਹਿਣਾ ਚਾਹੁੰਦੇ ਹਨ ਕਿ ਗੁਰੂਘਰ ਦੀ ਗੋਲਕ ਵਿਚੋਂ ਨਾਜਾਇਜ਼ ਖ਼ਰਚੇ ਹੋਏ ਹਨ।

*(ਸਫਾ 5 'ਤੇ ਜਾਰੀ)*

*Ad Space Sponsored By: Bob Dhillon*

# ਬਾਦਲ ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਬਾਰੇ ਮਤੇ ਤੋਂ ਭੱਜਿਆ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਦੇ ਮਾਮਲੇ 'ਚ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਅਚਾਨਕ ਆਪਣੇ ਪੈਰ ਪਿਛੇ ਖਿੱਚ ਲਏ ਹਨ ਜਿਸ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਸ ਮਾਮਲੇ ਬਾਰੇ ਸੁਹਿਰਦਤਾ 'ਤੇ ਹੀ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਉਂਜ ਬਾਦਲ ਸਰਕਾਰ ਸ਼ੁਰੂ ਤੋਂ ਹੀ ਇਸ ਮਾਮਲੇ ਬਾਰੇ ਗੰਭੀਰ ਨਹੀਂ ਸੀ ਜਿਸ ਦਾ ਖੁਲਾਸਾ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਹਾਸਲ ਹੋਈ ਜਾਣਕਾਰੀ ਰਾਹੀਂ ਲੱਗਾ ਹੈ।



ਪੰਜਾਬ ਸਰਕਾਰ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਬਰਕਰਾਰ ਰਹਿਣ ਮਗਰੋਂ 25 ਮਈ, 2011 ਤੋਂ 22 ਜੁਲਾਈ, 2011 ਤੱਕ (ਦੋ ਮਹੀਨੇ) ਕੇਂਦਰ ਸਰਕਾਰ ਨਾਲ ਕੋਈ ਰਾਬਤਾ ਕਾਇਮ ਨਹੀਂ ਕੀਤਾ। ਪ੍ਰਧਾਨ ਮੰਤਰੀ ਦਫਤਰ ਦੇ ਅਨੁਸਾਰ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ 'ਚ ਕੋਈ ਮੰਗ ਪੱਤਰ ਪ੍ਰਾਪਤ ਨਹੀਂ ਹੋਇਆ। ਸੂਚਨਾ ਅਨੁਸਾਰ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ 31 ਮਈ, 2011 ਨੂੰ ਤੇ ਫਿਰ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ 11 ਜੁਲਾਈ, 2011 ਨੂੰ ਪ੍ਰਧਾਨ ਮੰਤਰੀ ਦਫਤਰ ਨੂੰ ਮੰਗ ਪੱਤਰ ਭੇਜਿਆ ਗਿਆ। ਰਾਸ਼ਟਰਪਤੀ ਭਵਨ ਨੂੰ ਹੁਣ ਤੱਕ ਭੁੱਲਰ ਦੀ ਹਮਾਇਤ ਵਿਚ 148 ਮੰਗ ਪੱਤਰ ਮਿਲ ਚੁੱਕੇ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੱਲ ਝਾੜਦਿਆਂ ਕਿਹਾ ਹੈ ਕਿ ਜਦੋਂ ਭਾਜਪਾ ਤੇ ਕਾਂਗਰਸ ਸਮੇਤ ਹੋਰ ਪਾਰਟੀਆਂ ਵੱਲੋਂ ਪਹਿਲਾਂ ਹੀ ਇਸ ਮਤੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਗਿਆ ਤਾਂ ਅਜਿਹੇ ਹਾਲਾਤ 'ਚ ਇਹ ਮਤਾ ਕਿਵੇਂ ਲਿਆਂਦਾ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਇਹ ਮਤਾ ਲਿਆਉਣ ਦਾ ਮਕਸਦ ਸਿਰਫ ਐਨਾ ਹੀ ਸੀ ਕਿ ਪ੍ਰੋ. ਭੁੱਲਰ ਤੇ ਉਸ ਦੇ ਪਰਿਵਾਰ ਨੂੰ ਕਾਨੂੰਨੀ ਰਾਹਤ ਮਿਲ ਸਕੇ ਕਿਉਂਕਿ ਸਜ਼ਾ ਪੂਰੀ ਤੋਂ ਬਾਅਦ ਸਿੱਖ ਨੌਜਵਾਨ ਜੇਲ੍ਹ ਦੀ ਹਨੇਰ ਕੋਠੜੀ ਵਿਚ ਬੰਦ ਹੈ।

ਸ. ਬਾਦਲ ਨੇ ਦਾਅਵਾ ਕੀਤਾ ਕਿ ਅਕਾਲੀ-ਭਾਜਪਾ ਗੱਠਜੋੜ ਪੂਰੀ ਤਰ੍ਹਾਂ ਕਾਇਮ ਹੈ। ਇਸ ਮੁੱਦੇ ਨੂੰ ਲੈ ਕੇ ਦੋਵਾਂ ਪਾਰਟੀਆਂ ਦੇ ਆਗੂਆਂ 'ਚ ਕੋਈ ਮਤਭੇਦ ਨਹੀਂ। ਉਨ੍ਹਾਂ ਆਖਿਆ ਕਿ ਹਰੇਕ ਰਾਜਸੀ ਪਾਰਟੀ ਦਾ ਆਪਣਾ ਵੱਖਰਾ ਸਿਧਾਂਤ ਹੁੰਦਾ ਹੈ ਤੇ ਵੱਖਰੇ ਨਿਯਮ ਹੁੰਦੇ ਹਨ। ਇਸ ਲਈ ਕਿਸੇ ਨੂੰ ਦਬਾਅ ਪਾ ਕੇ ਕਿਸੇ ਕੰਮ ਲਈ ਰਾਜ਼ੀ ਨਹੀਂ ਕੀਤਾ ਜਾ ਸਕਦਾ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਦੇ ਮਾਮਲੇ ਵਿਚ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਉਣ ਦਾ ਫੈਸਲਾ ਲਿਆ ਸੀ ਪਰ ਅਗਲੇ ਹੀ ਦਿਨ ਪੰਜਾਬ ਵਜ਼ਾਰਤ 'ਚ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੀ ਲੀਡਰਸ਼ਿਪ ਨੇ ਇਸ ਮਤੇ ਨੂੰ ਸਿਰੇ ਤੋਂ ਖਾਰਜ ਕਰਦਿਆਂ ਐਲਾਨ ਕੀਤਾ ਕਿ ਭਾਜਪਾ ਇਸ ਮਤੇ ਦੀ ਹਮਾਇਤ ਨਹੀਂ ਕਰੇਗੀ।

# ਬਾਦਲ ਨੇ ਪ੍ਰੋ. ਭੁੱਲਰ ਦੇ ਮਾਮਲੇ 'ਚ ਸਿਆਸਤ ਖੇਡੀ:ਕੈਪਟਨ

■ ਪ੍ਰੋ. ਭੁੱਲਰ ਨੂੰ ਪੰਜਾਬ 'ਚ ਲਿਆਉਣ ਦੀ ਮੰਗ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਬਾਰੇ ਅਪਣਾਈ ਜਾ ਰਹੀ ਚੁੱਪ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਸ. ਬਾਦਲ ਹਵਾ 'ਚ ਤੀਰ ਚਲਾਉਣ ਤੇ ਲੋਕਾਂ ਨੂੰ ਗੁਮਰਾਹ ਕਰਨ ਦੀ ਬਜਾਏ ਅਪਣਾ ਪੱਖ ਸਪੱਸ਼ਟ ਕਰਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਹੈ ਕਿ ਜੇ ਬਾਦਲ ਸਹੀ ਅਰਥਾਂ ਵਿਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ ਕਰਾਉਣ ਲਈ ਗੰਭੀਰ ਹਨ ਤਾਂ ਉਹ ਸਭ ਤੋਂ ਪਹਿਲਾਂ ਪ੍ਰੋ. ਭੁੱਲਰ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਲਿਆਉਣ।



ਕੈਪਟਨ ਨੇ ਕਿਹਾ ਕਿ ਸ. ਬਾਦਲ ਦੇ ਹਵੱਈਏ ਤੋਂ ਸਾਬਤ ਹੁੰਦਾ ਹੈ ਕਿ ਉਹ ਗੰਭੀਰ ਨਹੀਂ ਹਨ ਬਲਕਿ ਇਸ ਮੁੱਦੇ ਉਤੇ ਸਿਆਸਤ ਖੇਡ ਰਹੇ ਹਨ ਜਦਕਿ ਪ੍ਰੋ. ਭੁੱਲਰ ਦੀ ਸਹਾਇਤਾ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਕੈਪਟਨ ਨੇ ਕਿਹਾ ਕਿ ਤਿੰਨ ਸਾਲ ਪਹਿਲਾਂ ਸ. ਬਾਦਲ ਨੇ ਕਿਹਾ ਸੀ ਕਿ ਪ੍ਰੋ. ਭੁੱਲਰ ਪੱਕਾ ਅਪਰਾਧੀ ਤੇ ਖ਼ਤਰਨਾਕ ਅਤਿਵਾਦੀ ਹੈ ਪਰ ਹੁਣ ਸ. ਬਾਦਲ ਉਸ ਨੂੰ ਬਚਾਉਣ ਦਾ ਦਾਅਵਾ ਕਰ ਰਹੇ ਹਨ। ਕੈਪਟਨ ਨੇ ਕਿਹਾ ਕਿ ਜੇ ਸੱਚਮੁਚ ਹੀ ਸ. ਬਾਦਲ ਦਾ ਦਿਲ ਬਦਲ ਗਿਆ ਹੈ ਤਾਂ ਉਹ ਅਪਣਾ ਹਲਫ਼ਨਾਮਾ ਵਾਪਸ ਲੈ ਲੈਣ ਤੇ ਪ੍ਰੋ. ਭੁੱਲਰ ਨੂੰ ਅਪਣੀ ਕੈਦ ਪੰਜਾਬ ਦੀ ਕਿਸੇ ਜੇਲ੍ਹ 'ਚ ਕੱਟਣ ਲਈ ਸਹਾਇਤਾ ਕਰਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਬਿਨਾਂ ਕਿਸੇ ਅਰਥ ਤੋਂ ਵਿਧਾਨ ਸਭਾ ਵਿਚ ਮਤਾ ਲਿਆਉਣ ਬਾਰੇ ਏਨੀ ਛਾਤੀ ਪਿੱਟਣ ਦੀ ਬਜਾਏ ਮਾਮਲੇ 'ਤੇ ਅਪਣੀ ਸਰਕਾਰ ਦਾ ਪੱਖ ਸਾਫ਼ ਕਰਨਾ ਚਾਹੀਦਾ ਹੈ ਕਿਉਂਕਿ ਮਾਮਲਾ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਹੈ। ਕੈਪਟਨ ਨੇ ਕਿਹਾ ਕਿ ਜਦ ਵੀ ਸ. ਬਾਦਲ ਨੂੰ ਆਪਣੇ ਜਾਂ ਆਪਣੇ ਪਰਿਵਾਰ ਲਈ ਕੁਝ ਕਰਨ ਦੀ ਲੋੜ ਹੋਵੇ ਤਾਂ ਉਹ ਅਪਣੀ ਪਾਰਟੀ ਤੋਂ ਅੰਤਮ ਫ਼ੈਸਲੇ ਦਾ ਅਧਿਕਾਰ ਆਪਣੇ ਹੱਥ ਲੈ ਲੈਂਦੇ ਹਨ। ਉਨ੍ਹਾਂ ਇਸ ਮਾਮਲੇ ਵਿਚ ਵੀ ਅੰਤਮ ਫ਼ੈਸਲਾ ਆਪਣੇ ਹੱਥ ਵਿਚ ਲੈ ਲੈਣ ਦੀ ਸਲਾਹ ਦਿੱਤੀ।

# ਕੇਂਦਰ ਨੇ ਅੱਠ ਵਰ੍ਹੇ ਰੋਲੀ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਭੇਜਣ 'ਚ ਅੱਠ ਵਰ੍ਹੇ ਲਾ ਦਿੱਤੇ ਜਦੋਂਕਿ ਰਾਸ਼ਟਰਪਤੀ ਨੇ ਇਸ ਕੇਸ ਦਾ ਫੈਸਲਾ 13 ਦਿਨਾਂ 'ਚ ਹੀ ਕਰ ਦਿੱਤਾ ਜੋ ਕਿ ਆਪਣੇ ਆਪ 'ਚ ਇਕ ਰਿਕਾਰਡ ਵੀ ਹੈ। ਪਿਛਲੇ ਨੌਂ ਵਰ੍ਹਿਆਂ ਦੌਰਾਨ ਰਾਸ਼ਟਰਪਤੀ ਭਵਨ ਨੇ ਸਭ ਤੋਂ ਘੱਟ ਸਮੇਂ 'ਚ ਪ੍ਰੋ. ਭੁੱਲਰ ਕੇਸ ਦਾ ਫੈਸਲਾ ਕੀਤਾ। ਦੂਜੇ ਪਾਸੇ ਕੇਂਦਰੀ ਗ੍ਰਹਿ ਮੰਤਰਾਲੇ ਦਾ ਇਹ ਹਾਲ ਹੈ ਕਿ ਜਿਨ੍ਹਾਂ ਨੇ ਰਹਿਮ ਦੀ ਅਪੀਲ ਪ੍ਰੋ. ਭੁੱਲਰ ਤੋਂ ਪਿਛੋਂ ਦਾਇਰ ਕੀਤੀ, ਉਨ੍ਹਾਂ ਦੇ ਕੇਸ ਤਾਂ ਰਾਸ਼ਟਰਪਤੀ ਭਵਨ ਨੂੰ ਹੱਥੋਂ ਹੱਥ ਭੇਜ ਦਿੱਤੇ ਗਏ ਪਰ ਪ੍ਰੋ. ਭੁੱਲਰ ਦਾ ਕੇਸ ਲੰਮਾ ਸਮਾਂ ਲਟਕਾਈ ਰੱਖਿਆ।

ਸੁਪਰੀਮ ਕੋਰਟ ਵੱਲੋਂ ਖਿਚਾਈ ਕਰਨ ਮਗਰੋਂ ਕੇਂਦਰ ਸਰਕਾਰ ਹੁਣ ਇਸ ਮਾਮਲੇ 'ਚ ਕੋਈ ਵੀ ਸਫਾਈ ਦੇਵੇ ਪਰ ਸੂਚਨਾ ਅਧਿਕਾਰ ਤਹਿਤ ਰਾਸ਼ਟਰਪਤੀ ਭਵਨ ਨੇ ਤੇ ਗ੍ਰਹਿ ਮੰਤਰਾਲੇ ਨੇ ਜੋ ਸੂਚਨਾ ਭੇਜੀ ਹੈ, ਉਸ ਨੇ ਸਭ ਕੁਝ ਬੇਪਰਦ ਕਰ ਦਿੱਤਾ ਹੈ। ਦੋਵਾਂ ਵੱਲੋਂ ਦਿੱਤੀ ਜਾਣਕਾਰੀ ਨੇ ਸਾਫ ਕਰ ਦਿੱਤਾ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ 'ਚ ਬੇਲੋੜੀ ਢਿੱਲ ਵਰਤੀ ਗਈ ਜਦੋਂ ਕਿ ਬਾਕੀ ਕੇਸਾਂ 'ਚ ਅਜਿਹਾ ਨਹੀਂ ਹੋਇਆ ਹੈ।

ਜ਼ਿਕਰਯੋਗ ਹੈ ਕਿ ਟਾਡਾ ਅਦਾਲਤ ਵੱਲੋਂ ਬੰਬ ਧਮਾਕੇ ਦੇ ਕੇਸ 'ਚ ਪ੍ਰੋ. ਭੁੱਲਰ ਨੂੰ 25 ਅਗਸਤ, 2001 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਪ੍ਰੋ. ਭੁੱਲਰ ਵੱਲੋਂ 14 ਜਨਵਰੀ 2003, 3 ਫਰਵਰੀ, 2003 ਤੇ 8 ਅਪਰੈਲ, 2003 ਨੂੰ ਰਹਿਮ ਦੀਆਂ ਅਪੀਲਾਂ ਦਾਇਰ ਕੀਤੀਆਂ ਗਈਆਂ। ਇਨ੍ਹਾਂ ਦਾ ਰਾਸ਼ਟਰਪਤੀ ਵੱਲੋਂ ਫੈਸਲਾ 25 ਮਈ, 2011 ਨੂੰ ਕਰਕੇ ਅਪੀਲ ਨੂੰ ਰੱਦ ਕਰ ਦਿੱਤਾ ਗਿਆ ਸੀ। ਰਾਸ਼ਟਰਪਤੀ ਭਵਨ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਭੁੱਲਰ ਦੀ ਰਹਿਮ ਦੀ ਅਪੀਲ ਦਾ ਕੇਸ 13 ਮਈ, 2011 ਨੂੰ ਰਾਸ਼ਟਰਪਤੀ ਭਵਨ ਨੂੰ ਭੇਜਿਆ ਗਿਆ ਜਿਸ ਦਾ ਨਿਬੇੜਾ 13 ਦਿਨ ਮਗਰੋਂ ਰਾਸ਼ਟਰਪਤੀ ਨੇ 25 ਮਈ 2011 ਨੂੰ ਕਰ ਦਿੱਤਾ। ਰਾਸ਼ਟਰਪਤੀ ਨੂੰ 2002 ਤੋਂ 15 ਜੁਲਾਈ 2011 ਤੱਕ 28 ਅਪੀਲਾਂ ਦਾਇਰ ਕਰਕੇ 49 ਲੋਕਾਂ ਵੱਲੋਂ ਮਿਲੀਆਂ। ਇਨ੍ਹਾਂ 28 ਕੇਸਾਂ 'ਚੋਂ 14 ਕੇਸਾਂ ਦਾ ਨਿਬੇੜਾ ਬਾਕੀ ਹੈ ਜਦੋਂਕਿ 14 ਕੇਸਾਂ ਦਾ ਫੈਸਲਾ ਹੋ ਚੁੱਕਾ ਹੈ। ਇਨ੍ਹਾਂ 14 ਕੇਸਾਂ ਚੋਂ 11 ਕੇਸਾਂ ਦੀ ਰਹਿਮ ਦੀ ਅਪੀਲ ਪ੍ਰਵਾਨ ਹੋ ਗਈ ਹੈ ਜਦੋਂਕਿ ਤਿੰਨ ਕੇਸਾਂ ਵਿਚ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਗਈ।

ਅਪੀਲ ਰੱਦ ਹੋਣ ਵਾਲੇ ਕੇਸਾਂ 'ਚ ਪ੍ਰੋ. ਭੁੱਲਰ ਦਾ ਕੇਸ ਵੀ ਸ਼ਾਮਲ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਰਿਕਾਰਡ ਅਨੁਸਾਰ ਕਰਨਾਟਕ ਦੇ ਸੈਬੰਨਾ ਨਿੰਗਪਾ, ਉੱਤਰ ਪ੍ਰਦੇਸ਼ ਦੇ ਜਫਰ ਅਲੀ ਤੇ ਖੈਰਾਜ ਰਾਜ਼ ਦੀ ਰਹਿਮ ਦੀ ਅਪੀਲ ਦਾ ਕੇਸ ਪ੍ਰਾਪਤ ਹੋਣ ਤੋਂ ਇਕ ਸਾਲ ਦੇ ਅੰਦਰ ਹੀ ਰਾਸ਼ਟਰਪਤੀ ਕੋਲ ਭੇਜ ਦਿੱਤਾ ਗਿਆ। ਇਸੇ ਤਰ੍ਹਾਂ ਕਰਨਾਟਕ ਦੇ ਬੰਧੂ ਬਾਬੂ ਰਾਓ, ਰਾਜਸਥਾਨ ਦੇ ਲਾਲ ਚੰਦ ਤੇ ਯੂ.ਪੀ. ਦੇ ਕਰਨ ਸਿੰਘ ਦੀ ਰਹਿਮ ਦੀ ਅਪੀਲ ਵੀ ਇਕ ਸਾਲ ਦੇ ਸਮੇਂ ਅੰਦਰ ਰਾਸ਼ਟਰਪਤੀ ਭਵਨ ਨੂੰ ਗ੍ਰਹਿ ਮੰਤਰਾਲੇ ਵੱਲੋਂ ਭੇਜ ਦਿੱਤੀ ਗਈ।

ਗ੍ਰਹਿ ਮੰਤਰਾਲੇ ਨੇ ਦੋ ਅਪੀਲਾਂ ਦੋ ਸਾਲ ਦੇ ਸਮੇਂ ਅੰਦਰ ਤੇ ਦੋ ਹੋਰ ਅਪੀਲਾਂ ਚਾਰ ਸਾਲ ਦੇ ਸਮੇਂ ਦੇ ਅੰਦਰ-ਅੰਦਰ ਰਾਸ਼ਟਰਪਤੀ ਭਵਨ ਨੂੰ ਭੇਜ ਦਿੱਤੀਆਂ ਸਨ। ਦੂਸਰੀ ਪਾਸੇ ਪ੍ਰੋ. ਭੁੱਲਰ ਤੇ ਉਤਰਾਖੰਡ ਦੇ ਓਮ ਪ੍ਰਕਾਸ਼ ਦੀ ਅਪੀਲ ਰਾਸ਼ਟਰਪਤੀ ਭਵਨ ਨੂੰ ਭੇਜਣ 'ਚ ਅੱਠ ਸਾਲ ਦਾ ਸਮਾਂ ਲਾ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ ਦੀ ਅਪੀਲ ਪ੍ਰੋ. ਭੁੱਲਰ ਤੋਂ ਪਿੱਛੋਂ ਕੇਂਦਰ ਸਰਕਾਰ ਨੂੰ ਮਿਲੀ, ਉਹ ਪਹਿਲਾਂ ਰਾਸ਼ਟਰਪਤੀ ਭਵਨ ਨੂੰ ਭੇਜੀ ਗਈ। ਮਿਸਾਲ ਦੇ ਤੌਰ 'ਤੇ ਉੱਤਰ ਪ੍ਰਦੇਸ਼ ਦੇ ਸਾਤਨ ਤੇ ਉਪਿੰਦਰਾ ਨੇ ਸਾਲ 2009 'ਚ ਰਹਿਮ ਦੀ ਅਪੀਲ ਪਾਈ। ਗ੍ਰਹਿ ਮੰਤਰਾਲੇ ਨੇ ਦੋ ਸਾਲ ਦੇ ਅੰਦਰ-ਅੰਦਰ 25 ਅਪਰੈਲ 2011 ਨੂੰ ਕੇਸ ਰਾਸ਼ਟਰਪਤੀ ਭਵਨ ਨੂੰ ਭੇਜ ਦਿੱਤਾ। ਰਾਸ਼ਟਰਪਤੀ ਵੱਲੋਂ 13 ਜੁਲਾਈ 2011 ਨੂੰ ਇਨ੍ਹਾਂ ਨੂੰ ਰਾਹਤ ਦੇ ਦਿੱਤੀ ਗਈ। ਇਸੇ ਤਰ੍ਹਾਂ ਖੈਰਾਜ ਨਾਮ ਦੇ ਵਿਅਕਤੀ ਨੇ ਸਾਲ 2006 'ਚ ਰਹਿਮ ਦੀ ਅਪੀਲ ਪਾਈ। ਗ੍ਰਹਿ ਮੰਤਰਾਲੇ ਨੇ ਉਸ ਦਾ ਕੇਸ ਉਸੇ ਸਾਲ 'ਚ 13 ਸਤੰਬਰ 2006 ਨੂੰ ਰਾਸ਼ਟਰਪਤੀ ਨੂੰ ਭੇਜ ਦਿੱਤਾ। ਰਾਸ਼ਟਰਪਤੀ ਨੇ 14 ਦਿਨਾਂ 'ਚ ਹੀ ਉਸ ਨੂੰ ਰਾਹਤ ਦੇ ਦਿੱਤੀ।

ਅਜਿਹੇ ਕੇਸਾਂ ਦੇ ਉਲਟ ਪ੍ਰੋ. ਭੁੱਲਰ ਦੇ ਕੇਸ 'ਚ ਦੇਰੀ ਕਿਉਂ ਕੀਤੀ, ਇਸ ਦਾ ਖੁਲਾਸਾ ਕੇਂਦਰੀ ਗ੍ਰਹਿ ਮੰਤਰਾਲਾ 10 ਅਕਤੂਬਰ ਨੂੰ ਸੁਪਰੀਮ ਕੋਰਟ ਕੋਲ ਕਰੇਗਾ। ਜਿੱਥੇ ਗ੍ਰਹਿ ਮੰਤਰਾਲੇ ਨੇ ਢਿੱਲ ਮੱਠ ਦਿਖਾਈ, ਉੱਥੇ ਰਾਸ਼ਟਰਪਤੀ ਭਵਨ ਵੱਲੋਂ ਪ੍ਰੋ. ਭੁੱਲਰ ਦੇ ਕੇਸ ਦਾ ਫੈਸਲਾ ਕਰਨ 'ਚ ਪੂਰੀ ਫੁਰਤੀ ਦਿਖਾਈ ਗਈ। ਇਸ ਕੇਸ ਦਾ ਸਭ ਤੋਂ ਘੱਟ ਸਮੇਂ 'ਚ ਨਿਬੇੜਾ ਕੀਤਾ ਗਿਆ ਜਦੋਂਕਿ ਖੈਰਾਜ ਰਾਮ ਦੇ ਕੇਸ ਦਾ ਨਿਬੇੜਾ 14 ਦਿਨਾਂ 'ਚ ਹੋਇਆ ਸੀ।

## ਸੁਪਰੀਮ ਕੋਰਟ ਨੇ ਦੇਰੀ ਬਾਰੇ ਸਪਸ਼ਟੀਕਰਨ ਮੰਗਿਆ

**ਨਵੀ ਦਿੱਲੀ :** ਉਧਰ ਸੁਪਰੀਮ ਕੋਰਟ ਨੇ ਕੇਂਦਰ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿਚ ਅੱਠ ਸਾਲ ਦੀ ਦੇਰ ਲਾ ਦੇਣ ਦੇ ਕਾਰਨ ਸਪਸ਼ਟ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਦੇ ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਐਸ.ਜੇ. ਮੁਖੋਪਾਧਿਆਏ 'ਤੇ ਆਧਾਰਤ ਬੈਂਚ ਨੇ ਕੇਂਦਰ ਸਰਕਾਰ ਨੂੰ ਇਸ ਬਾਰੇ 10 ਅਕਤੂਬਰ ਤੱਕ ਇਕ ਹਲਫ਼ਨਾਮਾ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ।

ਪ੍ਰੋ. ਭੁੱਲਰ ਨੂੰ 1993 ਵਿਚ ਦਿੱਲੀ ਵਿਚ ਹੋਏ ਇਕ ਬੰਬ ਧਮਾਕੇ ਸਬੰਧੀ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਵਿਚ ਨੌਂ ਵਿਅਕਤੀ ਮਾਰੇ ਗਏ ਸਨ। ਇਸ ਬਾਰੇ ਰਹਿਮ ਦੀ ਅਪੀਲ 2003 ਵਿਚ ਕੀਤੀ ਗਈ ਸੀ ਜਿਸ ਨੂੰ ਰਾਸ਼ਟਰਪਤੀ ਨੇ ਇਸੇ ਨਾਲ 25 ਮਈ ਨੂੰ ਰੱਦ ਕਰ ਦਿੱਤਾ ਸੀ।

ਸਰਕਾਰ ਨੂੰ ਦੇਰੀ ਦੇ ਕਾਰਨਾਂ ਦਾ ਖ਼ੁਲਾਸਾ ਕਰਨ ਲਈ ਕਹਿੰਦਿਆਂ ਅਦਾਲਤ ਨੇ ਕਿਹਾ ਕਿ ਹਰ ਕੋਈ ਇਹ ਜਾਣਨ ਲਈ ਕਾਹਲਾ ਹੈ ਕਿ ਇਨ੍ਹਾਂ ਅੱਠ ਸਾਲਾਂ ਦੌਰਾਨ ਕੀ ਵਾਪਰਿਆ। ਇਹ ਦੱਸਿਆ ਜਾਵੇ ਕਿ 2003 ਤੋਂ 2011 ਦਰਮਿਆਨ ਕੀ ਹੋਇਆ?"ਇਸ ਵੇਲੇ ਪ੍ਰੋ. ਭੁੱਲਰ ਦਾ ਮਾਨਸਿਕ ਬਿਮਾਰੀਆਂ ਤੇ ਖ਼ੂਨ ਦੇ ਵੱਧ ਦਬਾਅ ਦਾ ਇਲਾਜ ਚੱਲ ਰਿਹਾ ਹੈ।

# ਬਰਤਾਨਵੀ ਆਗੂ ਵੱਲੋਂ ਭੁੱਲਰ ਦਾ ਮੁੱਦਾ ਕੌਮੀ ਪੱਧਰ 'ਤੇ ਉਠਾਉਣ ਦਾ ਐਲਾਨ

ਅੰਮ੍ਰਿਤਸਰ: ਆਪਣੇ-ਆਪ ਨੂੰ ਪੰਥਕ ਕਹਾਉਣ ਵਾਲੀ ਪੰਜਾਬ ਸਰਕਾਰ ਤੇ ਸਿੱਖਾਂ ਦੀ ਪਾਰਲੀਮੈਂਟ ਅਖਵਾਉਂਦੀ ਸ਼੍ਰੋਮਣੀ ਕਮੇਟੀ ਸਣੇ ਵੱਖ-ਵੱਖ ਸਿੱਖ ਜਥੇਬੰਦੀਆਂ ਤਾਂ ਹਾਲੇ ਤੱਕ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਰੱਦ ਕਰਾਉਣ ਲਈ ਅਖ਼ਬਾਰੀ ਬਿਆਨਾਂ ਤੋਂ ਅੱਗੇ ਨਹੀਂ ਵਧ ਸਕੀਆਂ ਪਰ ਬਰਤਾਨਵੀ ਸੰਸਦ ਮੈਂਬਰ ਇਸੇ ਮਹੀਨੇ ਪ੍ਰੋ. ਭੁੱਲਰ ਦਾ ਮਾਮਲਾ ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰ ਵਿੰਗ ਤੇ ਇੰਟਰਨੈਸ਼ਨਲ ਕਮਿਸ਼ਨ ਆਫ ਜਿਊਰਿਸਟ (ਕੌਮਾਂਤਰੀ ਇਨਸਾਫ਼ ਕਮਿਸ਼ਨ) ਕੋਲ ਚੁਕਣਗੇ ਤੇ ਮਾਮਲੇ ਦੀ ਪੈਰਵਾਈ ਵੀ ਖ਼ੁਦ ਕਰਨਗੇ। ਬਰਤਾਨੀਆ ਦੀ ਹਾਊਸ ਆਫ ਕਾਮਨਜ਼ ਵਿਚ ਲਿਬਰਲ ਡੈਮੋਕਰੇਟਿਕ ਪਾਰਲੀਮੈਂਟਰੀ ਪਾਰਟੀ ਦੇ ਡਿਪਟੀ ਲੀਡਰ ਸਿਮਨ ਹਿਊਜ਼ ਨੇ ਕਿਹਾ ਹੈ ਕਿ ਉਹ ਫਾਂਸੀ ਦੀ ਸਜ਼ਾ ਯਾਫ਼ਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਮੁੱਦਾ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕਮਿਸ਼ਨ ਤੇ ਜੱਜਾਂ ਦੇ ਕੌਮਾਂਤਰੀ ਕਮਿਸ਼ਨ ਕੋਲ ਉਠਾਉਣਗੇ।



*ਅੰਮ੍ਰਿਤਸਰ ਵਿਖੇ ਸਿਮਨ ਹਿਊਜ਼ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।*

ਸ੍ਰੀ ਹਰਿਮੰਦਰ ਸਾਹਿਬ ਵਿਖੇ 2 ਅਕਤੂਬਰ ਨੂੰ ਨਤਮਸਤਕ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨਾਲ ਸਬੰਧਤ ਇਹ ਮੁੱਦਾ ਬਹੁਤ ਅਹਿਮ ਹੈ। ਇਸ ਲਈ ਉਹ ਇਸੇ ਹਫ਼ਤੇ ਇਹ ਮੁੱਦਾ ਲੈ ਕੇ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਉਹ ਬਰਤਾਨਵੀ ਸਰਕਾਰ ਦੇ ਮੰਤਰੀਆਂ ਨਾਲ ਵੀ ਇਸ ਮੁੱਦੇ 'ਤੇ ਵਿਚਾਰ ਕਰਨਗੇ ਤੇ ਇਸ ਬਾਰੇ ਸਹਿਮਤ ਕਰਨਗੇ ਕਿ ਉਹ ਭਾਰਤ ਸਰਕਾਰ ਨਾਲ ਗੱਲ ਕਰਨ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨੂੰ ਕਹਿਣਗੇ ਕਿ ਉਹ ਇਸ ਮਹੀਨੇ ਦੇ ਅਖ਼ੀਰ ਵਿਚ ਪਰਥ ਵਿਚ ਕਾਮਨ ਵੈਲਥ ਦੇਸ਼ਾਂ ਦੀ ਹੋ ਰਹੀ ਮੀਟਿੰਗ ਵਿਚ ਗੱਲ ਕਰਨ। ਉਨ੍ਹਾਂ ਪ੍ਰੋ. ਭੁੱਲਰ ਦੇ ਕੇਸ ਬਾਰੇ ਇੱਥੇ ਕਈ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਜਾਣਕਾਰੀ ਲੈਣ ਲਈ ਗੱਲਬਾਤ ਵੀ ਕੀਤੀ।

ਬਰਤਾਨਵੀ ਪਾਰਲੀਮੈਂਟ ਦੇ ਮੈਂਬਰ ਨੇ ਕਿਹਾ ਕਿ ਇੰਗਲੈਂਡ ਵਿਚ ਕਈ ਸਿੱਖ ਫੈਡਰੇਸ਼ਨਾਂ ਨੇ ਪ੍ਰੋ. ਭੁੱਲਰ ਦੇ ਮੁੱਦੇ ਨੂੰ ਉਠਾਇਆ ਹੈ ਤੇ ਮਨੁੱਖੀ ਅਧਿਕਾਰਾਂ ਦਾ ਵਕੀਲ ਹੋਣ ਕਰਕੇ ਤੇ ਜੱਜਾਂ ਦੇ ਕੌਮਾਂਤਰੀ ਕਮਿਸ਼ਨ ਦਾ ਮੈਂਬਰ ਹੋਣ ਕਰਕੇ ਉਨ੍ਹਾਂ ਇਹ ਵਿਚਾਰ ਕੀਤਾ ਹੈ ਕਿ ਇਸ ਕੇਸ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ ਜਾਵੇ। ਸ੍ਰੀ ਸਾਈਮਨ ਹਿਊਜ਼ ਤੇ ਡਾਕਟਰ ਜੂਲੀ ਸਮਿੱਥ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਨੇ ਏਸ਼ੀਆ 'ਚ ਵਿਚਰ ਰਹੀਆਂ ਵੱਖ-ਵੱਖ ਹਮਖ਼ਿਆਲ ਜਥੇਬੰਦੀਆਂ ਨਾਲ ਇਕਤੱਰਤਾ ਦੌਰਾਨ ਏਸ਼ੀਆਈ ਖ਼ਿੱਤੇ ਵਿਚ ਵਧ ਰਹੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਘਟਨਾਵਾਂ ਦਾ ਵਿਸਤਾਰਤ ਜਾਇਜ਼ਾ ਲਿਆ। ਇਕਤੱਰਤਾ ਦੌਰਾਨ ਭਾਰਤ ਵਿਚ ਵਸਦੀਆਂ ਘੱਟ ਗਿਣਤੀਆਂ ਕੌਮਾਂ ਖ਼ਾਸ ਕਰ ਕੇ ਸਿੱਖਾਂ ਨਾਲ ਸਰਕਾਰੀ ਪੱਧਰ 'ਤੇ ਹੋ ਰਹੀਆਂ ਵਧੀਕੀਆਂ ਬਾਰੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਗਿਆ। ਸ੍ਰੀ ਸਾਈਮਨ ਨੇ ਕਿਹਾ ਕਿ ਭਾਰਤ ਦੀ ਰਾਸ਼ਟਰਪਤੀ ਵੱਲੋਂ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਬਰਕਰਾਰ ਰੱਖੇ ਜਾਣ ਪ੍ਰਤੀ ਬਾਕੀ ਦੇਸ਼ਾਂ ਦੇ ਸਿੱਖਾਂ ਵਾਂਗ ਇੰਗਲੈਂਡ 'ਚ ਵਸਦੇ ਸਿੱਖ ਵੀ ਬੇਹਦ ਚਿੰਤਿਤ ਹਨ। ਉਥੋਂ ਦੀ ਜਥੇਬੰਦੀ ਸਿੱਖ ਫ਼ੈਡਰੇਸ਼ਨ ਨੇ ਸਮੇਂ-ਸਮੇਂ ਸਿਰ ਸਿੱਖਾਂ ਦੇ ਇਸ ਦੁਖ ਬਾਰੇ ਜਾਣਕਾਰੀ ਦਿੱਤੀ ਹੈ।

## ਭੱਜਦਾ ਨਾ ਤਾਂ ਕਤਲ ਹੋ ਜਾਣਾ ਸੀ: ਰਾਮਦੇਵ

**ਹਰਦੋਈ:** ਯੋਗ ਗੁਰੂ ਬਾਬਾ ਰਾਮਦੇਵ ਦਾ ਕਹਿਣਾ ਹੈ ਕਿ 5 ਜੂਨ ਦੀ ਰਾਤ ਨੂੰ ਪੁਲਿਸ ਵੱਲੋਂ ਕੀਤੀ ਕਾਰਵਾਈ ਦੌਰਾਨ ਜੇਕਰ ਉਹ ਭੱਜਦੇ ਨਹੀਂ ਤਾਂ ਮਾਰ ਦਿੱਤੇ ਜਾਂਦੇ। ਉੱਤਰ ਪ੍ਰਦੇਸ਼ ਵਿਚ ਸਵੈਭਿਮਾਨ ਯਾਤਰਾ ਕਰ ਰਹੇ ਰਾਮਦੇਵ ਨੇ ਕਿਹਾ ਕਿ ਜੇਕਰ ਉਹ ਮੈਦਾਨ 'ਚੋਂ ਉੱਠ ਕੇ ਭੱਜਦੇ ਨਹੀਂ ਤਾਂ ਉਨ੍ਹਾਂ ਦਾ ਹਾਲ ਵੀ ਰਾਜਬਾਲਾ ਜਿਹਾ ਹੀ ਹੋਣਾ ਸੀ। ਜ਼ਿਕਰਯੋਗ ਹੈ ਕਿ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਦਿੱਲੀ ਰਾਮਲੀਲਾ ਮੈਦਾਨ 'ਚ ਮਰਨ ਵਰਤ ਦੌਰਾਨ ਪੁਲਿਸ ਨੇ ਲਾਠੀਚਾਰਜ ਕੀਤਾ ਸੀ। ਇਸ ਲਾਠੀਚਾਰਜ ਦੌਰਾਨ ਰਾਜਬਾਲਾ ਨਾਂ ਦੀ ਔਰਤ ਜ਼ਖ਼ਮੀ ਹੋ ਗਈ ਸੀ ਜਿਸ ਦੀ ਬਾਅਦ ਮੌਤ ਹੋ ਗਈ ਸੀ।



Amardeep Singh
**Ph:916-712-2735**
DRE#01357217

# Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242



**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $1000**

We live in Bay area and was nervous to invest in Sacramento. With the help of Statewide Team, we are proud owner of two rentals in Sacramento. Each month I am making over $1000 after expenses. Statewide not only educated me but helped me in preparing the properties and finding good tenants. Great investment for my kids education.

*-Shilpa and Naveen Reddy*

**Get Free list of Homes at www.statewideteam.net**


# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਕਮੇਟੀ ਦਾ ਜਵਾਬ ਹਾਜ਼ਰ ਹੈ

*(ਲੜੀ ਜੋੜਨ ਲਈ ਸਫਾ 3 ਵੇਖੋ)*

ਅਸੀਂ ਇਨ੍ਹਾਂ ਅਖੌਤੀ ਸੁਧਾਰਕਾਂ ਨੂੰ ਦੱਸਣਾ ਚਾਹਾਂਗੇ ਕਿ ਕੰਸਟਰਕਸ਼ਨ ਦੇ ਤਿੰਨ ਕੇਸਾਂ ਵਿਚ ਅਸੀਂ ਗੁਰੂਘਰ ਦਾ ਲੱਖਾਂ ਡਾਲਰ ਬਚਾਇਆ ਹੈ ਜਿਸ ਦਾ ਵਿਸਥਾਰ 17 ਸਤੰਬਰ ਵਾਲੇ 'ਪੰਜਾਬ ਟਾਈਮਜ਼' ਵਿਚ ਦੁਬਾਰਾ ਪੜ੍ਹ ਲਿਓ। ਅਖਬਾਰ ਦੀ ਕਾਪੀ ਨਾ ਮਲੇ ਤਾਂ ਇਸਦੀ ਵੈਬਸਾਈਟ ਤੋਂ ਪੜ੍ਹ ਲਿਓ। ਪੰਜਾਬੀ ਕਹਾਵਤ ਹੈ 'ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ'। ਨਾਹਲ ਸਾਹਿਬ, ਅਗਰ ਆਪਾਂ ਮਚਲੇ ਹੋ ਕੇ ਹੀ ਚੱਲਣਾ ਹੈ ਤਾਂ ਅਸੀਂ ਤੁਹਾਨੂੰ ਜਿੰਨੇ ਮਰਜ਼ੀ ਸਬੂਤ ਦੇ ਦੇਈਏ ਪਰ ਤੁਹਾਡੀ ਸਿਹਤ 'ਤੇ ਕੋਈ ਅਸਰ ਹੋਣਾ ਹੀ ਨਹੀਂ, ਕਿਉਂਕਿ ਤੁਸੀਂ ਸੱਚ ਨੂੰ ਤਸਲੀਮ ਨਾ ਕਰਨ ਦੀ ਸਹੁੰ ਖਾਧੀ ਬੈਠੇ ਹੋ। ਤੁਹਾਡੇ ਪਰਮ ਮਿੱਤਰਾਂ ਜਸਵੰਤ ਸਿੰਘ ਹੋਠੀ ਹੋਣਾਂ ਨੂੰ ਪਤੈ ਕਿ ਲੋਨ ਰੁਕਵਾਉਣ ਲਈ ਪਾਈ ਚਿੱਠੀ ਵਾਲੇ ਕੇਸ ਵਿਚ ਗੁਰੂਘਰ ਨੂੰ ਇਕ ਲੱਖ ਡਾਲਰ ਮਿਲ ਗਿਆ ਹੈ। ਫਿਰ ਕੇਸਾਂ ਦੀ ਦੁਹਾਈ ਕਾਹਦੇ ਲਈ? ਅਸੀਂ ਗੁਰੂਘਰ ਦੇ ਹਿੱਤਾਂ ਲਈ ਕੇਸ ਲੜੇ ਹਨ, ਨਾ ਕਿ ਤੁਹਾਡੇ ਵਾਂਗ ਚੌਧਰਾਂ ਵਾਸਤੇ।

**ਕਿੱਸਾ ਸੰਵਿਧਾਨਕ ਸੋਧਾਂ ਦਾ:** ਸੁਧਾਰ ਕਮੇਟੀ ਉਰਫ਼ ਝੂਠ ਕਮੇਟੀ ਦੇ ਮੋਢੀ ਵਿਦਵਾਨ ਸ. ਨਾਹਲ ਸਾਹਿਬ ਕਹਿੰਦੇ ਨਹੀਂ ਥੱਕਦੇ ਕਿ 17 ਅਪਰੈਲ ਨੂੰ ਕਮੇਟੀ ਨੇ ਸੰਵਿਧਾਨਕ ਸੋਧਾਂ ਕਰਕੇ ਬਹੁਤ ਮਨਹੂਸ ਗਲਤੀ ਕੀਤੀ। ਸੰਗਤ ਦੇ ਹੱਕਾਂ 'ਤੇ ਡਾਕਾ ਮਾਰ ਲਿਆ। ਨਾਹਲ ਜੀ, ਆਪਾਂ ਪਿਛਲੇ 25 ਸਾਲਾਂ ਤੋਂ ਸਰਬਸੰਮਤੀ ਨਾਲ ਕਮੇਟੀ ਚੁਣਦੇ ਆਏ ਹਾਂ। ਸ. ਜਸਵੰਤ ਸਿੰਘ ਹੋਠੀ ਸਮੇਤ ਤੁਸੀਂ ਸਭ ਕਮੇਟੀਆਂ ਵਿਚ ਰਹੇ ਹੋ। ਸੰਗਤ ਜਾਣਦੀ ਹੈ ਕਿ ਸਿਰਫ਼ ਸਾਨੂੰ 25 ਸਾਲਾਂ ਤੋਂ ਕਾਬਜ਼ ਕਮੇਟੀ ਕਹਿਣਾ ਸੁਧਾਰਕਾਂ ਦਾ ਕੋਰਾ ਝੂਠ ਹੈ। ਸ. ਹੋਠੀ ਤੇ ਸ. ਨਾਹਲ ਇਸ ਗੱਲ ਦੀ ਸਹੁੰ ਚੁੱਕ ਸਕਦੇ ਹਨ ਕਿ ਸਾਡੀ ਕਮੇਟੀ 25 ਸਾਲਾਂ ਤੋਂ ਕਾਬਜ਼ ਕਮੇਟੀ ਹੈ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇਸ ਬੇਈਮਾਨ ਪਹੁੰਚ ਨਾਲ ਝੂਠਾਂ ਦੀ ਲੜੀ ਲਾ ਕੇ ਗੁਰੂਘਰ ਦਾ ਕੀ ਸੁਧਾਰਨਾ ਚਾਹੁੰਦੇ ਨੇ ਅਖੌਤੀ ਸੁਧਾਰਕ? ਸੰਵਿਧਾਨਕ ਸੋਧ ਅਸੀਂ ਲਿਆਂਦੀ, ਹਰ ਸਾਲ ਚਾਰ ਸੇਵਾਦਾਰ ਜਾਣਗੇ, ਚਾਰ ਸਰਬਸੰਮਤੀ ਨਾਲ ਚੁਣ ਲਏ ਜਾਇਆ ਕਰਨਗੇ। ਤੁਹਾਨੂੰ ਇਹ ਗੱਲ ਸੰਗਤ ਦੇ ਹੱਕਾਂ ਉਤੇ ਡਾਕਾ ਕਿਉਂ ਲਗਦੀ ਹੈ? ਜਦ ਤੁਸੀਂ ਕਮੇਟੀਆਂ ਵਿਚ ਉਚ ਅਹੁਦਿਆਂ 'ਤੇ ਰਹਿੰਦੇ ਸੀ, ਉਦੋਂ ਸਰਬਸੰਮਤੀ ਸੰਗਤ ਦੇ ਹੱਕਾਂ 'ਤੇ ਡਾਕਾ ਕਿਉਂ ਨਹੀਂ ਸੀ ਲਗਦੀ? ਸਿਰਫ਼ ਤੁਸੀਂ ਕੁਝ ਬੰਦਿਆਂ ਨੇ ਗੁਰੂਘਰ ਦਾ ਨੁਕਸਾਨ ਕਰਨ ਦੀ ਧਾਰੀ ਹੋਈ ਹੈ। ਤੁਸੀਂ ਸੋਧਾਂ ਨਹੀਂ ਮੰਨੀਆਂ। ਅਸੀਂ 3 ਜੁਲਾਈ ਨੂੰ ਚਾਰ ਸੇਵਾਦਾਰਾਂ ਦੀ ਚੋਣ ਕਰਵਾਈ। ਸੰਗਤ ਨੇ ਸਾਡੇ ਹੱਕ ਵਿਚ ਫ਼ਤਵਾ ਦਿੱਤਾ। ਸਾਫ਼ ਜ਼ਾਹਿਰ ਹੈ ਕਿ ਸੰਗਤ ਨੇ ਉਨ੍ਹਾਂ ਤਰਮੀਮਾਂ ਦੇ ਹੱਕਾਂ ਵਿਚ ਫ਼ਤਵਾ ਦਿੱਤਾ ਸੀ ਪਰ ਤੁਸੀਂ "ਸੰਗਤ ਦੇ ਹੱਕਾਂ 'ਤੇ ਡਾਕਾ" ਵਾਲਾ ਕੋਰਾ ਝੂਠ ਟਿਕਾ ਕੇ ਬੋਲਣੋਂ ਬਾਜ਼ ਹੀ ਨਹੀਂ ਆਉਂਦੇ। ਜਦ ਤਾਂ ਸੁਧਾਰਕ ਪ੍ਰਬੰਧਕ ਕਮੇਟੀ ਵਿਚ ਹੋਣ, ਭਾਵੇਂ 25 ਸਾਲਾਂ ਤੱਕ ਰਹਿਣ, ਤਾਂ ਫਿਰ ਸੰਗਤ ਦੇ ਹੱਕਾਂ 'ਤੇ ਕੋਈ ਡਾਕਾ ਨਹੀਂ ਅਤੇ ਨਾ ਹੀ "ਸਵੈ ਇੱਛਾ ਦੀ ਰਿਟਾਇਰਮੈਂਟ" ਯੋਜਨਾ ਬਣਦੀ ਹੈ। ਸੁਧਾਰਕਾਂ ਦੇ ਕਮੇਟੀ ਤੋਂ ਬਾਹਰ ਹੋਣ ਨਾਲ ਹੀ ਸਭ ਬਿਮਾਰੀਆਂ ਨੇ ਜਨਮ ਲੈ ਲਿਆ ਹੈ।

**ਖਰਚਾ:** ਸੁਧਾਰਕਾਂ ਨੇ ਖਰਚੇ ਬਾਰੇ ਬੜਾ ਹੀ ਹਾਸੋਹੀਣਾ ਤੱਥ ਉਠਾਇਆ ਹੈ ਕਿ ਅਸੀਂ ਵਿੱਤੀ ਰਿਪੋਰਟ ਵਿਚ ਕਿਹਾ ਹੈ ਕਿ ਗੁਰੂਘਰ ਦੀ ਆਮਦਨ 145,055.49 ਡਾਲਰ ਸੀ ਅਤੇ ਖਰਚਾ 143,692.84 ਡਾਲਰ ਸੀ। ਸੁਧਾਰਕਾਂ ਦਾ ਸਵਾਲ ਹੈ ਕਿ ਇੰਨਾ ਖਰਚਾ ਕਿਵੇਂ ਹੋ ਗਿਆ? ਵਿਦਵਾਨ ਜੀ, ਗੁਰੂਘਰ ਦੀ ਇਕੱਲੀ ਕਿਸ਼ਤ ਹੀ 65,000 ਡਾਲਰ ਪ੍ਰਤੀ ਮਹੀਨਾ ਹੈ। 9 ਹਜ਼ਾਰ ਦੇ ਕਰੀਬ ਬਿਜਲੀ ਦਾ ਬਿੱਲ ਹੀ ਆਉਂਦਾ ਹੈ। 15 ਹਜ਼ਾਰ ਦਾ ਪੇ ਰੋਲ ਹੈ। ਵਿਦਵਾਨ ਜੀ, ਗੁਰੂਘਰ ਦੀ ਵੈਬਸਾਈਟ 'ਤੇ ਜਾਓ। ਹਿਸਾਬ ਕਿਤਾਬ ਕੋਈ ਵੀ ਮੈਂਬਰ ਦੇਖ ਸਕਦਾ ਹੈ। ਨਿੱਕੇ ਮੋਟੇ ਖਰਚੇ ਜੋੜ ਕੇ ਖਰਚਾ ਇੰਨਾ ਬਣਦਾ ਹੈ। ਵਿਦਵਾਨ ਜੀ ਯਬਲੀਆਂ ਮਾਰਨੋਂ ਹਟਦੇ ਹੀ ਨਹੀਂ। ਉਘੇ ਵਿਦਵਾਨ ਕੌਮ ਦੇ ਕਿਸ ਕੰਮ ਜਿਨ੍ਹਾਂ ਨੂੰ ਸਾਧਾਰਨ ਹਿਸਾਬ-ਕਿਤਾਬ ਸਮਝਣ 'ਚ ਮੁਸ਼ਕਲ ਆ ਰਹੀ ਹੈ?

**ਮਹਾਂਭਾਰਤ ਮਸਲੇ ਦਾ ਨਿਬੇੜਾ:** ਅਸੀਂ ਮਹਾਂਭਾਰਤ ਦੇ ਪ੍ਰਕਾਸ਼ ਨੂੰ ਵਾਰ ਵਾਰ ਅਨਭੋਲ ਗਲਤੀ ਦੱਸਿਆ। ਮਹਾਂਭਾਰਤ ਨੂੰ ਲਿਆਉਣ ਵਾਲੇ ਜਸਵੀਰ ਸਿੰਘ ਥਾਂਦੀ ਹੋਣਾਂ ਸਵੀਕਾਰਿਆ ਹੈ ਕਿ ਇਹ ਅਨਭੋਲ ਗਲਤੀ ਸੀ ਪਰ ਝੂਠਾਂ ਦੇ ਬੇਤਾਜ ਬਾਦਸ਼ਾਹ ਸੁਧਾਰਕ ਵਾਲ ਦੀ ਖੱਲ ਲਾਉਣੋਂ ਨਹੀਂ ਹਟਦੇ। ਮਹਾਂਭਾਰਤ ਦੀ ਆਮਦ 'ਤੇ ਕੋਈ ਸੁਧਾਰਕ ਜਲ ਤਰੌਂਕ ਰਿਹਾ ਹੈ, ਕੋਈ ਚੌਰ ਸਾਹਿਬ ਦੀ ਸੇਵਾ ਕਰ ਰਿਹਾ ਹੈ, ਕੋਈ ਤਾਬਿਆ 'ਤੇ ਬੈਠਾ ਹੈ; ਸਗੋਂ ਪ੍ਰਬੰਧਕਾਂ ਨਾਲੋਂ ਤਾਂ ਸੁਧਾਰਕਾਂ ਦੀ ਗਿਣਤੀ ਜ਼ਿਆਦਾ ਸੀ ਪਰ ਅੱਜ ਇਲਜ਼ਾਮ ਇਕੱਲਾ ਪ੍ਰਬੰਧਕਾਂ 'ਤੇ ਹੀ ਲੱਗ ਰਿਹਾ ਹੈ ਕਿ ਅਸੀਂ ਜਾਣਬੁਝ ਕੇ ਮਹਾਂਭਾਰਤ ਗ੍ਰੰਥ ਲਿਆਂਦਾ। ਅਸੀਂ ਜਿਸ ਸਮਾਜ 'ਚੋਂ ਆਏ ਹਾਂ, ਉਥੇ ਵੀ ਗੱਲ ਹਮੇਸ਼ਾ ਅਖੀਰ ਸਹੁੰ 'ਤੇ ਮੁੱਕਦੀ ਸੀ।

**ਸੁਧਾਰਕਾਂ ਨੂੰ ਖੁੱਲ੍ਹਾ ਸੱਦਾ:** ਅਸੀਂ ਫਿਰ ਕਹਿੰਦੇ ਹਾਂ ਕਿ ਮਹਾਂਭਾਰਤ ਦੀ ਆਮਦ 'ਤੇ ਪ੍ਰਕਾਸ਼ ਅਨਭੋਲ ਗਲਤੀ ਸੀ। ਇਹ ਕੋਈ ਸਾਜ਼ਿਸ਼ ਨਹੀਂ ਸੀ। ਇਸ ਦਾ ਨਿਰਣਾ ਹੁਣ ਸਹੁੰ 'ਤੇ ਹੀ ਹੋ ਸਕਦਾ ਹੈ। ਸੁਧਾਰਕਾਂ ਨੂੰ ਬੇਨਤੀ ਹੈ ਕਿ ਸਾਨੂੰ ਦੱਸਣ, ਉਨ੍ਹਾਂ ਕਿਸ ਦਿਨ ਆਉਣਾ ਹੈ। ਆਓ, ਆਪਾਂ ਸਭ ਗੁਰਦੁਆਰਾ ਕਮੇਟੀ ਅਤੇ ਤੁਹਾਡੀ ਸੁਧਾਰ ਕਮੇਟੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੜਾਹ ਪ੍ਰਸਾਦਿ ਚੜ੍ਹਾ ਕੇ ਅਰਦਾਸ ਕਰੀਏ ਕਿ ਅਗਰ ਮਹਾਂਭਾਰਤ ਦਾ ਪ੍ਰਕਾਸ਼ ਸਾਡੇ ਵੱਲੋਂ ਕੋਈ ਸਾਜ਼ਿਸ਼ ਸੀ ਤਾਂ ਮਹਾਰਾਜ ਸਾਨੂੰ ਪਛਾਣੇ ਅਤੇ ਇਸ ਘੋਰ ਅਪਰਾਧ ਬਦਲੇ ਸਜ਼ਾ ਸਾਨੂੰ ਮਿਲੇ। ਅਗਰ ਸਾਜ਼ਿਸ਼ ਨਹੀਂ ਹੈ ਤੇ ਤੁਸੀਂ ਸਿਰਫ਼ ਸੰਗਤ ਨੂੰ ਗੁੰਮਰਾਹ ਕਰਨ ਲਈ ਸਾਡੇ 'ਤੇ ਜਾਣ-ਬੁਝ ਕੇ ਇਲਜ਼ਾਮ ਲਾ ਰਹੇ ਹੋ ਤਾਂ ਮਹਾਰਾਜ ਤੁਹਾਨੂੰ ਪਛਾਣੇ ਅਤੇ ਇਸ ਅਪਰਾਧ ਦੀ ਸਜ਼ਾ ਤੁਹਾਨੂੰ ਮਿਲੇ। ਮਹਾਰਾਜ ਜਾਣੀ-ਜਾਣ ਹਨ। ਆਓ, ਸੱਚ ਝੂਠ ਦਾ ਨਿਤਾਰਾ ਸਹੁੰ ਰਾਹੀਂ ਕਰੀਏ। ਆਸ ਕਰਦੇ ਹਾਂ ਕਿ ਸਾਡੀ ਬੇਨਤੀ ਨੂੰ ਸਵੀਕਾਰ ਕਰੋਗੇ।

ਅਖੀਰ ਵਿਚ ਸੁਧਾਰਕਾਂ ਨੂੰ ਬੇਨਤੀ ਹੈ-ਝੂਠ ਨੇ ਆਖਿਰ ਝੂਠ ਰਹਿਣਾ ਹੈ। ਮਹਾਰਾਜ ਦਾ ਫੁਰਮਾਨ ਹੈ-ਕੂੜਿ ਨਿਖੁਟੇ ਨਾਨਕਾ ਓੜਕ ਸਚਿ ਰਹੀ। ਇਤਨੇ ਝੂਠਾਂ ਦਾ ਦਾਮਨ ਫੜ ਕੇ ਕਦ ਪਾਰ ਲੱਗੋਗੇ?

ਇਕੱਲੀ ਇਕੱਲੀ ਤਸਵੀਰ ਤੁਹਾਡੇ ਝੂਠਾਂ ਦੀਆਂ ਪਰਤਾਂ ਉਧੇੜਦੀ ਹੈ। ਹਰ ਦਸਤਾਵੇਜ਼ ਤੁਹਾਡੇ ਕੁਫਰ ਦੀ ਦੁਹਾਈ ਦਿੰਦਾ ਹੈ। ਇੰਨਾ ਕੁਫਰ ਤੋਲ ਕੇ ਸੁਧਾਰਕੋ, ਤੁਸੀਂ ਕੀ ਸੁਧਾਰ ਲਿਆਉਣਾ ਚਾਹੁੰਦੇ ਹੋ? ਮਹਾਰਾਜ ਦਾ ਫੁਰਮਾਨ ਹੈ-ਮਨ ਕਾ ਝੂਠਾ ਝੂਠ ਕਮਾਵੈ। ਗੁਰਬਾਣੀ ਦਾ ਵਾਕ ਹੈ, "ਝੂਠੇ ਬਨਜਿ ਉਠਿ ਹੀ ਗਈ ਹਾਟਿਓ" ਭਾਵ ਝੂਠ ਦੀ ਦੁਕਾਨਦਾਰੀ ਆਖਿਰ ਬੰਦ ਹੋ ਜਾਂਦੀ ਹੈ।

**ਸੰਗਤਾਂ ਨੂੰ ਪੁਰਜ਼ੋਰ ਅਪੀਲ:** ਸੰਗਤਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਆਪ ਜੀ ਨੇ ਹਮੇਸ਼ਾ ਕ੍ਰਿਪਾ ਕੀਤੀ ਹੈ। ਆਓ, ਸਭ ਰਲ-ਮਿਲ ਕੇ ਕਮਿਊਨਿਟੀ ਦੇ ਅਧੂਰੇ ਕੰਮਾਂ ਵੱਲ ਧਿਆਨ ਦਈਏ, ਝੂਠੇ ਪ੍ਰਚਾਰ ਤੋਂ ਬਚੀਏ। ਏਕਤਾ ਨਾਲ ਭਵਿੱਖ ਲਈ ਬਹੁਤ ਕੁਝ ਕਰ ਸਕਦੇ ਹਾਂ। ਸਾਡੀ ਤੁਛ ਸੇਵਾ ਆਪ ਜੀ ਦੇ ਸਾਹਮਣੇ ਹੈ।

**ਗੁਰੂ ਪੰਥ ਦੇ ਦਾਸ**
**ਗੁਰਦੁਆਰਾ ਕਮੇਟੀ, ਸੈਨ ਹੋਜ਼ੇ**

*Ad Space Sponsored By: Bob Dhillon*

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California:**
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੱਚੇ ਸੌਦੇ ਵਾਲੇ ਬਾਬਾ ਰਾਮ ਰਹੀਮ 'ਤੇ ਆਪਣੀ ਹੀ ਧੀ ਨੂੰ ਰਖੇਲ ਬਣਾਉਣ ਦਾ ਦੋਸ਼

**ਚੰਡੀਗੜ੍ਹ:** ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਦੇ ਜਵਾਈ ਵਿਸ਼ਵਾਸ ਗੁਪਤਾ ਨੇ ਦੋਸ਼ ਲਗਾਇਆ ਹੈ ਕਿ ਬਾਬਾ ਰਾਮ ਰਹੀਮ ਨੇ ਆਪਣੀ ਹੀ ਬੇਟੀ ਅਤੇ ਉਸ (ਵਿਸ਼ਵਾਸ) ਦੀ ਪਤਨੀ ਹਨੀਪ੍ਰੀਤ ਇੰਸਾਂ ਉਰਫ਼ ਪ੍ਰਿਅੰਕਾ ਨੂੰ ਰਖੇਲ ਬਣਾ ਕੇ ਰੱਖਿਆ ਹੋਇਆ ਹੈ।

ਚੰਡੀਗੜ੍ਹ ਪ੍ਰੈਸ ਕਲੱਬ ਵਿਚ ਆਪਣੇ ਪਿਤਾ ਸੇਵਾ-ਮੁਕਤ ਐਕਸੀਅਨ ਐਮ.ਪੀ. ਗੁਪਤਾ ਨਾਲ ਆਏ ਵਿਸ਼ਵਾਸ ਗੁਪਤਾ ਨੇ ਦੱਸਿਆ ਕਿ ਪੌਣੇ 2 ਸਾਲਾਂ ਤੋਂ ਪ੍ਰਿਅੰਕਾ ਬਾਬੇ ਦੇ ਕਬਜ਼ੇ ਵਿਚ ਹੈ। ਉਸ ਨੇ ਦੱਸਿਆ ਕਿ ਉਹ ਡੇਰੇ ਦੇ ਬਹੁਤ ਪੁਰਾਣੇ ਸ਼ਰਧਾਲੂ ਹਨ ਅਤੇ ਬਾਬਾ ਰਾਮ ਰਹੀਮ ਤੋਂ ਵੀ ਪਹਿਲਾਂ ਸ਼ਾਹ ਸਤਨਾਮ ਦੇ ਸਮੇਂ ਤੋਂ ਡੇਰੇ ਨਾਲ ਜੁੜੇ ਹੋਏ ਹਨ। ਉਸ ਦੇ ਦਾਦਾ ਰੁਲੀਆ ਰਾਮ ਗੁਪਤਾ ਸਾਂਝੇ ਪੰਜਾਬ ਵੇਲੇ ਘਰੌਂਦਾ ਹਲਕੇ ਤੋਂ ਵਿਧਾਇਕ ਹੁੰਦੇ ਸਨ। 1997 ਵਿਚ ਉਨ੍ਹਾਂ ਦੇ ਪਿਤਾ ਜੀ ਆਪਣੀ ਸਾਰੀ ਜ਼ਮੀਨ-ਜਾਇਦਾਦ ਵੇਚ ਕੇ ਪਰਿਵਾਰ ਸਮੇਤ ਡੇਰਾ ਸੱਚਾ ਸੌਦਾ ਵਿਚ ਹੀ ਆ ਗਏ ਸਨ ਅਤੇ ਜੋ ਵੀ ਉਨ੍ਹਾਂ ਕੋਲ ਪੈਸਾ-ਧੇਲਾ ਸੀ, ਉਨ੍ਹਾਂ ਨੇ ਡੇਰਾ ਮੁਖੀ ਨੂੰ ਸੌਂਪ ਦਿੱਤਾ ਸੀ।

ਸ੍ਰੀ ਵਿਸ਼ਵਾਸ ਨੇ ਦੱਸਿਆ ਕਿ 1999 ਵਿਚ ਡੇਰਾ ਮੁਖੀ ਨੇ ਡੇਰੇ ਵਿਚ ਰਹਿੰਦੇ ਰਾਮਾ ਨੰਦ ਤਨੇਜਾ ਦੀ ਲੜਕੀ ਪ੍ਰਿਅੰਕਾ ਨਾਲ ਬਿਨਾ ਉਸ ਦੀ ਮਰਜ਼ੀ ਪੁੱਛੇ ਹੀ ਵਿਆਹ ਕਰਵਾ ਦਿੱਤਾ ਅਤੇ ਉਸ ਦੀ ਪਤਨੀ ਦਾ ਨਾਂ ਵੀ ਡੇਰਾ ਮੁਖੀ ਨੇ ਹੀ ਪ੍ਰਿਅੰਕਾ ਤੋਂ ਬਦਲ ਕੇ ਹਨੀਪ੍ਰੀਤ ਇੰਸਾਂ ਰੱਖ ਦਿੱਤਾ। 2003 ਵਿਚ ਬਾਬੇ ਨੇ ਉਸ (ਵਿਸ਼ਵਾਸ) ਨੂੰ ਆਪਣਾ ਪੁੱਤਰ ਬਣਾ ਲਿਆ ਅਤੇ ਦਸੰਬਰ 2009 ਵਿਚ ਹਨੀਪ੍ਰੀਤ ਨੂੰ ਆਪਣੀ ਬੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਉਸ ਪਿੱਛੋਂ ਉਸ ਦੀ ਪਤਨੀ ਪੱਕੇ ਤੌਰ 'ਤੇ ਹੀ ਡੇਰਾ ਮੁਖੀ ਨਾਲ ਰਹਿਣ ਲੱਗ ਪਈ ਅਤੇ ਇਕ ਦਿਨ ਵੀ ਉਸ ਨੂੰ ਉਸ ਨਾਲ ਨਹੀਂ ਰਹਿਣ ਦਿੱਤਾ ਗਿਆ। ਜਦੋਂ ਉਹ ਆਪਣੀ ਪਤਨੀ ਨੂੰ ਪੁੱਛਦਾ ਤਾਂ ਉਹ ਇਹ ਕਹਿ ਦਿੰਦੀ ਕਿ ਉਹ 24 ਘੰਟੇ ਆਪਣੇ ਪਿਤਾ ਦੀ ਸੇਵਾ ਵਿਚ ਰਹਿੰਦੀ ਹੈ।

ਉਸ ਨੇ ਦੱਸਿਆ ਕਿ ਮਈ 2011 ਵਿਚ ਡੇਰਾ ਮੁਖੀ ਉਨ੍ਹਾਂ ਨੂੰ ਨਾਲ ਲੈ ਕੇ ਕੋਡਾਈ ਕਨਾਲ ਵਿਖੇ ਘੁੰਮਣ ਗਿਆ ਤਾਂ ਉਥੇ ਉਹ 5 ਸਿਤਾਰਾ ਹੋਟਲ ਵਿਚ ਠਹਿਰੇ। ਉਥੇ ਵੀ ਡੇਰਾ ਮੁਖੀ ਨੇ ਉਸ ਦੀ ਪਤਨੀ ਨੂੰ ਆਪਣੇ ਕਮਰੇ ਵਿਚ ਹੀ ਰੱਖਿਆ ਜਿਸ 'ਤੇ ਉਸ ਨੂੰ ਬਾਪ-ਬੇਟੀ ਦੇ ਰਿਸ਼ਤੇ 'ਤੇ ਸ਼ੱਕ ਹੋ ਗਿਆ। ਵਾਪਸ ਡੇਰੇ ਆਉਣ 'ਤੇ ਇਕ ਰਾਤ ਉਹ ਜਦੋਂ ਸਿੱਧਾ ਹੀ ਡੇਰਾ ਮੁਖੀ ਦੀ ਗੁਫ਼ਾ ਵਿਚ ਗਿਆ ਤਾਂ ਉਸ ਨੇ ਡੇਰਾ ਮੁਖੀ ਨੂੰ ਪ੍ਰਿਅੰਕਾ ਨਾਲ ਹਮਬਿਸਤਰ ਹੁੰਦਿਆਂ ਦੇਖ ਲਿਆ। ਇਸ 'ਤੇ ਡੇਰਾ ਮੁਖੀ ਨੇ ਉਸ ਨੂੰ ਕਮਰੇ ਅੰਦਰ ਬਿਠਾ ਕੇ ਬੁਰੀ ਤਰ੍ਹਾਂ ਡਰਾਇਆ-ਧਮਕਾਇਆ। ਉਸ ਨੇ ਸਾਰੀ ਘਟਨਾ ਆਪਣੇ ਪਿਤਾ ਨੂੰ ਦੱਸੀ। ਇਸ ਪਿੱਛੋਂ ਉਨ੍ਹਾਂ ਜੁਲਾਈ 2011 ਵਿਚ ਡੇਰਾ ਛੱਡ ਦਿੱਤਾ ਅਤੇ ਪੰਚਕੂਲਾ ਆ ਕੇ ਰਹਿਣ ਲੱਗ ਪਏ, ਉਸ ਦੀ ਪਤਨੀ ਪ੍ਰਿਅੰਕਾ ਉਨ੍ਹਾਂ ਨਾਲ ਨਹੀਂ ਆਈ।



*ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵਿਸ਼ਵਾਸ ਗੁਪਤਾ ਅਤੇ ਉਸ ਦਾ ਪਿਤਾ ਐਮ.ਪੀ. ਗੁਪਤਾ*

ਵਿਸ਼ਵਾਸ ਗੁਪਤਾ ਨੇ ਦੱਸਿਆ ਕਿ ਡੇਰਾ ਮੁਖੀ ਨੇ ਡੇਰੇ ਦੇ ਮੈਨੇਜਰ ਰਾਕੇਸ਼ ਕੁਮਾਰ ਅਤੇ ਪ੍ਰਦੀਪ ਕੁਮਾਰ ਨਾਂ ਦੇ ਇਕ ਹੋਰ ਸ਼ਰਧਾਲੂ ਨੂੰ ਉਨ੍ਹਾਂ ਦੇ ਪਿੱਛੇ ਲਾ ਦਿੱਤਾ। ਵਾਰ-ਵਾਰ ਪਿੱਛਾ ਕਰ ਰਹੇ ਪ੍ਰਦੀਪ ਕੁਮਾਰ ਅਤੇ ਉਸ ਦੇ ਸਾਥੀਆਂ ਤੋਂ ਤੰਗ ਆ ਕੇ ਉਸ ਨੇ ਪ੍ਰਦੀਪ ਕੁਮਾਰ ਨੂੰ 12 ਅਗਸਤ 2011 ਨੂੰ ਪੰਚਕੂਲਾ ਵਿਖੇ ਜੱਫਾ ਮਾਰ ਕੇ ਕਾਬੂ ਕਰ ਲਿਆ ਅਤੇ ਥਾਣਾ ਸੈਕਟਰ 15 ਪੰਚਕੂਲਾ ਹਵਾਲੇ ਕਰ ਦਿੱਤਾ। ਇਸ ਮਗਰੋਂ ਉਨ੍ਹਾਂ ਨੇ ਐਸ.ਪੀ. (ਪੰਚਕੂਲਾ) ਮਨੀਸ਼ ਚੌਧਰੀ ਨਾਲ ਮੁਲਾਕਾਤ ਕੀਤੀ ਤਾਂ ਪ੍ਰਦੀਪ ਦੇ 7 ਹੋਰ ਸਾਥੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਏ। ਉਨ੍ਹਾਂ ਵੱਲੋਂ ਡੇਰਾ ਮੁਖੀ ਅਤੇ ਮੈਨੇਜਰ ਰਾਕੇਸ਼ ਕੁਮਾਰ ਦਾ ਨਾਂ ਵੀ ਸ਼ਿਕਾਇਤ ਵਿਚ ਲਿਖਾਇਆ ਸੀ ਪਰ ਉਨ੍ਹਾਂ ਖਿਲਾਫ਼ ਕਾਰਵਾਈ ਨਹੀਂ ਹੋਈ। ਇਸੇ ਦੌਰਾਨ ਪ੍ਰਦੀਪ ਕੁਮਾਰ ਕੋਲੋਂ ਪੁਲਿਸ ਨੂੰ ਡਾਇਰੀ ਵੀ ਬਰਾਮਦ ਹੋਈ ਹੈ ਜਿਸ ਵਿਚ ਉਨ੍ਹਾਂ ਨੂੰ ਖ਼ਤਮ ਕਰਨ ਦੀਆਂ ਯੋਜਨਾਵਾਂ ਦਾ ਖ਼ੁਲਾਸਾ ਕੀਤਾ ਗਿਆ ਹੈ।

### *ਡੇਰੇ ਦੇ ਯੂਥ ਆਗੂ ਦੇ ਕਹਿਣ 'ਤੇ ਕਰ ਰਿਹਾ ਸੀ ਗੁਪਤਾ ਦਾ ਪਿੱਛਾ: ਪ੍ਰਦੀਪ*

ਵਿਸ਼ਵਾਸ ਗੁਪਤਾ ਵੱਲੋਂ ਕਾਬੂ ਕਰਕੇ ਪੁਲਿਸ ਹਵਾਲੇ ਕੀਤੇ ਗਏ ਪ੍ਰਦੀਪ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਉਸ ਨੇ ਵਿਸ਼ਵਾਸ ਗੁਪਤਾ ਅਤੇ ਉਸ ਦੇ ਪਰਿਵਾਰ ਦਾ ਪਿੱਛਾ ਡੇਰੇ ਦੀ ਯੂਥ ਫੈਡਰੇਸ਼ਨ ਦੇ ਆਗੂ ਜੁਗਿੰਦਰ ਸਿੰਘ ਵਾਸੀ ਦੋਰਾਲਾ ਦੇ ਕਹਿਣ 'ਤੇ ਕਰਨਾ ਸ਼ੁਰੂ ਕੀਤਾ ਸੀ। ਪ੍ਰਦੀਪ ਅਨੁਸਾਰ ਜੁਗਿੰਦਰ ਸਿੰਘ ਨੇ ਉਸ ਨੂੰ ਕਿਹਾ ਸੀ ਕਿ ਉਹ ਡੇਰਾ ਛੱਡ ਕੇ ਜਾ ਚੁੱਕੇ ਗੁਪਤਾ ਪਰਿਵਾਰ ਦੀ ਇਕ ਇਕ ਸਰਗਰਮੀ ਅਤੇ ਆਉਣ ਜਾਣ ਦੇ ਸਮੇਂ ਬਾਰੇ ਉਸ ਨੂੰ ਪੂਰੀ ਸੂਚਨਾ ਲਿਆ ਕੇ ਦੇਵੇ।

## ਬਰਤਾਨੀਆ ਵਿਚ ਪਰਵਾਸੀ ਭਾਰਤੀ ਨੂੰ ਕੈਦ

**ਲੰਡਨ:** ਮਾਨਚੈਸਟਰ ਵਿਚ ਦੋ ਲੜਕੀਆਂ 'ਤੇ ਜਿਨਸੀ ਹਮਲੇ ਦੇ ਦੋਸ਼ ਵਿਚ ਭਾਰਤੀ ਨਾਗਰਿਕ ਨੂੰ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ ਜਦਕਿ ਜੱਜ ਨੇ ਉਸ ਨੂੰ ਔਰਤਾਂ ਦੀ ਇੱਜ਼ਤ ਕਰਨ ਦੀ ਨਸੀਹਤ ਵੀ ਦਿੱਤੀ ਹੈ। 31 ਸਾਲਾ ਗੁਰਪ੍ਰੀਤ ਸਿੰਘ 2007 ਤੋਂ ਵਰਕ ਵੀਜ਼ੇ 'ਤੇ ਬਰਤਾਨੀਆ 'ਚ ਰਹਿ ਰਿਹਾ ਹੈ ਤੇ ਜਨਵਰੀ 'ਚ ਉਸ ਨੂੰ ਆਪਣੀ ਪਤਨੀ ਨਾਲ ਮਾਰਕੁੱਟ ਕਰਨ ਦਾ ਦੋਸ਼ੀ ਵੀ ਠਹਿਰਾਇਆ ਗਿਆ ਸੀ।

ਜੱਜ ਜ਼ੇਹਨ ਮੈਕਸਵੈਲ ਨੇ ਗੁਰਪ੍ਰੀਤ ਸਿੰਘ 'ਤੇ ਔਰਤਾਂ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਤੋਂ ਗ੍ਰਸਤ ਹੋਣ ਦਾ ਦੋਸ਼ ਲਾਇਆ ਸੀ। ਉਸ ਨੇ ਦੋ ਲੜਕੀਆਂ ਨੂੰ ਆਪਣੇ ਮੋਬਾਈਲ ਫੋਨ 'ਤੇ ਅਸ਼ਲੀਲ ਫਿਲਮ ਦਿਖਾ ਕੇ ਦਿਨ ਦਿਹਾੜੇ ਉਨ੍ਹਾਂ 'ਤੇ ਜਿਨਸੀ ਹਮਲਾ ਕੀਤਾ ਸੀ। ਬਰਤਾਨੀਆ ਵਿਚ ਟਿਕੇ ਰਹਿਣ ਦੀ ਗੁਰਪ੍ਰੀਤ ਸਿੰਘ ਦੀ ਅਪੀਲ 'ਤੇ ਜੱਜ ਨੇ ਕਿਹਾ ਜੇ ਉਹ ਇਹ ਚਾਹੁੰਦਾ ਹੈ ਤਾਂ ਉਸ ਨੂੰ ਔਰਤਾਂ ਦਾ ਸਤਿਕਾਰ ਕਰਨ ਸਿੱਖਣਾ ਪਵੇਗਾ।

# ਬਾਦਲ ਸਰਕਾਰ ਘਪਲਿਆਂ ਦੀ ਘੁੰਮਣਘੇਰੀ 'ਚ

*(ਸਫਾ ਇਕ ਦੀ ਬਾਕੀ)*

ਰਿਪੋਰਟ ਤੇ ਸਰਕਾਰ ਦਾ ਜੁਆਬ ਸੁਣਵਾਈ ਤੋਂ ਇਕ ਹਫਤਾ ਅਗਾਊਂ ਦਾਖਲ ਕੀਤੇ ਜਾਣ ਲਈ ਕਿਹਾ ਹੈ।

ਬਾਦਲ ਸਰਕਾਰ ਨੂੰ ਅਗਲਾ ਝਟਕਾ ਉਦੋਂ ਲੱਗਾ ਜਦੋਂ ਪੰਜਾਬ ਦੇ ਲੋਕਪਾਲ ਨੇ ਆਟਾ ਦਾਲ ਯੋਜਨਾ ਦਾ ਰਿਕਾਰਡ ਤਲਬ ਕਰ ਲਿਆ। ਲੋਕਪਾਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਫੂਡ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਵੱਖੋ ਵੱਖਰੇ ਤੌਰ 'ਤੇ ਰਿਕਾਰਡ ਪੇਸ਼ ਕਰਨ ਲਈ ਕਿਹਾ ਹੈ। ਰਿਕਾਰਡ ਦੇਣ ਲਈ ਆਖ਼ਰੀ ਤਾਰੀਖ 3 ਨਵੰਬਰ ਤੈਅ ਕੀਤੀ ਗਈ ਹੈ।

ਲੋਕਪਾਲ ਵੱਲੋਂ ਮੁੱਖ ਮੰਤਰੀ ਸ. ਬਾਦਲ 'ਤੇ ਆਟਾ ਦਾਲ ਯੋਜਨਾ ਵਿਚ ਘਪਲੇ ਦੇ ਦੋਸ਼ਾਂ ਵਿਚ ਸ਼ਿਕਾਇਤਕਰਤਾ ਦੇ ਬਿਆਨ ਕਲਮਬੰਦ ਕਰ ਲਏ ਗਏ ਹਨ। ਇਨ੍ਹਾਂ ਦੋਸ਼ਾਂ 'ਤੇ ਬਹਿਸ ਹੋਣ ਤੋਂ ਬਾਅਦ ਹੀ ਲੋਕਪਾਲ ਵੱਲੋਂ ਪੰਜਾਬ ਸਰਕਾਰ ਨੂੰ ਰਿਕਾਰਡ ਪੇਸ਼ ਕਰਨ ਲਈ ਕਿਹਾ ਗਿਆ ਹੈ। ਲੋਕਪਾਲ ਕੋਲ 19 ਸਤੰਬਰ ਨੂੰ 'ਗਲੋਬਲ ਹਿਊਮਨ ਰਾਈਟਸ ਕੌਂਸਲ' ਨੇ ਪਟੀਸ਼ਨ ਦਾਇਰ ਕਰਕੇ ਮੁੱਖ ਮੰਤਰੀ 'ਤੇ ਯੋਜਨਾ ਵਿਚ ਘਪਲਾ ਕਰਨ ਦੇ ਦੋਸ਼ ਲਾਏ ਸਨ। ਇਸ ਤੋਂ ਬਾਅਦ ਲੋਕਪਾਲ ਵੱਲੋਂ ਦੋ ਵਾਰ ਕੇਸ ਦੀ ਸੁਣਵਾਈ ਕੀਤੀ ਗਈ।

ਕੌਂਸਲ ਦੇ ਚੇਅਰਮੈਨ ਅਰਵਿੰਦ ਠਾਕੁਰ ਨੇ ਲੋਕਪਾਲ ਅੱਗੇ ਦਾਇਰ ਪਟੀਸ਼ਨ ਵਿਚ ਆਟਾ ਦਾਲ ਸਕੀਮ ਵਿਚ ਹੋਈਆਂ ਕਥਿਤ ਧਾਂਦਲੀਆਂ ਦਾ ਖੁਲਾਸਾ ਕੀਤਾ ਸੀ। ਉਸ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਤੋਂ ਘੱਟ ਕੀਮਤ 'ਤੇ ਕਣਕ ਖਰੀਦ ਕੇ ਪੰਜਾਬ ਸਰਕਾਰ ਗਰੀਬ ਪਰਿਵਾਰਾਂ ਨੂੰ ਮਹਿੰਗੇ ਭਾਅ ਆਟਾ ਵੇਚ ਰਹੀ ਹੈ। ਉਨ੍ਹਾਂ ਇਸ ਢੰਗ ਰਾਹੀਂ ਸਰਕਾਰ 'ਤੇ ਸਾਢੇ ਤਿੰਨ ਸੌ ਕਰੋੜ ਰੁਪਏ ਹੜੱਪ ਕਰਨ ਦਾ ਦੋਸ਼ ਲਾਇਆ ਹੈ। ਸ਼ਿਕਾਇਤ ਅਨੁਸਾਰ ਸਰਕਾਰ ਇਸ ਆਟੇ ਨੂੰ ਪਨਗ੍ਰੇਨ ਰਾਹੀਂ ਵੇਚ ਰਹੀ ਹੈ। ਪੰਜਾਬ ਸਰਕਾਰ ਪਹਿਲਾਂ ਤਾਂ ਕੇਂਦਰ ਕੋਲੋਂ 610 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਖਰੀਦੀ ਕਣਕ ਪਨਗ੍ਰੇਨ ਨੂੰ 890 ਰੁਪਏ ਦੇ ਭਾਅ 'ਤੇ ਦਿੰਦੀ ਹੈ। ਉਸ 'ਤੇ 1.50 ਰੁਪਏ ਪ੍ਰਤੀ ਕਿਲੋ ਪਿਸਾਈ ਪਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਗਰੀਬ ਲੋਕਾਂ ਨੂੰ ਆਟਾ 10 ਰੁਪਏ 40 ਪੈਸੇ ਪ੍ਰਤੀ ਕਿਲੋ ਦੇ ਹਿਸਾਬ ਨਾਲ ਮਿਲ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਤਰ੍ਹਾਂ ਸੂਬਾ ਸਰਕਾਰ ਰਾਜ ਦੇ ਸਾਢੇ 32 ਲੱਖ ਲਾਭਪਾਤਰੀ ਪਰਿਵਾਰਾਂ ਨਾਲ ਧੋਖਾ ਕਰ ਰਹੀ ਹੈ। ਸ਼ਿਕਾਇਤ ਵਿਚ ਇਹ ਵੀ ਕਿਹਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਆਟਾ ਦਾਲ ਯੋਜਨਾ ਨੂੰ ਮੈਨੀਫੈਸਟੋ ਵਿਚ ਸ਼ਾਮਲ ਕੀਤਾ ਗਿਆ ਸੀ, ਇਸ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਥਿਤ ਘਪਲੇ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।

ਪਟੀਸ਼ਨ ਵਿਚ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਗਈ ਹੈ। ਕੌਂਸਲ ਨੇ ਪਟੀਸ਼ਨ ਵਿਚ ਆਟਾ ਦਾਲ ਸਕੀਮ ਦਾ ਹਾਲੇ ਤੱਕ ਆਡਿਟ ਨਾ ਹੋਣ ਦਾ ਵੀ ਦੋਸ਼ ਲਾਇਆ ਹੈ। ਕੌਂਸਲ ਨੇ 23 ਸਤੰਬਰ ਨੂੰ ਸੀ.ਬੀ.ਆਈ. ਕੋਲ ਆਟਾ ਦਾਲ ਯੋਜਨਾ ਵਿਰੁਧ ਵੱਖਰੀ ਪਟੀਸ਼ਨ ਦਾਇਰ ਕਰਕੇ ਜਾਂਚ ਦੀ ਮੰਗ ਕੀਤੀ ਸੀ। ਇਸ ਪਟੀਸ਼ਨ ਵਿਚ ਮੁੱਖ ਮੰਤਰੀ ਤੇ ਮੰਤਰੀ ਤੋਂ ਬਿਨਾਂ ਫੂਡ ਤੇ ਸਪਲਾਈ ਵਿਭਾਗ ਦੇ ਅੱਠ ਹੋਰ ਅਧਿਕਾਰੀਆਂ ਨੂੰ ਵੀ ਧਿਰ ਬਣਾਇਆ ਗਿਆ ਹੈ। ਸੀ.ਬੀ.ਆਈ. ਵੱਲੋਂ ਪਟੀਸ਼ਨਰ ਦੀ ਅਰਜ਼ੀ ਪ੍ਰਵਾਨ ਕਰਨ ਤੋਂ ਬਾਅਦ ਅਗਲੀ ਸੁਣਵਾਈ 8 ਨਵੰਬਰ 'ਤੇ ਪਾ ਦਿੱਤੀ ਗਈ ਹੈ। ਪਟੀਸ਼ਨਰ ਅਰਵਿੰਦ ਠਾਕੁਰ ਨੇ ਕਿਹਾ ਹੈ ਕਿ ਉਹ 28 ਸਤੰਬਰ ਨੂੰ ਸੀ.ਬੀ.ਆਈ. ਅੱਗੇ ਪਟੀਸ਼ਨ ਦਾਇਰ ਕਰ ਆਏ ਹਨ ਤੇ ਇਹ ਅਗਲੀ ਸੁਣਵਾਈ ਲਈ ਪ੍ਰਵਾਨ ਹੋ ਗਈ ਹੈ।

ਇਸ ਤੋਂ ਪਹਿਲਾਂ ਲੋਕਪਾਲ ਨੇ ਵੀ ਬੀਬੀ ਜਗੀਰ ਕੌਰ ਨੂੰ ਜ਼ਮੀਨ ਅਲਾਟ ਕਰਨ ਤੇ ਟਰਾਂਸਪੋਰਟ ਦੇ ਮਾਮਲੇ 'ਚ ਬਾਦਲ ਪਰਿਵਾਰ ਖ਼ਿਲਾਫ਼ ਜਾਂਚ ਦੇ ਹੁਕਮ ਦੇ ਦਿੱਤੇ ਹਨ। ਇਸ ਦੇ ਨਾਲ ਹੀ ਕੈਬਲ ਨੈਟਵਰਕ 'ਤੇ ਬਾਦਲ ਪਰਿਵਾਰ ਦੇ ਕਬਜ਼ੇ ਦੀਆਂ ਪਰਤਾਂ ਖੁੱਲ੍ਹਣ ਨਾਲ ਸਰਕਾਰ ਵੱਡੀ ਮੁਸੀਬਤ 'ਚ ਘਿਰ ਸਕਦੀ ਹੈ।

## *ਦੁੱਖ ਭੰਜਨੀ ਬੇਰੀ ਵਿਖੇ ਅਖੰਡ ਪਾਠਾਂ ਦੀ ਬੁਕਿੰਗ ਬੰਦ*

*(ਸਫਾ ਇਕ ਦੀ ਬਾਕੀ)*

ਬੁਕਿੰਗ ਰੋਕਣੀ ਪੈ ਗਈ ਹੈ ਕਿਉਂਕਿ ਇੰਨਾ ਲੰਮਾ ਰਿਕਾਰਡ ਰੱਖਣ ਵਿਚ ਵੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਆ ਰਹੀਆਂ ਹਨ। ਸ੍ਰੀ ਅਕਾਲ ਤਖਤ ਵਿਖੇ ਪਾਠ ਲਈ ਬੁਕਿੰਗ ਖੁੱਲ੍ਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਹਰ ਰੋਜ਼ ਵੱਡੀ ਗਿਣਤੀ ਵਿਚ ਪਾਠ ਚੱਲਦੇ ਹਨ, ਪਰ ਉਥੇ ਵੀ 2015 ਤੱਕ ਦੀ ਬੁਕਿੰਗ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹਰ ਪਾਠ ਲਈ 4100 ਰੁਪਏ ਭੇਟਾ ਲਈ ਜਾਂਦੀ ਹੈ। ਬੁਕਿੰਗ ਵਿਚ ਪਾਰਦਰਸ਼ਤਾ ਲਈ ਹੁਣ ਕੰਪਿਊਟਰ ਰਾਹੀਂ ਬੁਕਿੰਗ ਕਰਨ ਦੀ ਤਜਵੀਜ਼ ਵੀ ਹੈ।


ਮਿਲੀ ਜਾਣਕਾਰੀ ਅਨੁਸਾਰ ਪਾਠ ਦੀ ਵੇਟਿੰਗ ਲਿਸਟ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਇਲਾਵਾ ਉਘਾ ਪਰਵਾਸੀ ਭਾਰਤੀ ਸੰਤ ਸਿੰਘ ਛਤਵਾਲ ਅਤੇ ਅਦਾਕਾਰ ਅਕਸ਼ੈ ਕੁਮਾਰ ਵੀ ਸ਼ਾਮਲ ਹਨ। ਪਾਠ ਲਈ ਅਦਾਕਾਰ ਅਮਿਤਾਭ ਬੱਚਨ ਦੀ ਵਾਰੀ ਵੀ ਬਹੁਤ ਦੇਰ ਬਾਅਦ ਆਈ ਸੀ। ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵੀ ਲਾਈਨ ਵਿਚ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਮੋਦੀ ਨੂੰ ਵੰਗਾਰਨ ਵਾਲੇ ਪੁਲਿਸ ਅਫਸਰ ਨੂੰ ਕਾਨੂੰਨੀ ਕੁੜਿੱਕੀ 'ਚ ਫਸਾਇਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵੰਗਾਰਨ ਵਾਲੇ ਆਈ.ਪੀ.ਐੱਸ. ਅਧਿਕਾਰੀ ਸੰਜੀਵ ਭੱਟ ਨੂੰ ਸਰਕਾਰ ਨੇ ਬੁਰੀ ਤਰ੍ਹਾਂ ਕਾਨੂੰਨੀ ਕੁੜਿੱਕੀ 'ਚ ਫਸਾ ਲਿਆ ਹੈ। ਸ੍ਰੀ ਭੱਟ ਨੇ ਮੁੱਖ ਮੰਤਰੀ ਮੋਦੀ 'ਤੇ 2002 ਦੇ ਮੁਸਲਿਮ ਵਿਰੋਧੀ ਦੰਗੇ ਭੜਕਾਉਣ ਦਾ ਦੋਸ਼ ਲਾਇਆ ਸੀ ਅਤੇ ਉਦੋਂ ਤੋਂ ਹੀ ਉਹ ਮੋਦੀ ਸਰਕਾਰ ਦੇ ਨਿਸ਼ਾਨੇ 'ਤੇ ਹੈ। ਸ੍ਰੀ ਭੱਟ ਨੂੰ ਬੇਸ਼ੱਕ ਕਾਨੂੰਨੀ ਮਾਮਲੇ 'ਚ ਉਲਝਾਇਆ ਜਾ ਰਿਹਾ ਹੈ ਪਰ ਉਹ ਆਪਣੀ ਗੱਲ 'ਤੇ ਡਟਿਆ ਹੋਇਆ ਹੈ। ਉਸ ਨੇ ਸਰਕਾਰ ਨਾਲ ਕੋਈ ਵੀ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਦੌਰਾਨ ਕੇਂਦਰ ਸਰਕਾਰ ਵੀ ਸ੍ਰੀ ਭੱਟ ਦੇ ਪਿੱਠ 'ਤੇ ਆ ਗਈ ਹੈ ਅਤੇ ਇਹ ਮਾਮਲਾ ਕਾਂਗਰਸ ਤੇ ਭਾਜਪਾ ਵਿਚਾਲੇ ਖਿੱਚੋਤਾਣ ਪੈਦਾ ਕਰ ਸਕਦਾ ਹੈ।


ਸੰਜੀਵ ਭੱਟ

ਜ਼ਿਕਰਯੋਗ ਹੈ ਕਿ ਸ੍ਰੀ ਭੱਟ ਨੂੰ ਪਿਛਲੇ ਸ਼ੁੱਕਰਵਾਰ ਇਕ ਸਿਪਾਹੀ ਦੀ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਸਿਪਾਹੀ ਕੇ.ਪੀ. ਪੰਤ ਨੇ ਦਾਅਵਾ ਕੀਤਾ ਸੀ ਕਿ ਸ੍ਰੀ ਭੱਟ ਨੇ ਉਸ ਨੂੰ ਧਮਕਾਇਆ ਸੀ ਅਤੇ ਝੂਠੇ ਹਲਫ਼ਨਾਮੇ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਜੋ 27 ਫਰਵਰੀ, 2002 ਨੂੰ ਸ੍ਰੀ ਮੋਦੀ ਵੱਲੋਂ ਦੰਗਿਆਂ ਤੋਂ ਕੁਝ ਘੰਟੇ ਪਹਿਲਾਂ ਸੱਦੀ ਮੀਟਿੰਗ ਨਾਲ ਸਬੰਧਤ ਸੀ। ਸ੍ਰੀ ਭੱਟ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਕੁਝ ਸਿਆਸੀ ਆਗੂਆਂ ਤੇ ਸੀਨੀਅਰ ਪੁਲਿਸ ਅਫਸਰਾਂ ਦੇ ਇਸ਼ਾਰੇ 'ਤੇ ਝੂਠੇ ਕੇਸ ਵਿਚ ਫਸਾਇਆ ਗਿਆ ਹੈ।

ਉਧਰ, ਕੇਂਦਰ ਸਰਕਾਰ ਨੇ ਨਰਿੰਦਰ ਮੋਦੀ ਸਰਕਾਰ ਨੂੰ ਸ੍ਰੀ ਭੱਟ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਦੇਸ਼ ਦਿੱਤੇ ਹਨ। ਸ੍ਰੀ ਭੱਟ ਦੀ ਪਤਨੀ ਸ਼ਵੇਤਾ ਵੱਲੋਂ ਕੇਂਦਰ ਨੂੰ ਚਿੱਠੀ ਭੇਜ ਕੇ ਉਸ ਦੇ ਪਤੀ ਦੀ ਜਾਨ ਨੂੰ ਸੂਬਾਈ ਪ੍ਰਸ਼ਾਸਨ ਤੋਂ ਖਤਰੇ ਦਾ ਤੌਖਲਾ ਪ੍ਰਗਟ ਕੀਤਾ ਗਿਆ ਸੀ। ਸ੍ਰੀਮਤੀ ਭੱਟ ਦੀ ਸ਼ਿਕਾਇਤ ਮਿਲਣ 'ਤੇ ਗ੍ਰਹਿ ਸਕੱਤਰ ਆਰ.ਕੇ. ਸਿੰਘ ਨੇ ਉਚ-ਪੱਧਰੀ ਮੀਟਿੰਗ ਬੁਲਾ ਕੇ ਹਾਲਤ ਦਾ ਜਾਇਜ਼ਾ ਲਿਆ। ਕੇਂਦਰ ਸਰਕਾਰ ਨੇ ਸ੍ਰੀ ਭੱਟ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਖਤਰੇ ਦਾ ਆਜ਼ਾਦਾਨਾ ਤੌਰ 'ਤੇ ਅਨੁਮਾਨ ਲਾਉਣ ਦਾ ਫੈਸਲਾ ਕੀਤਾ ਹੈ।

ਸ੍ਰੀਮਤੀ ਸ਼ਵੇਤਾ ਭੱਟ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਚਿੱਠੀ ਭੇਜ ਕੇ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਉਸ ਦੇ ਪਤੀ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ ਜਾਵੇ।

ਇਸ ਦੇ ਨਾਲ ਹੀ ਸ੍ਰੀ ਭੱਟ ਦੇ ਹੌਸਲੇ ਬੁਲੰਦ ਹਨ। ਅਦਾਲਤ ਨੇ ਸ੍ਰੀ ਭੱਟ ਨੂੰ ਇਹ ਪੇਸ਼ਕਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਜੇ ਉਹ ਤਿੰਨ ਘੰਟੇ ਦੇ ਰਿਮਾਂਡ 'ਤੇ ਚਲਿਆ ਜਾਵੇ ਤਾਂ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ ਜਾਵੇਗੀ। ਇਸ 'ਤੇ ਉਸ ਨੇ ਸਾਫ ਆਖਿਆ ਕਿ ਉਹ ਸਰਕਾਰ ਦੇ ਟਾਊਟਾਂ ਨਾਲ ਕੋਈ ਸਮਝੌਤਾ ਨਹੀਂ ਕਰੇਗਾ। ਸਰਕਾਰ ਜੋ ਵੀ ਜ਼ੁਲਮ ਕਰਨਾ ਚਾਹੁੰਦੀ ਹੈ, ਕਰੇ; ਮੈਂ ਇਸ ਦੀ ਪ੍ਰਵਾਹ ਨਹੀਂ ਕਰਾਂਗਾ। ਮੈਂ ਇਸ ਨੂੰ ਬਰਦਾਸ਼ਤ ਕਰਾਂਗਾ। ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਭੱਟ ਦਾ ਰਿਮਾਂਡ ਇਹ ਪਤਾ ਲਾਉਣ ਲਈ ਜ਼ਰੂਰੀ ਹੈ ਕਿ ਇਸ ਸਾਜ਼ਿਸ਼ ਵਿਚ ਹੋਰ ਕੌਣ-ਕੌਣ ਸ਼ਾਮਲ ਸੀ ਤੇ ਭੱਟ ਦੇ ਕਿੰਨੇ ਬੈਂਕ ਲਾਕਰ ਹਨ ਤੇ ਉਨ੍ਹਾਂ 'ਚ ਕੀ ਕੁਝ ਪਿਆ ਹੈ।

## ਭਾਰਤੀ ਮੂਲ ਦੇ ਡਾਕਟਰ 'ਤੇ ਟੈਕਸ ਚੋਰੀ ਦੇ ਦੋਸ਼

**ਵਾਸ਼ਿੰਗਟਨ:** ਫੈਡਰਲ ਅਧਿਕਾਰੀਆਂ ਨੇ ਭਾਰਤੀ-ਅਮਰੀਕੀ ਨਿਊਰੋ ਸਰਜਨ ਅਰਵਿੰਦ ਅਹੂਜਾ 'ਤੇ ਐਚ. ਐਸ. ਬੀ. ਸੀ. ਬੈਂਕ ਦੀ ਭਾਰਤੀ ਸ਼ਾਖਾ ਰਾਹੀਂ ਟੈਕਸ ਚੋਰੀ ਕਰਨ ਤੇ ਆਈ ਆਰ ਐਸ ਦੇ ਅੱਖੀਂ ਧੂੜ ਝੋਕਣ ਦੇ ਦੋਸ਼ ਲਾਏ ਹਨ।

ਵਿਸਕਾਨਸਿਨ ਵਾਸੀ ਅਹੂਜਾ 'ਤੇ ਪਹਿਲਾਂ ਜੂਨ 2011 ਵਿਚ ਚਾਰ ਜਾਅਲੀ ਟੈਕਸ ਰਿਟਰਨਾਂ ਭਰਨ ਤੇ ਫਾਰੇਨ ਬੈਂਕ ਐਂਡ ਫਾਇਨਾਂਸ਼ੀਅਲ ਅਕਾਊਂਟਸ (ਐਫ.ਬੀ.ਏ.ਆਰਜ਼) ਨੂੰ ਰਿਪੋਰਟ ਨਾ ਕਰਨ ਦੇ ਦੋਸ਼ ਆਇਦ ਕੀਤੇ ਗਏ ਸਨ। ਇਹ ਕਾਨੂੰਨੀ ਕਾਰਵਾਈ ਮਿਲਵਾਕੀ ਵਿਚ ਕੀਤੀ ਗਈ ਸੀ ਪਰ ਅਜੇ ਤੱਕ ਮੁਕੱਦਮੇ ਦੀ ਤਾਰੀਖ ਤੈਅ ਨਹੀਂ ਕੀਤੀ ਗਈ। ਅਮਰੀਕਾ ਵੱਲੋਂ ਸਵਿਸ ਬੈਂਕਾਂ ਤੇ ਇਸੇ ਤਰ੍ਹਾਂ ਦੀਆਂ ਹੋਰ ਵਿਦੇਸ਼ੀ ਬੈਂਕਾਂ ਵਿਚ ਅਮਰੀਕੀ ਨਾਗਰਿਕ ਵੱਲੋਂ ਟੈਕਸਾਂ ਤੋਂ ਬਚਣ ਲਈ ਖੋਲ੍ਹੇ ਖਾਤਿਆਂ ਦੀ ਪੁਣਛਾਣ ਸ਼ੁਰੂ ਕੀਤੀ ਹੋਈ ਹੈ।





Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਪੀ.ਟੀ.ਸੀ. ਚੈਨਲ ਦਾ ਅਸਲ ਮਾਲਕ ਬਾਦਲ ਪਰਿਵਾਰ !

## ਚਾਰ ਵਰ੍ਹਿਆਂ 'ਚ ਇਸ਼ਤਿਹਾਰਾਂ ਦੇ ਗੱਫੇ, ਗੁਰੂ ਦੀ ਗੋਲਕ ਨੂੰ ਵੀ ਵੱਡਾ ਰਗੜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਮੇਸ਼ਾ ਸਰਕਾਰ ਪੱਖੀ ਭੁਗਤਣ ਵਾਲੇ ਪੰਜਾਬੀ ਚੈਨਲ ਪੀ.ਟੀ.ਸੀ. ਦਾ ਅਸਲ ਮਾਲਕ ਬਾਦਲ ਪਰਿਵਾਰ ਹੀ ਹੈ। ਭਾਵੇਂ ਇਹ ਦੋਸ਼ ਪਿਛਲੇ ਚਾਰ ਸਾਲ ਲਗਾਤਾਰ ਲੱਗਦੇ ਰਹੇ ਹਨ ਪਰ ਇਸ ਵਾਰ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਇਸ ਬਾਰੇ ਪੁਖਤਾ ਸਬੂਤ ਪੇਸ਼ ਕਰਦਿਆਂ ਇਸ ਵੱਡੇ ਘਪਲੇ ਨੂੰ ਬੇਨਕਾਬ ਕੀਤਾ ਹੈ। ਪੰਜਾਬ ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ ਵਿਰੁੱਧ ਸ਼ੁਰੂ ਕੀਤੇ 'ਪੋਲ ਖੋਲ੍ਹ' ਪ੍ਰੋਗਰਾਮ ਤਹਿਤ 'ਬਾਦਲ ਟੀ.ਵੀ. ਘੁਟਾਲੇ' ਦਾ ਖੁਲਾਸਾ ਕੀਤਾ ਹੈ। ਇਸ ਤਹਿਤ ਦਾਅਵਾ ਕੀਤਾ ਗਿਆ ਹੈ ਕਿ ਪੀ.ਟੀ.ਸੀ. ਚੈਨਲ ਅਸਲ ਵਿਚ ਬਾਦਲ ਪਰਿਵਾਰ ਦਾ ਹੀ ਹੈ। ਭਾਵੇਂ ਕਾਗਜ਼ਾਂ ਵਿਚ ਇਸ ਚੈਨਲ ਨੂੰ ਜ਼ੀ-ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ ਚਲਾ ਰਿਹਾ ਹੈ ਪਰ ਅਸਲ ਵਿਚ ਇਸ ਦੇ ਮਾਲਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਢੇ ਚਾਰ ਸਾਲ ਤੋਂ ਪੰਜਾਬ ਵਿਚ ਚਰਚਾ ਹੈ ਕਿ ਪੀ.ਟੀ.ਸੀ. ਚੈਨਲ ਸਿਰਫ ਅਕਾਲੀ-ਭਾਜਪਾ ਸਰਕਾਰ ਦਾ ਬੁਲਾਰਾ ਹੀ ਬਣਿਆ ਰਿਹਾ ਹੈ। ਪਹਿਲਾਂ ਇਕ ਹੋਰ ਪ੍ਰਾਈਵੇਟ ਚੈਨਲ ਨੇ ਵੀ ਦੋਸ਼ ਲਾਏ ਸਨ ਕਿ ਸਰਕਾਰ ਦਾ ਕੇਬਲ ਨੈੱਟਵਰਕ ਉਪਰ ਗ਼ਲਬਾ ਹੋਣ ਕਾਰਨ ਹੋਰ ਚੈਨਲਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ।





ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਬਾਦਲ ਟੀ.ਵੀ. ਘੁਟਾਲੇ ਬਾਰੇ ਦਸਤਾਵੇਜ਼ ਮੁਹੱਈਆ ਕਰਦਿਆਂ ਦੋਸ਼ ਲਾਇਆ ਕਿ ਪੀ.ਟੀ.ਸੀ. ਚੈਨਲ ਰਾਹੀਂ ਜਿਥੇ ਰਾਜ ਦੇ ਲੋਕਾਂ ਉਪਰ ਇਕਪਾਸੜ ਸਿਆਸਤ ਥੋਪੀ ਜਾ ਰਹੀ ਹੈ, ਉਥੇ ਇਸ ਚੈਨਲ ਉਪਰ ਰੱਜ ਕੇ ਸਰਕਾਰੀ ਖ਼ਜ਼ਾਨਾ ਵੀ ਰੋੜ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੀ.ਟੀ.ਸੀ. ਚੈਨਲ ਸਮੇਤ ਖ਼ਬਰਾਂ ਦੇ ਚੈਨਲ ਤੇ ਫ਼ਾਸਟਵੇਅ ਆਦਿ ਪੰਜਾਬੀ ਦੇ ਸਾਰੇ ਚੈਨਲ ਬਾਦਲ ਪਰਿਵਾਰ ਨਾਲ ਸਬੰਧਤ ਹਨ ਤੇ ਇਨ੍ਹਾਂ ਚੈਨਲਾਂ ਨੂੰ ਹਰ ਪੱਖੋਂ ਕਾਮਯਾਬ ਕਰਨ ਲਈ ਜਿਥੇ ਪੰਜਾਬ ਸਰਕਾਰ ਦੇ ਖ਼ਜ਼ਾਨੇ 'ਚੋਂ ਮੋਟੇ ਇਸ਼ਤਿਹਾਰ ਦਿੱਤੇ ਗਏ, ਉਥੇ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਗੁਰਬਾਣੀ ਦਾ ਰਿਲੇਅ ਕਰਨ ਦੇ ਸਾਰੇ ਅਧਿਕਾਰ ਵੀ ਪੀ.ਟੀ.ਸੀ. ਚੈਨਲ ਨੂੰ ਦਿੱਤੇ ਗਏ ਹਨ। ਸਰਕਾਰ ਤੇ ਸ਼੍ਰੋਮਣੀ ਕਮੇਟੀ ਉਪਰ ਵੀ ਅਕਾਲੀ ਦਲ ਬਾਦਲ ਦਾ ਕਬਜ਼ਾ ਹੈ। ਇਸੇ ਲਈ ਇਨ੍ਹਾਂ ਚੈਨਲਾਂ ਨੂੰ ਨਾ ਸਿਰਫ਼ ਮੋਟੇ ਇਸ਼ਤਿਹਾਰ ਹੀ ਦਿੱਤੇ ਗਏ ਬਲਕਿ ਦਰਬਾਰ ਸਾਹਿਬ ਤੋਂ ਗੁਰਬਾਣੀ ਟੀ.ਵੀ. 'ਤੇ ਵਿਖਾਉਣ ਦੇ ਅਧਿਕਾਰ ਵੀ ਇਸੇ ਚੈਨਲ ਨੂੰ ਦਿੱਤੇ ਗਏ ਹਨ।

ਮੁਹੱਈਆ ਕੀਤੇ ਦਸਤਾਵੇਜ਼ਾਂ ਰਾਹੀਂ ਦੱਸਿਆ ਗਿਆ ਹੈ ਕਿ ਇਸ ਵੇਲੇ ਪੀ.ਟੀ.ਸੀ. (ਜ਼ੀ-ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ) ਦੇ ਸ਼ੇਅਰ ਹੋਲਡਰਾਂ ਵਿਚੋਂ ਗੁਰ-ਬਾਜ਼ ਮੀਡੀਆ ਪ੍ਰਾਈਵੇਟ ਲਿਮਟਿਡ ਦੇ 10 ਰੁਪਏ ਦੀ ਕੀਮਤ ਵਾਲੇ 74,99,000 ਸ਼ੇਅਰ ਹਨ ਜੋ ਕੁੱਲ ਗਿਣਤੀ ਦਾ 99.99 ਫੀਸਦ ਹਨ। ਜਦਕਿ ਰਾਬਿੰਦਰ ਨਰਾਇਣ ਤੇ ਰਾਜੀ ਐਮ.ਸ਼ਿੰਦੇ ਦੇ ਸਿਰਫ 500-500 ਸ਼ੇਅਰ ਹੀ ਹਨ। ਦਸਤਾਵੇਜ਼ ਰਾਹੀਂ ਦੱਸਿਆ ਗਿਆ ਹੈ ਕਿ ਗੁਰ-ਬਾਜ਼ ਮੀਡੀਆ ਪ੍ਰਾਈਵੇਟ ਲਿਮਟਿਡ ਦੇ ਸ਼ੇਅਰ ਹੋਲਡਰਾਂ ਵਿਚ ਦਸ ਰੁਪਏ ਦੀ ਕੀਮਤ ਵਾਲੇ 75,9000 ਸ਼ੇਅਰ ਔਰਬਿਟ ਰਿਜ਼ੌਰਟਸ ਦੇ ਹਨ ਜਿਸ ਦਾ ਮਾਲਕ ਬਾਦਲ ਪਰਿਵਾਰ ਦਾ ਹੈ। ਜਦਕਿ ਰਾਬਿੰਦਰ ਨਰਾਇਣ ਤੇ ਰਾਜੀ ਐਮ. ਸ਼ਿੰਦੇ ਦੇ ਮਹਿਜ਼ 500-500 ਸ਼ੇਅਰ ਹੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਇਹ ਪ੍ਰਭਾਵ ਸੀ ਕਿ ਬਾਦਲ ਪਰਿਵਾਰ ਪੀ.ਟੀ.ਸੀ. ਦਾ ਬੇਨਾਮੀ ਮਾਲਕ ਹੈ ਜਦਕਿ ਇਨ੍ਹਾਂ ਦਸਤਾਵੇਜ਼ਾਂ ਤੋਂ ਸਾਫ ਹੋ ਗਿਆ ਹੈ ਕਿ ਇਹ ਚੈਨਲ ਬਾਦਲ ਪਰਿਵਾਰ ਦਾ ਹੀ ਹੈ ਤੇ ਇਸੇ ਲਈ ਇਸ ਚੈਨਲ ਨੂੰ ਆਪਣੇ ਸਿਆਸੀ ਪ੍ਰਚਾਰ ਲਈ ਹਥਿਆਰ ਵਜੋਂ ਵਰਤ ਰਹੇ ਸਨ। ਕੈਪਟਨ ਨੇ ਅੰਕੜੇ ਪੇਸ਼ ਕਰਦਿਆਂ ਪੰਜਾਬ ਸਰਕਾਰ ਉਪਰ ਇਸ਼ਤਿਹਾਰ ਘੁਟਾਲਾ ਕਰਨ ਦਾ ਦੋਸ਼ ਵੀ ਲਾਇਆ। ਆਰ.ਟੀ.ਆਈ. ਤਹਿਤ ਹਾਸਲ ਅੰਕੜਿਆਂ ਅਨੁਸਾਰ ਪੰਜਾਬ ਸਰਕਾਰ ਨੇ ਫਰਵਰੀ 2009 ਤੋਂ ਜੂਨ 2011 ਤੱਕ ਵੱਖ-ਵੱਖ ਮੀਡੀਆ ਹਾਊਸਾਂ ਨੂੰ ਟੀ.ਵੀ. ਸਟੇਸ਼ਨਾਂ ਸਮੇਤ ਕੁੱਲ 26.5 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਸਨ। ਜਿਨ੍ਹਾਂ ਵਿਚੋਂ ਪੀ.ਟੀ.ਸੀ. ਚੈਨਲ ਨੂੰ 66 ਲੱਖ ਰੁਪਏ ਤੇ ਫਾਸਟਵੇਅ ਕੇਬਲ ਨੂੰ 63 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਹਨ। ਇਹ ਇਸ਼ਤਿਹਾਰ ਸਮੇਂ-ਸਮੇਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਰਹੇ ਬਿਕਰਮਜੀਤ ਸਿੰਘ ਮਜੀਠੀਆ, ਸੁਖਬੀਰ ਸਿੰਘ ਬਾਦਲ, ਪ੍ਰਕਾਸ਼ ਸਿੰਘ ਬਾਦਲ ਤੇ ਸੇਵਾ ਸਿੰਘ ਸੇਖਵਾਂ ਵੱਲੋਂ ਰਿਲੀਜ਼ ਕੀਤੇ ਗਏ।

ਉਨ੍ਹਾਂ ਕਿਹਾ ਕਿ ਰਾਜ ਦੇ ਖੇਡ ਵਿਭਾਗ ਨੂੰ ਪੀ.ਟੀ.ਸੀ. ਚੈਨਲ ਨੂੰ ਮਾਲੋ-ਮਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਜਾਪਦੀ ਹੈ ਕਿਉਂਕਿ ਹਰੇਕ ਅਹਿਮ ਕਮਰਸ਼ੀਅਲ ਟੈਲੀਕਾਸਟ ਦੇ ਅਧਿਕਾਰ ਵਾਰ-ਵਾਰ ਪੀ.ਟੀ.ਸੀ. ਚੈਨਲ ਨੂੰ ਹੀ ਦਿੱਤੇ ਗਏ ਹਨ। ਅਪਰੈਲ 2010 ਦੌਰਾਨ ਕਬੱਡੀ ਵਰਲਡ ਕੱਪ ਤੇ ਫਰਵਰੀ-ਮਾਰਚ 2011 ਦੌਰਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ ਹੇਠ ਪੰਜਾਬ ਵਿਚ ਕਰਵਾਈਆਂ ਗਈਆਂ ਖੇਡਾਂ ਦੇ ਅਧਿਕਾਰ ਵੀ ਇਸੇ ਚੈਨਲ ਨੂੰ ਦਿੱਤੇ ਗਏ ਸਨ। ਹੁਣ ਨਵੰਬਰ ਵਿਚ ਕਰਵਾਏ ਜਾ ਰਹੇ ਦੂਸਰੇ ਕਬੱਡੀ ਵਰਲਡ ਕੱਪ ਦੇ ਅਧਿਕਾਰ ਵੀ ਇਸੇ ਚੈਨਲ ਨੂੰ ਦਿੱਤੇ ਜਾ ਰਹੇ ਹਨ।

ਕੈਪਟਨ ਨੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਟੈਲੀਕਾਸਟ ਕਰਨ ਦੇ ਪੀ.ਟੀ.ਸੀ. ਚੈਨਲ ਨੂੰ ਦਿੱਤੇ ਅਧਿਕਾਰਾਂ ਬਾਬਤ ਅੰਕੜੇ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਪਿਛਲੇ 11 ਸਾਲਾਂ ਤੋਂ ਇਹ ਸਭ ਕੁਝ ਕਾਇਦੇ-ਕਾਨੂੰਨਾਂ ਤੋਂ ਉਲਟ ਹੋ ਰਿਹਾ ਹੈ ਤੇ ਇਹ ਸਿੱਧੇ ਤੌਰ 'ਤੇ ਇਹ ਗੁਰੂ ਘਰ ਦੀ ਗੋਲਕ ਦੀ ਲੁੱਟ ਹੈ। ਉਨ੍ਹਾਂ ਕਿਹਾ ਕਿ ਜੇ ਇਸ ਬਾਬਤ ਗੁਰਦੁਆਰਾ ਕਮੇਟੀ ਖਾਮੋਸ਼ ਰਹੀ ਤਾਂ ਉਹ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕਾਨੂੰਨੀ ਚਾਰਾਜਾਈ ਕਰਨਗੇ।

ਪਿਛਲੇ ਸਮੇਂ ਦੌਰਾਨ ਚਰਚਾ ਰਹੀ ਹੈ ਕਿ ਪੰਜਾਬ 'ਚ ਵਿਰੋਧੀ ਧਿਰਾਂ ਦੀ ਆਵਾਜ਼ ਬੰਦ ਕਰਨ ਤੇ ਸਿਰਫ਼ ਅਕਾਲੀ ਦਲ (ਬ) ਦੇ ਗੁਣ ਗਾਉਣ ਲਈ ਪੰਜਾਬ 'ਚ ਪੰਜਾਬ ਦੇ ਸਾਰੇ ਚੈਨਲਾਂ ਦਾ ਗਲਾ ਘੁੱਟਿਆ ਗਿਆ ਤੇ ਸਿਰਫ਼ ਬਾਦਲ ਪਰਿਵਾਰ ਨਾਲ ਸਬੰਧਤ ਚੈਨਲਾਂ ਨੂੰ ਹੀ ਚੱਲਣ ਦੀ ਆਗਿਆ ਹੈ। ਬਾਦਲ ਪਰਵਾਰ ਨੇ ਗ਼ੈਰ-ਕਾਨੂੰਨੀ ਢੰਗ ਅਤੇ ਸਰਕਾਰ ਦੀਆਂ ਸ਼ਕਤੀਆਂ ਦਾ ਲਾਭ ਉਠਾ ਕੇ ਪੰਜਾਬ 'ਚ ਸਾਰੇ ਟੀ.ਵੀ. ਚੈਨਲ ਬੰਦ ਕਰਵਾ ਦਿੱਤੇ ਤੇ ਸਿਰਫ਼ ਬਾਦਲ ਪਰਵਾਰ ਦੇ ਟੀ.ਵੀ. ਚੈਨਲ ਤੇ ਕੇਬਲ ਨੈੱਟਵਰਕ ਚਲ ਰਿਹਾ ਹੈ।

### ਕਾਂਗਰਸ ਵੱਲੋਂ ਅਦਾਲਤ ਦਾ ਦਰ ਖੜਕਾਉਣ ਦੀ ਤਿਆਰੀ

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਘਪਲੇ ਦੇ ਮਾਲੇ ਨੂੰ ਜਿਥੇ ਵੱਖ-ਵੱਖ ਪੱਧਰ 'ਤੇ ਲਿਜਾਇਆ ਜਾਵੇਗਾ ਉਥੇ ਅਦਾਲਤ 'ਚ ਵੀ ਇਹ ਮਾਮਲਾ ਜਾਵੇਗਾ।ਪਰ ਸਭ ਤੋਂ ਪਹਿਲਾਂ ਇਹ ਮਾਮਲਾ ਜਨਤਾ ਦੀ ਅਦਾਲਤ 'ਚ ਲਿਜਾਵਾਂਗੇ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਜਿਥੇ ਭਾਰਤ ਦੇ ਚੋਣ ਕਮਿਸ਼ਨ ਨੂੰ ਲਿਖਣਗੇ, ਉਥੇ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅੰਬਿਕਾ ਸੋਨੀ ਨੂੰ ਵੀ ਸਾਰੇ ਮਾਮਲੇ ਤੋਂ ਜਾਣੂ ਕਰਵਾ ਕੇ ਕਾਰਵਾਈ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਉਪਰ ਕਿਸ ਤਰ੍ਹਾਂ ਇਸ ਪਰਿਵਾਰ ਦਾ ਕਬਜ਼ਾ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਜੋ ਵੀ ਇਸ ਸਰਕਾਰ ਦੇ ਗ਼ਲਤ ਕੰਮ ਹਨ, ਨੂੰ ਖ਼ਤਮ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਟੀ.ਵੀ. ਚੈਨਲਾਂ ਦੀ ਅਜ਼ਾਰੇਦਾਰੀ ਖ਼ਤਮ ਕਰਕੇ ਹਰ ਇਕ ਨੂੰ ਆਗਿਆ ਮਿਲੇਗੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਰਕਾਰ 'ਚ ਜ਼ਮੀਨਾਂ ਦੇ ਵੀ ਘਪਲੇ ਹੋਏ ਹਨ।

# ਦੋ ਦਰਜਨ ਵਿਧਾਇਕ ਵਿਧਾਨ ਸਭਾ 'ਚ 'ਖਾਮੋਸ਼' ਹੀ ਰਹੇ

## ■ ਸੱਤ ਵਿਧਾਇਕਾਂ ਨੇ ਇਕ ਵਾਰ ਵੀ ਮੂੰਹ ਨਾ ਖੋਲ੍ਹਿਆ

**ਚੰਡੀਗੜ੍ਹ:** ਪੰਜਾਬ ਦੇ ਸੱਤ ਅਜਿਹੇ ਵਿਧਾਇਕ ਹਨ ਜਿਨ੍ਹਾਂ ਨੇ ਵਿਧਾਨ ਸਭਾ ਵਿਚ ਸਾਢੇ ਚਾਰ ਸਾਲਾਂ ਦੌਰਾਨ ਕੋਈ ਪ੍ਰਸ਼ਨ ਨਹੀਂ ਪੁੱਛਿਆ। ਇਨ੍ਹਾਂ ਵਿਚ ਵਿਰੋਧੀ ਧਿਰ ਦੇ ਚਾਰ ਤੇ ਹਾਕਮ ਧਿਰ ਦੇ ਤਿੰਨ ਵਿਧਾਇਕ ਸ਼ਾਮਲ ਹਨ। ਇਸ ਤਰ੍ਹਾਂ ਦੇ ਸੱਤ ਹੋਰ ਵਿਧਾਇਕ ਵੀ ਹਨ ਜਿਨ੍ਹਾਂ ਨੇ ਵਿਧਾਨ ਸਭਾ ਵਿਚ ਸਵਾਲ ਪੁੱਛਣ ਤੋਂ ਸੰਕੋਚ ਹੀ ਕੀਤਾ ਹੈ।



ਸੂਚਨਾ ਅਧਿਕਾਰ ਕਾਨੂੰਨ ਰਾਹੀਂ ਮੌਜੂਦਾ ਵਿਧਾਇਕਾਂ ਦੀ ਲੰਘੇ ਸਾਢੇ ਚਾਰ ਵਰ੍ਹਿਆਂ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਕਾਰਗੁਜ਼ਾਰੀ ਬਾਰੇ ਹੋਏ ਖੁਲਾਸੇ ਅਨੁਸਾਰ 14 ਵਿਧਾਇਕਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ ਹੈ ਜਦਕਿ 14 ਹੋਰ ਵਿਧਾਇਕਾਂ ਦੀ ਭੂਮਿਕਾ ਅੱਵਲ ਦਰਜੇ ਦੀ ਰਹੀ ਹੈ। ਇਹ ਕਾਰਗੁਜ਼ਾਰੀ ਵਿਧਾਇਕਾਂ ਵੱਲੋਂ ਵਿਧਾਨ ਸਭਾ ਵਿਚ ਪੁੱਛੇ ਲਿਖਤੀ ਸਵਾਲਾਂ ਦੇ ਆਧਾਰ 'ਤੇ ਦੱਸੀ ਗਈ ਹੈ। ਮਾੜੀ ਕਾਰਗੁਜ਼ਾਰੀ ਵਾਲੇ 14 ਵਿਧਾਇਕਾਂ 'ਚੋਂ ਅੱਠ ਵਿਧਾਇਕ ਕਾਂਗਰਸ ਦੇ ਹਨ ਜਦਕਿ ਅੱਧੀ ਦਰਜਨ ਅਕਾਲੀ ਵਿਧਾਇਕ ਹਨ ਪਰ ਆਜ਼ਾਦ ਵਿਧਾਇਕਾਂ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਹੈ।

ਪੰਜਾਬ ਵਿਧਾਨ ਸਭਾ ਸਕੱਤਰੇਤ ਦੀ ਸੂਚਨਾ ਅਨੁਸਾਰ ਮਾਝੇ ਤੇ ਦੁਆਬੇ ਦੇ ਵਿਧਾਇਕ ਵਿਧਾਨ ਸਭਾ 'ਚ ਢਿੱਲੇ ਰਹੇ ਹਨ। ਕਾਂਗਰਸ ਦੇ ਅੰਮ੍ਰਿਤਸਰ ਪੱਛਮੀ ਤੋਂ ਵਿਧਾਇਕ ਓ.ਪੀ. ਸੋਨੀ ਨੇ ਲੰਘੇ ਸਾਢੇ ਚਾਰ ਵਰ੍ਹਿਆਂ 'ਚ ਵਿਧਾਨ ਸਭਾ ਵਿਚ ਇਕ ਵੀ ਸਵਾਲ ਨਹੀਂ ਪੁੱਛਿਆ। ਇਸੇ ਜ਼ਿਲ੍ਹੇ ਦੇ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ, ਲੁਧਿਆਣਾ ਜ਼ਿਲ੍ਹੇ ਦੇ ਹਲਕਾ ਪਾਇਲ ਤੋਂ ਵਿਧਾਇਕ ਤੇਜ ਪ੍ਰਕਾਸ਼ ਸਿੰਘ ਤੇ ਕਪੂਰਥਲਾ ਤੋਂ ਵਿਧਾਇਕ ਰਾਣਾ ਰਾਜਬੰਸ ਕੌਰ ਵੀ ਸਵਾਲਾਂ ਦਾ ਖਾਤਾ ਨਹੀਂ ਖੋਲ੍ਹ ਸਕੇ। ਹਾਕਮ ਧਿਰ ਦੇ ਗੁਰਦਾਸਪੁਰ ਤੋਂ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਨੇ ਵੀ ਕੋਈ ਪ੍ਰਸ਼ਨ ਨਹੀਂ ਪੁੱਛਿਆ।

ਤਰਨਤਾਰਨ ਤੋਂ ਅਕਾਲੀ ਵਿਧਾਇਕ ਹਰਮੀਤ ਸਿੰਘ ਸੰਧ, ਜਲੰਧਰ ਦੇ ਨੂਰਮਹਿਲ ਹਲਕੇ ਤੋਂ ਮਹਿਲਾ ਅਕਾਲੀ ਵਿਧਾਇਕ ਰਾਜਵਿੰਦਰ ਕੌਰ ਭੁੱਲਰ ਨੇ ਵੀ ਵਿਧਾਨ ਸਭਾ 'ਚ ਸਾਢੇ ਚਾਰ ਵਰ੍ਹੇ ਚੁੱਪ ਕਰਕੇ ਹੀ ਲੰਘਾਏ। ਰੂਪਨਗਰ ਦੇ ਮੋਰਿੰਡਾ ਹਲਕੇ ਤੋਂ ਅਕਾਲੀ ਵਿਧਾਇਕ ਉਜਾਗਰ ਸਿੰਘ ਬਡਾਲੀ ਵੀ ਪ੍ਰਸ਼ਨ ਪੁੱਛਣ ਵਿਚ ਪਿੱਛੇ ਹੀ ਰਹੇ।

ਇਸੇ ਤਰ੍ਹਾਂ ਦੇ ਸੱਤ ਹੋਰ ਵਿਧਾਇਕ ਹਨ ਜਿਨ੍ਹਾਂ ਨੇ ਵਿਧਾਨ ਸਭਾ ਵਿਚ ਇਕ, ਦੋ ਜਾਂ ਤਿੰਨ ਸਵਾਲ ਹੀ ਪੁੱਛੇ। ਬਨੂੜ ਹਲਕੇ ਤੋਂ ਅਕਾਲੀ ਵਿਧਾਇਕ ਜਸਜੀਤ ਸਿੰਘ ਬਨੀ ਤੇ ਮਲੇਰਕੋਟਲਾ ਹਲਕੇ ਤੋਂ ਮਹਿਲਾ ਕਾਂਗਰਸੀ ਵਿਧਾਇਕ ਰਜ਼ੀਆ ਸੁਲਤਾਨਾ ਨੇ ਵਿਧਾਨ ਸਭਾ ਵਿਚ ਇਕ ਇਕ ਸਵਾਲ ਹੀ ਕੀਤਾ। ਲੁਧਿਆਣਾ ਉੱਤਰੀ ਤੋਂ ਭਾਜਪਾ ਵਿਧਾਇਕ ਹਰੀਸ਼ ਬੇਦੀ ਤੇ ਸੰਗਰੂਰ ਤੋਂ ਕਾਂਗਰਸੀ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ ਨੇ ਦੋ ਦੋ ਸਵਾਲ ਪੁੱਛੇ। ਫਰੀਦਕੋਟ ਦੇ ਪੰਜਗਰਾਈਂ ਹਲਕੇ ਤੋਂ ਵਿਧਾਇਕ ਜੋਗਿੰਦਰ ਸਿੰਘ ਤੇ ਮਾਨਸਾ ਦੇ ਬੁਢਲਾਡਾ ਹਲਕੇ ਤੋਂ ਕਾਂਗਰਸੀ ਵਿਧਾਇਕ ਮੰਗਤ ਰਾਏ ਬਾਂਸਲ ਨੇ ਤਿੰਨ ਤਿੰਨ ਸਵਾਲ ਪੁੱਛੇ।

ਦੂਜੇ ਪਾਸੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਧਾਇਕਾਂ 'ਚ ਮਾਲਵਾ ਖਿੱਤਾ ਮੋਹਰੀ ਹੈ। ਸਵਾਲ ਪੁੱਛਣ ਦੇ ਮਾਮਲੇ 'ਚ ਪੰਜਾਬ ਭਰ ਦੇ ਵਿਧਾਇਕਾਂ 'ਚੋਂ ਬਠਿੰਡਾ ਜ਼ਿਲ੍ਹੇ ਦੇ ਹਲਕਾ ਪੱਕਾ ਕਲਾਂ ਦੇ ਕਾਂਗਰਸੀ ਵਿਧਾਇਕ ਮੱਖਣ ਸਿੰਘ ਨੇ ਬਾਜ਼ੀ ਮਾਰੀ ਹੈ। ਉਹ 141 ਸਵਾਲ ਪੁੱਛ ਕੇ ਇਸ ਮਾਮਲੇ 'ਚ ਪੰਜਾਬ ਭਰ 'ਚੋਂ ਪਹਿਲੇ ਨੰਬਰ 'ਤੇ ਹਨ। ਦੂਸਰੇ ਨੰਬਰ 'ਤੇ ਮੋਗਾ ਜ਼ਿਲ੍ਹੇ ਦੇ ਨਿਹਾਲ ਸਿੰਘ ਵਾਲਾ ਤੋਂ ਆਜ਼ਾਦ ਵਿਧਾਇਕ ਅਜੀਤ ਸਿੰਘ ਸ਼ਾਂਤ ਹਨ, ਜਿਨ੍ਹਾਂ ਨੇ 125 ਸਵਾਲ ਪੁੱਛੇ ਹਨ। ਤੀਸਰੇ ਨੰਬਰ 'ਤੇ ਸਰਦੂਲਗੜ੍ਹ ਹਲਕੇ ਤੋਂ ਕਾਂਗਰਸੀ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਤੇ ਵਲਟੋਹਾ ਹਲਕੇ ਤੋਂ ਵਿਰਸਾ ਸਿੰਘ ਵਲਟੋਹਾ ਹਨ ਜਿਨ੍ਹਾਂ ਨੇ ਅਸੈਂਬਲੀ 'ਚ 125-125 ਸਵਾਲ ਪੁੱਛੇ ਹਨ। ਕਾਂਗਰਸ ਦੇ ਤੇਜ਼ ਤਰਾਰ ਤੇ ਹਲਕਾ ਭਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਦੇ ਸਵਾਲਾਂ ਦੀ ਗਿਣਤੀ 121 ਹੈ। 118 ਸਵਾਲ ਪੁੱਛ ਕੇ ਖਰੜ ਤੋਂ ਕਾਂਗਰਸੀ ਵਿਧਾਇਕ ਬਲਵੀਰ ਸਿੰਘ ਸਿੱਧੂ ਪੰਜਵੇਂ ਨੰਬਰ 'ਤੇ ਹਨ।

ਚੰਗੀ ਕਾਰਗੁਜ਼ਾਰੀ ਵਾਲੇ 14 ਵਿਧਾਇਕਾਂ 'ਚੋਂ ਅਕਾਲੀ ਦਲ ਦੇ ਚਾਰ ਵਿਧਾਇਕ, ਕਾਂਗਰਸ ਦੇ ਪੰਜ, ਆਜ਼ਾਦ ਵਿਧਾਇਕ ਚਾਰ ਤੇ ਭਾਜਪਾ ਦਾ ਇਕ ਵਿਧਾਇਕ ਸ਼ਾਮਲ ਹਨ। ਭਾਜਪਾ ਦੇ ਦਸੂਹਾ ਤੋਂ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਨੇ ਵਿਧਾਨ ਸਭਾ ਵਿਚ 94 ਸਵਾਲ ਪੁੱਛੇ ਹਨ ਜਦ ਕਿ ਧੂਰੀ ਤੋਂ ਆਜ਼ਾਦ ਵਿਧਾਇਕ ਇਕਬਾਲ ਸਿੰਘ ਝੂੰਦਾ ਨੇ 81 ਸਵਾਲ ਕੀਤੇ। ਸ੍ਰੀ ਹਰਗੋਬਿੰਦ ਸਾਹਿਬ ਹਲਕੇ ਤੋਂ ਅਕਾਲੀ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ ਨੇ ਸਾਢੇ ਚਾਰ ਸਾਲਾਂ ਦੌਰਾਨ ਵਿਧਾਨ ਸਭਾ ਵਿਚ 85 ਸਵਾਲ ਕੀਤੇ।

# ਬਾਦਲ ਦੀਆਂ ਬੱਸਾਂ ਖ਼ਿਲਾਫ਼ ਡਟਿਆ ਵਿਧਾਇਕ ਖਹਿਰਾ ਗ੍ਰਿਫ਼ਤਾਰ



**ਜਲੰਧਰ:** ਬਾਦਲ ਪਰਿਵਾਰ ਦੀਆਂ ਲਗਜ਼ਰੀ ਬੱਸਾਂ ਦਾ ਘਿਰਾਓ ਕਰਨ ਲਈ ਜਲੰਧਰ ਰਵਾਨਾ ਹੋਣ ਤੋਂ ਪਹਿਲਾਂ ਹੀ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਹੇਠ ਇਕੱਤਰ ਹੋਏ ਹਲਕਾ ਭੁਲੱਥ ਦੇ ਲੋਕਾਂ ਨੂੰ ਪੁਲੀਸ ਨੇ ਸ਼ਾਂਤੀ ਭੰਗ ਕਰਨ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਨੂੰ ਥਾਣਾ ਕਰਤਾਰਪੁਰ ਲਿਆਂਦਾ ਗਿਆ ਜਿਥੋਂ ਬਾਅਦ ਵਿਚ ਸਾਰਿਆਂ ਨੂੰ ਰਿਹਾਅ ਕਰ ਦਿੱਤਾ ਗਿਆ।

ਸ. ਖਹਿਰਾ ਦੀ ਅਗਵਾਈ ਹੇਠ ਜਰਨੈਲੀ ਸੜਕ ਸਥਿਤ ਹੋਟਲ ਵਿਚ ਹਲਕਾ ਭੁਲੱਥ ਦੇ ਲੋਕ ਇਕੱਤਰ ਹੋਏ। ਇਸ ਮੌਕੇ ਕਾਂਗਰਸੀਆਂ ਨੇ ਸਰਕਾਰੀ ਖ਼ਜ਼ਾਨੇ ਨੂੰ ਸਾਲਾਨਾ 500 ਕਰੋੜ ਰੁਪਏ ਦਾ ਚੂਨਾ ਲਾਉਣ ਵਾਲੀਆਂ ਨਾਜਾਇਜ਼ ਬੱਸਾਂ ਕਾਰਨ ਸਰਕਾਰ ਦੀ ਨਿੰਦਾ ਕੀਤੀ ਤੇ ਅਕਾਲੀ ਭਾਜਪਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਵਿਧਾਇਕ ਖਹਿਰਾ ਨੇ ਕਿਹਾ ਕਿ ਪੰਜਾਬ ਵਿਚ ਚਲਦੀਆਂ ਵਧੇਰੇ ਲਗਜ਼ਰੀ ਬੱਸਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਦੀ ਸਿੱਧੀ ਜਾਂ ਅਸਿੱਧੀ ਮਾਲਕੀ ਵਾਲੀਆਂ ਹਨ ਤੇ ਇਹ ਸਿੱਧੇ ਤੌਰ 'ਤੇ ਸਰਕਾਰੀ ਟਰਾਂਸਪੋਰਟ ਨੂੰ ਖੋਰਾ ਲਾ ਰਹੀਆਂ ਹਨ।

ਉਨ੍ਹਾਂ ਦੋਸ਼ ਲਾਇਆ ਕਿ ਬੱਸ ਟਰਾਂਸਪੋਰਟ ਧੰਦੇ ਵਿਚ ਪੰਜਾਬ ਵਿਚ ਬਾਦਲ ਪਰਿਵਾਰ ਦੀ ਅਜਾਰੇਦਾਰੀ ਹੋਣ ਕਾਰਨ ਹੀ ਸਰਕਾਰ ਵੱਲੋਂ 2007 ਵਿਚ ਨਵੀਂ ਟਰਾਂਸਪੋਰਟ ਨੀਤੀ ਘੜੀ ਗਈ। ਇਸ ਵਿਚ ਬੱਸ ਟਰਾਂਸਪੋਰਟ ਧੰਦੇ ਨੂੰ ਬੜਾਵਾ ਦੇਣ ਦੇ ਨਾਂ 'ਤੇ ਸਾਧਾਰਨ ਬੱਸਾਂ ਦੇ ਪ੍ਰਤੀ ਕਿਲੋਮੀਟਰ ਟੈਕਸ ਨੂੰ ਢਾਈ ਰੁਪਏ ਦੀ ਥਾਂ ਸਵਾ ਦੋ ਰੁਪਏ ਕੀਤਾ ਗਿਆ ਤੇ ਆਪਣੀਆਂ ਲਗਜ਼ਰੀ ਬੱਸਾਂ ਨੂੰ ਫਾਇਦਾ ਪਹੁੰਚਾਉਣ ਲਈ ਏ.ਸੀ. ਬੱਸਾਂ ਦਾ ਟੈਕਸ ਸਾਢੇ ਸੱਤ ਰੁਪਏ ਦੀ ਥਾਂ ਸਿਰਫ 50 ਪੈਸੇ ਪ੍ਰਤੀ ਕਿਲੋਮੀਟਰ ਕਰ ਦਿੱਤਾ ਗਿਆ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਸਾਲਾਨਾ 500 ਕਰੋੜ ਰੁਪਏ ਦਾ ਚੂਨਾ ਲੱਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਨੀਤੀ ਨਾਲ ਪੰਜਾਬ ਰੋਡਵੇਜ਼ ਤੇ ਪੈਪਸੂ ਰਾਜ ਟਰਾਂਸਪੋਰਟ ਨਿਗਮ ਦੇ ਖਾਤਮੇ ਲਈ ਰਾਹ ਪੱਧਰਾ ਕੀਤਾ ਗਿਆ।

# ਅਫ਼ਜ਼ਲ ਦੀ ਸਜ਼ਾ ਮੁਆਫ਼ੀ ਬਾਰੇ ਵੀ ਮਤਾ ਰੁਲਿਆ

**ਸ੍ਰੀਨਗਰ:** ਭਾਰਤੀ ਸੰਸਦ 'ਤੇ ਹਮਲੇ ਬਾਰੇ ਕੇਸ ਦੇ ਮੁਜਰਮ ਅਫਜ਼ਲ ਗੁਰੂ ਦੀ ਮੌਤ ਦੀ ਸਜ਼ਾ ਮੁਆਫ਼ ਕਰਨ ਦੀ ਮੰਗ ਬਾਰੇ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਪੇਸ਼ ਪ੍ਰਾਈਵੇਟ ਮਤਾ ਸਦਨ ਵਿਚ ਹਾਕਮ ਕਾਂਗਰਸ ਤੇ ਵਿਰੋਧੀ ਦਲ ਭਾਜਪਾ ਮੈਂਬਰਾਂ ਵੱਲੋਂ ਕੀਤੇ ਗਏ ਜ਼ੋਰਦਾਰ ਹੰਗਾਮੇ ਕਾਰਨ ਪਾਸ ਨਹੀਂ ਹੋ ਸਕਿਆ। ਪ੍ਰਾਈਵੇਟ ਮੈਂਬਰ ਦਾ ਇਹ ਮਤਾ ਆਜ਼ਾਦ ਵਿਧਾਇਕ ਸ਼ੇਖ਼ ਅਬਦੁੱਲ ਰਸ਼ੀਦ ਨੇ ਪੇਸ਼ ਕੀਤਾ ਜੋ ਬਿਨਾਂ ਕਿਸੇ ਕਾਰਵਾਈ ਦੇ ਖ਼ਤਮ ਹੋ ਗਿਆ ਹੈ ਤੇ ਇਹ ਵਿਧਾਨ ਸਭਾ ਦੇ ਚਾਲੂ ਸੈਸ਼ਨ ਦੌਰਾਨ ਮੁੜ ਪੇਸ਼ ਨਹੀਂ ਕੀਤਾ ਜਾ ਸਕੇਗਾ।

ਸਦਨ ਵਿਚ ਨੈਸ਼ਨਲ ਕਾਨਫਰੰਸ ਦੀ ਅਗਵਾਈ ਵਾਲੇ ਹਾਕਮ ਗੱਠਜੋੜ ਦੀ ਦੂਜੀ ਭਾਈਵਾਲ ਕਾਂਗਰਸ ਤੇ ਵਿਰੋਧੀ ਦਲ ਭਾਜਪਾ ਦੇ ਮੈਂਬਰਾਂ ਨੇ ਦੋ ਵੱਖੋ-ਵੱਖ ਮੁੱਦਿਆਂ 'ਤੇ ਜ਼ੋਰਦਾਰ ਹੰਗਾਮਾ ਕੀਤਾ ਜੋ ਹਿੰਸਕ ਰੂਪ ਧਾਰ ਗਿਆ। ਇਸ ਘੜਮੱਸ ਦੌਰਾਨ ਮੈਂਬਰ ਇਕ-ਦੂਜੇ ਨਾਲ ਉਲਝ ਗਏ ਤੇ ਪੱਖੇ ਤੇ ਮੇਜ਼ ਆਦਿ ਉਲਟਾ ਦਿੱਤੇ ਗਏ। ਇਸ ਦੌਰਾਨ ਇਕ ਮੈਂਬਰ ਤਾਂ ਅਧਿਕਾਰੀ ਦੇ ਮੇਜ਼ 'ਤੇ ਹੀ ਜਾ ਚੜ੍ਹਿਆ ਤੇ ਇਸ ਕਾਰਨ ਸਦਨ ਦੀ ਕਾਰਵਾਈ ਪਹਿਲਾਂ ਦੋ ਵਾਰ ਥੋੜ੍ਹੇ-ਥੋੜ੍ਹੇ ਸਮੇਂ ਲਈ ਤੇ ਫਿਰ ਦਿਨ ਭਰ ਲਈ ਉਠਾ ਦਿੱਤੀ ਗਈ।

ਮੈਂਬਰਾਂ ਦੇ ਰਵੱਈਏ 'ਤੇ ਸਖ਼ਤ ਨਾਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਵਿਧਾਨ ਸਭਾ ਦੇ ਸਪੀਕਰ ਮੁਹੰਮਦ ਅਕਬਰ ਲੋਨ ਨੇ ਕਿਹਾ ਕਿ ਹੰਗਾਮਾ ਕਰਨ ਵਾਲੇ ਮੈਂਬਰਾਂ ਨੇ ਸਦਨ ਨੂੰ 'ਮੱਛੀ ਬਾਜ਼ਾਰ' ਬਣਾ ਕੇ ਰੱਖ ਦਿੱਤਾ ਹੈ।

ਸਭ ਤੋਂ ਪਹਿਲਾਂ ਭਾਜਪਾ ਮੈਂਬਰਾਂ ਨੇ ਪੈਂਥਰਜ਼ ਪਾਰਟੀ ਦੇ ਵਿਧਾਇਕ ਦੀ ਹਮਾਇਤ ਨਾਲ ਹੰਗਾਮਾ ਸ਼ੁਰੂ ਕਰਦਿਆਂ ਇਸ ਮਤੇ ਨੂੰ ਸਦਨ ਦੇ ਕੰਮਕਾਜ ਦੀ ਸੂਚੀ ਵਿਚੋਂ ਹਟਾਏ ਜਾਣ ਦੀ ਮੰਗ ਕੀਤੀ। ਦੂਜੇ ਪਾਸੇ ਕਾਂਗਰਸੀ ਮੈਂਬਰਾਂ ਨੇ ਇਸ ਮੰਗ ਨੂੰ ਲੈ ਕੇ ਸ਼ੋਰ-ਸ਼ਰਾਬਾ ਸ਼ੁਰੂ ਕਰ ਦਿੱਤਾ ਕਿ ਭਾਜਪਾ ਦੇ ਉਨ੍ਹਾਂ ਵਿਧਾਇਕਾਂ ਨੂੰ ਸਦਨ ਵਿਚੋਂ ਕੱਢਿਆ ਜਾਵੇ ਜਿਨ੍ਹਾਂ ਨੂੰ ਇਸ ਸਾਲ ਦੇ ਸ਼ੁਰੂ ਵਿਚ ਹੋਈ ਜੰਮੂ-ਕਸ਼ਮੀਰ ਵਿਧਾਨ ਪ੍ਰੀਸ਼ਦ ਦੀਆਂ ਚੋਣਾਂ ਸਮੇਂ ਕਰਾਸ ਵੋਟਿੰਗ ਬਦਲੇ ਪਾਰਟੀ 'ਚੋਂ ਮੁਅੱਤਲ ਕੀਤਾ ਗਿਆ ਹੈ।

ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਇਹ ਬਹੁਤ ਅਫ਼ਸੋਸਜਨਕ ਹੈ ਕਿ ਸਦਨ ਦੀ ਕਾਰਵਾਈ ਨੂੰ ਇੰਜ ਰੋਕ ਦਿੱਤਾ ਗਿਆ। ਦੂਜੇ ਪਾਸੇ ਮੁੱਖ ਵਿਰੋਧੀ ਪੀ.ਡੀ.ਪੀ. ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਇਸ ਨੂੰ ਨੈਸ਼ਨਲ ਕਾਨਫਰੰਸ ਦਾ 'ਡਰਾਮਾ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਡਰਾਮੇ ਦੇ ਡਾਇਰੈਕਟਰ ਤਾਂ ਨੈਸ਼ਨਲ ਕਾਨਫਰੰਸ ਹੀ ਸੀ ਤੇ ਕਾਂਗਰਸ ਤੇ ਭਾਜਪਾ ਮਹਿਜ਼ 'ਐਕਟਰ' ਸਨ।

# ਪੁਰਸਕਾਰ ਦੀ ਰਾਸ਼ੀ ਨਾਲੋਂ ਵੱਧ ਕੀਮਤੀ ਹੁੰਦਾ ਹੈ ਨੋਬੇਲ ਸਾਇੰਸ ਪੁਰਸਕਾਰ

**ਸਟਾਕਹੋਮ:** ਨੋਬੇਲ ਸਾਇੰਸ ਪੁਰਸਕਾਰ 15 ਲੱਖ ਡਾਲਰ ਦੀ ਇਨਾਮੀ ਰਾਸ਼ੀ ਨਾਲੋਂ ਕਿਤੇ ਵੱਧ ਮੁੱਲ ਦਾ ਹੁੰਦਾ ਹੈ। ਇਹ ਪੁਰਸਕਾਰ ਕਿਸੇ ਕੰਪਨੀ ਦੀ ਤਿਜੌਰੀ 'ਚ 2 ਕਰੋੜ 40 ਲੱਖ ਦਾ ਵਾਧਾ ਕਰ ਸਕਦਾ ਹੈ ਤੇ ਪੁਰਸਕਾਰ ਲੈਣ ਵਾਲੇ ਦੇ ਜੀਵਨ 'ਚ ਦੋ ਵਰ੍ਹੇ ਹੋਰ ਜੋੜ ਸਕਦਾ ਹੈ। ਇਹ ਦਾਅਵਾ ਮਾਹਰਾਂ ਵੱਲੋਂ ਕੀਤਾ ਗਿਆ ਹੈ।

ਇਕ ਨੋਬੇਲ ਪੁਰਸਕਾਰ ਜੇਤੂ ਨੂੰ ਡਿਪਲੋਮਾ, ਇਕ ਸੋਨ ਤਮਗਾ ਤੇ ਇਕ ਕਰੋੜ ਡਾਲਰ ਸਵੀਡਨ ਦੇ ਮਿਲਦੇ ਹਨ। ਇਹ ਰਕਮ 15 ਲੱਖ ਡਾਲਰ ਤੇ 10 ਲੱਖ ਯੂਰੋ ਦੇ ਬਰਾਬਰ ਬਣਦੀ ਹੈ। ਕਈ ਅਧਿਐਨਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਇਕ ਨੋਬੇਲ ਪੁਰਸਕਾਰ ਜੇਤੂ ਜਿਸ ਯੂਨੀਵਰਸਿਟੀ ਜਾਂ ਕੰਪਨੀ ਨਾਲ ਉਹ ਕੰਮ ਕਰ ਰਿਹਾ ਹੁੰਦਾ ਹੈ, ਉਨ੍ਹਾਂ ਲਈ ਇਹ ਪੁਰਸਕਾਰ ਕਿਤੇ ਵੱਧ ਮੁੱਲਵਾਨ ਸਾਬਤ ਹੁੰਦਾ ਹੈ। ਇਕ ਵਿਗਿਆਨਕ ਖੋਜ ਪੱਤਰਿਕਾ 'ਚ ਛਪੇ ਸੱਜਰੇ ਅਧਿਐਨ ਅਨੁਸਾਰ ਕਿਸੇ ਨਵੀਂ ਬਾਇਓਟੈਕ ਫਰਮ ਲਈ ਆਰਥਿਕ ਆਧਾਰ ਕਾਇਮ ਕਰਨ ਲਈ ਨੋਬੇਲ ਪੁਰਸਕਾਰ ਜੇਤੂ ਦੀ ਸ਼ਮੂਲੀਅਤ ਤੋਂ ਵੱਡਾ ਕੋਈ ਹੱਲ ਨਹੀਂ ਹੈ।

ਜਾਰਜੀਆ ਸਟੇਟ ਯੂਨੀਵਰਸਿਟੀ ਦੀ ਪਾਓਲਾ ਸਟੀਫਨ ਜੋ ਅਧਿਐਨ ਦੀ ਸਹਿ-ਲੇਖਕ ਹੈ, ਦਾ ਕਹਿਣਾ ਹੈ ਕਿ ਇਸ ਨਾਲ ਕੰਪਨੀ ਦੀ ਤਿਜੌਰੀ 'ਚ 2 ਕਰੋੜ 40 ਲੱਖ ਡਾਲਰ ਦੀ ਕਮਾਈ ਵਧ ਗਈ। ਅਧਿਐਨ 'ਚ ਇਹ ਵੀ ਕਿਹਾ ਗਿਆ ਹੈ ਕਿ ਪਰ ਜਦੋਂ ਇਹ ਫਰਮ ਹੋਰ ਸਥਾਪਤ ਹੋ ਜਾਂਦੀ ਹੈ ਤਾਂ ਨਿਵੇਸ਼ਕਾਰ ਠੋਸ ਪ੍ਰਾਪਤੀਆਂ ਦੀ ਜਾਣਕਾਰੀ ਮੰਗਣ ਲੱਗ ਪੈਂਦੇ ਹਨ। ਫਿਰ ਸਿਰਫ ਕਿਸੇ ਨੋਬੇਲ ਪੁਰਸਕਾਰ ਜੇਤੂ ਦਾ ਕੰਪਨੀ ਨਾਲ ਜੁੜੇ ਰਹਿਣਾ ਕਾਫੀ ਨਾ ਰਹਿ ਕੇ ਪ੍ਰਾਪਤੀਆਂ ਹੀ ਅਹਿਮ ਹੋ ਜਾਂਦੀਆਂ ਹਨ ਜਦਕਿ ਇਹ ਪੁਰਸਕਾਰ ਵਿਅਕਤੀ ਦੇ ਮਨ-ਮਸਤਕ ਤੇ ਸੋਚਣ ਦੇ ਢੰਗ-ਤਰੀਕੇ ਵੀ ਬਦਲ ਦਿੰਦਾ ਹੈ ਤੇ ਉਹ ਆਪਣੇ ਨਾਲ ਦੇ ਵਿਗਿਆਨੀਆਂ ਨਾਲੋਂ ਵੱਧ ਲੰਮੀ ਉਮਰ ਭੋਗਦੇ ਹਨ।

**Indian Oven**

11000, I-40 East, Amarillo Texas – 79118
(Exit 77, Right Hand Side)
**Ph: 1-806-335-3600**

**ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ**
**ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ**



**Breakfast, Lunch & Dinner (Buffet 11 to 3, Every Day)**

**Easy Truck Parking**
**Special Deals For Truckers**

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

www.punjabtimesusa.com

FARMERS INSURANCE GROUP
Symbol of Superior Service
**FARMERS**®

**Now at new location:** 2774 Aborn Road , San Jose, CA 95121

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



**Satwant Singh**
**Insurance Agent**
**License # OH11256**

***Auto *Home *Life *Business *Workers Compensation**

**Call for consultation**
**Ph: 408-771-2438**
*408-580-6063, 408-687-7566*
**Fax: 408-273-6001**
*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD® Millennium

**Fax: 209-836-0706**
**www.gotracy.com**

**Gurbans Gill 209-815-1869**

# ਸੁਖਬੀਰ ਬਾਦਲ ਦੀ ਖੇਡਾਂ ਬਾਰੇ 'ਸੁਹਿਰਦਤਾ' ਬੇਨਕਾਬ

## ਖਿਡਾਰੀਆਂ ਦੇ ਬਜਾਏ ਕਲਾਕਾਰਾਂ ਨੂੰ ਕੀਤਾ ਮਾਲੋਮਾਲ



*ਭੀੜ ਇੱਕਠੀ ਕਰਨ ਲਈ ਮੁੰਬਈ ਤੋਂ ਬੁਲਾਇਆ ਅਦਾਕਾਰ ਅਕਸ਼ੈ ਕੁਮਾਰ।*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਖੇਡਾਂ ਬਾਰੇ 'ਸੁਹਿਰਦਤਾ' ਬੇਨਕਾਬ ਹੋ ਗਈ ਹੈ। ਸ. ਬਾਦਲ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਰੋੜਾਂ ਰੁਪਏ ਖਰਚ ਕਰਨ ਦੇ ਦਾਅਵਾ ਕੀਤੇ ਜਾ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਇਸ ਮੋਟੀ ਰਾਸ਼ੀ 'ਚੋਂ ਖਿਡਾਰੀਆਂ ਦੀ ਬਜਾਏ ਕਲਾਕਾਰਾਂ ਨੂੰ ਮਾਲੋਮਾਲ ਕੀਤਾ ਜਾ ਰਿਹਾ ਹੈ। ਇਸ ਦੀ ਅਹਿਮ ਉਦਾਰਹਨ ਸ਼ਹੀਦੇ-ਏ-ਆਜਮ ਭਗਤ ਸਿੰਘ ਖੇਡਾਂ ਹਨ। ਇਨ੍ਹਾਂ ਖੇਡਾਂ 'ਚ ਪੰਜਾਬ ਸਰਕਾਰ ਵੱਲੋਂ ਓਨਾਂ ਖਰਚ ਖਿਡਾਰੀਆਂ ਦੇ ਨਗਦ ਇਨਾਮਾਂ 'ਤੇ ਨਹੀਂ ਕੀਤਾ ਗਿਆ ਜਿੰਨਾਂ ਕਲਾਕਾਰਾਂ 'ਤੇ ਕਰ ਦਿੱਤਾ ਗਿਆ। ਖਿਡਾਰੀਆਂ ਨੂੰ ਤਾਂ 2.31 ਕਰੋੜ ਦੇ ਨਗਦ ਇਨਾਮ ਵੰਡੇ ਗਏ ਜਦੋਂਕਿ 'ਸੱਭਿਆਚਾਰਕ ਪ੍ਰੋਗਰਾਮਾਂ' 'ਤੇ 2.78 ਕਰੋੜ ਰੁਪਏ ਖਰਚੇ ਗਏ। ਖੇਡਾਂ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ ਹੀ ਤਕਰੀਬਨ 78 ਲੱਖ ਰੁਪਏ ਦਾ ਖਰਚ ਆਇਆ ਜਦੋਂਕਿ ਇਸ 'ਚ ਕਲਾਕਾਰਾਂ ਦਾ ਖਰਚਾ ਸ਼ਾਮਲ ਨਹੀਂ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਮਾਰਚ 2011 ਦੌਰਾਨ ਲੁਧਿਆਣਾ, ਪਟਿਆਲਾ, ਮੁਹਾਲੀ ਤੇ ਜਲੰਧਰ 'ਚ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਖੇਡਾਂ ਕਰਾਈਆਂ ਗਈਆਂ ਸਨ। ਇਨ੍ਹਾਂ ਖੇਡਾਂ 'ਚ 793 ਖਿਡਾਰੀਆਂ ਨੂੰ ਨਗਦ ਇਨਾਮ ਵੰਡੇ ਗਏ ਸਨ। ਖੇਡਾਂ ਦਾ ਸਮਾਪਤੀ ਸਮਾਰੋਹ ਜਲੰਧਰ 'ਚ ਹੋਇਆ ਸੀ ਜਿਸ 'ਚ ਬਾਲੀਵੁੱਡ ਕਲਾਕਾਰ ਧਰਮਿੰਦਰ, ਸੰਨ੍ਹੀ ਦਿਉਲ ਤੇ ਬੌਬੀ ਦਿਉਲ ਸਮੇਤ ਦਰਜਨਾਂ ਨਾਮੀਂ ਕਲਾਕਾਰਾਂ ਨੂੰ ਦਾਅਵਤ ਦਿੱਤੀ ਗਈ ਸੀ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਖੇਡ ਵਿਭਾਗ ਪੰਜਾਬ ਤੋਂ ਮਿਲੇ ਸਰਕਾਰੀ ਵੇਰਵਿਆਂ ਅਨੁਸਾਰ ਖੇਡਾਂ 'ਤੇ ਸਰਕਾਰ ਵੱਲੋਂ 7.17 ਕਰੋੜ ਰੁਪਏ ਖਰਚੇ ਗਏ। ਖੇਡਾਂ ਦੇ ਬਜਟ 'ਚੋਂ 32 ਫੀਸਦੀ ਖਰਚ ਖਿਡਾਰੀਆਂ ਨੂੰ ਦਿੱਤੇ ਨਗਦ ਇਨਾਮਾਂ 'ਤੇ ਕੀਤਾ ਗਿਆ ਜਦੋਂਕਿ 38 ਫੀਸਦੀ ਖਰਚ 'ਸੱਭਿਆਚਾਰਕ ਪ੍ਰੋਗਰਾਮਾਂ' 'ਤੇ ਕੀਤਾ ਹੈ। ਸਰਕਾਰੀ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਗਰਾਂਟ-ਇਨ-ਏਡ ਵਿਚੋਂ 1.72 ਕਰੋੜ ਰੁਪਏ ਐਨ.ਜੈਡ.ਸੀ.ਸੀ. ਨੂੰ ਸਭਿਆਚਾਰਕ ਪ੍ਰੋਗਰਾਮਾਂ ਲਈ ਅਦਾਇਗੀ ਕੀਤੀ ਜਿਸ ਵੱਲੋਂ ਖੇਡਾਂ ਦੌਰਾਨ ਰੰਗ ਬੰਨ੍ਹਿਆ ਗਿਆ। ਇਸੇ ਤਰ੍ਹਾਂ 21.50 ਲੱਖ ਰੁਪਏ ਪੰਜਾਬੀ ਕਲਾਕਾਰਾਂ ਨੂੰ ਦਿੱਤੇ ਗਏ। ਇਨ੍ਹਾਂ ਕਲਾਕਾਰਾਂ 'ਚੋਂ ਦਲੇਰ ਮਹਿੰਦੀ ਨੂੰ 12 ਲੱਖ ਰੁਪਏ, ਹਰਭਜਨ ਮਾਨ ਨੂੰ ਪੰਜ ਲੱਖ ਰੁਪਏ, ਮਿਸ ਪੂਜਾ ਨੂੰ ਢਾਈ ਲੱਖ ਰੁਪਏ, ਗੁਰਪ੍ਰੀਤ ਘੁੱਗੀ ਤੇ ਭਗਵੰਤ ਮਾਨ ਨੂੰ ਇਕ-ਇਕ ਲੱਖ ਰੁਪਏ ਦੀ ਅਦਾਇਗੀ ਕੀਤੀ ਗਈ।

ਉਦਘਾਟਨੀ ਸਮਾਰੋਹਾਂ ਮੌਕੇ ਜੋ ਲੇਜਰ ਸ਼ੋਅ ਕਰਾਇਆ ਗਿਆ, ਉਸ 'ਤੇ 3.86 ਲੱਖ ਰੁਪਏ ਖਰਚੇ ਗਏ। ਉਦਘਾਟਨੀ ਸਮਾਗਮਾਂ 'ਤੇ ਸਰਕਾਰ ਨੇ 20.18 ਲੱਖ ਰੁਪਏ ਖਰਚ ਕੀਤੇ ਜਦੋਂਕਿ ਸਮਾਪਤੀ ਸਮਾਰੋਹਾਂ 'ਤੇ 57.81 ਲੱਖ ਰੁਪਏ ਖਰਚ ਕੀਤੇ ਗਏ। ਜਲੰਧਰ 'ਚ ਸਮਾਪਤੀ ਸਮਾਰੋਹਾਂ ਮੌਕੇ ਲਾਈ ਐਲ.ਈ.ਡੀ ਸਕਰੀਨ 'ਤੇ 2.70 ਲੱਖ ਰੁਪਏ ਖਰਚ ਆਇਆ। ਖਿਡਾਰੀਆਂ ਤੇ ਉਨ੍ਹਾਂ ਦੇ ਕੋਚਾਂ ਦੀ ਰਿਹਾਇਸ਼ 'ਤੇ 1.70 ਲੱਖ ਰੁਪਏ ਖਰਚ ਆਏ ਜਦੋਂਕਿ ਕਲਾਕਾਰਾਂ ਦੀ ਰਿਹਾਇਸ਼ ਤੇ ਖਾਣ ਪੀਣ 'ਤੇ 4.79 ਲੱਖ ਰੁਪਏ ਖਰਚ ਆਇਆ। ਇਵੇਂ ਹੀ ਜਲੰਧਰ 'ਚ ਖਿਡਾਰੀਆਂ ਨੂੰ ਤਾਂ ਹੋਸਟਲਾਂ ਤੋਂ ਇਲਾਵਾ ਮਾਡਲ ਟਾਊਨ ਦੇ ਗੁਰੂ ਘਰ 'ਚ ਠਹਿਰਾਇਆ ਗਿਆ ਜਦੋਂਕਿ ਕਲਾਕਾਰਾਂ ਨੂੰ ਹੋਟਲ ਮਹਾਰਾਜਾ ਰੈਜ਼ੀਡੈਂਸੀ, ਹੋਟਲ ਰੈਡੀਸਨ, ਏ ਹੋਟਲ, ਹੋਟਲ ਲਿੱਲੀ ਰਿਸੋਰਟ ਤੇ ਹੋਟਲ ਕਮਲ ਪੈਲੇਸ 'ਚ ਠਹਿਰਾਇਆ ਗਿਆ। ਖਿਡਾਰੀਆਂ ਨੂੰ ਕੋਈ ਟੀ.ਏ, ਡੀ.ਏ. ਤੇ ਟਰਾਂਸਪੋਰਟ ਦਾ ਖਰਚ ਨਹੀਂ ਦਿੱਤਾ ਗਿਆ ਜਦੋਂਕਿ ਦੂਜੇ ਪਾਸੇ ਕਲਾਕਾਰਾਂ ਲਈ ਟਰਾਂਸਪੋਰਟ 'ਤੇ 10.81 ਲੱਖ ਰੁਪਏ ਦਾ ਖਰਚ ਆਇਆ। ਜਲੰਧਰ 'ਚ ਖੇਡਾਂ ਦੌਰਾਨ ਕੁੱਲ 76.35 ਲੱਖ ਰੁਪਏ ਦਾ ਖਰਚ ਆਇਆ ਜਿਸ 'ਚੋਂ 7.76 ਲੱਖ ਰੁਪਏ ਇਕੱਲੇ ਖਾਣ ਪੀਣ 'ਤੇ ਖਰਚ ਕੀਤੇ ਗਏ ਹਨ। ਖੇਡ ਵਿਭਾਗ ਪੰਜਾਬ ਦੀ ਸੂਚਨਾ ਅਨੁਸਾਰ ਖਿਡਾਰੀਆਂ ਨੂੰ 7.44 ਲੱਖ ਰੁਪਏ ਕਿਰਾਇਆ ਦਿੱਤਾ ਗਿਆ।

ਲੁਧਿਆਣਾ 'ਚ ਇਨ੍ਹਾਂ ਖੇਡਾਂ 'ਤੇ ਕੁੱਲ ਖਰਚ 89.62 ਲੱਖ ਰੁਪਏ, ਪਟਿਆਲਾ 'ਚ 30.05 ਲੱਖ ਰੁਪਏ, ਮੁਹਾਲੀ 'ਚ 4.19 ਲੱਖ ਰੁਪਏ ਖਰਚ ਆਇਆ ਹੈ। ਇਨ੍ਹਾਂ ਖੇਡਾਂ 'ਚ 10 ਗੇਮਾਂ ਲਈ ਨਗਦ ਇਨਾਮ ਰੱਖੇ ਗਏ ਸਨ ਤੇ ਪ੍ਰਤੀ ਗੇਮ 21 ਲੱਖ ਰੁਪਏ ਇਨਾਮ ਦਿੱਤੇ ਗਏ ਹਨ। ਸਰਕਾਰ ਵੱਲੋਂ ਇਨ੍ਹਾਂ ਖੇਡਾਂ 'ਚ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਦੇਣ ਲਈ 63.74 ਲੱਖ ਰੁਪਏ ਖਰਚੇ ਗਏ। ਰਸਾਕਸ਼ੀ ਦੀ ਟੀਮ ਨੂੰ ਵੱਖਰਾ 21 ਲੱਖ ਰੁਪਏ ਦਾ ਇਨਾਮ ਦਿੱਤਾ ਗਿਆ।

# ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਐਲਾਨੇ ਪ੍ਰਾਜੈਕਟ ਅਜੇ ਵੀ ਅਧੂਰੇ



**ਚੰਡੀਗੜ੍ਹ:** ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਸ਼ਹੀਦਾਂ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਹਕੀਕੀ ਤੌਰ 'ਤੇ ਮਾਣ ਸਤਿਕਾਰ ਨਹੀਂ ਮਿਲਿਆ। ਜਿਥੇ ਸ਼ਹੀਦਾਂ ਦੇ ਜੱਦੀ ਘਰਾਂ ਤੇ ਉਨ੍ਹਾਂ ਨਾਲ ਸਬੰਧਤ ਹੋਰ ਇਮਾਰਤਾਂ ਦੀ ਹਾਲਤ ਬੇਹੱਦ ਖਸਤਾ ਹੈ, ਉਥੇ ਵੱਖ-ਵੱਖ ਸਰਕਾਰਾਂ ਵੱਲੋਂ ਸ਼ਹੀਦਾਂ ਦੀ ਯਾਦ 'ਚ ਐਲਾਨੇ ਗਏ ਪ੍ਰਾਜੈਕਟ ਸਿਰਫ ਸਰਕਾਰੀ ਫਾਈਲਾਂ ਤੱਕ ਹੀ ਸੀਮਤ ਰਹਿ ਗਏ ਹਨ ਤੇ ਸਰਕਾਰਾਂ ਉਨ੍ਹਾਂ ਨੂੰ ਬਣਾਉਣ ਵਿਚ ਦਿਲਚਸਪੀ ਨਹੀਂ ਦਿਖਾ ਰਹੀਆਂ।

ਪਿੰਡ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦ ਵਿਚ ਐਲਾਨੇ ਵੱਖ-ਵੱਖ ਪ੍ਰਾਜੈਕਟਾਂ ਨਾਲ ਵੀ ਕੁਝ ਅਜਿਹਾ ਹੀ ਵਾਪਰਦਾ ਨਜ਼ਰ ਆ ਰਿਹਾ ਹੈ। 23 ਮਾਰਚ 1973 ਨੂੰ ਭਾਰਤ ਦੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀ ਖਟਕੜ ਕਲਾਂ ਫੇਰੀ ਸਮੇਂ ਇਥੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ 100 ਬਿਸਤਰਿਆਂ ਦਾ ਹਸਪਤਾਲ ਬਣਾਉਣ ਦਾ ਐਲਾਨ ਕੀਤਾ ਸੀ ਪਰ ਕਈ ਵਰ੍ਹੇ ਬੀਤ ਜਾਣ 'ਤੇ ਵੀ ਹਸਪਤਾਲ ਬਣਾਉਣ ਬਾਰੇ ਕੋਈ ਕਰਵਾਈ ਨਹੀਂ ਹੋਈ।

1977 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਯਤਨਾਂ ਸਦਕਾ ਇਥੇ ਸਿਰਫ ਪੰਜ ਬਿਸਤਰਿਆਂ ਵਾਲੇ ਮੁੱਢਲੇ ਸਿਹਤ ਕੇਂਦਰ ਦੀ ਉਸਾਰੀ ਸ਼ੁਰੂ ਹੋਈ ਜਿਸਦਾ ਉਦਘਾਟਨ ਤਿੰਨ ਜੁਲਾਈ 1981 ਨੂੰ ਉਸ ਵੇਲੇ ਦੀ ਕਾਂਗਰਸ ਵਜਾਰਤ ਦੇ ਸਿਹਤ ਮੰਤਰੀ ਸਰਦਾਰੀ ਲਾਲ ਕਪੂਰ ਨੇ ਕੀਤਾ। ਇਸ ਮੁੱਢਲੇ ਸਿਹਤ ਕੇਂਦਰ ਵਿਚ ਬਣੇ ਡਾਕਟਰਾਂ ਦੀ ਰਿਹਾਇਸ਼ ਅੱਜ ਕੱਲ੍ਹ ਨਿਰੇ ਭੂਤ ਬੰਗਲਿਆਂ ਦਾ ਨਮੂਨਾ ਪੇਸ਼ ਕਰ ਰਹੇ ਹਨ। ਕੇਂਦਰ ਦੀ ਯੂ.ਪੀ.ਏ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ 101ਵੀਂ ਜਨਮ ਵਰ੍ਹੇਗੰਢ ਮੌਕੇ ਪਿੰਡ ਖਟਕੜ ਕਲਾਂ ਵਿਖੇ ਸਮਾਗਮ ਕਰਕੇ ਸ਼ਹੀਦ ਭਗਤ ਸਿੰਘ ਦੀ ਯਾਦ 'ਚ 16 ਕਰੋੜ ਦੀ ਲਾਗਤ ਨਾਲ ਇਕ ਕੌਮੀ ਵਿਰਾਸਤ ਘਰ ਬਣਾਉਣ ਦਾ ਐਲਾਨ ਕੀਤਾ ਸੀ।

ਇਸ ਸਮਾਗਮ ਦੌਰਾਨ ਕੇਂਦਰ ਮੰਤਰੀ ਪ੍ਰਕਾਸ਼ ਜੈਸਵਾਲ ਵੱਲੋਂ ਕੇਂਦਰੀ ਸੈਰ ਸਪਾਟਾ ਮੰਤਰੀ ਅੰਬਿਕਾ ਸੋਨੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ 'ਚ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਇਕ ਸਿੱਕਾ ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਪਹਿਲਾਂ ਕੀਤੇ ਐਲਾਨ ਨੂੰ ਮੁੱਖ ਰੱਖਦਿਆਂ 23 ਫਰਵਰੀ 2009 ਨੂੰ ਪਿੰਡ ਖਟਕੜ ਕਲਾਂ ਵਿਖੇ ਸਮਾਗਮ ਕਰਕੇ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਬਣਾਏ ਜਾਣ ਵਾਲੇ ਇਸ ਕੌਮੀ ਵਿਰਾਸਤ ਘਰ ਦਾ ਨੀਂਹ ਪੱਥਰ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਰੱਖਿਆ ਗਿਆ।

ਇਸ ਸਮੇਂ ਸ੍ਰੀ ਚਿਦੰਬਰਮ ਨੇ ਇਸ ਕੌਮੀ ਵਿਰਾਸਤ ਘਰ ਦੀ ਉਸਾਰੀ ਜਲਦੀ ਸ਼ੁਰੂ ਕਰਵਾ ਕੇ ਮਿਥੇ ਸਮੇਂ 'ਚ ਪੂਰਾ ਕਰਨ ਦਾ ਐਲਾਨ ਕੀਤਾ ਸੀ। ਸਰਕਾਰ ਵੱਲੋਂ ਇਸ ਕੌਮੀ ਵਿਰਾਸਤ ਘਰ ਦਾ ਨਕਸ਼ਾ ਤਿਆਰ ਕਰਵਾ ਕੇ ਲੋੜੀਦੀਂ ਸਾਢੇ ਅੱਠ ਏਕੜ ਜ਼ਮੀਨ ਵੀ ਐਕੁਆਇਰ ਕਰ ਲਈ ਗਈ।ਪਰ ਫਿਰ ਪਤਾ ਨਹੀਂ ਕਿਸ ਦੀ ਮਾੜੀ ਨਜ਼ਰ ਲੱਗ ਗਈ ਜਿਸ ਕਰਕੇ ਇਸ ਪ੍ਰਾਜੈਕਟ ਦੀ ਉਸਾਰੀ ਦਾ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਜਿਸ ਕਰਕੇ ਢਾਈ-ਤਿੰਨ ਸਾਲ ਬੀਤ ਜਾਣ ਬਾਅਦ ਵੀ ਨਾਂ ਤਾਂ ਕੌਮੀ ਵਿਰਾਸਤ ਘਰ ਦੀ ਉਸਾਰੀ ਹੀ ਸ਼ੁਰੂ ਹੋਈ ਤੇ ਨਾਂ ਹੀ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਜਾਰੀ ਕੀਤਾ ਗਿਆ ਸਿੱਕਾ ਹੀ ਆਮ ਲੋਕਾਂ ਦੇ ਹੱਥਾਂ ਵਿਚ ਪੁੱਜ ਸਕਿਆ।

## ਹੁਸ਼ਿਆਰਪੁਰ ਦੇ ਦੋ ਪਰਵਾਸੀ ਭਾਰਤੀਆਂ ਦਾ ਕਤਲ

**ਹੁਸ਼ਿਆਰਪੁਰ:** ਹੁਸ਼ਿਆਰਪੁਰ ਜ਼ਿਲ੍ਹੇ ਦੇ ਦੋ ਪਰਵਾਸੀ ਭਾਰਤੀ ਨੌਜਵਾਨਾਂ ਦਾ ਕਤਲ ਕਰ ਦਿੱਤਾ ਗਿਆ। ਮਿਲੀ ਸੂਚਨਾ ਮੁਤਾਬਕ ਪਿੰਡ ਬੇਅੰਤਪੁਰ ਦੇ 22 ਸਾਲਾ ਜੀਵਨ ਕੁਮਾਰ ਦੀ ਮਨੀਲਾ ਵਿਚ ਤੇ ਪਿੰਡ ਡੁਮਾਣਾ ਦੇ 27 ਸਾਲਾ ਰਜਿੰਦਰ ਸਿੰਘ ਉਰਫ ਗੁਰਵਿੰਦਰ ਸਿੰਘ ਦੀ ਫਰਾਂਸ 'ਚ ਮੌਤ ਹੋ ਗਈ।

ਸ਼ਾਮਚੁਰਾਸੀ ਨੇੜਲੇ ਪਿੰਡ ਬੇਅੰਤਪੁਰ ਦੇ ਜੀਵਨ ਕੁਮਾਰ ਦੀ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਮਨੀਲਾ ਵਿਖੇ ਗੋਲੀਆਂ ਮਾਰ ਕੇ ਉਸ ਸਮੇਂ ਹੱਤਿਆ ਕਰ ਦਿੱਤੀ ਜਦੋਂ ਉਹ ਕੰਮ 'ਤੇ ਜਾ ਰਿਹਾ ਸੀ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਨੌਜਵਾਨ ਤਿੰਨ ਸਾਲ ਪਹਿਲਾਂ ਹੀ ਵਿਦੇਸ਼ ਗਿਆ ਸੀ ਤੇ ਉਥੇ ਫਾਇਨਾਂਸ ਦਾ ਕਾਰੋਬਾਰ ਕਰਦਾ ਸੀ।

ਇਸੇ ਤਰ੍ਹਾਂ ਥਾਣਾ ਟਾਂਡਾ ਦੇ ਪਿੰਡ ਡੁਮਾਣਾ ਦੇ ਰਜਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਨੂੰ ਫਰਾਂਸ ਦੇ ਸ਼ਹਿਰ ਬੈਲੀਓ ਵਿਚ ਕੁਝ ਅਣਪਛਾਤੇ ਵਿਅਕਤੀਆਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਹਮਲਾਵਰਾਂ ਨੇ ਉਸ ਨੂੰ ਜ਼ਖ਼ਮੀ ਕਰਕੇ ਰੇਲ ਪੱਟੜੀ 'ਤੇ ਸੁੱਟ ਦਿੱਤਾ ਜਿਥੋਂ ਜ਼ਖ਼ਮੀ ਹਾਲਤ ਵਿਚ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ। ਰਜਿੰਦਰ ਤਕਰੀਬਨ ਸੱਤ ਸਾਲ ਤੋਂ ਵਿਦੇਸ਼ ਵਿਚ ਰਹਿ ਰਿਹਾ ਸੀ।

# ਪੰਜਾਬ ਸਰਕਾਰ ਮਾਂ ਬੋਲੀ ਨੂੰ ਮਾਣ-ਸਨਮਾਨ ਦਿਵਾਉਣ 'ਚ ਨਾਕਾਮ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਸੂਬੇ 'ਚ ਮਾਂ ਬੋਲੀ ਨੂੰ ਮਾਣ-ਸਨਮਾਨ ਦਿਵਾਉਣ 'ਚ ਨਾਕਾਮ ਰਹੀ ਹੈ। ਬਾਦਲ ਸਰਕਾਰ ਨੇ ਆਉਂਦਿਆਂ ਹੀ ਰਾਜ ਭਾਸ਼ਾ ਐਕਟ ਬਣਾਇਆ ਗਿਆ ਤੇ ਇਸ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਕਮੇਟੀਆਂ ਵੀ ਬਣਾਈਆਂ ਪਰ ਇਸ ਦੇ ਬਾਵਜੂਦ ਪੰਜਾਬੀ ਨਾਲ ਵਿਤਕਰਾ ਜਾਰੀ ਹੈ। ਹੋਰ ਤਾਂ ਹੋਰ ਮੁੱਖ ਮੰਤਰੀ ਦੇ ਦਫ਼ਤਰ 'ਚ ਵੀ ਕੰਮਕਾਰ 'ਚ ਪੰਜਾਬੀ ਨਾਲੋਂ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਰਾਜ ਭਾਸ਼ਾ ਸੋਧ ਐਕਟ 2008 ਲਾਗੂ ਹੋਣ ਤੋਂ ਬਾਅਦ ਵੀ ਕਰਮਚਾਰੀ ਤੇ ਅਧਿਕਾਰੀ ਵਰਗ ਰਾਜ ਭਾਸ਼ਾ ਪੰਜਾਬੀ ਪ੍ਰਤੀ ਲਾਪ੍ਰਵਾਹੀ ਵਰਤਦਾ ਆ ਰਿਹਾ ਹੈ। ਭਾਸ਼ਾ ਵਿਭਾਗ, ਪੰਜਾਬ ਤੋਂ ਸੂਚਨਾ ਅਧਿਕਾਰ ਐਕਟ ਤਹਿਤ ਹਾਸਲ ਜਾਣਕਾਰੀ ਮੁਤਾਬਕ ਪਿਛਲੇ ਦੋ ਸਾਲਾਂ ਦੌਰਾਨ 139 ਕਰਮਚਾਰੀ ਤੇ ਅਧਿਕਾਰੀ ਪੰਜਾਬੀ ਪ੍ਰਤੀ ਨਾਂਹ-ਪੱਖੀ ਰਵੱਈਆ ਅਪਣਾਉਂਦੇ ਫੜੇ ਗਏ ਪਰ ਇਨ੍ਹਾਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਰਾਜ ਭਾਸ਼ਾ ਸੋਧ ਐਕਟ ਦੀ ਧਾਰਾ 8-ਡੀ ਤਹਿਤ ਜੇ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਨ੍ਹਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਜਾਪਦਾ ਹੈ ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਸਿਵਲ ਤੇ ਅਪੀਲ) ਨਿਯਮ, 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀਦਾਰ ਬਣਦਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਅਜੇ ਤੱਕ ਐਕਟ ਦੀ ਉਕਤ ਧਾਰਾਂ ਤਹਿਤ ਕੋਈ ਅਧਿਕਾਰੀ ਜਾਂ ਕਮਰਚਾਰੀ ਵਾਰ-ਵਾਰ ਐਕਟ ਦੀ ਉਲੰਘਣਾ ਕਰਦਾ ਨਹੀਂ ਨਿਕਲਿਆ।

ਦੂਜੇ ਪਾਸੇ ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਭਾਸ਼ਾ ਵਿਭਾਗ ਵੱਲੋਂ ਅਜੇ ਤਾਈਂ ਪੁਖਤਾ ਤੌਰ 'ਤੇ ਪੰਜਾਬੀ ਦੀ ਰਾਖੀ ਲਈ ਕੁਝ ਨਹੀਂ ਕੀਤਾ ਗਿਆ। ਪੰਜਾਬੀ ਬਾਰੇ ਵਰਤਮਾਨ ਦੌਰ 'ਚ ਜੋ ਵੀ ਕੁਝ ਕੀਤਾ ਜਾ ਰਿਹਾ ਹੈ, ਉਹ 1967 ਦੇ ਰਾਜ ਭਾਸ਼ਾ ਐਕਟ ਤੋਂ ਭਿੰਨ ਨਹੀਂ ਹੈ। ਸੋਧ ਐਕਟ ਦੇ ਸੰਦਰਭ 'ਚ ਭਾਸ਼ਾ ਵਿਭਾਗ ਕੋਲ ਪੰਜਾਬੀ ਦੀ ਵਰਤੋਂ ਉਤੇ ਬਾਜ਼ ਅੱਖ ਰੱਖਣ ਲਈ ਲੋੜੀਂਦਾ ਸਟਾਫ ਹੀ ਨਹੀ ਹੈ। ਇਸ ਹਾਲਤ 'ਚ ਵਿਭਾਗ ਵੱਲੋਂ ਦਫਤਰਾਂ ਦੀ ਜੋ ਚੈਕਿੰਗ ਕੀਤੀ ਜਾਂਦੀ ਹੈ, ਉਹ ਪਹਿਲਾਂ ਦੀ ਤਰ੍ਹਾਂ ਰੁਟੀਨ ਦਾ ਹਿੱਸਾ ਹੈ।

ਸੋਧੇ ਐਕਟ ਤਹਿਤ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਭਾਸ਼ਾ ਅਫਸਰਾਂ ਦੇ ਸਿਰ 'ਤੇ ਰਾਜ ਭਾਸ਼ਾ ਪੰਜਾਬੀ ਦੀ ਨਿਗਰਾਨੀ ਰੱਖਣ ਦੀ ਅਹਿਮ ਜ਼ਿੰਮੇਵਾਰੀ ਹੈ।ਪਰ ਇਸ ਵੇਲੇ ਪੂਰੇ ਪੰਜਾਬ ਵਿਚ ਸਿਰਫ ਅੱਠ ਜ਼ਿਲ੍ਹਾ ਭਾਸ਼ਾ ਅਫਸਰ ਬਚੇ ਹਨ ਜਦੋਂਕਿ ਬਾਕੀ ਸਾਰੇ ਜ਼ਿਲ੍ਹੇ ਇਨ੍ਹਾਂ ਅਸਾਮੀਆਂ ਤੋਂ ਸੱਖਣੇ ਹਨ। ਭਾਵੇਂ ਵਾਧੂ ਚਾਰਜ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ ਪਰ ਇਹ ਤਰੀਕਾ ਰਾਜ ਭਾਸ਼ਾ ਦੀ ਪੁਖਤਾ ਰਾਖੀ ਲਈ ਨਾਕਾਫੀ ਹੈ।

ਨਵੇਂ ਜ਼ਿਲ੍ਹਿਆਂ ਲਈ ਅਜੇ ਤੱਕ ਜ਼ਿਲ੍ਹਾ ਭਾਸ਼ਾ ਅਫਸਰਾਂ ਦੀਆਂ ਅਸਾਮੀਆਂ ਵੀ ਮਨਜ਼ੂਰ ਨਹੀਂ ਹੋਈਆਂ। ਇਨ੍ਹਾਂ 'ਚ ਮੁਹਾਲੀ, ਤਰਨ ਤਾਰਨ, ਮੋਗਾ, ਬਰਨਾਲਾ, ਮੁਕਤਸਰ, ਪਠਾਨਕੋਟ ਤੇ ਫਾਜ਼ਿਲਕਾ ਸ਼ਾਮਲ ਹਨ। ਭਾਸ਼ਾ ਵਿਭਾਗ ਦੇ ਪੰਜਾਬੀ ਪ੍ਰਤੀ ਚੈਕਿੰਗ ਦੇ ਘੇਰੇ 'ਚ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਸਬੰਧਿਤ 91 ਦਫਤਰ ਸ਼ਾਮਲ ਹਨ। ਹਰ ਮਹੀਨੇ 'ਚ ਹਰੇਕ ਜ਼ਿਲ੍ਹੇ 'ਚ ਘੱਟੋ ਘੱਟ 10 ਜਾਂ 12 ਦਫਤਰਾਂ ਦਾ ਕੰਮ ਪੰਜਾਬੀ ਬਾਬਤ ਚੈੱਕ ਕਰਨਾ ਹੁੰਦਾ ਹੈ। ਜਿਥੇ ਜ਼ਿਲ੍ਹਾ ਭਾਸ਼ਾ ਅਫਸਰਾਂ ਦੀ ਵੱਡੀ ਥੁੜ੍ਹ ਪੰਜਾਬੀ ਪ੍ਰਤੀ ਚੈਕਿੰਗ ਦੇ ਕੰਮ ਨੂੰ ਪ੍ਰਭਾਵਿਤ ਕਰ ਰਹੀ ਹੈ ਉਥੇ ਪੰਜਾਬੀ ਦੀ ਚੜ੍ਹਤ ਨੂੰ ਪਛਾੜ ਵੀ ਰਹੀ ਹੈ। ਵਿਭਾਗ ਦੀ ਡਾਇਰੈਕਟਰ ਬਲਬੀਰ ਕੌਰ ਦਾ ਕਹਿਣਾ ਹੈ ਕਿ ਜੇ ਵਿਭਾਗ ਕੋਲ ਲੋੜੀਂਦਾ ਸਟਾਫ, ਖਾਸ ਕਰਕੇ ਜ਼ਿਲ੍ਹਾ ਭਾਸ਼ਾ ਅਫਸਰਾਂ ਦੀ ਤਾਇਨਾਤੀ ਪੂਰੀ ਹੋਵੇ ਤਾਂ ਰਾਜ ਭਾਸ਼ਾ ਦੀ ਨਿਗਰਾਨੀ ਚੰਗੇਰੇ ਢੰਗ ਨਾਲ ਹੋ ਸਕਦੀ ਹੈ।

# SUPER TRAVEL

847-676-9090, 773-465-5566

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

EARLY BIRD SALE!!!!

India $545
London $250



# ਲੋੜ ਹੈ

ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਕੰਸਟ੍ਰਕਸ਼ਨ ਹੈਲਪਰ ਦੀ ਲੋੜ ਹੈ

ਸੰਪਰਕ ਕਰੋ

661-364-0341


## Matrimonials

### ਵਰ ਦੀ ਲੋੜ ਹੈ

Parents seek Jatt Sikh boy in Medical or IT profession for Jatt Sikh, 27, 5'-7" MBBS girl preparing for USMLE, 1st step cleared. Cont.:Ph. 510-304-9292 or e-mail: jassi@jassigill.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

### ਕੰਨਿਆ ਦੀ ਲੋੜ ਹੈ

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

US/Canadian girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com


# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

- Royal Bazar, San Jose
- Preet Fabric, Fremont
- Sidhartha International, Fremont
- Roshni, Union City
- Kash Fabrics, Hayward
- Maya Fashion, Newark
- LA Merchandise, Yuba City

DESI WORLD RADIO
Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

***Radio CK, PO Box 296, Fremont, CA 94537***



# ਟਰੱਕ ਵਾਸ਼ ਵਿਕਾਊ ਹੈ

ਕੈਲੀਫੋਰਨੀਆ ਦੇ ਨਾਲ ਲੱਗਦੀ ਸਟੇਟ ਐਰੀਜ਼ੋਨਾ ਵਿਚ ਬਹੁਤ ਹੀ ਬਿਜ਼ੀ ਲੋਕੇਸ਼ਨ

TA Truck Stop ਦੇ ਸਾਹਮਣੇ

ਆਈ-10, ਐਗਜ਼ਿਟ 340

Willcox, AZ

ਕੀਮਤ: $455,000

ਸੰਪਰਕ ਕਰੋ:

ਫੋਨ:917-535-1615



*To Advertise with us call: 847-359-0746*






# Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*



# MRP TRAVEL

*Lowest International and Domestic Fares*


ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005

E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates



*Passport & Visa services also available*

SINGAPORE AIRLINES CATHAY PACIFIC Lufthansa KOREAN AIR CHINA AIRLINES



FARMERS INSURANCE GROUP
Symbol of Superior Service

# FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਗੁਰੂ ਰਵਿਦਾਸ ਗੁਰੂ ਘਰ ਦੀ 19ਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸਮਾਗਮ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਸਭਾ ਅਤੇ ਸੰਗਤ ਵਲੋਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ ਦੀ 19ਵੀਂ ਵਰ੍ਹੇਗੰਢ ਇਕ ਵਿਸ਼ੇਸ਼ ਸਮਾਗਮ ਦੇ ਰੂਪ ਵਿਚ ਮਨਾਈ ਗਈ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਾਏ ਗਏ। ਰਾਗੀ ਸਿੰਘਾਂ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਨੇ ਆਰਤੀ ਅਰਾਧਨਾ ਪਿਛੋਂ ਸਮੂਹ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਦਰਸਾਏ ਮਾਰਗ ਉਤੇ ਚੱਲਣ ਦੀ ਪ੍ਰੇਰਨਾ ਕੀਤੀ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵਿੰਦਰ ਪਾਲ ਸਿੰਘ ਅਤੇ ਅਮਰਜੀਤ ਸਿੰਘ ਨੇ "ਐਸੀ ਲਾਲਾ ਤੁਧ ਬਿਨ ਕੌਨ ਕਰੇ" ਅਤੇ ਹੋਰ ਸ਼ਬਦਾਂ ਦੇ ਗਾਇਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਸਾਬਕਾ ਗ੍ਰੰਥੀ ਭਾਈ ਜੋਗਾ ਸਿੰਘ ਦੇ ਜਥੇ ਨੇ ਵੀ ਸ਼ਬਦ ਕੀਰਤਨ ਕੀਤਾ।



ਕੀਰਤਨ ਦੀਵਾਨ ਅਰੰਭ ਹੋਣ ਤੋਂ ਪਹਿਲਾਂ ਨਿਸ਼ਾਨ ਸਾਹਿਬ ਦਾ ਚੋਲਾ ਚੜ੍ਹਾਉਣ ਦੀ ਸੇਵਾ ਗੁਰੂ ਘਰ ਦੇ ਸੇਵਕ ਦਿਲਬਾਗ ਸਿੰਘ ਜੱਸਲ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਗਈ। ਅਖੰਡ ਪਾਠ ਦੀ ਸੇਵਾ ਗੁਰੂ ਘਰ ਦੇ ਨਿਸ਼ਕਾਮ ਸੇਵਕ ਜਸਵਿੰਦਰ ਬੰਗਾ, ਬੀਬੀ ਗੁਰਦੀਪ ਕੌਰ ਬੰਗਾ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਗਈ। ਬੰਗਾ ਪਰਿਵਾਰ ਦਾ ਗੁਰੂ ਘਰ ਦੀ ਤਰਫੋਂ ਸਿਰਪਾਓ ਦੀ ਬਖਸ਼ਿਸ਼ ਨਾਲ ਸਨਮਾਨ ਕੀਤਾ ਗਿਆ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸ਼ੁਰੂ ਕੀਤਾ ਗਿਆ ਵਿਸ਼ੇਸ਼ ਡਾ. ਬੀ ਆਰ ਅੰਬੇਦਕਰ ਐਵਾਰਡ ਸਵਰਗੀ ਲਾਹੌਰੀ ਰਾਮ (ਸਟੇਟ ਕਮਿਸ਼ਨਰ) ਦੇ ਪਰਿਵਾਰ, ਉਨ੍ਹਾਂ ਦੀ ਪਤਨੀ ਪ੍ਰੀਤਮ ਕੌਰ, ਪੁੱਤਰ ਜਗਦੇਵ ਰਾਮ, ਅਜੇਪਾਲ ਰਾਮ ਅਤੇ ਪੁਤਰੀ ਜਗਦੀਸ਼ ਕੌਰ ਨੂੰ ਉਨ੍ਹਾਂ ਵਲੋਂ ਕੀਤੀ ਭਾਈਚਾਰਕ ਸੇਵਾ ਬਦਲੇ ਦਿੱਤਾ ਗਿਆ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ੍ਰੀ ਜਗਦੇਵ ਰਾਮ ਅਤੇ ਅਜੇ ਪਾਲ ਰਾਮ ਨੇ ਆਪਣੇ ਪਿਤਾ ਸਵਰਗੀ ਲਾਹੌਰੀ ਰਾਮ ਦੇ ਦੱਸੇ ਮਾਰਗ 'ਤੇ ਚੱਲਦੇ ਹੋਏ ਭਾਈਚਾਰਕ ਕੰਮਾਂ ਵਿਚ ਅੱਗੋਂ ਵੀ ਯੋਗਦਾਨ ਪਾਉਂਦੇ ਰਹਿਣ ਦਾ ਵਾਅਦਾ ਕੀਤਾ।





ਪ੍ਰਬੰਧਕ ਕਮੇਟੀ ਵਲੋਂ ਇਕ ਹੋਰ ਵਿਸ਼ੇਸ਼ ਸਨਮਾਨ ਪੰਜਾਬ ਟਾਈਮਜ਼ ਦੇ ਕਾਲਮਨਵੀਸ ਅਤੇ ਉਘੇ ਪੱਤਰਕਾਰ ਐਸ. ਅਸ਼ੋਕ ਭੌਰਾ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਪੱਤਰਕਾਰ ਸਤਨਾਮ ਸਿੰਘ ਖਾਲਸਾ, ਸਤਨਾਮ ਸਿੰਘ ਚਾਹਲ, ਜਗਦੇਵ ਸਿੰਘ ਭੰਡਾਲ, ਹੁਸਨ ਲੜੋਆ ਬੰਗਾ, ਨਰਿੰਦਰਪਾਲ ਸਿੰਘ ਹੁੰਦਲ, ਪ੍ਰੇਮ ਕੁਮਾਰ ਚੁੰਬਰ ਅਤੇ ਸੋਨੂ ਅੰਬੇਦਕਰ ਦਾ ਸਨਮਾਨ ਕੀਤਾ ਗਿਆ। ਸਾਹਿਤਕ ਖੇਤਰ ਵਿਚ ਘਾਲਣਾ ਲਈ ਗੀਤਕਾਰ ਮੱਖਣ ਲੁਹਾਰ, ਅਜੀਤ ਰਾਮ ਬੰਗੜ, ਜਸਵੰਤ ਸ਼ੀਮਾਰ, ਕਮਲ ਬੰਗਾ, ਰਾਜ ਸੂਦ ਅਤੇ ਜੀਵਨ ਰੱਤੂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸਾਂਝੀਵਾਲਤਾ ਅਤੇ ਭਾਈਚਾਰਕ ਸੇਵਾਵਾਂ ਦਾ ਸੁਨੇਹਾ ਦੇਣ ਵਾਲੇ ਸੱਜਣਾਂ ਦੇਸ ਰਾਜ ਬੰਗੜ, ਮਦਨ ਕੈਲੇ (ਲਾਸ ਵੇਗਸ), ਮੋਹਣ ਰਾਮ ਪਾਲ, ਵਿਨੋਦ ਚੁੰਬਰ, ਪਲਵਿੰਦਰ ਮਾਹੀ, ਭਜਨ ਸਿੰਘ ਭਿੰਡਰ, ਕਸ਼ਮੀਰ ਸਿੰਘ ਹੀਰਾ, ਗੁਰਦਿਆਲ ਸਿੰਘ ਰੱਲ੍ਹ, ਰਾਮ ਗੋਪਾਲ ਭਾਟੀਆ, ਬਲਦੇਵ ਸੁੰਮਨ ਅਤੇ ਡਾ. ਜਸਵੀਰ ਸਿੰਘ ਕੰਗ ਦਾ ਸਨਮਾਨ ਵੀ ਕੀਤਾ ਗਿਆ।







ਪੰਜਾਬੀ ਗਾਇਕ ਸੁਖਦੇਵ ਸਾਹਿਲ ਅਤੇ ਜੇ ਐਸ ਚੰਦਨ ਨੇ ਧਾਰਮਕ ਗੀਤਾਂ ਅਤੇ ਗੁਰਬਾਣੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਦੋਹਾਂ ਗਾਇਕਾਂ ਦਾ ਗੁਰੂ ਘਰ ਵਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਭਾਈ ਸੀਤਲ ਸਿੰਘ ਕੈਂਥ ਦਾ ਗੁਰੂ ਘਰ ਦੀ 17 ਸਾਲ ਸੇਵਾ ਕਰਨ ਬਦਲੇ ਸਨਮਾਨ ਕੀਤਾ ਗਿਆ। ਗੁਰੂ ਘਰ ਦੇ ਹੋਰ ਸੇਵਾਦਾਰਾਂ ਸੋਨੂ ਚੱਠਾ (ਚੱਠਾ ਵੀਡੀਓ), ਅਵਤਾਰ ਜੱਗੀ, ਪ੍ਰੇਮ ਸਾਗਰ, ਦਿਲਬਾਗ ਜੱਸਲ, ਸੇਵਕ ਦਾਸ ਅਤੇ ਪੜ੍ਹਾਈ ਵਿਚ ਮੱਲਾਂ ਮਾਰਨ ਲਈ ਸੁਖਬੀਰ ਜੱਸੀ ਦਾ ਵੀ ਮਾਣ ਸਨਮਾਨ ਕੀਤਾ ਗਿਆ। ਗੁਰੂ ਘਰ ਦੇ ਪ੍ਰਧਾਨ ਸਤੀਸ਼ ਕੁਮਾਰ ਰੱਲ੍ਹ ਨੇ ਸੰਗਤਾਂ ਨੂੰ ਗੁਰੂ ਘਰ ਦੀ 19ਵੀਂ ਵਰ੍ਹੇਗੰਢ ਉਤੇ ਵਧਾਈ ਦਿੱਤੀ। ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਰਮੇਸ਼ ਬੰਗੜ ਦਾ ਵੀ ਸਨਮਾਨ ਕੀਤਾ ਗਿਆ।

ਇਸ ਮੌਕੇ ਗੁਰੂ ਘਰ ਦੀ ਇਮਾਰਤ ਲਈ ਕੀਤੇ ਗਏ ਫੰਡ ਰੇਜ਼ਰ ਦੌਰਾਨ ਸ੍ਰੀ ਜੱਸੀ ਬੰਗਾ ਨੇ 3100 ਡਾਲਰ, ਕਸ਼ਮੀਰ ਸਿੰਘ ਹੀਰਾ ਨੇ 1100, ਅਵਤਾਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੇ 10,000 ਡਾਲਰ, ਦਿਲਬਾਗ ਜੱਸਲ ਨੇ 5100 ਡਾਲਰ, ਕੁਲਵੰਤ ਸਿੰਘ ਵਿਰਕ ਨੇ 1100 ਡਾਲਰ, ਬਲਵੀਰ ਵਿਰਕ ਨੇ 1100 ਡਾਲਰ, ਦਰਸ਼ਨ ਵਿਰਕ ਨੇ 201 ਡਾਲਰ, ਜਸਵਿੰਦਰ ਮਹਾਜਨ ਨੇ 501 ਡਾਲਰ ਭੇਟ ਕੀਤੇ। ਹੋਰ ਬਹੁਤ ਸਾਰੀਆਂ ਸੰਗਤਾਂ ਨੇ ਮਾਇਆ ਭੇਟ ਕੀਤੀ।




## Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



## ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...


Transfer existing CC processing to us for **lower rates**.

***99% approved same day.*** We specialize in high risk businesses.

**ATMs – TRANAX/TRITON/WRG**, starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: **773-416-8526**
or 773-935-VISA, SagarATM@yahoo.com

**www.GoldCoastATM.com**

**FREE**
CREDIT CARD
TERMINAL!



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

## ਜਸਪ੍ਰੀਤ ਸਿੰਘ
## ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

## *Law Offices Of Jaspreet Singh*

| | | |
|---|---|---|
| *4491 W. Shaw Ave.,<br>Suite 300 B<br>(Near Costco)<br>Fresno, CA 93722<br>Ph: 559-271-5511* | *44790 S. Grimmer<br>Blvd. #204<br>Fremont CA-94538<br>Ph:510-657-6444<br>Fax: 510-657-6443* | *2945 W. Capitol Ave,<br>Sacramento CA-95691<br>Ph: 916-372-4448<br>Fax: 916-372-4440* |

# ਸਰਕਾਰੀ ਪੇੜੇ 'ਤੇ ਲੱਗੀਆਂ ਰਾਮ ਗਊਆਂ ਮਾਨ ਸਾਹਿਬ ਦਾ ਕੀ ਵਿਗਾੜਨਗੀਆਂ?

ਪੰਜਾਬੀ ਕਹਾਵਤ ਹੈ, "ਆਪੇ ਫਾਥੜੀਏ ਤੈਨੂੰ ਕੌਣ ਛਡਾਵੇ।" ਇਹ ਮੁਹਾਵਰਾ ਉਸ ਮੱਕੜੀ ਜਾਲ ਵੱਲ ਇਸ਼ਾਰਾ ਕਰਦਾ ਹੈ, ਜੋ ਉਹ ਆਪ ਬੁਣਦੀ ਹੈ ਅਤੇ ਫਿਰ ਆਪ ਹੀ ਉਸ ਵਿਚ ਉਲਝ ਕੇ ਉਸ ਦਾ ਸ਼ਿਕਾਰ ਹੋ ਜਾਂਦੀ ਹੈ। ਕੁਝ ਇਸੇ ਤਰ੍ਹਾਂ ਦੇ ਵਿਸ਼ੇ ਨੂੰ ਲੈ ਕੇ ਅਸੀਂ ਪਾਠਕਾਂ ਦਾ ਧਿਆਨ ਜਸਜੀਤ ਸਿੰਘ ਉਰਫ ਚੇਲੇ ਜਿਹੇ ਖਾਲਿਸਤਾਨੀ ਲਹਿਰ ਦੇ ਬੁਰਕੇ ਹੇਠ ਛਿਪੇ ਉਨ੍ਹਾਂ ਚਿਹਰਿਆਂ ਨੂੰ ਨੰਗਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਿਨ੍ਹਾਂ ਲਗਭਗ 25 ਸਾਲ ਕੌਮ ਦਾ ਰੱਜ ਕੇ ਲਹੂ ਪੀਤਾ ਅਤੇ 50,000 ਦੇ ਕਰੀਬ ਸਿੱਖ ਨੌਜਵਾਨਾਂ ਦੇ ਕਤਲ ਦਾ ਕਾਰਨ ਬਣੇ। ਇਹ ਉਹੀ ਲੋਕ ਹਨ ਜਿਨ੍ਹਾਂ ਦੀਆਂ ਆਪਣੀਆਂ ਹੀ ਲਿਖਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਉਹ ਐਡੇ ਵੱਡੇ ਗੁਨਾਹ ਨੂੰ ਮਾਮੂਲੀ ਭੁੱਲ ਕਹਿ ਕੇ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕਰਦੇ ਆ ਰਹੇ ਹਨ ਪਰ ਅਸੀਂ ਪਾਠਕਾਂ ਨੂੰ ਦੱਸਣਾ ਚਾਹਾਂਗੇ ਕਿ ਇਨ੍ਹਾਂ ਲੋਕਾਂ ਨੇ ਕੌਮ ਨਾਲ ਕਮਾਏ ਧ੍ਰੋਹ, ਜਿਸ ਕਾਰਨ ਅੱਧਿਓਂ ਵੱਧ ਸਿੱਖ ਕੌਮ ਥਾਣਿਆਂ, ਜੇਲ੍ਹਾਂ ਅਤੇ ਤਸੀਹਾ ਕੇਂਦਰਾਂ ਵਿਚ ਜ਼ਿਬਾਹ ਕੀਤੀ ਗਈ, ਲਈ ਇੱਕ ਵਾਰ ਵੀ ਮੁਆਫੀ ਮੰਗਣ ਦੀ ਲੋੜ ਮਹਿਸੂਸ ਨਹੀਂ ਕੀਤੀ।

ਪਿਛਲੇ 5 ਹਫਤਿਆਂ ਤੋਂ ਅਖਬਾਰ ਅੰਮ੍ਰਿਤਸਰ ਟਾਈਮਜ਼ ਵਿਚ ਜਸਜੀਤ ਸਿੰਘ ਦੇ ਨਾਂ ਹੇਠ ਛਪ ਰਹੇ ਵੱਖੋ ਵੱਖਰੇ ਸਿਰਲੇਖ ਵਾਲੇ ਲੇਖਾਂ ਵਿਚਲੇ ਕੂੜ ਪ੍ਰਚਾਰ ਦਾ ਭਾਂਡਾ ਚੌਰਾਹੇ ਵਿਚ ਭੰਨਣ ਲਈ ਸਾਨੂੰ ਇਹ ਕਦਮ ਉਠਾਉਣਾ ਪਿਆ ਹੈ। ਪਿਛਲੇ 17 ਸਾਲਾਂ ਤੋਂ ਆਪਣੀ ਛਾਤੀ ਵਿਚ ਦੱਬੀਆਂ ਪਈਆਂ ਕੌਮ ਦੀਆਂ ਉਨ੍ਹਾਂ ਤ੍ਰਾਸਦੀਆਂ ਨੂੰ ਨਸ਼ਰ ਕਰਨ ਤੋਂ ਇਸ ਕਰਕੇ ਅਸੀਂ ਟਾਲਾ ਵੱਟੀ ਰੱਖਿਆ ਕਿ ਜਿਸ ਕੌਮ ਦੇ ਡੇਢ ਲੱਖ ਤੋਂ ਵੱਧ ਹੀਰੇ ਸੰਘਰਸ਼ ਦੀ ਭੇਂਟ ਚੜ੍ਹੇ ਹੋਣ ਅਤੇ ਬਹੁਤ ਵੱਡਾ ਹਿੱਸਾ ਅੱਜ ਵੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿਚ ਸੰਤਾਪ ਭੋਗ ਰਿਹਾ ਹੋਵੇ, ਖਾਲਿਸਤਾਨੀ ਬੁਰਕਾ ਪਾਈ ਬੈਠੇ ਪੰਥ ਨਾਲ ਧ੍ਰੋਹ ਕਮਾਉਣ ਵਾਲੇ ਇਨ੍ਹਾਂ ਲੋਕਾਂ ਦੀਆਂ ਕਹਾਣੀਆਂ ਅੱਲ੍ਹੇ ਜ਼ਖਮਾਂ ਨੂੰ ਕਿਧਰੇ ਨਾਸੂਰ ਨਾ ਬਣਾ ਦੇਣ।

ਪਰ "ਉਲਟਾ ਚੋਰ ਕੋਤਵਾਲ ਕੋ ਡਾਂਟੇ" ਵਾਲੀ ਗੱਲ ਤਰ੍ਹਾਂ ਇਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਲੱਗਦਾ ਹੈ, "ਸਰਮ ਧਰਮ ਦੋਇ ਛੁਪ ਖਲੋਏ ਕੂੜ ਫਿਰੇ ਪ੍ਰਧਾਨ ਵੇ ਲਾਲੋ"। ਜਿਨ੍ਹਾਂ ਨੂੰ ਆਪਣੀਆਂ ਮਾੜੀਆਂ ਕਰਤੂਤਾਂ ਕਰਕੇ ਆਪਣਾ ਮੂੰਹ ਛੁਪਾਈ ਰੱਖਣਾ ਚਾਹੀਦਾ ਸੀ, ਉਹ ਦਸ ਨੰਬਰੀਆਂ ਵਾਂਗ ਬੁੱਕਦੇ ਫਿਰਦੇ ਹਨ, ਜਿਨ੍ਹਾਂ ਦੀਆਂ ਬੇਵਫਾਈ, ਯਾਰ-ਮਾਰ ਅਤੇ ਭਰਾ ਮਾਰ, ਇਥੋਂ ਤੱਕ ਕਿ ਆਪਣੇ ਪਰਿਵਾਰਾਂ ਨਾਲ ਜ਼ਬਰਜ਼ਿਨਾਹ ਦੀਆਂ ਕਹਾਣੀਆਂ ਅਸੀਂ ਦੇਸ਼-ਵਿਦੇਸ਼ ਵਿਚ ਸੁਣਦੇ ਆ ਰਹੇ ਹਾਂ ਅਤੇ ਕੌਮੀ ਸੰਘਰਸ਼ ਨੂੰ ਅੱਗੇ ਤੋਰਨ ਲਈ ਇਨ੍ਹਾਂ ਦੀਆਂ ਕਾਲੀਆਂ ਤੇ ਨਾਬਖਸ਼ਣਯੋਗ ਕਰਤੂਤਾਂ ਨੂੰ ਵੀ ਸਰਕਾਰੀ ਕੈਟਾਂ ਗਲ ਮੜ੍ਹਦੇ ਰਹੇ ਹਾਂ, ਉਨ੍ਹਾਂ ਦੇ ਅਜੋਕੇ ਦਮਗਜੇ ਸੁਣ ਕੇ ਅੱਜ ਆਪਣੇ ਆਪ 'ਤੇ ਵੀ ਅਫਸੋਸ ਹੁੰਦਾ ਹੈ ਕਿ ਇਨ੍ਹਾਂ ਸੱਪਾਂ ਨੂੰ ਦੁੱਧ ਪਿਲਾਉਣ ਵਿਚ ਅਸੀਂ ਵੀ ਗੁਨਾਹਗਾਰ ਹਾਂ। ਅਸੀਂ ਮਹਿਸੂਸ ਕਰਦੇ ਹਾਂ ਕਿ ਇਨ੍ਹਾਂ ਸੱਪਾਂ ਦੀਆਂ ਸਿਰੀਆਂ ਮਿੱਧਣ ਦੀ ਜ਼ਿੰਮੇਵਾਰੀ ਵੀ ਹੁਣ ਸਾਡੀ ਹੀ ਹੈ। ਬਹੁਤ ਸਾਰੇ ਵੀਰਾਂ ਨੇ ਮੱਤ ਦਿੱਤੀ ਕਿ ਆਜ਼ਾਦੀ ਦੇ ਸੰਘਰਸ਼ ਵਿਚ ਨਾ ਚਾਹੁੰਦੇ ਹੋਏ ਵੀ ਬਹੁਤ ਕੁਝ ਜ਼ਰਨਾ ਪੈਂਦਾ ਹੈ। ਇਸ ਮੱਤ ਅਤੇ ਇਸ ਵਿਚਾਰ ਨਾਲ ਕਿ ਕਦੇ ਤਾਂ ਸੱਚਾਈ ਉਪਰ ਆਏਗੀ ਹੀ, ਅਸੀਂ ਚੁੱਪ ਧਾਰੀ ਰੱਖੀ। ਇਹੋ ਸੋਚ ਕੇ ਕਿ ਕੌਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਵਾਲਿਆਂ ਦਾ ਬੀਜ ਨਾਸ ਹੋਵੇਗਾ, ਗੁਰੂ ਦੀ ਕਲਾ ਦੀ ਉਡੀਕ ਕਰਦਿਆਂ ਅੱਜ ਦਾ ਇਹ ਸਮਾਂ ਆ ਗਿਆ ਕਿ ਜਿਨ੍ਹਾਂ ਨੇ ਸਾਡੇ ਪੁੱਤ, ਭਰਾ ਅਤੇ ਪਿਓ ਸ਼ਹੀਦ ਕਰਵਾਏ ਅਤੇ ਉਨ੍ਹਾਂ ਦਾ ਰੱਜ ਕੇ ਮੁੱਲ ਵੱਟਿਆ, 20 ਕਿੱਲਿਆਂ ਤੋਂ 200 ਕਿੱਲਿਆਂ ਦੇ ਮਾਲਕ ਹੋ ਗਏ, ਉਹੀ ਲੋਕ ਅੱਜ ਉਨ੍ਹਾਂ ਲੋਕਾਂ 'ਤੇ ਇਲਜ਼ਾਮ ਲਾ ਰਹੇ ਹਨ ਜਿਨ੍ਹਾਂ ਦੇ 20,000 ਤੋਂ 200 ਕਿੱਲੇ ਰਹਿ ਗਏ ਹਨ।

ਜਿਹੜੇ ਲੋਕਾਂ ਦਾ ਆਪਣਾ ਦਾਮਨ ਬੇਹੱਦ ਗਲੀਜ਼ ਹੈ, ਉਨ੍ਹਾਂ ਹੀ ਲੋਕਾਂ ਵਲੋਂ ਸਰਦਾਰ ਸਿਮਰਨਜੀਤ ਸਿੰਘ ਮਾਨ ਉਤੇ ਵਿਦੇਸ਼ਾਂ ਵਿਚੋਂ ਪੈਸਾ ਇਕੱਠਾ ਕਰਨ ਦੇ ਦੋਸ਼ ਲਾਏ ਜਾ ਰਹੇ ਹਨ ਅਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ ਕਿ ਉਹ ਆਪਣੀ ਜ਼ਾਇਦਾਦ ਦਾ ਵੇਰਵਾ ਦੇਣ!

ਕੁਝ ਲੋਕਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਜਸਜੀਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਸਰਕਾਰੀ ਏਜੰਸੀਆਂ ਤੋਂ ਵੱਡੇ ਗੱਫੇ ਮਿਲੇ ਹਨ, ਉਸ ਦਾ ਮੁੱਲ ਤਾਰਨ ਲਈ ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਕੋਈ ਹੋਰ ਕਹਿ ਰਿਹਾ ਹੈ ਕਿ ਕਰਮਜੀਤ ਸਿੰਘ ਉਤੇ ਬੇਹੱਦ ਸਰਕਾਰੀ ਤਸ਼ੱਦਦ ਹੋਇਆ ਹੈ ਜਿਸ ਕਰਕੇ ਉਸ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ।

ਇਨ੍ਹਾਂ ਲੋਕਾਂ ਵੱਲੋਂ ਸ. ਸਿਮਰਨਜੀਤ ਸਿੰਘ ਮਾਨ ਬਾਰੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਉਨ੍ਹਾਂ (ਸ. ਮਾਨ) ਨੇ ਇਨ੍ਹਾਂ ਨੂੰ ਕਾਲੀਆਂ ਬਿੱਲੀਆਂ ਕਿਹਾ ਹੈ। ਅਸੀਂ ਅਗਲੇ ਦਿਨਾਂ ਵਿਚ ਪਿਛਲੇ 20 ਸਾਲ ਵਿਚ ਇਨ੍ਹਾਂ ਵੱਲੋਂ ਭੇਖ ਬਦਲ ਕੇ ਕੀਤੇ ਗਏ ਫੈਸਲਿਆਂ ਅਤੇ ਧੱਕੇਸ਼ਾਹੀਆਂ, ਭਰਾ-ਮਾਰੂ ਜੰਗ ਅਤੇ ਕੌਮੀ ਕਾਜ਼ ਦੇ ਨਾਮ ਹੇਠ ਕੀਤੀਆਂ ਲੁੱਟਾਂ ਦਾ ਹਿਸਾਬ ਮੰਗਣ ਲਈ ਕੌਮ ਨੂੰ ਜਾਗ੍ਰਿਤ ਕਰਾਂਗੇ।

ਕਈ ਵੀਰਾਂ ਨੂੰ ਚਿੰਤਾ ਹੈ ਕਿ ਜਸਜੀਤ ਸਿੰਘ ਚੇਲਾ, ਜੋ ਬਹੁਤ ਵੱਡਾ ਦਾਰਸ਼ਨਿਕ ਬਣ ਕੇ ਉਭਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦੀਆਂ ਨੌਂ ਇੰਦਰੀਆਂ ਵਿਚੋਂ ਗੰਦ ਤੋਂ ਇਲਾਵਾ ਕੁਝ ਬਾਹਰ ਨਹੀਂ ਆ ਰਿਹਾ, ਉਸ ਨੂੰ ਜਵਾਬ ਕਿਉਂ ਨਹੀਂ ਦਿੱਤਾ ਜਾ ਰਿਹਾ? ਮੈਂ ਕੌਮ ਦੇ ਉਨ੍ਹਾਂ ਸੁਹਿਰਦ ਵੀਰਾਂ, ਜੋ ਕਿਸੇ ਵੀ ਢੰਗ ਨਾਲ ਕਿਸੇ ਵੀ ਪਾਰਟੀ ਜਾਂ ਜਥੇਬੰਦੀ ਵਿਚ ਕੰਮ ਕਰਦੇ ਹੋਣ ਪਰ ਨਿਸ਼ਾਨਾ ਕੌਮ ਦੀ ਅਜ਼ਾਦੀ ਤੇ ਸਿੱਖਾਂ ਨਾਲ ਹੋਏ ਧੱਕੇ ਦਾ ਬਦਲਾ ਲੈਣਾ ਹੋਵੇ, ਦਾ ਮਨੋ ਸਤਿਕਾਰ ਕਰਦਾ ਰਿਹਾ ਹਾਂ ਅਤੇ ਕਰਦਾ ਹਾਂ। ਕੌਮ ਦੀ ਖਾਤਰ ਜਾਨਾਂ ਵਾਰਨ ਵਾਲੇ ਅਤੇ ਅੱਜ ਵੀ ਜੇਲ੍ਹਾਂ ਵਿਚ ਤਸੀਹੇ ਝੱਲ ਰਹੇ ਵੀਰਾਂ ਪ੍ਰਤੀ ਮੇਰੇ ਮਨ ਵਿਚ ਸਤਿਕਾਰ ਹੀ ਨਹੀਂ ਮੈਂ ਉਨ੍ਹਾਂ ਦੀ ਮਦਦ ਲਈ ਵੀ ਤਿਆਰ ਰਿਹਾ ਹਾਂ ਅਤੇ ਅੱਜ ਵੀ ਹਾਂ। ਜਿਸ ਦਿਨ ਤੋਂ ਜਸਜੀਤ ਸਿੰਘ ਉਰਫ "ਚੇਲਾ" ਨੇ ਆਪਣੇ ਨਾਂ ਹੇਠ ਸਿਧਾਂਤਕ ਬਹਿਸ ਦੇ ਬਹਾਨੇ ਹੇਠ ਆਪਣੇ ਅਖਬਾਰ "ਅੰਮ੍ਰਿਤਸਰ ਟਾਈਮਜ਼" ਵਿਚ ਸ. ਸਿਮਰਨਜੀਤ ਸਿੰਘ ਮਾਨ ਪ੍ਰਤੀ ਆਪਣੀ ਨੀਚ ਭਾਵਨਾ ਦਰਸਾਉਂਦਿਆਂ, ਭੈੜੀ ਸ਼ਬਦਾਵਲੀ ਵਿਚ ਆਪਣੀ ਨਫਰਤ ਦਾ ਇਜ਼ਹਾਰ ਕਰਨਾ ਸ਼ੁਰੂ ਕੀਤਾ ਸੀ, ਮੈਂ ਕੋਸ਼ਿਸ਼ ਕਰ ਰਿਹਾ ਸੀ ਕਿ ਸਰਕਾਰੀ ਏਜੰਸੀਆਂ ਦੀ ਇਸ ਪਹੁੰਚ ਨੂੰ ਬਿਨਾ ਪੰਥ ਦਾ ਨੁਕਸਾਨ ਹੋਏ ਠੱਲ੍ਹ ਪਾਈ ਜਾ ਸਕੇ, ਪਰ ਬਦਕਿਸਮਤੀ ਨਾਲ ਉਨ੍ਹਾਂ ਸਾਰੇ ਅਖਾਉਤੀ ਪੰਥ ਦਰਦੀਆਂ ਨੇ ਫੋਨ ਉਪਰ ਤਾਂ ਇਸ ਨੂੰ ਸਰਕਾਰੀ ਕੈਟ ਅਤੇ ਗੱਦਾਰ ਵਰਗੇ ਖਿਤਾਬਾਂ ਨਾਲ ਨਿਵਾਜ਼ਿਆ ਪਰ ਕਿਸੇ ਨੇ ਵੀ ਮੀਡੀਏ ਰਾਹੀਂ ਇਸ ਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਨਹੀਂ ਕੀਤੀ।

ਇਥੇ ਇਹ ਵੀ ਕਹਿਣ ਦਾ ਹੱਕ ਜਤਾਉਂਦਾ ਹਾਂ ਕਿ ਕੌਮ ਦੇ ਮਹਾਨ ਸਪੂਤ ਹਰਪਾਲ ਸਿੰਘ ਚੀਮਾ, ਜਿਨ੍ਹਾਂ ਨੇ ਨਾ ਕਦੇ ਆਪਣੀ ਅਕਲ ਤੋਂ ਕੰਮ ਲਿਆ ਅਤੇ ਨਾ ਕਿਸੇ ਅਕਲਮੰਦ ਦੀ ਸਲਾਹ ਲੈਣੀ ਜਾਂ ਮੰਨਣੀ ਜ਼ਰੂਰੀ ਸਮਝੀ, ਵੱਲੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚੋਂ ਕੱਢੇ ਗਏ ਦਲਜੀਤ ਸਿੰਘ ਅਤੇ ਉਸ ਦੇ ਸਾਥੀਆਂ ਨਾਲ ਹੇਜ਼ ਜਤਾਉਣ ਲਈ ਅਖਬਾਰੀ ਬਿਆਨਬਾਜ਼ੀ ਕੀਤੀ ਗਈ ਜਿਸ ਦੇ ਜਵਾਬ ਵਿਚ ਮੈਂ ਵੀ ਚਾਰ ਲਾਈਨਾਂ ਲਿਖ ਕੇ ਅਖਬਾਰ ਨੂੰ ਭੇਜੀਆਂ ਜਿਨ੍ਹਾਂ ਨੇ ਸਾਰੀ ਸਿੱਖ ਯੂਥ ਆਫ ਅਮਰੀਕਾ ਦੇ ਪੈਰਾਂ ਹੇਠ ਭਾਂਬੜ ਬਾਲ ਦਿੱਤੇ।

ਲਗਭਗ ਤਿੰਨ ਸਾਲ ਮੈਂ ਕੋਈ ਸਵਾਲ ਨਹੀਂ ਕੀਤਾ ਪਰ ਅੱਜ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਥੇਬੰਦੀ ਵਿਚ ਇਹ ਮਤਾ ਕਈ ਵਾਰ ਪਾਸ ਕੀਤਾ ਗਿਆ ਕਿ ਜਿਹੜਾ ਵੀ ਵਿਅਕਤੀ ਜਾਂ ਜਥੇਬੰਦੀ ਖਾਲਿਸਤਾਨ ਦੀ ਗੱਲ ਕਰੇਗਾ, ਅਸੀਂ ਉਸ ਦੀ ਮਦਦ ਕਰਾਂਗੇ, ਭਲਾ ਉਸ ਮਤੇ ਦਾ ਕੀ ਬਣਿਆ? ਕੀ ਇਨ੍ਹਾਂ ਨੂੰ ਅਜੇ ਇਸ ਗੱਲ ਦਾ ਭੁਲੇਖਾ ਹੈ ਕਿ ਪੰਜਾਬ ਜਾਂ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿਚ ਕਿਹੜੀ ਪਾਰਟੀ ਹੈ ਜੋ ਖਾਲਿਸਤਾਨ ਦੀ ਗੱਲ ਕਰ ਰਹੀ ਹੈ? ਮਦਦ ਦੀ ਗੱਲ ਤਾਂ ਇੱਕ ਪਾਸੇ ਉਹ ਯੋਧਾ ਜਿਸ ਨੇ 27 ਸਾਲ ਲਗਾਤਾਰ ਹਰ ਤਰ੍ਹਾਂ ਦਾ ਤਸ਼ੱਦਦ ਅਤੇ ਸੰਤਾਪ ਆਪਣੇ ਮਨ ਅਤੇ ਤਨ ਉਤੇ ਹੰਢਾਇਆ ਹੈ, ਜਿਸ ਦਾ ਲਾਹਾ ਅੱਜ ਲੱਖਾਂ ਸਿੱਖ ਪਰਿਵਾਰ ਵਿਦੇਸ਼ਾਂ ਵਿਚ ਲੈ ਰਹੇ ਹਨ, ਅੱਜ ਵੀ ਦ੍ਰਿੜਤਾ ਨਾਲ ਆਪਣੀ ਗੱਲ 'ਤੇ ਕਾਇਮ ਹੈ, ਬਾਰੇ ਸਿੱਖ ਯੂਥ ਆਫ ਅਮਰੀਕਾ ਦਾ ਹੀ ਇਕ ਸਿਰਕਰਦਾ ਮੈਂਬਰ ਗੰਦੀ ਸ਼ਬਦਾਵਲੀ ਵਿਚ ਝੂਠ ਦਾ ਪ੍ਰਚਾਰ ਲਗਾਤਾਰ ਕਰ ਰਿਹਾ ਹੈ ਅਤੇ ਸਾਰੀ ਜਥੇਬੰਦੀ ਮੂਕ ਦਰਸ਼ਕ ਬਣ ਕੇ ਦੇਖ ਰਹੀ ਹੈ, ਕੀ ਇਹ ਸਮਝ ਲਿਆ ਜਾਵੇ ਕਿ ਇਹ ਜਥੇਬੰਦੀ ਨਾਮਰਦਾਂ ਦੀ ਭੀੜ ਬਣ ਕੇ ਰਹਿ ਗਈ ਹੈ ਜਾਂ ਕੋਈ ਜੀਅ ਹੈ ਜਿਸ ਦੇ ਪੱਲੇ ਅੱਜ ਵੀ ਅਣਖ ਬਾਕੀ ਹੈ?

ਮੈਂ ਦੋ ਸਾਲ ਦੀ ਲੰਮੀ ਵਿਚਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਕੰਮ ਕਰਨ ਦਾ ਫੈਸਲਾ ਲਿਆ ਹੈ ਤੇ ਪਿਛਲੇ ਇੱਕ ਸਾਲ ਤੋਂ ਪੰਥਕ ਜਥੇਬੰਦੀਆਂ ਵਿਚਾਲੇ ਚੱਲ ਰਹੀ ਕੁੜਿੱਤਣ ਨੂੰ ਖਤਮ ਕਰਨ ਲਈ ਪੂਰੀ ਤਨਦੇਹੀ ਨਾਲ ਕੋਸ਼ਿਸ਼ ਕੀਤੀ ਹੈ ਅਤੇ ਕਿਸੇ ਹੱਦ ਤੱਕ ਸਫਲ ਵੀ ਹੋਇਆ ਹਾਂ। ਇਸ ਗੱਲ ਬਾਰੇ ਡਾ. ਅਮਰਜੀਤ ਸਿੰਘ ਅਤੇ ਸਿੱਖ ਕੌਮ ਦੇ ਹੋਰ ਵੀ ਸੀਨੀਅਰ ਆਗੂਆਂ ਨੂੰ ਜਾਣਕਾਰੀ ਹੈ। ਫਿਰ ਉਹ ਕਿਹੜੀ ਸਰਕਾਰੀ ਸ਼ਕਤੀ ਹੈ ਜੋ ਕੌਮ ਦਾ ਨੁਕਸਾਨ ਕਰਨ ਲਈ ਆਪਣੇ ਫਰਜ਼ਾਂ ਦੀ ਪੂਰਤੀ ਕਰ ਰਹੀ ਹੈ? ਇਸ ਦਾ ਖੁਲਾਸਾ ਵੀ ਜ਼ਰੂਰ ਕਰਾਂਗੇ। ਇਸ ਵੇਲੇ ਜੋ ਲੜਾਈ ਸ਼ੁਰੂ ਕੀਤੀ ਗਈ ਹੈ, ਸਿੱਖ ਕੌਮ ਸਿਰਫ ਆਪਣੀ ਹੋਂਦ ਨੂੰ ਬਚਾਉਣ ਲਈ ਲੜ ਰਹੀ ਹੈ। ਅਖਬਾਰ ਅੰਮ੍ਰਿਤਸਰ ਟਾਈਮਜ਼, ਇਸ ਦਾ ਸੰਪਾਦਕ ਅਤੇ ਮਾਲਕ ਕਾਂਗਰਸ ਨਾਲ ਭਾਈਵਾਲੀ ਵੀ ਜਤਾਉਂਦੇ ਰਹੇ ਹਨ ਅਤੇ ਸ. ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਬੀ.ਜੇ.ਪੀ. ਦੇ ਮਨੋਰੰਜਨ ਕਾਲੀਆ ਦੇ ਹੱਥਾਂ ਵਿਚ ਅਖਬਾਰਾਂ ਫੜਾ ਕੇ ਆਪਣੀ ਆਰ.ਐਸ.ਐਸ. ਨਾਲ ਵਫਾਦਾਰੀ ਵੀ ਜੱਗ ਜ਼ਾਹਰ ਕਰਦੇ ਰਹੇ ਹਨ। ਇਹ ਵਫਾਦਾਰੀ ਕਦੇ ਰੁਲਦਾ ਸਿੰਘ ਦੇ ਪਰਦੇ ਹੇਠ ਵੀ ਸ਼ੁਰੂ ਕੀਤੀ ਗਈ ਸੀ। ਉਸ ਨਾਲ ਮੁਲਾਕਾਤਾਂ ਦਾ ਵੇਰਵਾ ਆਉਣ ਵਾਲੀਆਂ ਲਿਖਤਾਂ ਵਿਚ ਦੇਵਾਂਗੇ।

ਜਦੋਂ ਜਸਜੀਤ ਸਿੰਘ ਚੇਲਾ ਵਾਰ ਵਾਰ ਲਿਖਦਾ ਹੈ ਕਿ ਮਾਨ ਸਾਹਿਬ ਨਾਲ ਜਿਹੜਾ ਬੰਦਾ ਸਹਿਮਤ ਨਹੀਂ ਹੁੰਦਾ ਜਾਂ ਪਾਰਟੀ ਛੱਡ ਜਾਂਦਾ ਹੈ, ਉਸ ਲਈ ਕੈਟ ਅਤੇ ਗੱਦਾਰ ਵਰਗੇ ਵਿਸ਼ੇਸ਼ਣ ਵਰਤੇ ਜਾਂਦੇ ਹਨ ਤਾਂ ਇਹ ਗੱਲ ਮੈਨੂੰ ਵੀ ਪ੍ਰੇਸ਼ਾਨ ਕਰਦੀ ਹੈ ਅਤੇ ਕੌਮੀ ਸੰਘਰਸ਼ ਲਈ ਕੰਮ ਕਰਦੇ ਹੋਰ ਵੀ ਬਹੁਤ ਸਾਰੇ ਵੀਰਾਂ ਨੂੰ ਕਰਦੀ ਹੋਵੇਗੀ। ਪਰ ਕੀ ਇਸ ਗੱਲ ਵਿਚ ਕੋਈ ਸੱਚਾਈ ਹੈ? ਸਾਨੂੰ ਇਸ ਗੱਲ ਦੀ ਡੂੰਘਾਈ ਵਿਚ ਜਾਣ ਦੀ ਲੋੜ ਹੈ।

ਇਕ ਬਹੁਤ ਲੰਮੀ ਲਿਸ਼ਟ ਇਨ੍ਹਾਂ ਆਪਣੀਆਂ ਲਿਖਤਾਂ ਵਿਚ ਦਿੱਤੀ ਸੀ ਕਿ ਰਣਜੀਤ ਸਿੰਘ ਬ੍ਰਹਮਪੁਰਾ, ਸੁੱਚਾ ਸਿੰਘ ਛੋਟੇਪੁਰ, ਚਰਨਜੀਤ ਸਿੰਘ ਵਾਲੀਆ, ਬੀਬੀ ਜਗੀਰ ਕੌਰ, ਚਰਨ ਸਿੰਘ ਲੋਹਾਰਾ, ਕਮਿੱਕਰ ਸਿੰਘ, ਰਾਮ ਸਿੰਘ, ਅਜੀਤ ਇੰਦਰ ਸਿੰਘ ਮੋਫਰ, ਜਗੀਰ ਸਿੰਘ ਵਡਾਲਾ ਅਤੇ ਬਲਦੇਵ ਸਿੰਘ ਸਿਰਸਾ ਆਦਿ ਆਗੂ ਸ. ਮਾਨ ਕਰਕੇ ਅਕਾਲੀ ਦਲ (ਮਾਨ) ਨੂੰ ਛੱਡ ਕੇ ਚਲੇ ਗਏ ਸਨ ਪਰ ਮਾਨ ਸਾਹਿਬ ਨੇ ਇਨ੍ਹਾਂ ਲਈ ਕਦੇ ਵੀ "ਕਾਲੀਆਂ ਬਿੱਲੀਆਂ" ਜਾਂ "ਗੱਦਾਰ" ਜਿਹਾ ਸ਼ਬਦ ਨਹੀਂ ਵਰਤਿਆ। ਹਾਂ, ਉਨ੍ਹਾਂ ਕੁਝ ਚੋਣਵੇਂ ਲੋਕਾਂ ਲਈ "ਕੈਟ" ਸ਼ਬਦ ਜ਼ਰੂਰ ਵਰਤਿਆ। ਖਾੜਕੂ ਸਿੱਖ ਸੰਘਰਸ਼ ਦੇ ਸੰਦਰਭ ਵਿਚ ਦੇਖੀਏ ਤਾਂ ਇਹ ਜੱਗ ਜਾਹਰ ਹੋ ਚੁਕਾ ਹੈ ਕਿ ਸਰਕਾਰ ਨੇ ਕੁਝ ਜ਼ਰਾਇਮ ਪੇਸ਼ਾ ਲੋਕਾਂ ਨੂੰ ਜੇਲ੍ਹਾਂ 'ਚੋਂ ਕੱਢ ਕੇ ਖਾੜਕੂ ਲਹਿਰ ਵਿਚ ਘੁਸਪੈਠ ਕਰਵਾਈ ਅਤੇ ਉਨ੍ਹਾਂ ਨੇ ਪਹਿਲਾਂ ਖਾੜਕੂ ਸਿੰਘਾਂ ਨੂੰ ਭਰੋਸਾ ਦਿਵਾਇਆ ਕਿ ਉਹ ਸਰਕਾਰ ਦੇ ਸਤਾਏ ਹੋਏ ਲੋਕ ਹਨ, ਫਿਰ ਜਥੇਬੰਦੀਆਂ ਵਿਚ ਆ ਕੇ ਉਹ ਗੈਰ ਸਿਧਾਂਤਕ ਅਤੇ ਗੈਰ ਇਖ਼ਲਾਕੀ ਕਾਰਵਾਈਆਂ ਕਰਕੇ ਸਿੱਖ ਕੌਮ ਦਾ ਨੁਕਸਾਨ ਕਰਦੇ ਰਹੇ। ਇੰਜ ਆਪਣੀ ਜਾਨ ਤਲੀ 'ਤੇ ਰੱਖ ਕੇ ਲੜਨ ਵਾਲੇ ਯੋਧਿਆਂ ਲਈ ਬਦਨਾਮੀ ਦਾ ਕਾਰਨ ਬਣੇ। ਇੱਥੋਂ ਤੱਕ ਕਿ ਉਨ੍ਹਾਂ ਨੇ ਸਾਡੇ ਚੋਟੀ ਦੇ ਜਰਨੈਲ ਸ਼ਹੀਦ ਕਰਵਾਏ ਅਤੇ ਸੰਘਰਸ਼ ਦੇ ਪਤਨ ਦਾ ਕਾਰਨ ਬਣੇ।

ਜਿਨ੍ਹਾਂ ਲੋਕਾਂ ਲਈ ਸ. ਸਿਮਰਨਜੀਤ ਸਿੰਘ ਮਾਨ ਨੇ "ਕੈਟਾਂ" ਅਤੇ "ਗੱਦਾਰਾਂ" ਦਾ ਵਿਸ਼ੇਸ਼ਣ ਵਰਤਿਆ ਹੈ, ਉਨ੍ਹਾਂ ਦੇ ਕਿਰਦਾਰ ਅਤੇ ਪੰਥ ਨਾਲ ਕੀਤੇ ਧ੍ਰੋਹ ਨੂੰ ਵੀ ਉਸੇ ਪੈਮਾਨੇ ਨਾਲ ਹੀ ਪਰਖਿਆ ਜਾਏਗਾ। ਹੁਣ ਇਸ ਗੱਲ ਦੀ ਜ਼ਿੰਮੇਵਾਰੀ ਵੀ ਸਾਡੇ ਸਿਰ ਹੈ ਕਿ ਜਿਹੜੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਘੁਸਪੈਠ ਕਰਕੇ ਪਾਰਟੀ ਦਾ ਅਤੇ ਕੌਮ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ ਅਤੇ ਲੰਮੇ ਸਮੇਂ ਤੋਂ ਪਾਰਟੀ ਨਾਲ ਕੰਮ ਕਰ ਰਹੇ ਵਰਕਰਾਂ ਅਤੇ ਆਗੂਆਂ ਨੂੰ ਪਦਵੀਆਂ ਅਤੇ ਪੈਸੇ ਦਾ ਲਾਲਚ ਦੇ ਕੇ ਪਾਰਟੀ ਨਾਲੋਂ ਵੱਖ ਕੀਤਾ ਅਤੇ ਇਥੋਂ ਤੱਕ ਕਿ ਸ. ਮਾਨ ਨੂੰ ਆਪਣੇ ਖੂਨ-ਪਸੀਨੇ ਨਾਲ ਤਿਆਰ ਕੀਤੀ ਪਾਰਟੀ ਵਿਚੋਂ ਕੱਢ ਦੇਣ ਵਰਗੇ ਬੇਸ਼ਰਮੀ ਭਰੇ ਬਿਆਨ ਅਖਬਾਰਾਂ ਵਿਚ ਦਿੱਤੇ, ਉਹ ਲੋਕ ਭਲਾ ਹੋਰ ਕਿਹੜੇ ਖਿਤਾਬਾਂ ਦੇ ਹੱਕਦਾਰ ਸਨ? ਇਹੀ ਲੋਕ ਕਦੇ ਡਾ. ਸੋਹਣ ਸਿੰਘ ਦੇ ਨਾਂ 'ਤੇ ਚੱਲ ਰਹੀ ਪੰਥਕ ਕਮੇਟੀ ਵਿਚੋਂ ਡਾ. ਸੋਹਣ ਸਿੰਘ ਨੂੰ ਕੱਢਣ ਦੇ ਵੱਡੇ ਵੱਡੇ ਬਿਆਨ ਲਾਉਂਦੇ ਰਹੇ ਪਰ ਇਹ ਲੋਕ ਡਾ. ਸੋਹਣ ਸਿੰਘ ਅਤੇ ਸ. ਮਾਨ ਦੀ ਸ਼ਖਸੀਅਤ ਦੇ ਫਰਕ ਨੂੰ ਸਮਝਣ ਵਿਚ ਨਾਕਾਮ ਰਹੇ।

ਇੱਕ ਗੱਲ ਸ. ਕਰਮਜੀਤ ਸਿੰਘ ਵਲੋਂ ਜਸਜੀਤ ਸਿੰਘ ਦੇ ਨਾਂ ਲਿਖੇ "ਵਧਾਈ ਪੱਤਰ" ਬਾਰੇ। ਉਨ੍ਹਾਂ ਆਪਣੇ ਇਸ ਪੱਤਰ ਵਿਚ ਕਿਹਾ ਹੈ, "ਮਾਨ ਸਾਹਿਬ ਦੀ ਭੈਅ ਅਤੇ ਡਰ ਫੈਲਾਉਣ ਦੀ ਜੁਝਾਰੂ ਦੁਕਾਨ ਉਤੇ ਕੀਤਾ ਕਬਜ਼ਾ ਛੁਡਾਉਣ ਲਈ ਸਿਧਾਂਤਕ ਲਹਿਰ ਦਾ ਪਹਿਲਾ ਦੌਰ ਤੁਸਾਂ ਸ਼ੁਰੂ ਕੀਤਾ ਹੈ।" ਅਸੀਂ ਇਨ੍ਹਾਂ ਅਖਾਉਤੀ ਬੁੱਧੀਜੀਵੀਆਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਇਸ ਦੁਕਾਨ ਉਤੇ ਤੁਹਾਡਾ 20 ਸਾਲ ਕਬਜ਼ਾ ਰਿਹਾ ਹੈ, ਜਿਸ ਵਿਚ 50,000 ਤੋਂ ਉਤੇ ਸਿੱਖ ਨੌਜਵਾਨਾਂ ਦਾ ਤੁਸੀਂ ਪੋਟਾ ਪੋਟਾ ਮੁੱਲ ਵੱਟਿਆ। ਕੀ ਉਨ੍ਹਾਂ ਪਰਿਵਾਰਾਂ ਅਤੇ ਸਿੱਖ ਕੌਮ ਨੂੰ ਇਹ ਲੋਕ ਦੱਸ ਸਕਣਗੇ ਕਿ ਉਨ੍ਹਾਂ ਦੇ ਪੱਲੇ ਇਨ੍ਹਾਂ ਕੀ ਪਾਇਆ?

ਅਸੀਂ ਘਟੀਆ ਸੋਚ ਅਤੇ ਗੰਦੀ ਸ਼ਬਦਾਵਲੀ ਨਾਲ ਸ਼ਿੰਗਾਰੀ ਇਨ੍ਹਾਂ ਦੀ ਵਿਚਾਰ ਗੋਸ਼ਟੀ ਨੂੰ "ਸਿਧਾਂਤਕ ਵਿਚਾਰ" ਦਾ ਨਾਂ ਦੇਣ ਦੇ ਬਿਲਕੁਲ ਹੱਕ ਵਿਚ ਨਹੀਂ। "ਸ਼ਕਲ ਮੋਮਨਾਂ ਦੀ ਕੰਮ ਕਾਫਿਰਾਂ ਦੇ" ਦੀ ਕਹਾਵਤ ਮੁਤਬਿਕ ਪੰਥ ਦਾ ਵਾਸਤਾ ਪਾ ਕੇ ਆਖੇ ਗਏ ਊਲ-ਜਲੂਲ ਨੂੰ ਉਸਾਰੂ ਬਹਿਸ ਨਹੀਂ ਕਿਹਾ ਜਾ ਸਕਦਾ, ਪਰ ਇਸ ਵਿਚਾਰ ਦਾ ਘੇਰਾ ਖੁੱਲ੍ਹਾ ਕਰਨ ਲਈ ਪਿਛਲੇ 20-22 ਸਾਲਾਂ ਵਿਚ ਫੈਡਰੇਸ਼ਨ, ਪੰਥਕ ਕਮੇਟੀ, ਸ਼੍ਰੋਮਣੀ ਖਾਲਸਾ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਐਕਸ਼ਨ ਕਮੇਟੀ, ਪੰਚ ਪ੍ਰਧਾਨੀ, ਪੰਥਕ ਮੋਰਚਾ, ਸਿੱਖ ਯੂਥ ਆਫ ਅਮਰੀਕਾ, ਏ.ਜੀ.ਪੀ.ਸੀ., ਖਾਲਿਸਤਾਨ ਅਫੇਅਰਜ਼ ਸੈਂਟਰ ਅਤੇ ਕੌਮੀ ਸੰਘਰਸ਼ ਦੇ ਨਾਂ ਥੱਲੇ ਕੰਮ ਕਰਨ ਵਾਲੇ ਸਾਰੇ ਪੰਥਕ ਠਾਕਰਾਂ ਦੀ ਕਾਰਗੁਜ਼ਾਰੀ ਉਤੇ ਖੁੱਲ੍ਹੀ ਵਿਚਾਰ ਜ਼ਰੂਰ ਕਰਾਂਗੇ। ਇਸ ਦੌਰਾਨ ਅਸੀਂ ਸ. ਕਰਮਜੀਤ ਸਿੰਘ ਵਲੋਂ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਤਿੰਨ ਵੱਖ ਵੱਖ ਸਟੇਜਾਂ ਉਤੇ ਦਿਖਾਏ ਉਸ ਦੇ ਤਿੰਨ ਵੱਖੋ ਵੱਖਰੇ ਰੂਪ ਜ਼ਰੂਰ ਲੋਕਾਂ ਸਾਹਮਣੇ ਲਿਆਉਣੇ ਚਾਹਵਾਂਗੇ। ਇਹੋ ਕਰਮਜੀਤ ਸਿੰਘ ਰਿਚਮੰਡ ਹਿੱਲ, ਨਿਊ ਯਾਰਕ ਵਿਚ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ "ਬਫਰ ਸਟੇਟ" ਨੂੰ ਇੱਕ ਵਧੀਆ ਇਤਿਹਾਸਕ ਸੋਚ ਦੱਸਦਾ ਹੈ, ਉਸ ਤੋਂ ਬਾਅਦ ਸਟਾਕਟਨ ਵਿਚ ਸਿੱਖ ਯੂਥ ਆਫ ਅਮਰੀਕਾ ਵਲੋਂ ਮਨਾਏ ਗਏ ਖਾਲਿਸਤਾਨ ਡੇਅ 'ਤੇ ਇਕੱਠੇ ਹੋਏ ਦਰਜਨ ਕੁ ਯੂਥ ਮੈਂਬਰਾਂ ਨੂੰ ਇਹ ਕਹਿ ਕੇ ਖੁਸ਼ ਕਰਦਾ ਹੈ ਕਿ ਮਾਨ ਸਾਹਿਬ ਨੂੰ ਤਾਂ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਵੀ ਗਿਆਨ ਨਹੀਂ ਹੈ, ਅਤੇ ਤੀਸਰੀ ਸਿੱਖਸ ਫਾਰ ਜਸਟਿਸ ਦੀ ਸਟੇਜ ਤੋਂ ਲੋਕਾਂ ਨੂੰ ਸੰਬੋਧਨ ਕਰਦਿਆਂ ਇਸ ਜਥੇਬੰਦੀ ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਚੱਲਣ ਦੀ ਸਲਾਹ ਦਿੰਦਾ ਹੈ। ਇਨ੍ਹਾਂ ਅਖੌਤੀ ਬੁੱਧੀਜੀਵੀਆਂ ਦੀ ਬੁੱਧੀ ਵਿਚ ਰੀਂਗ ਰਹੇ ਕੀੜਿਆਂ ਨੂੰ ਆਪਣਾ ਪ੍ਰਦਰਸ਼ਨ ਕਰਨ ਦਾ ਖੁੱਲ੍ਹਾ ਮੌਕਾ ਦਿਆਂਗੇ।

ਅਸੀਂ ਜਿਹੜੇ ਲੋਕ "ਆਪਣੀਆਂ ਕੱਛ ਵਿਚ ਬਿਗਾਨੀਆਂ ਹੱਥ ਵਿਚ" ਦੀ ਸੋਚ ਨੂੰ ਲੈ ਕੇ ਚੱਲੇ ਹਨ, ਉਨ੍ਹਾਂ ਨੂੰ ਵੀ ਨਸ਼ਰ ਕਰਾਂਗੇ। ਸਰਕਾਰੀ ਏਜੰਸੀਆਂ ਤੇ ਪੰਥਕ ਧਿਰਾਂ ਦੀ ਇਹ ਲੜਾਈ ਕੋਈ ਨਵੀਂ ਨਹੀਂ ਹੈ, ਇਹ ਚੱਲਦੀ ਰਹੀ ਹੈ ਅਤੇ ਇਸ ਨੂੰ ਚੱਲਦੀ ਰੱਖਾਂਗੇ।...ਚਲਦਾ।

**ਰੇਸ਼ਮ ਸਿੰਘ, ਬੇਕਰਜ਼ਫੀਲਡ, ਫੋਨ:661-209-0118**

The views expressed in this article published as ad are that of it`s writer. **Paid Advt.**

ਪੰਜਾਬ ਟਾਈਮਜ਼

*ਸਨਿਚਰਵਾਰ, 8 ਅਕਤੂਬਰ 2011*

# ਸੰਗਤ ਤੇ ਸਰਕਾਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੂੰਝਣ ਤੋਂ ਬਾਅਦ ਬਾਦਲਾਂ ਨੇ ਅਗਲੀਆਂ ਵਿਧਾਨ ਸਭ ਚੋਣਾਂ ਲਈ ਨ੍ਹੇਰੀ ਚਲਾ ਦਿੱਤੀ ਹੈ। ਇਨ੍ਹਾਂ ਨੇ ਸਿਆਸੀ ਸਰਗਰਮੀ ਤਾਂ ਚਲੋ ਵਧਾਉਣੀ ਹੀ ਸੀ, ਲੋਕਾਂ ਦਾ ਧਿਆਨ ਖਿੱਚਣ ਲਈ ਹੁਣ ਵੱਖ ਵੱਖ ਵਰਗਾਂ ਲਈ ਰਿਆਇਤਾਂ ਦਾ ਐਲਾਨ ਹਰ ਰੋਜ਼ ਕੀਤਾ ਜਾ ਰਿਹਾ ਹੈ। ਇਸ 'ਸ਼ੁਭ ਕਾਰਜ' ਲਈ ਲੋਕਾਂ ਦੇ ਪੈਸੇ ਨਾਲ ਭਰੇ ਸਰਕਾਰੀ ਖਜ਼ਾਨੇ ਦਾ ਮੂੰਹ ਵੀ ਖੋਲ੍ਹ ਦਿੱਤਾ ਗਿਆ ਹੈ। ਇਹ ਨ੍ਹੇਰੀ ਚਿਰ ਪਹਿਲਾਂ ਹੀ ਚਲਾ ਦਿੱਤੀ ਗਈ ਸੀ ਪਰ ਸ਼੍ਰੋਮਣੀ ਕਮੇਟੀ ਚੋਣਾਂ ਦੇ ਐਲਾਨ ਨਾਲ ਇਹ ਨ੍ਹੇਰੀ ਰਤਾ ਕੁ ਥੰਮ੍ਹ ਗਈ ਸੀ ਕਿਉਂਕਿ ਚੋਣ ਜ਼ਾਬਤਾ ਲਾਗੂ ਹੋ ਗਿਆ ਸੀ। ਹੁਣ ਫਿਰ ਉਹੀ ਸਰਗਰਮੀ ਸ਼ੁਰੂ ਕਰ ਦਿੱਤੀ ਗਈ ਹੈ। ਵਿਰੋਧੀ ਧਿਰ ਕਾਂਗਰਸ ਇਨ੍ਹਾਂ ਮਾਮਲਿਆਂ 'ਤੇ ਬਾਦਲਾਂ ਦੀ ਨੁਕਤਾਚੀਨੀ ਤਾਂ ਕਰ ਰਹੀ ਹੈ ਪਰ ਮਸਲਾ ਤਾਂ ਇਹ ਹੈ ਕਿ ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਇਨ੍ਹਾਂ ਕਾਂਗਰਸੀ ਆਗੂਆਂ ਨੇ ਵੀ ਇਸੇ ਤਰ੍ਹਾਂ ਹੀ ਕੀਤਾ ਸੀ ਅਤੇ ਲੋਕਾਂ ਦੀਆਂ ਅੱਖਾਂ ਵਿਚ ਇਸੇ ਤਰ੍ਹਾਂ ਹੀ ਘੱਟਾ ਪਾਇਆ ਸੀ। ਜ਼ਾਹਿਰ ਹੈ ਕਿ ਖਜ਼ਾਨੇ ਦਾ ਮੂੰਹ ਖੋਲ੍ਹਣ ਦਾ ਇਹ ਮਾਮਲਾ ਕਿਸੇ ਪਾਰਟੀ ਵਿਸ਼ੇਸ਼ ਨਾਲ ਨਹੀਂ ਸਗੋਂ ਉਸ ਢਾਂਚੇ ਨਾਲ ਜੁੜਿਆ ਹੋਇਆ ਹੈ ਜਿਸ ਵਿਚੋਂ ਆਮ ਆਦਮੀ ਲਗਾਤਾਰ ਮਨਫੀ ਹੋ ਰਿਹਾ ਹੈ ਅਤੇ ਅੱਜ ਦੇ ਰੱਜੇ-ਪੁੱਜੇ ਸਿਆਸੀ ਆਗੂ ਆਪਣੇ ਹੀ ਹਿਸਾਬ ਨਾਲ, ਹਰ ਵਾਰ ਸਿਆਸੀ ਸ਼ਤਰੰਜ ਦੀ ਕੋਈ ਨਵੀਂ ਹੀ ਚਾਲ ਚੱਲ ਦਿੰਦੇ ਹਨ। ਇਨ੍ਹਾਂ ਚਾਲਾਂ ਬਾਰੇ ਲੋਕਾਂ ਨੂੰ ਕਈ ਵਾਰ ਤਾਂ ਪਤਾ ਵੀ ਨਹੀਂ ਲਗਦਾ ਜਾਂ ਬਹੁਤ ਪਛੜ ਕੇ ਸੂਹ ਮਿਲਦੀ ਹੈ।

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਅਗਲੇ ਸਾਲ ਦੇ ਸ਼ੁਰੂ ਵਿਚ ਹੋਣੀਆਂ ਹਨ। ਮੁੱਖ ਧਿਰਾਂ ਭਾਵੇਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਕਾਂਗਰਸ ਹੀ ਹਨ ਪਰ ਐਤਕੀਂ ਇਨ੍ਹਾਂ ਚੋਣਾਂ ਵਿਚ ਤੀਜਾ ਮੋਰਚਾ ਵੀ ਸਿਆਸੀ ਦਖਲ ਦੇਣ ਲਈ ਅਹੁਲ ਰਿਹਾ ਹੈ। ਤੀਜੇ ਮੋਰਚੇ ਲਈ ਇਹ ਸਰਗਰਮੀ ਸ. ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਹੋ ਰਹੀ ਹੈ। ਉਸ ਨੇ ਪੰਜਾਬ ਦੀਆਂ ਰਵਾਇਤੀ ਕਮਿਊਨਿਸਟ ਪਾਰਟੀਆਂ ਨਾਲ ਰਾਬਤਾ ਬਣਾ ਵੀ ਲਿਆ ਹੈ, ਹਾਲਾਂਕਿ ਸੱਚਾਈ ਇਹ ਹੈ ਕਿ ਇਨ੍ਹਾਂ ਕਮਿਊਨਿਸਟ ਪਾਰਟੀਆਂ ਦਾ ਵੋਟ ਆਧਾਰ ਸੂਬੇ ਵਿਚ ਹੁਣ ਬਹੁਤਾ ਨਹੀਂ ਹੈ। ਸਿਆਸੀ ਮਾਹਿਰ ਮਨਪ੍ਰੀਤ ਦੀਆਂ ਸਰਗਰਮੀਆਂ ਨੂੰ ਗਹੁ ਨਾਲ ਘੋਖ ਰਹੇ ਹਨ ਪਰ ਜਿਸ ਤਰ੍ਹਾਂ ਦੀ ਪਹੁੰਚ ਮਨਪ੍ਰੀਤ ਨੇ ਹੁਣ ਤੱਕ ਅਪਨਾਈ ਹੈ, ਉਸ ਤੋਂ ਫਿਲਹਾਲ ਇਹ ਸਵਾਲ ਹੀ ਜਾਪਦਾ ਹੈ ਕਿ ਉਹ ਪੰਜਾਬ ਦੀ ਸਿਆਸਤ ਵਿਚ ਕੋਈ ਉਥਲ-ਪੁਥਲ ਮਚਾ ਵੀ ਸਕੇਗਾ ਜਿਸ ਬਾਰੇ ਪਹਿਲਾਂ ਆਸ ਕੀਤੀ ਜਾ ਰਹੀ ਸੀ? ਮਨਪ੍ਰੀਤ ਲਈ ਸੰਕਟ ਹੁਣ ਇਹ ਹੈ ਕਿ ਉਹ ਸਿਆਸਤ ਦੇ ਪਿੜ ਦਾ ਪਾਪੂਲਰ ਆਗੂ ਨਹੀਂ ਅਤੇ ਨਾ ਲੋਕਾਂ ਨਾਲ ਪਾਪੂਲਰ (ਲੋਕ ਲੁਭਾਊ) ਵਾਅਦੇ ਕਰਨ ਦਾ ਵਲ ਜਾਣਦਾ ਹੈ। ਉਸ ਦੀਆਂ ਨੀਤੀਆਂ ਵੀ ਅੱਜਕੱਲ੍ਹ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਮਾਲੀ ਨੀਤੀਆਂ ਦੇ ਨੇੜੇ ਪੁੱਜ ਜਾਂਦੀਆਂ ਹਨ। ਇਹ ਮਾਲੀ ਨੀਤੀਆਂ ਉਹ ਨੀਤੀਆਂ ਹਨ ਜਿਨ੍ਹਾਂ ਨੇ ਦੇਸ਼ ਦੇ ਲੋਕਾਂ ਦਾ ਤ੍ਰਾਹ ਕੱਢਿਆ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਨੀਤੀਆਂ ਦਾ ਧਨਾਢ ਵਰਗ ਨੂੰ ਬਹੁਤ ਲਾਭ ਪੁੱਜਾ ਹੈ। ਇਸ ਲਈ ਪੰਜਾਬ ਦੀ ਲੱਠਮਾਰ ਅਤੇ ਪਾਪੂਲਰ ਸਕੀਮਾਂ ਵਿਚ ਗੋਤੇ ਖਾ ਰਹੀ ਸਿਆਸਤ ਵਿਚ ਮਨਪ੍ਰੀਤ ਸਿੰਘ ਬਾਦਲ ਦੇ ਪੈਰ ਅਜੇ ਟਿਕ ਨਹੀਂ ਰਹੇ। ਹੋਰ ਤਾਂ ਹੋਰ, ਉਹ ਆਪਣੀ ਜਥੇਬੰਦੀ ਦਾ ਠੁਕਦਾਰ ਜਥੇਬੰਦਕ ਤਾਣਾ-ਬਾਣਾ ਉਸਾਰਨ ਵਿਚ ਵੀ ਅਜੇ ਨਾਕਾਮਯਾਬ ਰਿਹਾ ਹੈ। ਇਸ ਸੂਰਤ ਵਿਚ ਉਹ ਬਾਦਲਾਂ ਨੂੰ ਕਿੰਨਾ ਕੁ ਨੁਕਸਾਨ ਪਹੁੰਚਾ ਸਕਦਾ ਹੈ, ਹੁਣ ਇਹ ਗੱਲ ਸ਼ੱਕ ਦੇ ਘੇਰੇ ਵਿਚ ਆ ਗਈ ਹੈ। ਕੁਝ ਸਿਆਸੀ ਮਾਹਿਰਾਂ ਨੇ ਤਾਂ ਇਹ ਕਹਿਣਾ ਵੀ ਸ਼ੁਰੂ ਕਰ ਦਿੱਤਾ ਹੈ ਕਿ ਮਨਪ੍ਰੀਤ ਦੀ ਸਿਆਸੀ ਸਰਗਰਮੀ ਦਾ ਬਾਦਲਾਂ ਨਾਲੋਂ ਕਿਤੇ ਵੱਧ ਨੁਕਸਾਨ ਕਾਂਗਰਸ ਨੂੰ ਹੋ ਜਾਣਾ ਹੈ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਕਾਂਗਰਸ ਦਾ ਰਵਾਇਤੀ ਵੋਟ ਬੈਂਕ ਰਹੇ ਦਲਿਤ, ਸੂਬੇ ਵਿਚ ਬਹੁਜਨ ਸਮਾਜ ਪਾਰਟੀ ਵੱਲ ਵੀ ਕਾਫੀ ਖਿੱਚੇ ਗਏ ਹਨ ਅਤੇ ਇਹ ਪਾਰਟੀ ਆਪਣਾ ਭਾਰ ਹੁਣ ਬਾਦਲਾਂ ਵੱਲ ਪਾਉਣ ਦੇ ਰਾਹ ਪੈ ਗਈ ਹੈ। ਕਮਿਊਨਿਸਟ ਪਾਰਟੀਆਂ ਦਾ ਮਨਪ੍ਰੀਤ ਨਾਲ ਜੁੜਨਾ ਵੀ ਕਾਂਗਰਸ ਲਈ ਨੁਕਸਾਨਦੇਹ ਹੀ ਸਾਬਤ ਹੋਣਾ ਹੈ।

ਸੋ, ਨਵੇਂ ਸਿਆਸੀ ਮਾਹੌਲ ਵਿਚ ਜੋ ਪਿੜ ਬਣ ਰਿਹਾ ਹੈ, ਉਸ ਵਿਚ ਬਾਦਲ ਜੇ ਅਜੇ ਕਾਂਗਰਸ ਦੇ ਬਰਾਬਰ ਨਹੀਂ ਆਏ ਤਾਂ ਇਕ ਗੱਲ ਤਾਂ ਕਹੀ ਹੀ ਜਾ ਸਕਦੀ ਹੈ ਕਿ ਪਿਛਲੇ ਸਮੇਂ ਦੌਰਾਨ ਕਾਂਗਰਸ ਦੀਆਂ ਸਿਆਸੀ ਚਾਲਾਂ ਜਿਸ ਤਰ੍ਹਾਂ ਪੁੱਠੀਆਂ ਪਈਆਂ ਹਨ, ਉਸ ਦਾ ਲਾਹਾ ਸਿੱਧਾ ਬਾਦਲਾਂ ਨੂੰ ਮਿਲਿਆ ਹੈ। ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸਹਿਜਧਾਰੀ ਸਿੱਖਾਂ ਅਤੇ ਅਨੰਦ ਮੈਰਿਜ ਐਕਟ ਦੇ ਮਾਮਲਿਆਂ ਵਿਚ ਜਿੰਨਾ ਲਾਹਾ ਬਾਦਲਾਂ ਨੂੰ ਮਿਲ ਗਿਆ, ਉਸ ਬਾਰੇ ਤਾਂ ਖੁਦ ਉਨ੍ਹਾਂ ਨੇ ਵੀ ਕਦੀ ਸੋਚਿਆ ਨਹੀਂ ਹੋਣਾ। ਦੂਜੇ ਬੰਨ੍ਹੇ, ਸੂਬੇ ਵਿਚ ਕਾਂਗਰਸ ਦੇ ਚੋਟੀ ਦੇ ਆਗੂ ਵੀ ਇਕਸੁਰ ਨਹੀਂ ਹਨ। ਟਿਕਟਾਂ ਦੀ ਵੰਡ ਵੰਡਾਈ ਤੱਕ ਇਨ੍ਹਾਂ ਵਿਚਕਾਰ ਇਹ ਟਕਰਾਅ ਵਧਣਾ ਹੀ ਹੈ, ਕਿਸੇ ਸੂਰਤ ਘਟਣਾ ਨਹੀਂ ਹੈ। ਬਿਲਕੁਲ ਇਸੇ ਤਰ੍ਹਾਂ ਹੀ ਸੰਨ 2006 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਹੋਇਆ ਸੀ। ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਭਾਵੇਂ ਸੂਬੇ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਸੰਭਾਲ ਚੁੱਕੀ ਹੈ ਅਤੇ ਇਹ ਵੀ ਦਿਲ ਲਗਦੀ ਗੱਲ ਹੀ ਹੈ ਕਿ ਚੋਣਾਂ ਵਿਚ ਬਾਦਲਾਂ ਨੂੰ ਟੱਕਰ ਸਿਰਫ ਕੈਪਟਨ ਅਮਰਿੰਦਰ ਸਿੰਘ ਹੀ ਦੇ ਸਕਦਾ ਹੈ ਪਰ ਪਾਰਟੀ ਆਗੂਆਂ ਵਿਚਕਾਰ ਤਾਲਮੇਲ ਦੀ ਘਾਟ ਬੇੜੀਆਂ ਵਿਚ ਵੱਟੇ ਪਾਉਣ ਦਾ ਸਬੱਬ ਵੀ ਬਣ ਸਕਦੀ ਹੈ। ਸੱਤਾ ਵਿਚ ਹੋਣ ਕਾਰਨ ਬਾਦਲਾਂ ਦਾ ਹੱਥ ਉਂਜ ਵੀ ਉਪਰ ਹੋਣਾ ਹੈ ਕਿਉਂਕਿ ਲੱਖ ਯਤਨ ਕਰਨ ਦੇ ਬਾਵਜੂਦ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਰੋਕਣਾ ਜੇ ਅਸੰਭਵ ਨਹੀਂ ਤਾਂ ਬੇਹੱਦ ਔਖਾ ਜ਼ਰੂਰ ਹੈ। ਇਸ ਵਾਰ ਦੀਆਂ ਚੋਣਾਂ ਦੇ ਨਤੀਜੇ ਇਸ ਤੱਥ ਉਪਰ ਨਿਰਭਰ ਕਰਨਗੇ ਕਿ ਕਾਂਗਰਸ ਅਤੇ ਹੋਰ ਪਾਰਟੀਆਂ ਬਾਦਲਾਂ ਵਿਰੁਧ ਕਿੰਨਾ ਕੁ ਮਜ਼ਬੂਤ ਚੋਣ ਮੋਰਚਾ ਬਣਾ ਖੜ੍ਹ ਕਰ ਸਕਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੰਦੀਆਂ ਕਰੀਚੇ ਰਾਜਾ!*

ਹੇਰਾ-ਫੇਰੀ ਨਾਲ ਜੇਬ੍ਹੇ ਪਾ ਲਿਆ 'ਸ਼੍ਰੋਮਣੀ' ਨੂੰ, ਸ਼ਰ੍ਹੇਆਮ ਚੱਲ ਗਿਆ ਜੋਰ ਘਾਲੇ-ਮਾਲੇ ਦਾ।
ਝੂਠੇ ਲਾਰੇ ਲਾ ਕੇ ਪਰਚਾਉਂਦੇ ਰਹਿੰਦੇ ਵੋਟਰਾਂ ਨੂੰ, ਪਾਇਆ ਲੋਕਾਂ ਭੇਦ ਦੋਹਾਂ ਬਾਦਲਾਂ ਦੇ ਚਾਲੇ ਦਾ।
ਤੱਕੜੀ 'ਚ ਕਾਣ ਉਹਨੇ ਭੋਰਾ ਨਹੀਂ ਰਹਿਣ ਦੇਣੀ, 'ਕੈਪਟਨ' ਆਊ ਹੱਥ-ਪੰਜੇ ਵਾਲੇ ਪਾਲੇ ਦਾ।
ਝੂਠ ਦਾ ਮੁਲੰਮਾ ਲਾਹ ਕੇ ਦੱਸੇਗਾ ਹਕੀਕਤਾਂ ਨੂੰ, ਕਰੇਗਾ ਇਲਾਜ ਬੰਦ ਅਕਲਾਂ ਦੇ ਤਾਲੇ ਦਾ।
ਪੈਣਾ ਜਦੋਂ ਝੋਟਿਆਂ ਦਾ ਪੇਚਾ ਡਾਢੇ ਸਾਨ੍ਹ ਨਾਲ, ਟੁੱਟਣਾ ਗਰੂਰ ਫੇਰ ਜੀਜੇ ਨਾਲੇ ਸਾਲੇ ਦਾ।
'ਦੋ ਦੋ ਹੱਥ ਕਰਾਂਗੇ ਵਿਧਾਨ ਸਭਾ ਚੋਣਾਂ ਵਿਚ!' ਦੰਦੀਆਂ ਕਰੀਚਦਾ ਐ ਰਾਜਾ ਪਟਿਆਲੇ ਦਾ!!

# ਸ਼ਿਕੰਜਾ ਬਣ ਰਹੀਆਂ ਨੇ ਮਾਲੀ ਨੀਤੀਆਂ

***ਮੌਂਟੇਕ ਸਿੰਘ ਆਹਲੂਵਾਲੀਆ ਦਾ ਰਵੱਈਆ ਡਾ. ਮਨਮੋਹਨ ਸਿੰਘ ਦੇ ਉਸ ਜਵਾਬ ਨਾਲ ਮੇਲ ਖਾਂਦਾ ਹੈ ਜੋ ਉਨ੍ਹਾਂ ਨੇ ਇਕ ਸਾਲ ਪਹਿਲਾਂ ਸੁਪਰੀਮ ਕੋਰਟ ਦੀ ਉਸ ਅਪੀਲ ਦੇ ਸਬੰਧ ਵਿਚ ਦਿੱਤਾ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਅਨਾਜ ਨੂੰ ਗੁਦਾਮਾਂ ਵਿਚ ਗਲਣ-ਸੜਨ ਦੀ ਬਜਾਏ ਗ਼ਰੀਬਾਂ ਵਿਚ ਮੁਫ਼ਤ ਵੰਡ ਦਿੱਤਾ ਜਾਵੇ। ਇਸ ਦੇ ਪ੍ਰਤੀਕਰਮ ਵਜੋਂ ਡਾ. ਮਨਮੋਹਨ ਸਿੰਘ ਨੇ ਕਿਹਾ ਸੀ, 'ਮੈਂ ਅਦਾਲਤ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ ਪਰ ਉਸ ਨੂੰ ਸਾਡੇ ਨੀਤੀਗਤ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਜਦੋਂ ਅਨਾਜ ਗਲ-ਸੜ ਰਿਹਾ ਹੈ ਅਤੇ ਲੋਕ ਭੁੱਖ ਨਾਲ ਮਰ ਰਹੇ ਹਨ ਤਾਂ ਇਹ ਯਕੀਨੀ ਬਣਾਉਣ ਲਈ ਕੋਈ ਰਾਹ ਕੱਢਣਾ ਚਾਹੀਦਾ ਹੈ ਕਿ ਸਹੂਲਤਾਂ ਤੋਂ ਸੱਖਣੇ ਲੋਕਾਂ ਦੀਆਂ ਭੋਜਨ ਸਬੰਧੀ ਲੋੜਾਂ ਕਿਵੇਂ ਪੂਰੀਆਂ ਹੋ ਸਕਣ ਪਰ ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਇਸ ਦੇਸ਼ ਦੇ ਸਾਰੇ ਗ਼ਰੀਬਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਾਉਣਾ ਸੰਭਵ ਨਹੀਂ ਹੈ।'***

■ ਪ੍ਰਫੁੱਲ ਬਿਦਵਈ

ਸੁਪਰੀਮ ਕੋਰਟ ਦੇ ਸਾਹਮਣੇ ਇਹ ਗੱਲ ਵਾਰ-ਵਾਰ ਕਹਿ ਕੇ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਨੇ ਲੋਕਾਂ ਦੇ ਨਾਲ ਧੋਖਾ ਕੀਤਾ ਹੈ ਕਿ ਲੋਕਾਂ ਦੀ ਹੈਸੀਅਤ ਨਾਲ ਮੇਲ ਖਾਂਦੀਆਂ ਕੀਮਤਾਂ 'ਤੇ ਉਹ ਉਨ੍ਹਾਂ ਨੂੰ ਖੁਰਾਕ ਮੁਹੱਈਆ ਕਰਨ ਦਾ ਵਾਅਦਾ ਨਹੀਂ ਕਰ ਸਕਦੀ। ਯੋਜਨਾ ਕਮਿਸ਼ਨ ਦੇ ਜ਼ਰੀਏ ਦਾਇਰ ਕੀਤੇ ਆਪਣੇ ਤਾਜ਼ਾ ਹਲਫ਼ਨਾਮੇ ਵਿਚ ਉਹ ਇਹ ਕਹਿੰਦੀ ਹੈ ਕਿ ਮਰਹੂਮ ਸੁਰੇਸ਼ ਤੇਂਦੁਲਕਰ ਦੀ ਅਗਵਾਈ ਵਿਚ ਬਣਾਈ ਮਾਹਿਰਾਂ ਦੀ ਕਮੇਟੀ ਦੇ ਅੰਦਾਜ਼ੇ ਅਨੁਸਾਰ ਸ਼ਹਿਰੀ ਖੇਤਰ ਲਈ ਗ਼ਰੀਬੀ ਰੇਖਾ ਦਾ ਮਾਪਦੰਡ ਪ੍ਰਤੀਦਿਨ 32 ਰੁਪਏ ਖਰਚਾ ਹੈ ਅਤੇ ਪੇਂਡੂ ਖੇਤਰ ਲਈ 26 ਰੁਪਏ ਪ੍ਰਤੀਦਿਨ ਖਰਚਾ ਹੈ। ਇਸ ਦਾ ਲੋਕ-ਹਿਤੈਸ਼ੀ ਵਿਦਵਾਨਾਂ ਅਤੇ ਹੋਰ ਨਾਗਰਿਕਾਂ ਦੇ ਨਾਲ-ਨਾਲ ਮੀਡੀਆ ਦੇ ਉਸ ਵਰਗ ਨੇ ਵੀ ਮਜ਼ਾਕ ਉਡਾਇਆ ਹੈ ਜੋ ਅਜਿਹੇ ਮਸਲਿਆਂ ਬਾਰੇ ਆਮ ਤੌਰ 'ਤੇ ਉਦਾਸੀਨ ਰਹਿੰਦਾ ਹੈ। ਸ਼ਹਿਰਾਂ ਵਿਚ ਤੁਸੀਂ ਇਕ ਵਕਤ ਦਾ ਭੋਜਨ 20 ਰੁਪਏ ਤੋਂ ਘੱਟ ਪੈਸਿਆਂ ਵਿਚ ਨਹੀਂ ਖਰੀਦ ਸਕਦੇ, ਤੇ ਚਾਹ ਦਾ ਕੱਪ 5 ਰੁਪਏ ਦਾ ਹੈ। ਤੇਂਦੁਲਕਰ ਕਮੇਟੀ ਅਨੁਸਾਰ ਗ਼ਰੀਬ ਆਪਣੀ ਦਵਾਈ 'ਤੇ ਇਕ ਦਿਨ ਵਿਚ ਇਕ ਰੁਪਈਆ ਖਰਚਦਾ ਹੈ। ਇਸ ਇਕ ਰੁਪਈਏ ਵਿਚ ਤਾਂ ਦਰਦ ਦੂਰ ਕਰਨ ਵਾਲੀ ਗੋਲੀ ਵੀ ਨਹੀਂ ਆਉਂਦੀ। 26 ਤੋਂ 32 ਰੁਪਏ ਪ੍ਰਤੀਦਿਨ ਦੇ ਹਿਸਾਬ ਨਾਲ ਕੋਈ ਬੰਦਾ ਜਾਨਵਰਾਂ ਵਰਗੀ ਜ਼ਿੰਦਗੀ ਵੀ ਕਿਵੇਂ ਜੀਅ ਸਕਦਾ ਹੈ, ਇਸ ਰਹੱਸ ਦਾ ਉੱਤਰ ਸਿਰਫ ਯੋਜਨਾ ਕਮਿਸ਼ਨ ਦੇ ਮੈਂਬਰਾਂ ਦੇ ਕੋਲ ਹੀ ਹੋ ਸਕਦਾ ਹੈ। ਚੰਗੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਦੋ ਮੈਂਬਰਾਂ ਅਤੇ ਕਈ ਸਾਬਕਾ ਮੈਂਬਰਾਂ ਨੇ ਇਸ ਹਲਫ਼ਨਾਮੇ ਨਾਲ ਆਪਣੀ ਅਸਹਿਮਤੀ ਜਤਾਈ ਹੈ ਪਰ ਇਸ ਦਾ ਅਸਰ ਪਹਿਲਾਂ ਤਾਂ ਕਮਿਸ਼ਨ ਦੇ ਉੱਪ-ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ 'ਤੇ ਨਹੀਂ ਪਿਆ ਜੋ ਆਲੋਚਕਾਂ ਉੱਪਰ ਇਸ ਹਲਫ਼ਨਾਮੇ ਨੂੰ ਨਾ ਸਮਝ ਪਾਉਣ ਦਾ ਦੋਸ਼ ਲਾ ਰਹੇ ਹਨ। ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਉਹ ਆਪਣੀ ਵਿਦਵਤਾ ਝਾੜਦੇ ਹੋਏ ਇਹ ਕਹਿੰਦੇ ਹਨ, 'ਹਲਫ਼ਨਾਮੇ ਵਿਚ ਅਸੀਂ ਇਹ ਕਿਹਾ ਹੈ ਕਿ ਇਹ ਉਹ ਅੰਕੜਾ ਹੈ ਜੋ ਤੇਂਦੁਲਕਰ ਕਮੇਟੀ ਨੇ ਸਿਫ਼ਾਰਿਸ਼ ਕੀਤਾ ਹੈ। ਤੇਂਦੁਲਕਰ ਕਮੇਟੀ ਦੇ ਆਮਦਨ ਸਬੰਧੀ ਮਾਪਦੰਡ ਪ੍ਰਤੀ ਵਿਅਕਤੀ ਪ੍ਰਤੀਦਿਨ ਦੇ ਰੂਪ ਵਿਚ ਹਨ ਅਤੇ ਕੁਝ ਲੋਕ ਭਰਮ ਵਿਚ ਆਣ ਕੇ ਇਹ ਮੰਨੀ ਬੈਠੇ ਹਨ ਕਿ ਇਹ ਪੂਰੇ ਪਰਿਵਾਰ 'ਤੇ ਆਧਾਰਿਤ ਹਨ।' ਉਂਜ, ਹੁਣ ਕਾਂਗਰਸ ਦੇ ਸਿਆਸੀ ਦਬਾਅ ਕਾਰਨ ਉਹ ਪਿੱਛੇ ਹਟ ਗਏ ਹਨ।



ਅਜਿਹੇ ਕੁਲੀਨ-ਵਰਗੀ ਸੁਭਾਅ ਦੇ ਬਿਆਨ ਦੇਣੇ ਗ਼ਰੀਬਾਂ ਨਾਲ ਮਜ਼ਾਕ ਹੈ। ਸ ਆਹਲੂਵਾਲੀਆ ਦਾ ਇਹ ਰਵੱਈਆ ਡਾ. ਮਨਮੋਹਨ ਸਿੰਘ ਦੇ ਉਸ ਜਵਾਬ ਨਾਲ ਮੇਲ ਖਾਂਦਾ ਹੈ ਜੋ ਉਨ੍ਹਾਂ ਨੇ ਇਕ ਸਾਲ ਪਹਿਲਾਂ ਸੁਪਰੀਮ ਕੋਰਟ ਦੀ ਉਸ ਅਪੀਲ ਦੇ ਸਬੰਧ ਵਿਚ ਦਿੱਤਾ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਅਨਾਜ ਨੂੰ ਗੁਦਾਮਾਂ ਵਿਚ ਗਲਣ-ਸੜਨ ਦੀ ਬਜਾਏ ਗ਼ਰੀਬਾਂ ਵਿਚ ਮੁਫ਼ਤ ਵੰਡ ਦਿੱਤਾ ਜਾਵੇ। ਇਸ ਦੇ ਪ੍ਰਤੀਕਰਮ ਵਜੋਂ ਡਾ. ਮਨਮੋਹਨ ਸਿੰਘ ਨੇ ਕਿਹਾ ਸੀ, 'ਮੈਂ ਅਦਾਲਤ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ ਪਰ ਉਸ ਨੂੰ ਸਾਡੇ ਨੀਤੀਗਤ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਜਦੋਂ ਅਨਾਜ ਗਲ-ਸੜ ਰਿਹਾ ਹੈ ਅਤੇ ਲੋਕ ਭੁੱਖ ਨਾਲ ਮਰ ਰਹੇ ਹਨ ਤਾਂ ਇਹ ਯਕੀਨੀ ਬਣਾਉਣ ਲਈ ਕੋਈ ਰਾਹ ਕੱਢਣਾ ਚਾਹੀਦਾ ਹੈ ਕਿ ਸਹੂਲਤਾਂ ਤੋਂ ਸੱਖਣੇ ਲੋਕਾਂ ਦੀਆਂ ਭੋਜਨ ਸਬੰਧੀ ਲੋੜਾਂ ਕਿਵੇਂ ਪੂਰੀਆਂ ਹੋ ਸਕਣ ਪਰ ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਇਸ ਦੇਸ਼ ਦੇ ਸਾਰੇ ਗ਼ਰੀਬਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਾਉਣਾ ਸੰਭਵ ਨਹੀਂ ਹੈ।'

ਇਥੇ ਇਹ ਪੁੱਛਣਾ ਜਾਇਜ਼ ਹੈ ਕਿ ਸਰਕਾਰ ਆਪਣੀ ਜਿਸ ਨੀਤੀ ਦਾ ਬਚਾਅ ਇੰਨੀ ਸਾਵਧਾਨੀ ਨਾਲ ਕਰਦੀ ਹੈ, ਕੀ ਉਹ ਲੋਕਾਂ ਨੂੰ ਭੁੱਖੇ ਰੱਖਣ ਲਈ ਹੈ ਤੇ ਇਹ ਯਕੀਨੀ ਬਣਾਉਣ ਲਈ ਹੈ ਕਿ ਭਾਰਤ ਦੇ 48 ਫ਼ੀਸਦੀ ਬੱਚੇ ਕੁਪੋਸ਼ਿਤ ਬਣੇ ਰਹਿਣ ਤੇ ਉਹ ਵੀ ਭਾਰਤ ਦੇ ਮੌਜੂਦਾ ਇਤਿਹਾਸ ਵਿਚ ਸਭ ਤੋਂ ਉੱਚੇ ਕੁੱਲ ਘਰੇਲੂ ਉਤਪਾਦਨ ਦੇ ਹੋਣ ਦੇ ਬਾਵਜੂਦ? ਸਰਕਾਰ ਦਾ ਰਵੱਈਆ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਅਤੇ ਜਿਥੋਂ ਤੱਕ ਸੰਭਵ ਹੋਵੇ, ਗ਼ਰੀਬਾਂ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਘਟਾਉਣ ਦਾ ਦਿੱਸਦਾ ਹੈ। ਇਸੇ ਕਰਕੇ ਡਾ. ਮਨਮੋਹਨ ਸਿੰਘ ਨੇ ਕੌਮੀ ਸਲਾਹਕਾਰ ਕੌਂਸਲ ਦੀ ਇਸ ਸਿਫ਼ਾਰਿਸ਼ ਨੂੰ ਰੱਦ ਕਰ ਦਿੱਤਾ ਸੀ ਕਿ ਜਨਤਕ ਵੰਡ ਪ੍ਰਣਾਲੀ ਅਧੀਨ ਪਿੰਡਾਂ ਦੀ ਘੱਟ ਤੋਂ ਘੱਟ 90 ਫ਼ੀਸਦੀ ਆਬਾਦੀ ਅਤੇ ਸ਼ਹਿਰੀ ਖੇਤਰ ਦੀ ਘੱਟ ਤੋਂ ਘੱਟ 50 ਫ਼ੀਸਦੀ ਆਬਾਦੀ ਨੂੰ ਸਸਤੀਆਂ ਦਰਾਂ 'ਤੇ ਖੁਰਾਕ ਪਦਾਰਥ ਮੁਹੱਈਆ ਕਰਾਏ ਜਾਣ। ਇਸ ਸਿਫ਼ਾਰਿਸ਼ ਨੂੰ ਕਮਜ਼ੋਰ ਕਰਨ ਲਈ ਉਨਾਂ ਨੇ ਰੰਗਾਰਾਜਨ ਕਮੇਟੀ ਬਣਾਈ।

ਬਿਮਾਰੀ ਅਸਲ ਵਿਚ ਪੁਰਾਣੀ ਹੈ। ਭਾਰਤੀ ਅਰਥ-ਵਿਵਸਥਾ ਗ਼ਰੀਬੀ ਨੂੰ ਮਾਪਣ ਲਈ ਕੈਲਰੀਜ਼ ਦੀ ਉਸ ਮਾਤਰਾ ਦੀ ਖਪਤ ਨੂੰ ਆਧਾਰ ਬਣਾਉਂਦੀ ਰਹੀ ਹੈ ਜੋ ਸਿਰਫ ਜਿਉਂਦੇ ਰਹਿਣ ਲਈ ਜ਼ਰੂਰੀ ਹੋਵੇ। ਉਨ੍ਹਾਂ ਨੇ ਇਸ ਲਈ ਪਿੰਡਾਂ ਵਿਚ 2400 ਕੈਲਰੀਜ਼ ਤੇ ਸ਼ਹਿਰਾਂ ਵਿਚ 2100 ਕੈਲਰੀਜ਼ ਦੀ ਖਪਤ ਨੂੰ ਮਾਪਦੰਡ ਬਣਾਇਆ ਸੀ। ਅਰਥ-ਸ਼ਾਸਤਰੀਆਂ ਦੁਆਰਾ ਅਜਿਹਾ ਪੈਮਾਨਾ ਸਾਹਮਣੇ ਲਿਆਉਣ ਦਾ ਉਦੇਸ਼ ਗ਼ਰੀਬੀ ਦੇ ਪੱਧਰ ਨੂੰ ਸਾਹਮਣੇ ਲਿਆਉਣਾ ਸੀ, ਨਾ ਕਿ ਭੋਜਨ ਦੇ ਅਧਿਕਾਰ ਦੇ ਪਾਤਰਾਂ ਸਬੰਧੀ ਕਿਸੇ ਪੈਮਾਨੇ ਦਾ ਆਧਾਰ ਤਿਆਰ ਕਰਨਾ ਸੀ ਪਰ ਇਸ ਧਾਰਨਾ ਨੂੰ ਘਿਣਾਉਣੇ ਮਜ਼ਾਕ ਵਿਚ ਬਦਲ ਦਿੱਤਾ ਗਿਆ। ਇਸ ਤਰ੍ਹਾਂ ਨਾਲ ਕੌਮੀ ਨਮੂਨਾ ਸਰਵੇਖਣ ਅਤੇ ਕੌਮੀ ਪਰਿਵਾਰ ਸਿਹਤ ਸਰਵੇਖਣ ਤੋਂ ਲਏ ਖਪਤ ਬਾਰੇ ਅੰਕੜਿਆਂ ਨੂੰ ਇਸ ਬਿਲਕੁਲ ਗ਼ਲਤ ਧਾਰਨਾ ਅਧੀਨ ਪੈਸਿਆਂ ਦੀ ਰਕਮ ਵਿਚ ਬਦਲ ਦਿੱਤਾ ਗਿਆ ਕਿ ਲੋਕਾਂ ਲਈ ਖੁਰਾਕ ਪਦਾਰਥ ਤੇ ਉਨ੍ਹਾਂ ਦੀਆਂ ਕੀਮਤਾਂ ਸਾਰੇ ਮੁਲਕ ਵਿਚ ਇਕ ਸਮਾਨ ਹਨ। ਜਦੋਂ ਕਿ ਉਹ ਇਕ ਜ਼ਿਲ੍ਹੇ ਤੋਂ ਦੂਸਰੇ ਜ਼ਿਲ੍ਹੇ ਤੱਕ ਅਤੇ ਇਕ ਤਹਿਸੀਲ ਤੋਂ ਦੂਸਰੀ ਤਹਿਸੀਲ ਤੱਕ ਬਦਲ ਜਾਂਦੀਆਂ ਹਨ।

ਇਕ ਘੋਰ-ਰੂੜੀਵਾਦੀ ਤੇ ਨਵ-ਉਦਾਰਵਾਦੀ ਸ਼ਖ਼ਸ ਦੀ ਅਗਵਾਈ ਵਾਲੀ ਤੇਂਦੁਲਕਰ ਕਮੇਟੀ ਨੇ ਹੋਰ ਵਿਗਾੜ ਪੈਦਾ ਕਰ ਦਿੱਤੇ ਤੇ ਇਹ ਗੋਲ-ਮੋਲ ਤਰਕ ਦਿੱਤਾ ਕਿ ਤਜਵੀਜ਼ਸ਼ੁਦਾ ਗ਼ਰੀਬੀ ਰੇਖਾ ਦੇ ਮਾਪਦੰਡਾਂ ਨੂੰ ਭੋਜਨ, ਸਿੱਖਿਆ ਅਤੇ ਸਿਹਤ ਉੱਪਰ ਪ੍ਰਤੀ ਵਿਅਕਤੀ ਅਸਲ ਢੁੱਕਵਾਂ ਨਿੱਜੀ ਖਰਚਾ ਪਰਖ ਕੇ ਤੇ ਉਸ ਦੀ ਉਨ੍ਹਾਂ ਦੇ ਸਿੱਟਿਆਂ ਨਾਲ ਤੁਲਨਾ ਕਰਕੇ ਢੁੱਕਵਾਂ ਬਣਾਇਆ ਗਿਆ ਹੈ। ਤੇਂਦੁਲਕਰ ਕਮੇਟੀ ਅਜਿਹੀਆਂ ਆਪ-ਹੁਦਰੀਆਂ ਪਰਿਭਾਸ਼ਾਵਾਂ ਅਤੇ ਦਲੀਲ-ਰਹਿਤ ਅੰਦਾਜ਼ਿਆਂ ਨਾਲ ਭਰੀ ਪਈ ਹੈ। ਇਹ ਅਸ਼ਲੀਲਤਾ ਤੋਂ ਘੱਟ ਨਹੀਂ ਹੈ ਕਿ ਗ਼ਰੀਬੀ ਦੇ ਅਜਿਹੇ ਗ਼ੈਰ-ਪ੍ਰਮਾਣਿਕ ਮਾਪਦੰਡਾਂ ਨੂੰ ਯੋਜਨਾ ਕਮਿਸ਼ਨ ਨੇ ਸਤਿਕਾਰ ਦਿੱਤਾ ਅਤੇ ਫਿਰ ਉਨ੍ਹਾਂ ਦੀ ਵਰਤੋਂ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਾਉਣ ਲਈ ਤਜਵੀਜ਼ਸ਼ੁਦਾ ਮਾਪਦੰਡਾਂ ਵਜੋਂ ਕੀਤੀ ਗਈ।

ਤੱਥ ਇਹ ਦੱਸਦੇ ਹਨ ਕਿ ਤਾਮਿਲਨਾਡੂ ਅਤੇ ਕੇਰਲ ਵਰਗੇ ਰਾਜਾਂ ਜਿਨ੍ਹਾਂ ਨੇ ਭੋਜਨ ਸਬੰਧੀ ਹੱਕਾਂ ਦਾ ਸਰਬ-ਵਿਆਪੀਕਰਨ ਕੀਤਾ ਹੈ, ਨੇ ਜਨਤਕ ਵੰਡ ਪ੍ਰਣਾਲੀ ਵਿਚਲੀਆਂ ਚੋਰ-ਮੋਰੀਆਂ ਨੂੰ ਕਾਮਯਾਬੀ ਨਾਲ ਬੰਦ ਕੀਤਾ ਹੈ ਅਤੇ ਇਸ ਤਰ੍ਹਾਂ ਗ਼ਰੀਬਾਂ ਲਈ ਖੁਰਾਕ ਦੀ ਉਪਲਬੱਧਤਾ ਵਿਚ ਵਾਧਾ ਕੀਤਾ ਹੈ। ਇਸ ਤੋਂ ਉਲਟ ਗ਼ਰੀਬੀ ਰੇਖਾ ਦੇ ਗ਼ਲਤ ਮਾਪਦੰਡਾਂ 'ਤੇ ਆਧਾਰਤ ਜਿਸ ਤਰ੍ਹਾਂ ਦੀ ਜਨਤਕ ਵੰਡ ਪ੍ਰਣਾਲੀ ਦਾ ਨਿਸ਼ਾਨਾ ਮਿਥਿਆ ਗਿਆ, ਉਸ ਦੀ ਕਾਰਗੁਜ਼ਾਰੀ ਮਾੜੀ ਰਹੀ ਹੈ ਅਤੇ ਉਸ ਨੇ ਭੁੱਖਮਰੀ ਨੂੰ ਦੂਰ ਕਰਨ ਲਈ ਕੁਝ ਖਾਸ ਨਹੀਂ ਕੀਤਾ। ਇਸ ਵਿਚ ਵੱਡਾ ਰਾਜਸੀ ਸਬਕ ਵੀ ਲੁਕਿਆ ਹੋਇਆ ਹੈ। ਭਾਰਤ ਨੇ ਵਿਕਾਸ ਦੇ ਉਸ ਮਾਡਲ ਨੂੰ ਅਪਣਾਇਆ ਹੈ ਜੋ ਆਬਾਦੀ ਦੀ ਵਿਸ਼ਾਲ ਬਹੁਗਿਣਤੀ ਦੀ ਆਮਦਨ ਵਧਾਉਣ ਲਈ ਕੁਝ ਨਹੀਂ ਕਰ ਰਿਹਾ। ਸਿਰਫ ਅਮੀਰਾਂ ਦੀ ਕੁਝ ਕੁ ਫ਼ੀਸਦੀ ਆਬਾਦੀ ਦਾ ਹੀ ਢਿੱਡ ਭਰਨ ਵਿਚ ਰੁੱਝਾ ਹੋਇਆ ਹੈ। ਇਸ ਨਾਲ ਬੇਰੁਜ਼ਗਾਰੀ ਦਿਨੋ-ਦਿਨ ਵਧ ਰਹੀ ਹੈ। ਸਵੈ-ਰੁਜ਼ਗਾਰ ਵੀ ਘਟ ਰਿਹਾ ਹੈ। ਇਹ ਸਭ ਕੁਝ ਆ ਰਹੇ ਜ਼ਬਰਦਸਤ ਨਿਘਾਰ ਦਰਸਾਉਂਦਾ ਹੈ। ਸਾਮਾਨ ਰੂਪ ਵਿਚ ਦੁਖਦ ਗੱਲ ਜੋ ਮਰਦਮਸ਼ੁਮਾਰੀ ਦੇ ਤਾਜ਼ਾ ਅੰਕੜਿਆਂ ਤੋਂ ਸਾਹਮਣੇ ਆਈ ਹੈ, ਇਹ ਹੈ ਕਿ ਪਰਵਾਸ ਬੇਮੁਹਾਰਾ ਹੋ ਰਿਹਾ ਹੈ। ਖੇਤੀ ਆਮਦਨ ਘਟ ਰਹੀ ਹੈ ਅਤੇ ਡੈਮਾਂ, ਖੁਦਾਈ ਤੇ ਸਨਅਤੀ ਪ੍ਰਾਜੈਕਟਾਂ ਨਾਲ ਲੋਕਾਂ ਦਾ ਉਜਾੜਾ ਹੋ ਰਿਹਾ ਹੈ। ਲੋਕ ਪਿੰਡਾਂ ਤੋਂ ਉੱਜੜ ਕੇ ਸ਼ਹਿਰਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਆ ਰਹੇ ਹਨ।

ਭਾਰਤ ਹੁਣ ਵਿਕਸਿਤ ਦੇਸ਼ਾਂ ਦੀ ਜ਼ਬਰਦਸਤ ਆਰਥਿਕ ਮੰਦੀ ਦੀ ਮਾਰ ਤੋਂ ਸੁਰੱਖਿਅਤ ਨਹੀਂ ਹੈ। ਇਸ ਦੇ ਅਸਰ ਬਰਾਮਦ-ਮੁਖੀ ਸਨਅਤਾਂ ਖਾਸ ਤੌਰ 'ਤੇ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਮਹਿਸੂਸ ਕੀਤੇ ਜਾ ਰਹੇ ਹਨ। ਇਸ ਨਾਲ ਬੇਰੁਜ਼ਗਾਰੀ ਹੋਰ ਵਧੇਗੀ ਤੇ ਗ਼ਰੀਬੀ ਵਿਚ ਵੀ ਇਜ਼ਾਫ਼ਾ ਹੋਵੇਗਾ। ਇਨ੍ਹਾਂ ਤਮਾਮ ਅਮਲਾਂ ਨਾਲ ਆਮਦਨ ਤੇ ਖੇਤਰੀ ਪਾੜਾ ਵਧੇਗਾ ਜਿਸ ਨਾਲ ਸਮਾਜਿਕ ਅਸੰਤੋਖ ਪੈਦਾ ਹੋਵੇਗਾ। 10 ਫ਼ੀਸਦੀ ਦਾ ਸਿੱਕਾ ਪਾਸਾਰ ਪਹਿਲਾਂ ਹੀ ਇਹ ਅਸੰਤੋਖ ਵਧਾ ਰਿਹਾ ਹੈ। ਇਹ ਰਾਹ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਲਈ ਆਤਮਘਾਤੀ ਸਾਬਤ ਹੋਵੇਗਾ।



*ਸਰਕਾਰ ਦੀਆਂ ਨੀਤੀ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ।*

# ਸਚਿਨ ਤੇਂਦੁਲਕਰ ਦੇ ਦੌਰ 'ਚ ਜੂਹ ਬਦਰ ਅਵਾਮ


ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873

***ਅਫ਼ਰੀਕੀ ਮੂਲ ਦੇ ਅਮਰੀਕੀ ਦੌੜਾਕ ਟੋਮੀ ਸਮਿੱਥ ਨੇ 1968 ਦੀਆਂ ਮੈਕਸੀਕੋ ਓਲੰਪਿਕ ਖੇਡਾਂ ਵਿਚ 2000 ਮੀਟਰ ਦੌੜ ਆਲਮੀ ਰਿਕਾਰਡ ਨਾਲ ਜਿੱਤੀ। ਦੂਜੇ ਨੰਬਰ ਉੱਤੇ ਆਸਟਰੇਲੀਆ ਦਾ ਪੀਟਰ ਨੌਰਮੈਨ ਅਤੇ ਤੀਜੇ ਨੰਬਰ ਉੱਤੇ ਟੋਮੀ ਦਾ ਹਮਵਤਨ ਜੌਨ ਕਾਰਲੋਸ ਸੀ। ਟੋਮੀ ਸਮਿੱਥ ਅਤੇ ਜੌਨ ਕਾਰਲੋਸ ਤਮਗੇ ਲੈਣ ਵਾਲੇ ਮੰਚ ਉੱਤੇ ਬਿਨਾਂ ਬੂਟਾਂ ਤੋਂ ਕਾਲੀਆਂ ਜੁਰਾਬਾਂ ਪਾ ਕੇ ਚੜ੍ਹੇ। ਸਿਆਹਫਾਮ ਖਿਡਾਰੀਆਂ ਨੇ ਤਮਗੇ ਹਾਸਲ ਕਰਨ ਤੋਂ ਬਾਅਦ ਅਮਰੀਕਾ ਦੇ ਰਾਸ਼ਟਰੀ ਗੀਤ ਮੌਕੇ ਕਾਲੇ ਦਸਤਾਨਿਆਂ ਵਾਲੇ ਹੱਥ ਦੇ ਮੁੱਕੇ ਵੱਟ ਕੇ ਉੱਪਰ ਕੀਤੇ ਅਤੇ ਨੀਵੀਂਆਂ ਪਾ ਕੇ ਖੜ੍ਹ ਗਏ। ਉਨ੍ਹਾਂ ਨੇ ਮਨੁੱਖੀ ਹਕੂਕ ਦੀ ਵਕਾਲਤ ਕਰਨ ਵਾਲੇ ਬਿੱਲੇ ਲਗਾਏ ਹੋਏ ਸਨ। ਟੋਮੀ ਸਮਿੱਥ ਅਤੇ ਜੌਨ ਕਾਰਲੋਸ ਨੇ ਆਪਣੀ ਕਾਰਵਾਈ ਦੀ ਵਿਆਖਿਆ ਕੀਤੀ ਕਿ ਬਿਨਾਂ ਬੂਟ ਦੀਆਂ ਜੁਰਾਬਾਂ ਸਿਆਹਫਾਮ ਲੋਕਾਂ ਦੀ ਗ਼ੁਰਬਤ ਪੇਸ਼ ਕਰਦੀਆਂ ਹਨ। ਕਾਰਲੋਸ ਨੇ ਗੱਲ ਵਿਚ ਪਾਏ ਗੁਲੂਬੰਦ ਨੂੰ ਸਿਆਹਫਾਮ ਲੋਕਾਂ ਦੇ ਸਵੈਮਾਣ ਦੀ ਨਿਸ਼ਾਨੀ ਕਰਾਰ ਦਿੱਤਾ। ਉਸ ਦੇ ਗਲ ਵਿਚ ਪਾਈ ਮਣਕਿਆਂ ਦੀ ਮਾਲਾ ਨੂੰ 'ਅੰਤਿਮ ਅਰਦਾਸ ਤੱਕ ਤੋਂ ਮਹਿਰੂਮ ਰਹੇ ਕੁੱਟ-ਕੁੱਟ ਕੇ ਮਾਰ ਦਿੱਤੇ ਗਏ ਸਿਆਹਫਾਮ ਕਾਮਿਆਂ' ਦੀ ਯਾਦ ਕਰਾਰ ਦਿੱਤਾ।***



ਸ਼ੋਏਬ ਅਖ਼ਤਰ ਨੇ ਸਚਿਨ ਤੇਂਦੁਲਕਰ ਬਾਬਤ ਟਿੱਪਣੀ ਕਰ ਕੇ ਟੈਲੀਵਿਜ਼ਨ ਚੈਨਲਾਂ, ਅਖ਼ਬਾਰਾਂ ਅਤੇ ਖੇਡ ਪ੍ਰੇਮੀਆਂ ਦੀ 'ਨਰਾਜ਼ਗੀ' ਸਹੇੜੀ ਹੈ। ਜਦੋਂ ਸਿਆਸਤਦਾਨਾਂ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵੱਲੋਂ ਸਚਿਨ ਦੀ 'ਭਾਰਤ ਰਤਨ' ਲਈ ਦਾਅਵੇਦਾਰੀ ਪੇਸ਼ ਕੀਤੀ ਜਾ ਰਹੀ ਹੈ ਤਾਂ ਉਸ ਦੀ ਸ਼ਾਨ ਦੇ ਖ਼ਿਲਾਫ਼ ਕੁਝ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ? ਸ਼ੋਏਬ ਅਖ਼ਤਰ ਦੀ ਸਵੈ-ਜੀਵਨੀ 'ਕੰਟਰੋਵਰਸ਼ੀਅਲੀ ਯੂਅਰਜ਼' ਨੂੰ ਜਾਰੀ ਕਰਨ ਲਈ ਮੁੰਬਈ ਵਿਚ ਹੋਣ ਵਾਲਾ ਸਮਾਗਮ ਰੱਦ ਕਰ ਦਿੱਤਾ ਗਿਆ। ਕਈ ਥਾਵਾਂ ਉੱਤੇ ਲੋਕਾਂ ਨੇ ਰੋਸ ਮੁਜ਼ਾਹਰੇ ਕੀਤੇ। ਟੈਲੀਵਿਜ਼ਨ ਉੱਤੇ ਇਹ ਰੋਸ ਤਕਰੀਬਨ ਇਕ ਹਫ਼ਤਾ ਜਾਰੀ ਰਿਹਾ। ਸਚਿਨ ਤੇਂਦੁਲਕਰ ਅਤੇ ਸ਼ੋਏਬ ਅਖ਼ਤਰ ਕ੍ਰਿਕਟ ਦੇ ਨਾਮੀ ਕੌਮਾਂਤਰੀ ਖਿਡਾਰੀ ਹਨ। ਇਸ ਖੇਡ ਦੇ ਦੁਆਲੇ ਉਸਰੀ ਮੰਡੀ ਵਿਚੋਂ ਇਨ੍ਹਾਂ ਨੇ ਇਸ਼ਤਿਹਾਰਬਾਜ਼ੀ ਰਾਹੀਂ ਬਹੁਤ ਮਾਇਆ ਕਮਾਈ ਹੈ। ਇਸ਼ਤਿਹਾਰਬਾਜ਼ੀ ਦਾ ਧੁਰਾ ਬਣਨ ਵਾਲੀਆਂ ਸ਼ਕਲਾਂ ਨੂੰ ਲੋਕ-ਮਨ ਵਿਚ ਕਾਇਮ ਰੱਖਣ ਲਈ ਇਨ੍ਹਾਂ ਦੀ ਹਰ ਨਿਗੂਣੀ ਤੋਂ ਨਿਗੂਣੀ ਸਰਗਰਮੀ 'ਖ਼ਬਰ' ਦਾ ਦਰਜਾ ਹਾਸਿਲ ਕਰ ਲੈਂਦੀ ਹੈ। ਇਸ਼ਤਿਹਾਰਬਾਜ਼ੀ ਦੀ ਅਹਿਮੀਅਤ ਲਗਾਤਾਰ ਪੇਸ਼ਕਾਰੀ ਵਿਚ ਹੈ। ਹਿਟਲਰਸ਼ਾਹੀ ਮੰਨਦੀ ਸੀ ਕਿ 'ਕੋਈ ਝੂਠ ਵਾਰ-ਵਾਰ ਬੋਲਿਆ ਜਾਵੇ ਤਾਂ ਲੋਕ ਸੱਚ ਮੰਨ ਲੈਂਦੇ ਹਨ।'

ਸਚਿਨ ਅਤੇ ਸ਼ੋਏਬ ਕ੍ਰਿਕਟ ਦੇ ਹੁਨਰਮੰਦ ਤੇ ਧੜੱਲੇਦਾਰ ਆਲਮੀ ਖਿਡਾਰੀ ਹਨ। ਜੇ ਸਚਿਨ ਦੀ ਬੱਲੇਬਾਜ਼ੀ ਨੇ ਕ੍ਰਿਕਟ ਦੇ ਮੈਦਾਨ ਵਿਚ ਹਾਜ਼ਿਰ ਖਿਡਾਰੀਆਂ ਵਿਚਲੀਆਂ ਵਿੱਥਾਂ ਨੂੰ ਆਪਣੀ ਮਨਮਰਜ਼ੀ ਨਾਲ ਮੋਕਲਾ ਸਾਬਿਤ ਕੀਤਾ ਹੈ ਤਾਂ ਗੇਂਦਬਾਜ਼ੀ ਲਈ ਭੱਜ ਰਿਹਾ ਸ਼ੋਏਬ ਖੇਡ ਪ੍ਰੇਮੀਆਂ ਵਿਚ ਹੁਲਾਰ ਪੈਦਾ ਕਰਦਾ ਰਿਹਾ ਹੈ। ਇਨ੍ਹਾਂ ਦੋਵਾਂ ਦਾ ਆਪਸੀ ਮੁਕਾਬਲਾ ਹਮੇਸ਼ਾ ਦਿਲਚਸਪ ਰਿਹਾ ਹੈ। ਦੋਵਾਂ ਦੇ ਹਿੱਸੇ ਕਾਮਯਾਬੀ, ਬਰਾਬਰੀ ਅਤੇ ਨਾਕਾਮਯਾਬੀ ਦੇ ਮੌਕੇ ਆਏ ਹਨ। ਕਈ ਮੁਕਾਬਲੇ ਬਿਲਕੁਲ ਇਕਪਾਸੜ ਵੀ ਰਹੇ ਹਨ। ਸਾਲਾਂ ਚੱਲੇ ਮੁਕਾਬਲੇ ਨੂੰ ਦਿਲਚਸਪ ਜ਼ਰੂਰ ਕਿਹਾ ਜਾ ਸਕਦਾ ਹੈ। ਅੰਕੜਾ ਮੁਖੀ ਖੇਡ ਲਿਖਤਾਂ ਦੇ ਮਾਹਿਰ ਗਿਣਤੀ, ਔਸਤ ਅਤੇ ਲਗਾਤਾਰਤਾ ਨਾਲ ਆਪਣੀ ਦਲੀਲ ਨੂੰ ਅੰਤਿਮ ਸੱਚ ਵਜੋਂ ਪੇਸ਼ ਕਰ ਸਕਦੇ ਹਨ। ਸਵਾਲ ਤਾਂ ਇਹ ਹੈ ਕਿ ਖਿਡਾਰੀ ਇਕ-ਦੂਜੇ ਬਾਬਤ ਹਜ਼ਾਰਾਂ ਟਿੱਪਣੀਆਂ ਕਰਦੇ ਹਨ ਪਰ ਇਸ ਨਾਲ ਮੁਲਕ ਦੀ ਸ਼ਾਨ ਕਿਉਂ ਖ਼ਤਰੇ ਵਿਚ ਪੈਂਦੀ ਹੈ? ਇਹ ਨਿਚੋੜ ਕੱਢਣਾ ਔਖਾ ਨਹੀਂ ਹੈ ਕਿ ਸ਼ੋਏਬ ਨੇ ਆਪਣੀ ਕਿਤਾਬ ਵੇਚਣ ਲਈ ਇਹ ਸਨਸਨੀਖ਼ੇਜ਼ ਗੱਲਾਂ ਕੀਤੀਆਂ ਹਨ। ਸ਼ੋਏਬ ਉੱਤੇ ਹੋ ਰਹੇ ਜਵਾਬੀ ਹਮਲੇ ਨੇ ਦਲੀਲ ਦੀ ਬਾਂਹ ਕਿੰਨੀ ਕੁ ਫੜੀ ਹੋਈ ਹੈ? ਅੰਕੜਾਮੁਖੀ ਪੱਤਰਕਾਰਾਂ ਅਤੇ ਟਕਰਾਅਮੁਖੀ ਵਿਦਵਾਨਾਂ ਨੂੰ ਦੋ ਗੁਆਢੀ ਮੁਲਕਾਂ ਦੀ 'ਰਵਾਇਤੀ ਦੁਸ਼ਮਣੀ' ਦੀ ਵਿਸ ਘੋਲਣ ਦਾ ਮੌਕਾ ਮਿਲ ਗਿਆ ਹੈ। ਟੈਲੀਵੀਜ਼ਨ ਚੈਨਲਾਂ ਦੇ ਜ਼ਿਆਦਾ ਇਸ਼ਤਿਹਾਰਬਾਜ਼ੀ ਵਾਲੇ ਪ੍ਰੋਗਰਾਮ ਸਸਤੇ ਬਣ ਗਏ ਹਨ। ਅੰਕੜਿਆਂ ਅਤੇ ਉਲਾਰ ਟਿੱਪਣੀਆਂ ਨਾਲ ਕੰਮ ਕਿੰਨਾ ਸੁਖਾਲਾ ਹੋ ਜਾਂਦਾ ਹੈ?

ਇਕ ਪਾਸੇ ਸਚਿਨ-ਸ਼ੋਏਬ ਵਿਵਾਦ ਸਾਡੇ ਘਰਾਂ ਦੀਆਂ ਰਸੋਈਆਂ ਵਿਚ ਵੜਿਆ ਹੋਇਆ ਹੈ ਅਤੇ ਦੂਜੇ ਪਾਸੇ ਵੰਨ-ਸਵੰਨੀਆਂ ਮੁਸ਼ਕਲਾਂ ਖ਼ਿਲਾਫ਼ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ ਲੋਕਾਂ ਨੂੰ ਰਾਜਧਾਨੀਆਂ ਵਿਚੋਂ ਜੂਹ ਬਦਰ ਕੀਤਾ ਜਾ ਰਿਹਾ ਹੈ। ਭਗਤ ਸਿੰਘ ਦੇ ਜਨਮ ਦਿਹਾੜੇ ਉੱਤੇ ਪੰਜਾਬ ਦੀਆਂ ਕਿਸਾਨ-ਮਜ਼ਦੂਰ-ਮੁਲਾਜ਼ਮ ਅਤੇ ਵਿਦਿਆਰਥੀ ਜਥੇਬੰਦੀਆਂ ਨੇ ਆਪਣੇ ਸੂਬੇ ਦੀ ਰਾਜਧਾਨੀ ਵਿਚ ਨਵੇਂ ਬਣਾਏ ਜਾ ਰਹੇ ਕਾਨੂੰਨਾਂ ਖ਼ਿਲਾਫ਼ ਧਰਨਾ ਦੇਣ ਦਾ ਫ਼ੈਸਲਾ ਕੀਤਾ। ਜਮਹੂਰੀ ਮੁਲਕ ਵਿਚ ਪਰੇਸ਼ਾਨ ਆਵਾਮ ਨੇ ਆਪਣੀ ਗੱਲ ਧਰਨੇ-ਮੁਜ਼ਾਹਰਿਆਂ ਰਾਹੀਂ ਹੀ ਵਿਧਾਨਪਾਲਿਕਾ ਦੇ ਧਿਆਨ ਵਿਚ ਲਿਆਉਣੀ ਹੈ। ਰੋਸ ਪ੍ਰਗਟ ਕਰਨ ਆਏ ਆਵਾਮ ਦੀ ਸੁਹਿਰਦਤਾ ਨਾਲ ਗੱਲ ਸੁਣਨਾ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਦਾ ਫ਼ਰਜ਼ ਹੈ। ਧਰਨੇ-ਮੁਜ਼ਾਹਰੇ ਨੂੰ ਜਮਹੂਰੀ ਅਮਲ ਦਾ ਅਟੁੱਟ ਹਿੱਸਾ ਮੰਨਿਆ ਜਾਂਦਾ ਹੈ। ਇਸੇ ਲਈ ਰੋਹ ਪ੍ਰਗਟ ਕਰਨਾ ਅਵਾਮ ਦੇ ਜਮਹੂਰੀ ਹਕੂਕ ਵਿਚ ਸ਼ੁਮਾਰ ਹੈ। ਆਪਣੀ ਰਾਜਧਾਨੀ ਵਿਚ ਧਰਨਾ ਦੇਣ ਆਇਆਂ ਨੂੰ ਚੰਡੀਗੜ੍ਹ ਦੀ ਸਰਹੱਦ ਉੱਤੇ ਰੋਹ ਲਿਆ ਗਿਆ। ਇਸੇ ਤੋਂ ਪਤਾ ਲੱਗਦਾ ਹੈ ਕਿ ਚੰਡੀਗੜ੍ਹ ਪੰਜਾਬ ਦੀ ਕਾਗ਼ਜ਼ੀ ਰਾਜਧਾਨੀ ਹੈ ਪਰ ਅਮਲ ਵਿਚ ਇਹ ਕੋਈ ਦੂਜਾ ਸੂਬਾ ਹੈ। ਚੰਡੀਗੜ੍ਹ ਇਸ ਮਾਮਲੇ ਵਿਚ ਪੰਜਾਬ ਅਤੇ ਹਰਿਆਣੇ ਵਿਚਕਾਰ ਵਿਤਕਰਾ ਨਹੀਂ ਕਰਦਾ। ਦੋਵਾਂ ਸੂਬਿਆਂ ਦੀਆਂ ਸਰਕਾਰਾਂ ਧਰਨਾਕਾਰੀਆਂ ਦਾ ਪੇਚਾ ਚੰਡੀਗੜ੍ਹ ਪੁਲਿਸ ਨਾਲ ਪੁਆ ਕੇ ਲਾਂਭੇ ਹੋ ਜਾਂਦੀਆਂ ਹਨ। ਪਹਿਲਾਂ ਚੰਡੀਗੜ੍ਹ ਵਿਚ ਰੋਸ ਪ੍ਰਗਟ ਕਰਨ ਵਾਲੇ ਸੈਕਟਰੀਏਟ ਦੇ ਸਾਹਮਣੇ ਤੱਕ ਜਾਂਦੇ ਸਨ। ਇਸ ਤੋਂ ਬਾਅਦ ਮਟਕਾ ਚੌਕ ਹੱਦ ਬੰਨ੍ਹ ਦਿੱਤਾ ਗਿਆ। ਸਤਾਰਾਂ ਸੈਕਟਰ ਦੇ ਖੂੰਜੇ ਵਿਚ ਬਣੇ ਪੰਜ ਤਾਰਾ ਹੋਟਲ ਦੇ ਮਹਿਮਾਨ ਧਰਨੇ-ਮੁਜ਼ਾਹਰਿਆਂ ਤੋਂ ਪਰੇਸ਼ਾਨ ਹੁੰਦੇ ਸਨ। ਇਸ ਲਈ ਹੁਣ ਕਿਸੇ ਧਰਨਾਕਾਰੀ ਨੂੰ ਮਟਕਾ ਚੌਕ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਕੰਮ ਲਈ ਚੰਡੀਗੜ੍ਹ ਦੀਆਂ ਮੜ੍ਹੀਆਂ ਅਤੇ ਨਵੋਦਿਆ ਸਕੂਲ ਦੇ ਵਿਚਕਾਰ ਨਿਸ਼ਾਹਦੇਹੀ ਕਰਕੇ ਚਾਰਦਿਵਾਰੀ ਕਰ ਦਿੱਤੀ ਗਈ ਹੈ। ਥੜ੍ਹਾ ਬਣਾ ਦਿੱਤਾ ਗਿਆ ਹੈ। ਮੁਰਦਿਆਂ ਅਤੇ ਸਕੂਲ ਪੜ੍ਹਨ ਆਏ ਬੱਚਿਆਂ ਵਿਚ ਤਾਂ ਪੰਜ ਤਾਰਾ ਹੋਟਲ ਦੇ ਮਹਿਮਾਨਾਂ ਜਿੰਨਾ ਜ਼ੋਰ ਨਹੀਂ ਹੈ!

ਜਦੋਂ ਮੁਜ਼ਾਹਰਾ ਕਰਨ ਆਏ ਬੰਦਿਆਂ ਨੂੰ ਰਾਜਧਾਨੀ ਵਿਚ ਵੜਨ ਤੋਂ ਰੋਕ ਦਿੱਤਾ ਗਿਆ ਤਾਂ ਉਨ੍ਹਾਂ ਨੇ ਪੰਜਾਬ ਤੋਂ ਚੰਡੀਗੜ੍ਹ ਨੂੰ ਆਉਣ ਵਾਲੀਆਂ ਤਿੰਨ ਅਹਿਮ ਸੜਕਾਂ ਬੰਦ ਕਰ ਦਿੱਤੀਆਂ। ਖਰੜ, ਲਾਂਡਰਾਂ ਅਤੇ ਜ਼ੀਰਕਪੁਰ ਵਿਚ ਸੜਕਾਂ ਬੰਦ ਕੀਤੇ ਜਾਣ ਕਾਰਨ ਆਵਾਜਾਈ ਵਿਚ ਵਿਘਨ ਪਿਆ। ਸਵਾਰੀਆਂ ਖੱਜਲਖੁਆਰ ਹੋਈਆਂ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਧਰਨਾਕਾਰੀਆਂ ਦਾ ਪੇਚਾ ਚੰਡੀਗੜ੍ਹ ਦੀ ਪੁਲਿਸ ਦੀ ਥਾਂ ਆਮ ਸਵਾਰੀਆਂ ਨਾਲ ਪੁਆ ਦਿੱਤਾ। ਚੰਡੀਗੜ੍ਹੀਆਂ ਦੀ ਰਾਏ ਤਾਂ ਪਹਿਲਾਂ ਹੀ ਪੰਜਾਬੀਆਂ ਅਤੇ ਹਰਿਆਣਵੀਆਂ ਦੇ ਖ਼ਿਲਾਫ਼ ਹੈ। 'ਖੇਤੀਬਾੜੀ ਤੋਂ ਵਿਹਲੇ ਹੋ ਕੇ ਧਰਨੇ-ਮੁਜ਼ਾਹਰੇ ਕਰਨ ਦੇ ਬਹਾਨੇ ਚੰਡੀਗੜ੍ਹ ਵਿਚ ਛੁੱਟੀ ਮਨਾਉਣ ਵਾਲੇ ਕਿਸਾਨਾਂ' ਦੀ 'ਅਸਲੀਅਤ' ਨੂੰ ਅੰਗਰੇਜ਼ੀ ਅਖ਼ਬਾਰ ਲਗਾਤਾਰ 'ਬੇਪਰਦ' ਕਰਦੇ ਹਨ। ਇਸ ਮਾਹੌਲ ਵਿਚ ਸਚਿਨ-ਸ਼ੋਏਬ ਵਿਵਾਦ ਅਤੇ ਧਰਨੇ-ਮੁਜ਼ਾਰਿਆਂ ਦੀ ਸਿਆਸਤ ਦਾ ਖੁੱਲ੍ਹੀ ਮੰਡੀ ਨਾਲ ਰਿਸ਼ਤਾ ਉਗੜ ਕੇ ਸਾਹਮਣੇ ਆਉਂਦਾ ਹੈ।

ਇਹ ਆਮ ਕਿਹਾ ਜਾਂਦਾ ਹੈ ਕਿ ਖੇਡਾਂ ਨੂੰ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ। ਆਧੁਨਿਕ ਖੇਡਾਂ ਦੀ ਬੁਨਿਆਦ ਹੀ ਸਿਆਸਤ ਉੱਤੇ ਟਿਕੀ ਹੋਈ ਹੈ ਤਾਂ ਇਨ੍ਹਾਂ ਵਿਚ ਨਿਖੇੜਾ ਕਿਵੇਂ ਕੀਤਾ ਜਾ ਸਕਦਾ ਹੈ? ਮਸਲਾ ਸਿਆਸਤ ਅਤੇ ਖੇਡਾਂ ਦੇ ਬਦਲਦੇ ਖ਼ਾਸੇ ਨਾਲ ਜੁੜਿਆ ਜਾਪਦਾ ਹੈ। ਖੁੱਲ੍ਹੀ ਮੰਡੀ ਦੀ ਵਕਾਲਤ ਕਰਦੀ ਇਕ ਧਰਵੀ ਆਲਮੀ ਸਿਆਸਤ ਲਈ ਰਾਏਸ਼ੁਮਾਰੀ ਦਾ ਕੰਮ ਖੇਡਾਂ ਰਾਹੀਂ ਹੁੰਦੀ ਇਸ਼ਤਿਹਾਰਬਾਜ਼ੀ ਕਰ ਰਹੀ ਹੈ। ਮੀਡੀਆ ਇਸ ਰੁਝਾਨ ਦੀ ਅਹਿਮ ਕੜੀ ਹੈ। ਅਗਲੀ ਗੱਲ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਖੇਡ ਮੈਦਾਨ ਨੇ ਗ਼ਲਬਾਮੁਖੀ ਸਿਆਸਤ ਨੂੰ ਹਰਾਉਣ ਵਿਚ ਫੈਸਲਾਕੁਨ ਹਿੱਸਾ ਪਾਇਆ ਹੈ। ਕੁਝ ਮਿਸਾਲਾਂ ਜ਼ਰੂਰੀ ਹਨ। ਇਹ ਤਾਂ ਜ਼ਿਆਦਾਤਰ ਖੇਡ ਪ੍ਰੇਮੀ ਜਾਣਦੇ ਹਨ ਕਿ ਹਿਟਲਰ ਦੀ ਖਾਲਸ ਨਸਲ ਦੀ ਧਾਰਨਾ ਦਾ ਭੋਗ 1936 ਦੀ ਬਰਲਿਨ ਓਲੰਪਿਕ ਦੌਰਾਨ ਸਿਆਹਫਾਮ ਦੌੜਾਕ ਜੈਸੀ ਓਵਨ ਨੇ ਚਾਰ ਸੋਨ ਤਮਗਿਆਂ ਅਤੇ ਧਿਆਨ ਚੰਦ ਦੇ ਹਾਕੀ ਵਿਚ ਤਾਬੜਤੋੜ ਗੋਲਾਂ ਰਾਹੀਂ ਪਾਇਆ ਸੀ। ਜੈਸੀ ਓਵਨ ਨੇ ਜਰਮਨ ਵਿਚ ਹਿਟਲਰ ਦੀ ਖਾਲਸ ਨਸਲ ਦੀ ਧਾਰਨਾ ਦੀ ਫੂਕ ਕੱਢ ਦਿੱਤੀ ਅਤੇ ਦੂਜੇ ਪਾਸੇ ਅਮਰੀਕਾ ਵਿਚ ਸ਼ਹਿਰੀਆਂ ਆਜ਼ਾਦੀਆਂ ਦੇ ਸੰਘਰਸ਼ ਨੂੰ ਸਿਆਹਫਾਮ ਨਾਇਕ ਮਿਲ ਗਿਆ।

ਆਲਮੀ ਜੇਤੂ ਮੁੱਕੇਬਾਜ਼ ਮੁਹੰਮਦ ਅਲੀ ਦੀ ਇੱਜ਼ਤ ਉਸ ਵੱਲੋਂ ਫ਼ੌਜ ਵਿਚ ਭਰਤੀ ਹੋਣ ਤੋਂ ਕੀਤੇ ਇਨਕਾਰ ਕਾਰਨ ਜ਼ਿਆਦਾ ਹੁੰਦੀ ਹੈ। ਮੁਹੰਮਦ ਅਲੀ ਨੇ ਵੀਅਤਨਾਮ ਦੇ ਹਮਲੇ ਦਾ ਵਿਰੋਧ ਕਰਦੇ ਹੋਏ ਫ਼ੌਜ ਵਿਚ ਭਰਤੀ ਹੋਣ ਤੋਂ ਇਨਕਾਰ ਕੀਤਾ ਅਤੇ ਕਿਹਾ, "ਮੈਂ ਵੀਅਤਕਾਂਗ ਦੇ ਖ਼ਿਲਾਫ਼ ਲੜਨ ਕਿਉਂ ਜਾਵਾਂ, ਉਨ੍ਹਾਂ ਨੇ ਕਿਹੜਾ ਮੈਨੂੰ ਨੀਗਰੋ (ਸਿਆਹਫਾਮ) ਕਿਹਾ ਹੈ।" ਉਸ ਉੱਤੇ ਮੁਕੱਦਮਾ ਚੱਲਿਆ। ਹੇਠਲੀ ਅਦਾਲਤ ਨੇ ਉਸ ਨੂੰ 21 ਮਿੰਟ ਦੀ ਪੇਸ਼ੀ ਦੌਰਾਨ ਦੋਸ਼ੀ ਕਰਾਰ ਦਿੱਤਾ। ਪੰਜ ਸਾਲ ਦੀ ਕੈਦ ਅਤੇ ਦਸ ਹਜ਼ਾਰ ਡਾਲਰ ਜੁਰਮਾਨਾ। ਅਲੀ ਨੇ ਕਿਹਾ, "ਨਹੀਂ! ਮੈਂ ਗੋਰੇ ਦਾ ਗ਼ਲਬਾ ਅਤੇ ਗ਼ੁਲਾਮ ਰਾਜ ਕਾਇਮ ਰੱਖਣ ਲਈ ਗ਼ੈਰ-ਗੋਰਿਆਂ ਖ਼ਿਲਾਫ਼ ਲੜਨ 10,000 ਮੀਲ ਚੱਲ ਕੇ ਨਹੀਂ ਜਾ ਸਕਦਾ। ਮੌਜੂਦਾ ਦੌਰ ਵਿਚ ਹਰ ਤਰ੍ਹਾਂ ਦੀ ਬਦੀ ਅਤੇ ਬੇਇਨਸਾਫ਼ੀ ਖ਼ਤਮ ਹੋਣੀ ਚਾਹੀਦੀ ਹੈ।" ਇਸੇ ਸਮੇਂ ਦੌਰਾਨ ਉਸ ਨੇ ਹਾਰਵਰਡ ਯੂਨੀਵਰਸਿਟੀ ਵਿਚ ਉਹ ਤਕਰੀਰ ਦਿੱਤੀ ਜਿਸ ਦਾ ਨਿਚੋੜ ਤਿੰਨ ਸ਼ਬਦਾਂ ਵਿਚ ਪੇਸ਼ ਕੀਤਾ ਜਾਂਦਾ ਹੈ, 'ਸਿਆਹਫਾਮ ਬਿਹਰਤਰੀਨ ਹੈ' (ਬਲੈਕ ਇਜ ਬੈਸਟ)। ਉਸ ਨੇ ਹਰ ਤਕਰੀਰ ਵਿਚ ਕਿਹਾ, "ਉਹ ਮੈਨੂੰ ਵਰਦੀ ਪਾ ਕੇ 10,000 ਕਿਲੋਮੀਟਰ ਦੂਰ ਵੀਅਤਨਾਮ ਦੇ ਗ਼ੈਰ-ਗੋਰੇ ਲੋਕਾਂ ਉੱਤੇ ਬੰਬ ਸੁੱਟਣ ਅਤੇ ਗੋਲੀਆਂ ਚਲਾਉਣ ਕਿਉਂ ਭੇਜ ਰਹੇ ਹਨ ਜਦੋਂ ਕਿ ਲਾਉਸਵਿਲੀ (ਅਮਰੀਕੀ ਸੂਬੇ ਕੈਂਟਕੀ ਦਾ ਸਭ ਤੋਂ ਵੱਡਾ ਸ਼ਹਿਰ) ਦੀ ਤਥਾਕਥਿਤ ਸਿਆਹਫਾਮ ਆਬਾਦੀ ਨਾਲ ਕੁੱਤਿਆਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ? ਉਨ੍ਹਾਂ ਨੂੰ ਬੁਨਿਆਦੀ ਮਨੁੱਖੀ ਹਕੂਕ ਤੋਂ ਮਹਿਰੂਮ ਕੀਤਾ ਗਿਆ ਹੈ।" ਅਮਰੀਕਾ ਵਿਚ ਜੰਗ ਵਿਰੋਧੀ ਮਾਹੌਲ ਉਸਾਰਨ ਵਿਚ ਅਲੀ ਨੇ ਵੱਡਾ ਹਿੱਸਾ ਪਾਇਆ।



*ਪੰਜਾਬ ਵਿਚ ਕਾਲੇ ਕਾਨੂੰਨਾਂ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ।*

ਔਰਤਾਂ ਅਤੇ ਮਰਦਾਂ ਦੀ ਬਰਾਬਰੀ ਦੇ ਸੰਘਰਸ਼ ਦਾ ਅਹਿਮ ਪੜਾਅ ਖੇਡ ਮੈਦਾਨ ਦੇ ਹਿੱਸੇ ਆਇਆ ਹੈ। ਬਿਲੀ ਜੀਨ ਕਿੰਗ 1970ਵਿਆਂ ਵਿਚ ਟੈਨਿਸ ਦੀ ਪਹਿਲਾ ਦਰਜਾ ਹਾਸਲ ਖਿਡਾਰੀ ਸੀ। ਉਸ ਨੇ ਔਰਤਾਂ ਲਈ ਬਰਾਬਰੀ ਦੀ ਵਕਾਲਤ ਕੀਤੀ। ਉਸ ਵੇਲੇ 1940ਵਿਆਂ ਦੌਰਾਨ ਟੈਨਿਸ ਵਿਚ ਪਹਿਲਾ ਦਰਜਾ ਹਾਸਿਲ ਕਰਨ ਵਾਲੇ ਬੌਬੀ ਰਿਗਜ਼ ਨੇ ਬੀਬੀਆਂ ਨੂੰ ਚੁਣੌਤੀ ਦਿੱਤੀ ਕਿ ਆਲਮੀ ਪੱਧਰ ਦੀਆਂ ਸਿਖ਼ਰਲੀਆਂ ਖਿਡਾਰਨਾਂ ਉਸ ਨੂੰ 56 ਸਾਲ ਦੀ ਉਮਰ ਵਿਚ ਨਹੀਂ ਹਰਾ ਸਕਦੀਆਂ। ਕਿੰਗ ਨੇ ਚੁਣੌਤੀ ਕਬੂਲ ਨਹੀਂ ਕੀਤੀ ਪਰ ਦੂਜੇ ਦਰਜੇ ਦੀ ਖਿਡਾਰਨ ਮਾਰਗਰੈਟ ਕੋਰਟ ਨੇ ਰਿਗਜ਼ ਖ਼ਿਲਾਫ਼ ਖੇਡਣ ਦਾ ਫ਼ੈਸਲਾ ਕੀਤਾ। ਰਿਗਜ਼ ਨੇ 6-2, 6-1 ਨਾਲ ਮੈਚ ਜਿੱਤ ਕੇ ਚੁਣੌਤੀ ਦੂਹਰਾ ਦਿੱਤੀ। ਕਿੰਗ ਨੇ ਚੁਣੌਤੀ ਕਬੂਲ ਕਰ ਲਈ। ਉਸ ਨੇ 20 ਸਤੰਬਰ 1973 ਨੂੰ ਰਿਗਜ਼ ਨੂੰ 6-4, 6-3, 6-3 ਨਾਲ ਹਰਾਉਣ ਤੋਂ ਬਾਅਦ ਬਿਆਨ ਦਿੱਤਾ, "ਮੈਨੂੰ ਪਤਾ ਸੀ ਕਿ ਜੇ ਮੈਂ ਮੈਚ ਹਾਰ ਜਾਂਦੀ ਤਾਂ ਔਰਤਾਂ ਦਾ ਮਸਲਾ ਪੰਜਾਹ ਸਾਲ ਪਿੱਛੇ ਪੈ ਜਾਣਾ ਸੀ। ਇਸ ਨਾਲ ਔਰਤਾਂ ਦੇ ਮਾਣ ਨੂੰ ਧੱਕਾ ਲੱਗਣਾ ਸੀ।" ਇਨ੍ਹਾਂ ਮੈਚਾਂ ਨੂੰ 'ਬੈਟਲ ਆਫ਼ ਸੈਕਸਿਜ਼' ਕਿਹਾ ਜਾਂਦਾ ਹੈ। ਕਿੰਗ ਟੈਨਿਸ ਦੀਆਂ ਜਥੇਬੰਦੀਆਂ 'ਵਰਲਡ ਟੈਨਿਸ ਐਸੋਸੀਏਸ਼ਨ' ਅਤੇ 'ਵੂਮੈਨਜ਼ ਸਪੋਰਟਸ ਫਾਉਂਡੇਸ਼ਨ' ਦੀਆਂ ਬਾਨੀ ਬੀਬੀਆਂ ਵਿਚੋਂ ਹੈ।

ਅਫ਼ਰੀਕੀ ਮੂਲ ਦੇ ਅਮਰੀਕੀ ਦੌੜਾਕ ਟੋਮੀ ਸਮਿੱਥ ਨੇ 1968 ਦੀਆਂ ਮੈਕਸੀਕੋ ਓਲੰਪਿਕ ਖੇਡਾਂ ਵਿਚ 2000 ਮੀਟਰ ਦੌੜ ਆਲਮੀ ਰਿਕਾਰਡ ਨਾਲ ਜਿੱਤੀ। ਦੂਜੇ ਨੰਬਰ ਉੱਤੇ ਆਸਟਰੇਲੀਆ ਦਾ ਪੀਟਰ ਨੌਰਮੈਨ ਅਤੇ ਤੀਜੇ ਨੰਬਰ ਉੱਤੇ ਟੋਮੀ ਦਾ ਹਮਵਤਨ ਜੌਨ ਕਾਰਲੋਸ ਸੀ। ਟੋਮੀ ਸਮਿੱਥ ਅਤੇ ਜੌਨ ਕਾਰਲੋਸ ਤਮਗੇ ਲੈਣ ਵਾਲੇ ਮੰਚ ਉੱਤੇ ਬਿਨਾਂ ਬੂਟਾਂ ਤੋਂ ਕਾਲੀਆਂ ਜੁਰਾਬਾਂ ਪਾ ਕੇ ਚੜ੍ਹੇ। ਸਿਆਹਫਾਮ ਖਿਡਾਰੀਆਂ ਨੇ ਤਮਗੇ ਹਾਸਲ ਕਰਨ ਤੋਂ ਬਾਅਦ ਅਮਰੀਕਾ ਦੇ ਰਾਸ਼ਟਰੀ ਗੀਤ ਮੌਕੇ ਕਾਲੇ ਦਸਤਾਨਿਆਂ ਵਾਲੇ ਹੱਥ ਦੇ ਮੁੱਕੇ ਵੱਟ ਕੇ ਉੱਪਰ ਕੀਤੇ ਅਤੇ ਨੀਵੀਂਆਂ ਪਾ ਕੇ ਖੜ੍ਹ ਗਏ। ਉਨ੍ਹਾਂ ਨੇ ਮਨੁੱਖੀ ਹਕੂਕ ਦੀ ਵਕਾਲਤ ਕਰਨ ਵਾਲੇ ਬਿੱਲੇ ਲਗਾਏ ਹੋਏ ਸਨ। ਇਨ੍ਹਾਂ ਦੋਵਾਂ ਨਾਲ ਸਹਿਮਤੀ ਅਤੇ ਆਸਟਰੇਲੀਆ ਵਿਚ ਮੂਲਵਾਸੀਆਂ ਨਾਲ ਹੁੰਦੇ ਵਿਤਕਰੇ ਖ਼ਿਲਾਫ਼ ਪੀਟਰ ਨੌਰਮੈਨ ਨੇ ਵੀ ਇਹ ਬਿੱਲਾ ਲਗਾਇਆ ਹੋਇਆ ਸੀ। ਕਿਤਾਬਾਂ ਵਿਚ ਖੇਡਾਂ ਦੇ ਗੁਣਾਂ ਵਜੋਂ ਪੜ੍ਹਾਇਆ ਜਾਂਦਾ ਤਾਲਮੇਲ ਇੰਝ ਖੇਡ ਮੈਦਾਨ ਵਿਚ ਹਾਜ਼ਰੀ ਭਰ ਰਿਹਾ ਸੀ। ਟੋਮੀ ਸਮਿੱਥ ਅਤੇ ਜੌਨ ਕਾਰਲੋਸ ਨੇ ਆਪਣੀ ਕਾਰਵਾਈ ਦੀ ਵਿਆਖਿਆ ਕੀਤੀ ਕਿ ਬਿਨਾਂ ਬੂਟ ਦੀਆਂ ਜੁਰਾਬਾਂ ਸਿਆਹਫਾਮ ਲੋਕਾਂ ਦੀ ਗ਼ੁਰਬਤ ਪੇਸ਼ ਕਰਦੀਆਂ ਹਨ। ਕਾਰਲੋਸ ਨੇ ਗੱਲ ਵਿਚ ਪਾਏ ਗੁਲੂਬੰਦ ਨੂੰ ਸਿਆਹਫਾਮ ਲੋਕਾਂ ਦੇ ਸਵੈਮਾਣ ਦੀ ਨਿਸ਼ਾਨੀ ਕਰਾਰ ਦਿੱਤਾ। ਉਸ ਦੇ ਗਲ ਵਿਚ ਪਾਈ ਮਣਕਿਆਂ ਦੀ ਮਾਲਾ ਨੂੰ 'ਅੰਤਿਮ ਅਰਦਾਸ ਤੱਕ ਤੋਂ ਮਹਿਰੂਮ ਰਹੇ ਕੁੱਟ-ਕੁੱਟ ਕੇ ਮਾਰ ਦਿੱਤੇ ਗਏ ਸਿਆਹਫਾਮ ਕਾਮਿਆਂ' ਦੀ ਯਾਦ ਕਰਾਰ ਦਿੱਤਾ। ਇਨ੍ਹਾਂ ਸਿਆਹਫਾਮ ਖਿਡਾਰੀਆਂ ਨੂੰ ਦਰਸ਼ਕਾਂ ਨੇ ਰੱਜ ਕੇ ਧਿਰਕਾਰਿਆ। ਟੋਮੀ ਸਮਿੱਥ ਨੇ ਬਿਆਨ ਦਿੱਤਾ, "ਜੇ ਮੈਂ ਜਿੱਤਦਾ ਹਾਂ ਤਾਂ ਮੈਨੂੰ ਸਿਆਹਫਾਮ ਅਮਰੀਕੀ ਨਹੀਂ ਸਗੋਂ ਸਿਰਫ਼ ਅਮਰੀਕੀ ਕਿਹਾ ਜਾਂਦਾ ਹੈ। ਜੇ ਮੈਂ ਕੁਝ ਬੁਰਾ ਕਰਾਂ ਤਾਂ ਇਹ ਕਹਿਣਗੇ ਕਿ ਮੈਂ ਨੀਗਰੋ (ਸਿਆਹਫਾਮ) ਹਾਂ। ਅਸੀਂ ਸਿਆਹਫਾਮ ਹਾਂ ਅਤੇ ਆਪਣੀ ਪਛਾਣ ਉੱਤੇ ਮਾਣ ਕਰਦੇ ਹਾਂ। ਸਾਡੇ ਕੀਤੇ ਨੂੰ ਸਿਆਹਫਾਮ ਅਮਰੀਕੀ ਸਮਝ ਸਕਦੇ ਹਨ।" ਇਸ ਘਟਨਾ ਨੂੰ 'ਬਲੈਕ ਪਾਵਰ ਸੈਲਿਊਟ' ਕਿਹਾ ਜਾਂਦਾ ਹੈ।

ਇਨ੍ਹਾਂ ਸਾਰੀਆਂ ਘਟਨਾਵਾਂ ਨੇ ਖੇਡ ਮੈਦਾਨ ਨੂੰ ਦਰਦਮੰਦੀ ਨਾਲ ਲਬਰੇਜ਼ ਕੀਤਾ ਹੈ। ਖਿਡਾਰੀ ਦੀ ਮਕਬੂਲੀਅਤ ਨੂੰ ਡੇਵ ਜ਼ਰੀਨ ਉਨ੍ਹਾਂ ਦੀ 'ਸਭਿਆਚਾਰਕ ਪੂੰਜੀ' ਕਰਾਰ ਦਿੰਦਾ ਹੈ। ਇਸੇ ਸਭਿਆਚਾਰਕ ਪੂੰਜੀ ਦੇ ਆਸਰੇ ਖਿਡਾਰੀ ਨਸਲਵਾਦ, ਸਮਾਜਿਕ ਨਾਬਰਾਬਰੀ ਅਤੇ ਜੰਗੀ ਮੁਹਿੰਮਾਂ ਨੂੰ ਲਲਕਾਰ ਨੇ ਲਾਮਬੰਦੀ ਕਰਨ ਵਿਚ ਕਾਮਯਾਬ ਹੋਏ ਹਨ। ਮੌਜੂਦਾ ਦੌਰ ਵਿਚ ਖਰੀਦਦਾਰ ਤੱਕ ਪਹੁੰਚ ਕਰਨ ਲਈ ਹਰ ਕੰਪਨੀ ਖਿਡਾਰੀਆਂ ਦੀ ਸਭਿਆਚਾਰਕ ਪੂੰਜੀ ਰਾਹੀਂ ਆਲਮੀ ਸ਼ਹਿਰੀ ਨੂੰ ਸੀਲ ਖਪਤਕਾਰ ਬਣਾਉਣ ਵਿਚ ਲੱਗੀ ਹੋਈ ਹੈ। ਖੇਡ ਪ੍ਰਬੰਧਕਾਂ ਦੇ ਜਾਮੇ ਵਿਚ ਸਿਆਸਤਦਾਨ ਖੁੱਲ੍ਹੀ ਮੰਡੀ ਦਾ ਪਸਾਰਾ ਕਰਨ ਵਿਚ ਲੱਗੇ ਹੋਏ ਹਨ। ਇਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਮੁਲਖ (ਅਵਾਮ) ਨੂੰ ਮੁਲਕ ਦੇ ਨਾਂ ਉੱਤੇ ਮੁਨਾਫ਼ੇ ਲਈ ਸ਼ਿਸ਼ਕੇਰਿਆ ਜਾ ਰਿਹਾ ਹੈ। ਫ਼ਿਲਮਸਾਜ਼ ਮਹੇਸ਼ ਭੱਟ ਫ਼ਿਲਮਾਂ ਦੇ ਹਵਾਲੇ ਨਾਲ ਦੱਸਦਾ ਹੈ ਕਿ ਹੁਣ ਖ਼ਬਰਾਂ ਨੂੰ ਮਨੋਰੰਜਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮੁੰਬਈ ਵਿਚੋਂ ਫ਼ਿਲਮਾਂ ਦੇ ਪ੍ਰਚਾਰ ਦਾ ਕੰਮ ਕਰਨ ਵਾਲੇ ਬੰਦੇ ਨੇ ਬੇਨਾਮੀ ਦੀ ਸ਼ਰਤ ਉੱਤੇ 'ਦ ਹਿੰਦੂ' ਦੇ ਪੱਤਰਕਾਰ ਅਨੁਜ ਕੁਮਾਰ ਨੂੰ ਦੱਸਿਆ ਹੈ, "ਫ਼ਿਲਮਾਂ ਦੇ ਪ੍ਰਚਾਰ ਲਈ ਵੱਡੇ ਅਦਾਕਾਰ ਟੈਲੀਵਿਜ਼ਨਾਂ ਦੇ ਸਿਆਸੀ ਖ਼ਾਸੇ ਵਾਲੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨਾ ਚਾਹੁੰਦੇ ਹਨ। ਕਿਸੇ ਵੀ ਵਿਵਾਦ ਰਾਹੀਂ ਇਨ੍ਹਾਂ ਪ੍ਰੋਗਰਾਮਾਂ ਵਿਚ ਜਾਣ ਦੀ ਯੋਗਤਾ ਪੂਰੀ ਹੋ ਜਾਂਦੀ ਹੈ।" ਇਨ੍ਹਾਂ ਪ੍ਰਚਾਰ ਕੰਪਨੀਆਂ ਨੂੰ ਬਣਾਉਟੀ ਵਿਵਾਦ ਖੜ੍ਹੇ ਕਰਨੇ ਆਉਂਦੇ ਹਨ। ਇਨ੍ਹਾਂ ਨੂੰ ਹਰ ਯੋਗਤਾ ਪੂਰੀ ਕਰਨ ਦੀ ਜਾਂਚ ਹੈ। ਇਸੇ ਮਸ਼ਕ ਵਿਚੋਂ ਸਚਿਨ-ਸ਼ੋਏਬ ਵਿਵਾਦ ਦੋ ਮੁਲਕਾਂ (ਸਭ ਤੋਂ ਵੱਡੀ ਆਬਾਦੀ) ਦੀ ਇੱਜ਼ਤ-ਹੱਤਕ ਦਾ ਮਸਲਾ ਬਣਦਾ ਹੈ।


ਇਨ੍ਹਾਂ ਦੋਵਾਂ ਮੁਲਕਾਂ ਦੀ ਗ਼ੁਰਬਤ, ਜ਼ਹਾਲਤ, ਬੇਓੜਕ ਬੇਵਿਸਾਹੀ, ਸਰਕਾਰ ਦੀ ਲਗਾਤਾਰ ਵਧਦੀ ਬੇਰੁਖੀ ਅਤੇ ਮਹਿਰੂਮੀਅਤ ਦਾ ਨਿੱਤ ਮੋਕਲਾ ਹੁੰਦਾ ਘੇਰਾ ਇੱਜ਼ਤ-ਹੱਤਕ ਦੇ ਮਸਲੇ ਨਹੀਂ ਹਨ। ਰਾਜਧਾਨੀਆਂ ਵਿਚੋਂ ਜੂਹ ਬਦਰ ਕੀਤਾ ਜਾ ਰਹੇ ਆਵਾਮ ਦੀਆਂ ਕੁਝ ਤੰਦਾਂ ਖੇਡਾਂ ਦੇ ਹਵਾਲੇ ਨਾਲ ਉਜਾਗਰ ਹੁੰਦੀਆਂ ਹਨ। ਦੱਖਣੀ ਅਫ਼ਰੀਕਾ ਵਿਚ 2010 ਵਿਚ ਆਲਮੀ ਫੁੱਟਬਾਲ ਕੱਪ ਖੇਡਿਆ ਗਿਆ। ਨਸਲਵਾਦ ਖ਼ਿਲਾਫ਼ ਲਹੂ-ਵੀਟਵੀਂ ਲੜਾਈ ਲੜਨ ਵਾਲੇ ਮੁਲਕ ਵਿਚੋਂ ਫੀਫਾ 2010 ਦੇ ਮੁੱਖ ਪ੍ਰਬੰਧਕ ਡੈਨੀ ਜੌਰਡਾਨ ਦਾ ਬਿਆਨ ਸੀ, "ਇਤਿਹਾਸ ਵਿਚ ਇਹ ਪਹਿਲਾਂ ਮੌਕਾ ਹੈ ਜਦੋਂ ਅਫ਼ਰੀਕਾ ਸ਼ੁਭ ਕਾਰਨਾਂ ਤਹਿਤ ਪੂਰੀ ਦੁਨੀਆ ਦੇ ਧਿਆਨ ਦਾ ਧੁਰਾ ਹੋਵੇਗਾ। ਅਸੀਂ ਪੂਰੀ ਤਨਦੇਹੀ ਨਾਲ ਉਪਰਾਲਾ ਕਰ ਰਹੇ ਹਾਂ ਕਿ ਸਮੁੱਚੇ ਮਹਾਂਦੀਪ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਜਾ ਸਕੇ।" ਦੱਖਣੀ ਅਫ਼ਰੀਕਾ ਵਿਚ ਨਸਲੀ ਤੋਂ ਜਮਾਤੀ ਵਿਤਕਰੇ ਦਾ ਦੌਰ ਆ ਗਿਆ ਹੈ। ਨਸਲੀ ਹਕੂਮਤ ਦੇ ਖ਼ਤਮ ਹੋਣ ਤੋਂ ਬਾਅਦ ਦੱਖਣੀ ਅਫ਼ਰੀਕਾ ਵਿਚ ਗੋਰਿਆਂ ਦੀ ਆਮਦਨ ਵਿਚ 24 ਫ਼ੀਸਦੀ ਵਾਧਾ ਅਤੇ ਸਿਆਹਫ਼ਾਮ ਵਸੋਂ ਦੀ ਆਮਦਨ ਵਿਚ ਇਕ ਫ਼ੀਸਦੀ ਘਾਟਾ ਦਰਜ ਕੀਤਾ ਗਿਆ ਹੈ। ਅਫ਼ਰੀਕਾ ਦੀ ਪੁਰਾਣੀ ਕਹਾਵਤ ਹੈ, "ਹਾਥੀਆਂ ਦੇ ਜਸ਼ਨ ਵਿਚ ਘਾਹ ਤਾਂ ਲਤਾੜਿਆ ਜਾਂਦਾ ਹੈ।" ਅੱਸੀ ਸਾਲਾਂ ਬਾਅਦ ਆਲਮੀ ਫੁੱਟਬਾਲ ਕੱਪ ਅਫ਼ਰੀਕਾ ਦੀ ਧਰਤੀ ਉੱਤੇ ਖੇਡਿਆ ਗਿਆ। ਨਤੀਜੇ ਵਜੋਂ ਲੋਕਾਂ ਨੂੰ ਰੋਹ ਪ੍ਰਗਟ ਕਰਨ ਲਈ ਸਰਕਾਰੀ ਇਜਾਜ਼ਤ ਜ਼ਰੂਰੀ ਹੋ ਗਈ। ਧਰਨਿਆਂ-ਮੁਜ਼ਾਹਰਿਆਂ ਲਈ ਮੁੜ ਕੇ ਨਸਲਵਾਦੀ ਦੌਰ ਵਾਲੀਆਂ ਥਾਵਾਂ ਤੈਅ ਕਰ ਦਿੱਤੀਆਂ ਗਈਆਂ। ਦੱਖਣੀ ਅਫ਼ਰੀਕਾ ਦਾ ਫੁੱਟਬਾਲ ਕੱਪ ਉੱਤੇ 200 ਡਾਲਰ ਪ੍ਰਤੀ ਸ਼ਹਿਰੀ ਖ਼ਰਚ ਆਇਆ ਹੈ।

ਇਸੇ ਦੇ ਨਾਲ ਹੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ 15 ਅਗਸਤ 2010 ਨੂੰ ਕੀਤੀ ਤਕਰੀਰ ਦਾ ਜ਼ਿਕਰ ਜ਼ਰੂਰੀ ਹੋ ਜਾਂਦਾ ਹੈ, "ਤਕਰੀਬਨ ਡੇਢ ਮਹੀਨੇ ਬਾਅਦ ਦਿੱਲੀ ਵਿਚ ਰਾਸ਼ਟਰਮੰਡਲ ਖੇਡਾਂ ਸ਼ੁਰੂ ਹੋਣ ਵਾਲੀਆਂ ਹਨ। ਦਿੱਲੀ ਸ਼ਹਿਰ ਵਾਸੀਆਂ ਸਮੇਤ ਇਹ ਸਮੂਹ ਮੂਲਕਵਾਸੀਆਂ ਲਈ ਮਾਣ ਵਾਲੀ ਗੱਲ ਹੈ। ਮੈਨੂੰ ਯਕੀਨ ਹੈ ਕਿ ਸਮੂਹ ਮੁਲਕਵਾਸੀ ਇਨ੍ਹਾਂ ਖੇਡਾਂ ਨੂੰ ਕੌਮੀ ਤਿਉਹਾਰ

(ਬਾਕੀ ਸਫ਼ਾ 27 'ਤੇ)

# ਜਦ ਮਹਾਰਾਜਾ ਪਟਿਆਲਾ ਦੇ ਕੇਸਾਂ ਦਾ ਮੁੱਲ ਪਿਆ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਜਿਸ ਨੇ ਕਿਸੇ ਦਾ ਕਰਜ਼ਾ ਦੇਣਾ ਹੋਵੇ, ਉਸ ਨੂੰ ਕਿਹਾ ਜਾਂਦਾ ਹੈ ਕਰਜ਼ਦਾਰ। ਭਾਈਚਾਰੇ ਵਿਚ ਆਪਣੀ ਇੱਜ਼ਤ ਬਣਾਈ ਰੱਖਣ ਵਾਲੇ ਨੂੰ ਇੱਜ਼ਤਦਾਰ ਕਹਿੰਦੇ ਨੇ। ਇਸੇ ਤਰ੍ਹਾਂ ਪਹਿਰੇ 'ਤੇ ਖੜ੍ਹਨ ਵਾਲਾ ਪਹਿਰੇਦਾਰ, ਠੇਕੇ ਲੈਣ ਵਾਲਾ ਠੇਕੇਦਾਰ ਅਤੇ ਗੱਦੀ 'ਤੇ ਬਹਿਣ ਵਾਲਾ ਗੱਦੀਦਾਰ ਸਦਾਉਂਦਾ ਹੈ। ਇਕ ਸ਼ਬਦ ਨਾਲ ਦੂਜਾ 'ਦਾਰ' ਜੋੜ ਕੇ ਬਣਨ ਵਾਲੇ ਇਨ੍ਹਾਂ ਜੜੁੱਤ ਸ਼ਬਦਾਂ ਵਾਲੇ ਵਿਆਕਰਣਿਕ ਨਿਯਮਾਂ ਮੁਤਾਬਕ ਬਣਿਆ ਇਕ ਹੋਰ ਸ਼ਬਦ ਹੈ-'ਸਿਰਦਾਰ' ਜਾਂ 'ਸਿਰ' ਵਾਲਾ ਸਿਰਦਾਰ ਜਾਂ ਸਰਦਾਰ, ਪਰ ਅਸਲੀਅਤ ਇਹ ਹੈ ਕਿ ਸਿਰਦਾਰ ਜਾਂ ਸਰਦਾਰ ਸਿਰਫ਼ ਕੇਸਾਧਾਰੀ ਸਾਬਤ ਸੂਰਤਿ ਨੂੰ ਹੀ ਕਿਹਾ ਜਾਂਦਾ ਹੈ, ਨਾ ਕਿ ਹਰ 'ਸਿਰ' ਵਾਲੇ ਬੰਦੇ ਨੂੰ। ਕੇਸਾਧਾਰੀ ਹੋਣ ਵਾਲੀ ਸ਼ਰਤ ਸਿਰਦਾਰਾਂ ਨਾਲ ਇੰਨੀ ਪੱਕੀ ਤੇ ਪੀਢੀ ਜੁੜੀ ਹੋਈ ਹੈ ਕਿ ਸਰਦਾਰ (ਸਿੱਖਾਂ) ਦੇ ਘਰ ਪੈਦਾ ਹੋਇਆ ਲੜਕਾ ਜੇ ਮੰਦੇਭਾਗੀਂ ਕੇਸਾਂ ਨੂੰ ਤਿਲਾਂਜਲੀ ਦੇ ਦੇਵੇ ਤਾਂ ਉਹ ਸਰਦਾਰ ਸਦਾਉਣ ਦਾ ਹੱਕ ਗੁਆ ਬਹਿੰਦਾ ਹੈ। ਸਿੱਖ ਪਰੰਪਰਾ ਅਨੁਸਾਰ ਸਰਦਾਰਾਂ ਦੇ ਅਜਿਹੇ ਕੇਸ-ਹੀਣ ਲੜਕਿਆਂ ਨੂੰ ਕਿਹਾ ਜਾਂਦਾ ਐ ਸਿਰਗੁੰਮ।

ਇਸ ਦੇ ਉਲਟ ਜੇ ਕਿਸੇ ਗੈਰ-ਸਿੱਖ ਖਾਨਦਾਨ ਦਾ ਕੋਈ ਬੰਦਾ ਕੇਸਾਧਾਰੀ ਜਾਂ ਸਾਬਤ ਸੂਰਤਿ ਬਣ ਜਾਵੇ ਤਾਂ ਉਹ ਨਿਰਸੰਦੇਹ ਸਰਦਾਰ ਜੀ ਕਹਾਉਣ ਦਾ ਅਧਿਕਾਰੀ ਹੁੰਦਾ ਹੈ। ਕੀ ਇਹ ਮਾਣਮੱਤੀ ਪ੍ਰਾਪਤੀ ਸਿੱਖ ਸਰਦਾਰਾਂ ਨੂੰ ਕਿਸੇ 'ਵਿਆਕਰਣ ਪੁਸਤਕ' ਨੇ ਦਿੱਤੀ ਹੋਈ ਹੈ ਜਾਂ ਐਵੇਂ-ਕੈਵੇਂ ਹੀ ਮਿਲੀ ਹੋਈ ਹੈ? ਜੇ ਇਸ ਅਹਿਮ ਸਵਾਲ ਦਾ ਉਤਰ ਲੱਭਣ ਲੱਗੀਏ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ, ਕਲੇਜਾ ਮੂੰਹ ਨੂੰ ਆਉਂਦਾ ਹੈ ਅਤੇ ਅੱਖਾਂ 'ਚੋਂ ਵੈਰਾਗ ਦੇ ਹੰਝੂ ਕਿਰਦੇ ਹਨ।

ਮਹਾਰਾਜਾ ਪਟਿਆਲਾ ਵਾਲੇ ਛੋਹੇ ਹੋਏ ਆਪਣੇ ਵਿਸ਼ੇ ਵੱਲ ਆਉਣ ਤੋਂ ਪਹਿਲਾਂ ਭੂਮਿਕਾ ਦੇ ਤੌਰ 'ਤੇ ਕੁਝ ਸ਼ਰਤਾਂ ਹੋਰ। ਬੇਸ਼ੱਕ ਇਲਾਹੀ ਬਾਣੀ ਉਚਾਰਦਿਆਂ ਗੁਰੂ ਸਾਹਿਬਾਨ ਨੇ ਰੱਬ ਦਾ 'ਸੋਹਣੇ ਨੱਕ' ਅਤੇ ਲੰਮੜੇ ਵਾਲਾਂ ਵਾਲਾ ਸਰੂਪ ਦੱਸਿਆ, ਪਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਭਾਇਮਾਨ ਸ੍ਰੀ ਕੇਸਗੜ੍ਹ ਸਾਹਿਬ ਦੇ ਤਖ਼ਤ ਨੇ ਸਿੱਖਾਂ ਦੇ ਕੇਸਾਂ 'ਤੇ ਆਦਿ ਜੁਗਾਦੀ ਮੋਹਰ ਲਗਾ ਦਿੱਤੀ। ਆਦੇਸ਼ ਦੇ ਦਿੱਤਾ ਕਿ ਸਾਰੀ ਦੁਨੀਆਂ ਭਾਵੇਂ 'ਵਾਲ' ਕਹੀ ਜਾਵੇ, ਪਰ ਸਿੱਖ ਦੇ ਮੂੰਹੋਂ ਇਨ੍ਹਾਂ ਲਈ ਸਤਿਕਾਰ ਭਰਿਆ ਸ਼ਬਦ 'ਕੇਸ' ਹੀ ਨਿਕਲੇਗਾ। ਸਿੱਖ ਨੇ ਕੇਸਾਂ ਨੂੰ ਆਪਣੇ ਸਰੀਰ ਦਾ ਹਿੱਸਾ ਮੰਨਦਿਆਂ ਹੋਇਆਂ ਵੀ ਇਨ੍ਹਾਂ ਨੂੰ 'ਗੁਰੂ ਦੀ ਅਮਾਨਤ' ਸਮਝਣਾ ਹੈ। ਇਹੀ ਸਿਦਕ ਨਿਭਾਉਂਦਿਆਂ ਭਾਈ ਤਾਰੂ ਸਿੰਘ ਨੇ ਆਪਣੇ ਕੇਸ ਕਤਲ ਕਰਾਉਣ ਦੀ ਥਾਂ ਪੂਰੀ ਖੋਪਰੀ ਲੁਹਾਉਣੀ ਪ੍ਰਵਾਨ ਕਰ ਲਈ ਸੀ। ਪ੍ਰੋ. ਹਰਿੰਦਰ ਸਿੰਘ 'ਮਹਿਬੂਬ' ਦੀਆਂ ਪੰਕਤੀਆਂ ਪੜ੍ਹੋ ਜ਼ਰਾ,

ਸ਼ਾਹਾਂ ਦੇ ਵਡ ਕਹਿਰ ਵੀ,
ਜਿੰਦ ਜੇ ਦੇਵਣ ਲੂਹ।
ਭੁੱਲੇਗਾ ਨਾ ਖਾਲਸਾ,
ਅੰਮ੍ਰਿਤ ਦੀ ਖੁਸ਼ਬੂ।
ਕੇਸਾਂ ਬਿਨਾਂ ਨਾ ਸਿੰਘ ਨੂੰ,
ਦਿਸੇ ਮੇਰੀ ਦਰਗਾਹ।
'ਪੰਜੇ ਕੱਕੇ' ਰਹਿਣਗੇ
ਬੀਤ ਦੇ ਨਾਲ ਗਵਾਹ।

ਇਕ ਛੋਟੀ ਜਿਹੀ ਝਲਕੀ ਹੋਰ। ਉਸ ਤੋਂ ਬਾਅਦ ਮਹਾਰਾਜਾ ਪਟਿਆਲਾ ਦੇ ਕੇਸਾਂ ਦੇ ਮੁੱਲ ਵਾਲਾ ਖੁਲਾਸਾ ਕਰਦੇ ਹਾਂ। ਸਿੱਖਾਂ ਨਾਲ ਵਾਪਰੇ ਛੋਟੇ ਘੱਲੂ-ਘਾਰੇ ਤੋਂ ਪਹਿਲਾਂ ਸੰਨ 1726 ਈ. ਦੇ ਲਾਗੇ-ਚਾਗੇ ਲਾਹੌਰ ਦੇ ਸੂਬੇਦਾਰ ਅਬਦੁਲ ਸਮਦ ਖਾਂ ਨੇ ਸਿੱਖਾਂ ਵਿਰੁਧ ਪੂਰੀ ਅੱਤ ਚੁੱਕੀ ਹੋਈ ਸੀ। ਜਿਵੇਂ ਹਾਕਮਾਂ ਦੀ ਸ਼ਹਿ 'ਤੇ ਟੁਕੜ-ਬੋਚ ਚੰਮ ਦੀਆਂ ਚਲਾਉਣੀਆਂ ਸ਼ੁਰੂ ਕਰ ਦਿੰਦੇ ਨੇ, ਇਵੇਂ ਹੀ ਉਨ੍ਹਾਂ ਦਿਨਾਂ ਵਿਚ ਵੱਖ-ਵੱਖ ਇਲਾਕਿਆਂ ਦੇ ਚੌਧਰੀ ਵੀ ਸਿੱਖਾਂ 'ਤੇ ਰੱਜ ਕੇ ਜ਼ੁਲਮ ਕਮਾ ਰਹੇ ਸਨ। ਜ਼ਿਲ੍ਹਾ ਲਾਹੌਰ ਵਿਚ ਸਥਿਤ ਕਸਬਾ ਨੌਸ਼ਹਿਰਾ ਦਾ ਚੌਧਰੀ ਸੀ ਸਾਹਿਬ ਰਾਏ, ਗੁਰੂ ਦੇ ਸਿੱਖਾਂ ਦਾ ਕੱਟੜ ਦੁਸ਼ਮਣ। ਹੰਕਾਰ ਵਿਚ ਆਇਆ ਇਹ ਚੌਧਰੀ ਆਪਣੀਆਂ ਘੋੜੀਆਂ ਸਿੱਖਾਂ ਦੀਆਂ ਫਸਲਾਂ ਵਿਚ ਚੁਗਣ ਲਈ ਖੁੱਲ੍ਹੀਆਂ ਛੱਡ ਦਿੰਦਾ।

ਖੇਤੀ ਦੀ ਬਰਬਾਦੀ ਹੁੰਦੀ ਦੇਖ ਕੇ ਇਕ ਵਾਰ ਸਥਾਨਕ ਸਿੱਖ ਇਕੱਠੇ ਹੋ ਕੇ ਚੌਧਰੀ ਸਾਹਿਬ ਰਾਏ ਦੀ ਹਵੇਲੀ ਜਾ ਪਹੁੰਚੇ। ਅੱਗੇ ਸਾਹਿਬ ਰਾਏ ਬੈਠਾ ਹੁੱਕਾ ਪੀ ਰਿਹਾ ਸੀ। ਸਿੱਖਾਂ ਨੇ ਬੜੀ ਨਿਮਰਤਾ ਨਾਲ ਆਖਿਆ ਕਿ ਚੌਧਰੀ ਜੀ, ਮਿਹਨਤਾਂ ਮੁਸ਼ੱਕਤਾਂ ਨਾਲ ਪਾਲੀ ਹੋਈ ਸਾਡੀ ਫਸਲ ਨੂੰ ਤੁਹਾਡੀਆਂ ਛੱਡੀਆਂ ਹੋਈਆਂ ਘੋੜੀਆਂ ਬਰਬਾਦ ਕਰ ਦਿੰਦੀਆਂ ਹਨ। ਕਿਰਪਾ ਕਰਕੇ ਆਪਣੀਆਂ ਖੁੱਲ੍ਹੀਆਂ ਫਿਰਦੀਆਂ ਘੋੜੀਆਂ ਬੰਨ੍ਹ ਕੇ ਰੱਖੋ।

"ਘੋੜੀਆਂ ਤਾਂ ਮੈਂ ਬੰਨ੍ਹ ਲਵਾਂ, ਪਰ ਹਾਲੇ ਮੇਰੇ ਪਾਸ ਰੱਸੇ ਨਹੀਂ ਹਨ।" ਵਿਅੰਗਮਈ ਅੰਦਾਜ਼ 'ਚ ਚੌਧਰੀ ਕਹਿਣ ਲੱਗਾ।

"ਰੱਸੇ ਨਹੀਂ ਹਨ?" ਹੈਰਾਨ ਹੋਏ ਸਿੱਖਾਂ ਨੇ ਭੋਲੇ-ਭਾਅ ਪੁੱਛਿਆ।

"ਰੱਸਿਆਂ ਦਾ ਇੰਤਜ਼ਾਮ ਕਿਹਨੇ ਕਰਨੈ?"

ਹੁੱਕੇ ਦਾ ਧੂੰਆਂ ਛੱਡਦਿਆਂ ਖਿਸਿਆਨੀ ਜਿਹੀ ਹਾਸੀ ਹੱਸਦਿਆਂ ਚੌਧਰੀ ਬੋਲਿਆ, "ਤੁਹਾਡੇ ਸਿਰਾਂ ਦੇ ਵਾਲ ਮੁੰਨ ਕੇ ਉਨ੍ਹਾਂ ਦੇ ਬਣਾਏ ਹੋਏ ਰੱਸਿਆਂ ਨਾਲ ਹੀ ਮੈਂ ਆਪਣੀਆਂ ਘੋੜੀਆਂ ਬੰਨ੍ਹਾਂਗਾ...ਜਦ ਤੱਕ ਅਜਿਹਾ ਨਹੀਂ ਹੁੰਦਾ, ਘੋੜੀਆਂ ਇਸੇ ਤਰ੍ਹਾਂ ਖੁੱਲ੍ਹੀਆਂ ਫਿਰਨਗੀਆਂ।"

ਚੌਧਰੀ ਮੂੰਹੋਂ ਇਹ ਕੁਫਰ ਸੁਣ ਕੇ ਸਿੱਖਾਂ ਦੇ ਸੀਨੇ ਅੱਗੇ ਲੱਗ ਉਠੀ। ਅੱਗ ਬਬੂਲਾ ਹੋਏ ਉਹ ਆਪਣੇ ਘਰਾਂ ਨੂੰ ਪਰਤਣ ਦੀ ਬਜਾਏ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭੁੱਸੇ ਦੇ ਸਿੰਘਾਂ ਨੂੰ ਜਾ ਮਿਲੇ। ਉਥੋਂ ਦੇ ਦੋ ਸਿੰਘਾਂ-ਅਮਰ ਸਿੰਘ ਤੇ ਬਘੇਲ ਸਿੰਘ ਨੂੰ ਨਾਲ ਲੈ ਕੇ ਆਪਣੇ ਖੇਤਾਂ 'ਚ ਜਾ ਪਹੁੰਚੇ। ਚੌਧਰੀ ਦੀਆਂ ਸਾਰੀਆਂ ਘੋੜੀਆਂ ਫੜ ਲਈਆਂ। ਆਪਣੇ ਕੋਲ ਰੱਖਣ ਦੀ ਥਾਂ ਉਨ੍ਹਾਂ ਇਹ ਘੋੜੀਆਂ ਪਟਿਆਲਾ ਸ਼ਹਿਰ ਦੇ ਬਾਨੀ ਮਹਾਰਾਜਾ ਆਲਾ ਸਿੰਘ ਵਾਲੀਏ ਰਿਆਸਤ ਪਟਿਆਲਾ ਕੋਲ ਪਹੁੰਚਾ ਦਿੱਤੀਆਂ। ਅੱਗਿਓਂ ਉਨ੍ਹਾਂ ਇਹ ਘੋੜੀਆਂ ਵੇਚ ਕੇ ਸਾਰੀ ਵੱਟਕ ਭਾਈ ਤਾਰਾ ਸਿੰਘ ਵਾਂ ਪਿੰਡ ਤੱਕ ਪਹੁੰਚਦੀ ਕਰ ਦਿੱਤੀ, ਜੋ ਇਕ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁਹਿੰਮਾਂ ਵਿਚ ਮੋਹਰੀ ਹੋ ਕੇ ਲੜਦਾ ਰਿਹਾ ਸੀ, ਹੁਣ ਹਕੂਮਤ ਦੇ ਸਤਾਏ ਹੋਏ ਸਿੰਘਾਂ ਲਈ ਸਦਾਵਰਤ ਲੰਗਰ ਚਲਾਉਣ ਦੀ ਸੇਵਾ ਕਰ ਰਿਹਾ ਸੀ।

ਸਿੱਖਾਂ ਦੇ ਕੇਸਾਂ ਨੂੰ ਮੰਦੇ ਬੋਲ ਬੋਲਣ ਵਾਲੇ ਆਕੜਖੋਰ ਸਾਹਿਬ ਰਾਏ ਚੌਧਰੀ ਨੇ ਚੋਰੀ ਹੋਈਆਂ ਘੋੜੀਆਂ ਦੀ ਸੂਹ ਕੱਢ ਕੇ ਲਾਹੌਰ ਦੇ ਸੂਬੇਦਾਰ ਨੂੰ ਸਿੰਘਾਂ ਦੇ ਜਥੇ 'ਤੇ ਕਿਵੇਂ ਚੜ੍ਹਾ ਲਿਆਂਦਾ ਅਤੇ ਸਿੰਘਾਂ ਨੇ ਕਿੰਜ ਸਾਹਿਬ ਰਾਏ ਦੇ ਸਿਰ 'ਚ ਜੁੱਤੀਆਂ ਮਾਰ ਕੇ ਗੁੱਸਾ ਠੰਢਾ ਕੀਤਾ, ਇਹ ਇਤਿਹਾਸਕ ਲੜੀ ਛੱਡ ਕੇ ਮਹਾਰਾਜਾ ਪਟਿਆਲਾ ਬਾਬਾ ਆਲਾ ਸਿੰਘ ਦਾ ਅਗਲਾ ਕਿੱਸਾ ਬਿਆਨ ਕਰਦੇ ਹਾਂ।

ਇਤਿਹਾਸਕਾਰ ਗਿਆਨੀ ਸੋਹਣ ਸਿੰਘ 'ਸੀਤਲ' ਅਨੁਸਾਰ ਜਦੋਂ ਦਲ ਖਾਲਸਾ ਦਾ ਚੱਲਦਾ ਵਹੀਰ ਨਵਾਬ ਕਪੂਰ ਸਿੰਘ ਦੀ ਅਗਵਾਈ ਅਧੀਨ ਬਰਨਾਲੇ ਪਹੁੰਚਿਆ ਤਾਂ ਮਹਾਰਾਜਾ ਆਲਾ ਸਿੰਘ ਨੇ ਸਮੇਤ ਪਰਿਵਾਰ, ਨਵਾਬ ਕਪੂਰ ਸਿੰਘ ਦੇ ਜਥੇ ਪਾਸੋਂ ਅੰਮ੍ਰਿਤਪਾਨ ਕੀਤਾ। ਇਸ ਨੇ ਆਪਣੇ ਘਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਇਆ। ਪੰਥ ਨੂੰ ਲੰਗਰ ਛਕਾਉਣ ਮੌਕੇ ਕੱਲੇ-ਕੱਲੇ ਸਿੰਘ ਨੂੰ ਖੇਸ ਲੁੰਗੀਆਂ ਆਦਿ ਵਸਤਰ ਭੇਟ ਕਰ ਕੇ ਖਾਲਸੇ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕਿਹਾ ਜਾਂਦਾ ਹੈ ਕਿ ਇਹ ਮਹਾਰਾਜਾ ਵੱਡਾ ਨੀਤੀ-ਨਿਪੁੰਨ, ਧਾਰਮਿਕ ਬਿਰਤੀਆਂ ਵਾਲਾ ਅਤੇ ਪੰਥ ਪ੍ਰੇਮੀ ਸੀ। ਸਮੇਂ ਦੀ ਮੰਗ ਅਨੁਸਾਰ ਇਹ ਲਚਕੀਲਾ ਰਵੱਈਆ ਆਪਨਾਉਂਦਿਆਂ ਅਹਿਮਦ ਸ਼ਾਹ ਅਬਦਾਲੀ ਦੀ ਨਾਰਾਜ਼ਗੀ ਸਹੇੜਨ ਤੋਂ ਵੀ ਗੁਰੇਜ਼ ਕਰਦਾ ਸੀ ਅਤੇ ਦਲ ਖਾਲਸੇ ਨਾਲ ਵੀ ਦਿਲੋਂ ਜੁੜਿਆ ਰਹਿੰਦਾ।

ਸਿੰਘਾਂ ਨਾਲ ਇਸ ਦੀ ਦਿਲੀ ਹਮਦਰਦੀ ਤੋਂ ਖੁੰਧਕ ਖਾਂਦਿਆਂ 1761 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮਹਾਰਾਜਾ ਆਲਾ ਸਿੰਘ ਨੂੰ ਕੈਦ ਕਰ ਲਿਆ। ਵੱਡੀ ਦਿਆਨਤਦਾਰ ਅਤੇ ਦਾਨੀ-ਸਾਨੀ ਮਹਾਰਾਣੀ ਫਤਿਹ ਕੌਰ (ਪਤਨੀ ਰਾਜਾ ਆਲਾ ਸਿੰਘ) ਨੇ ਉਸ ਸਮੇਂ ਦੀ ਰਾਜਸੀ ਰੀਤੀ ਅਨੁਸਾਰ ਖ਼ਰਾਜ ਤਾਰ ਕੇ ਆਪਣੇ ਪਤੀ ਨੂੰ ਅਬਦਾਲੀ ਦੀ ਕੈਦ 'ਚੋਂ ਛੁਡਾ ਲਿਆ। ਇਨ੍ਹਾਂ ਹੀ ਸਮਿਆਂ ਵਿਚ ਅਬਦਾਲੀ ਪਾਸੋਂ ਸਰਹਿੰਦ ਦੀ ਸੂਬੇਦਾਰੀ ਲੈਣ ਤੋਂ ਗੁੱਸੇ ਹੋਏ ਦਲ ਖਾਲਸੇ ਦੇ ਜਥੇਦਾਰਾਂ ਨੇ ਰਾਜਾ ਆਲਾ ਸਿੰਘ ਨੂੰ ਪੰਥਕ ਜੁਗਤਿ ਅਨੁਸਾਰ ਤਨਖ਼ਾਹ ਵੀ ਲਾਈ ਸੀ ਜੋ ਉਸ ਨੇ ਖਿੜੇ ਮੱਥੇ ਪ੍ਰਵਾਨ ਕਰਕੇ ਪੰਥਪ੍ਰਸਤ ਹੋਣ ਦਾ ਸਬੂਤ ਦਿੱਤਾ।

ਅਹਿਮਦਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਵੇਲੇ ਜਦ ਸਿੱਖਾਂ ਨਾਲ ਵੱਡੇ ਘੱਲੂਘਾਰੇ ਦਾ ਕਹਿਰ ਵਾਪਰਿਆ ਤਾਂ ਇਕ ਵਾਰ ਫਿਰ ਮਹਾਰਾਜਾ ਆਲਾ ਸਿੰਘ ਨੂੰ ਅਬਦਾਲੀ ਦੇ ਕਰੋਧ ਦਾ ਸ਼ਿਕਾਰ ਹੋਣਾ ਪਿਆ। ਕਾਰਨ ਇਹ ਸੀ ਕਿ ਅਬਦਾਲੀ ਨੂੰ ਸੂਹੀਆਂ ਪਾਸੋਂ ਪਤਾ ਲੱਗ ਗਿਆ ਕਿ ਪਟਿਆਲੇ ਵਾਲੇ ਆਲਾ ਸਿੰਘ ਨੇ ਬਿਪਤਾ 'ਚ ਫਸੇ ਆਪਣੇ ਭੁੱਖੇ ਭਾਣੇ ਸਿੱਖ ਭਰਾਵਾਂ ਲਈ ਰਸਦਾਂ ਦੇ ਗੱਡੇ ਭੇਜੇ ਹਨ। ਅਬਦਾਲੀ ਉਸ ਨੂੰ ਆਪਣੇ ਨਾਲ, ਸਿੰਘਾਂ ਖ਼ਿਲਾਫ਼ ਲੜਾਈ ਮੌਕੇ ਜੰਗ 'ਚ ਸ਼ਾਮਲ ਕਰਨਾ ਚਾਹੁੰਦਾ ਸੀ ਪਰ ਮਹਾਰਾਜਾ ਆਲਾ ਸਿੰਘ ਆਸੇ-ਪਾਸੇ ਰਹੇ। ਇਸ ਤੋਂ ਕ੍ਰੋਧਿਤ ਹੁੰਦਿਆਂ ਅਬਦਾਲੀ ਨੇ ਉਸ ਨੂੰ ਕੈਦ ਕਰ ਲਿਆ, ਤੇ ਐਤਕੀਂ ਉਸ ਦੇ ਕੇਸ ਕਤਲ ਕਰਨ ਦਾ ਹੁਕਮ ਚਾੜ੍ਹ ਦਿੱਤਾ।

ਕਹਿੰਦੇ ਨੇ ਕਿ ਇਸ ਸਿਦਕੀ ਸਿੱਖ ਰਾਜੇ ਨੇ ਉਸ ਸਮੇਂ ਦੀ ਸਰਕਾਰੀ ਰਵਾਇਤ ਅਨੁਸਾਰ ਆਪਣੇ ਕੇਸਾਂ ਦਾ ਮੁੱਲ ਪੁਆਉਣ ਦੀ ਅਪੀਲ ਕਰ ਦਿੱਤੀ। ਨਿਯਤ ਹਾਕਮ ਨੇ ਪਟਿਆਲਾ ਪਤਿ ਰਾਜੇ ਦੇ ਕੇਸਾਂ ਦਾ ਮੁੱਲ ਸਵਾ ਲੱਖ ਰੁਪਏ ਲਗਾਇਆ। ਇਸ ਤੋਂ ਇਲਾਵਾ ਪੰਜ ਲੱਖ ਰੁਪਏ ਦਾ ਹੋਰ ਖਰਾਜ ਤਾਰ ਕੇ ਉਨ੍ਹਾਂ ਰਿਹਾਈ ਪਾਈ। ਆਪਣੇ ਕੇਸਾਂ ਦਾ ਮੁੱਲ ਸਵਾ ਲੱਖ ਰੁਪਏ ਅਦਾ ਕਰਕੇ ਮਹਾਰਾਜਾ ਪਟਿਆਲਾ ਨੇ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣ ਦਾ ਪ੍ਰਣ ਨਿਭਾਇਆ।

ਕੀ ਸਾਡੇ ਵੱਡੇ-ਵਡੇਰਿਆਂ ਦੇ ਕੇਸ-ਪਿਆਰ ਵਾਲੇ ਅਜਿਹੇ ਮਾਣ ਭਰੇ ਕਿੱਸੇ ਇਤਿਹਾਸ ਦੇ ਗ੍ਰੰਥਾਂ ਵਿਚ ਹੀ ਲੁਕੇ ਪਏ ਰਹਿਣਗੇ? ਕੀ ਸਾਡੀ ਨੌਜਵਾਨ ਪੀੜ੍ਹੀ ਅਖਾਉਤੀ ਸੱਭਿਆਚਾਰ ਮੇਲਿਆਂ ਦੀ ਘੂਕੀ ਵਿਚ ਹੀ ਵਿਰਸੇ ਦੀ ਮਿੱਟੀ ਪਲੀਤ ਕਰੀ ਜਾਵੇਗੀ? ਸ਼੍ਰੋਮਣੀ ਕਮੇਟੀ ਜਿੱਤ ਕੇ ਕੱਛਾਂ ਵਜਾਉਣ ਵਾਲੇ ਕੀ ਇਨ੍ਹਾਂ ਸਵਾਲਾਂ ਦਾ ਉਤਰ ਲੱਭਣ ਦੀ ਖੇਚਲ ਕਰਨਗੇ?

# ਭਾਜਪਾ ਵੱਲੋਂ ਮੱਧਕਾਲੀ ਚੋਣਾਂ ਦੀ ਤਿਆਰੀ ਦਾ ਸੱਦਾ

**ਨਵੀਂ ਦਿੱਲੀ:** ਭਾਜਪਾ ਵੱਲੋਂ ਆਪਣੇ ਆਗੂਆਂ ਤੇ ਵਰਕਰਾਂ ਨੂੰ ਮੱਧਕਾਲੀ ਚੋਣਾਂ ਦੀ ਤਿਆਰੀ ਦਾ ਸੱਦਾ ਦਿੱਤਾ ਗਿਆ ਹੈ। ਭਾਜਪਾ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਕੇਂਦਰ ਦੀ ਯੂ.ਪੀ.ਏ. ਸਰਕਾਰ ਨੂੰ ਭ੍ਰਿਸ਼ਟਾਚਾਰ ਨੇ ਖੋਖਲਾ ਕਰ ਦਿੱਤਾ ਹੈ ਤੇ ਉਸ ਦੀ ਲੀਡਰਸ਼ਿਪ ਇਕ-ਦੂਜੇ ਦੀਆਂ ਟੰਗਾਂ ਖਿੱਚ ਰਹੀ ਹੈ, ਉਸ ਨਾਲ ਇਹ ਸਰਕਾਰ ਆਪਣੀ ਮੌਤੇ ਆਪ ਮਰ ਜਾਵੇਗੀ। ਇਸ ਲਈ ਭਾਜਪਾ ਵਰਕਰ ਮੱਧਕਾਲੀ ਚੋਣਾਂ ਲਈ ਆਪਣਾ ਲੱਕ ਬੰਨ੍ਹ ਲੈਣ।

ਪਾਰਟੀ ਦੀ ਦੋ-ਰੋਜ਼ਾ ਕਾਰਜਕਾਰਨੀ ਦੀ ਮੀਟਿੰਗ ਦੇ ਆਖ਼ਰੀ ਦਿਨ ਪਾਰਟੀ ਨੇ ਜਿੱਥੇ ਆਪਣੇ ਅੰਦਰ ਝਾਤ ਮਾਰੀ, ਉੱਥੇ ਉੱਤਰ ਪ੍ਰਦੇਸ਼, ਮਨੀਪੁਰ ਤੇ ਪੰਜਾਬ ਤੇ ਉਤਰਾਖੰਡ ਵਿਧਾਨ ਸਭਾ ਦੀਆਂ ਆਉਣ ਵਾਲੀਆਂ ਚੋਣਾਂ ਬਾਰੇ ਖੁੱਲ੍ਹੀ ਤੇ ਭਖਵੀਂ ਚਰਚਾ ਕੀਤੀ। ਸ੍ਰੀ ਅਡਵਾਨੀ ਨੇ ਕੇਂਦਰ ਸਰਕਾਰ ਦੀ ਮੌਜੂਦਾ ਹਾਲਤ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਜੋ ਹਾਲਾਤ ਇਸ ਸਰਕਾਰ ਦੇ ਹਨ, ਅਜਿਹੀ ਸਥਿਤੀ ਆਜ਼ਾਦੀ ਮਗਰੋਂ ਬਣੀ ਹੋਰ ਕਿਸੇ ਸਰਕਾਰ ਦੀ ਨਹੀਂ ਰਹੀ।

ਸਰਕਾਰ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫ਼ਸ ਚੁੱਕੀ ਹੈ ਤੇ ਇਸ ਦੇ ਮੰਤਰੀ ਤੇ ਆਗੂਆਂ ਵਿਚ ਆਪੋ-ਧਾਪੀ ਮੱਚੀ ਹੋਈ ਹੈ। ਇਸ ਸਰਕਾਰ ਨੂੰ ਆਪਣੇ ਭਵਿੱਖ ਦੀ ਕੋਈ ਖ਼ਬਰ ਨਹੀਂ ਤੇ ਇਸ ਤੋਂ ਦੇਸ਼ ਕੀ ਸੰਵਰਨਾ ਹੈ। ਇਸ ਸਰਕਾਰ ਨੂੰ ਕਿਸੇ ਹੋਰ ਨੇ ਨਹੀਂ ਸਗੋਂ ਇਹ ਆਪੇ ਡਿੱਗ ਪਵੇਗੀ। ਖ਼ੁਦਕੁਸ਼ੀ ਦੇ ਕੁਰਾਹ ਪਈ ਸਰਕਾਰ ਦੱਸ ਰਹੀ ਹੈ ਕਿ ਮੱਧਕਾਲੀ ਚੋਣਾਂ ਲਈ ਤਿਆਰ ਹੋ ਜਾਵੋ। ਆਪਣੀ 11 ਅਕਤੂਬਰ ਤੋਂ ਸ਼ੁਰੂ ਹੋਣੀ ਵਾਲੀ ਰੱਥ ਯਾਤਰਾ ਬਾਰੇ ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਮਕਸਦ ਦੇਸ਼ ਵਾਸੀਆਂ ਨੂੰ ਭ੍ਰਿਸ਼ਟਾਚਾਰ ਤੇ ਮਹਿੰਗਾਈ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਕਾਂਗਰਸ ਦੀਆਂ ਗ਼ਲਤੀਆਂ ਤੋਂ ਸਬਕ ਲਏ ਤੇ ਇਨ੍ਹਾਂ ਨੂੰ ਦੁਹਰਾਏ ਨਾ।

**ਭਾਜਪਾ 'ਚ ਸਿਆਸੀ ਤਰੇੜਾਂ ਬਰਕਰਾਰ:** ਭਾਜਪਾ ਨੇ ਭਾਵੇਂ ਦਾਅਵਾ ਕੀਤਾ ਹੈ ਕਿ ਪਾਰਟੀ ਵਿਚ ਕੋਈ ਮਤਭੇਦ ਨਹੀਂ ਹਨ ਪਰ ਪਾਰਟੀ ਵਿਚ ਤਿੱਖੇ ਮਤਭੇਦ ਉਭਰੇ ਹਨ। ਇਸ ਲਈ ਪਾਰਟੀ ਦੀ ਲੋਕ ਸਭਾ ਵਿਚ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਪੂਰਾ ਦੇਸ਼ ਭਾਜਪਾ ਵੱਲ ਨੂੰ ਦੇਖ ਰਿਹਾ ਹੈ ਤੇ ਸਾਨੂੰ ਵੀ ਆਪਣੇ ਮਤਭੇਦ ਦੂਰ ਕਰਨੇ ਚਾਹੀਦੇ ਹਨ। ਆਪਣਾ ਘਰ ਠੀਕ ਕਰਨ ਦੀ ਲੋੜ ਹੈ।

ਸ੍ਰੀ ਅਡਵਾਨੀ ਨੇ ਵੀ ਸੁਸ਼ਮਾ ਸਵਰਾਜ ਦੀ ਗੱਲ ਨਾਲ ਸਹਿਮਤੀ ਜ਼ਾਹਿਰ ਕਰਦਿਆਂ ਕਿਹਾ ਕਿ ਪਾਰਟੀ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਮੀਟਿੰਗ ਵਿਚ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਤੇ ਸਬੰਧਤ ਸੂਬਿਆਂ ਦੇ ਆਗੂਆਂ ਨੇ ਚੋਣਾਂ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਲੀਡਰਸ਼ਿਪ ਤੋਂ ਨਾਰਾਜ਼ ਚੱਲ ਰਹੇ ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਰਮੇਸ਼ ਪੋਖਰਿਆਲ ਮੀਟਿੰਗ ਵਿਚ ਹਾਜ਼ਰ ਹੋਏ।

ਬੀਤੇ ਦਿਨ ਪੋਖਰਿਆਲ, ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਤੇ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ.ਐਸ. ਯੇਡੀਯੂਰੱਪਾ ਕਮੇਟੀ ਦੀ ਮੀਟਿੰਗ ਤੋਂ ਦੂਰ ਰਹੇ। ਪੋਖਰਿਆਲ ਤੇ ਯੇਡੀਯੂਰੱਪਾ ਮੁੱਖ ਮੰਤਰੀ ਦੇ ਅਹੁਦਿਆਂ ਤੋਂ ਹਟਾਏ ਜਾਣ ਕਾਰਨ ਹਾਈ ਕਮਾਨ ਨਾਲ ਨਾਰਾਜ਼ ਹਨ ਜਦਕਿ ਸ੍ਰੀ ਮੋਦੀ ਦੀ ਸ੍ਰੀ ਅਡਵਾਨੀ ਨਾਲ ਖਿੱਚੋਤਾਣ ਹੈ। ਵਰਨਣਯੋਗ ਹੈ ਕਿ ਲੀਡਰਸ਼ਿਪ ਨੂੰ ਭਲੀਭਾਂਤ ਪਤਾ ਹੈ ਕਿ ਅਗਲੇ ਸਾਲ ਦੇ ਸ਼ੁਰੂ ਵਿੱਚ ਉਤਰਾਖੰਡ ਵਿਧਾਨ ਸਭਾ ਚੋਣਾਂ 'ਚ ਪੋਖਰਿਆਲ ਦੀ ਨਾਰਾਜ਼ਗੀ ਪਾਰਟੀ ਨੂੰ ਭਾਰੀ ਪੈ ਸਕਦੀ ਹੈ।

## *ਪਰਿਵਾਰ ਦੇ 10 ਜੀਆਂ ਨੇ ਨਹਿਰ 'ਚ ਛਾਲ ਮਾਰੀ*

**ਦੇਹਰਾਦੂਨ:** ਇਥੇ ਇਕ ਪਰਿਵਾਰ ਦੇ 10 ਜੀਆਂ ਨੇ ਨਹਿਰ 'ਚ ਛਾਲ ਮਾਰ ਦਿੱਤੀ ਜਿਨ੍ਹਾਂ ਵਿਚੋਂ 8 ਲੋਕਾਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ ਤੇ ਇਕ ਔਰਤ ਬੇਹੋਸ਼ੀ ਦੀ ਹਾਲਤ 'ਚ ਮਿਲੀ ਹੈ। ਪੁਲਿਸ ਅਨੁਸਾਰ, ਇਕ ਛੇ ਮਹੀਨੇ ਦੇ ਬੱਚੇ ਸਮੇਤ ਛੇ ਬੱਚਿਆਂ ਤੇ ਦੋ ਔਰਤਾਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ ਜਦੋਂਕਿ ਇਕ 60 ਸਾਲਾ ਔਰਤ ਕੈਲਾਸ਼ੋ ਦੇਵੀ ਨਹਿਰ ਦੇ ਨੇੜੇ ਬੇਹੋਸ਼ੀ ਦੀ ਹਾਲਤ 'ਚ ਮਿਲੀ ਜਿਸ ਨੂੰ ਦੂਨ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।

ਪੁਲਿਸ ਨੂੰ ਮੌਕੇ ਤੋਂ ਨੀਂਦ ਦੀਆਂ ਗੋਲੀਆਂ ਦੇ ਕਈ ਖਾਲੀ ਪੱਤੇ ਤੇ ਬੱਚਿਆਂ ਦੇ ਬੂਟ ਮਿਲੇ। ਕੈਲਾਸ਼ੋ ਦੇ ਸਾਮਾਨ ਦੀ ਖੋਜ ਕਰਨ 'ਤੇ ਪੁਲਿਸ ਨੂੰ ਕੁਝ ਫੋਨ ਨੰਬਰ ਮਿਲੇ ਤੇ ਉਸ ਦੀ ਲੜਕੀ ਰੀਤਾ ਨੂੰ ਫੋਨ ਮਿਲਾਇਆ ਗਿਆ ਜਿਸ ਨੇ ਦੱਸਿਆ ਕਿ ਉਸ ਦੀ ਮਾਂ ਤੇ ਤਿੰਨ ਭੈਣਾਂ ਆਪਣੇ ਬੱਚਿਆਂ ਸਮੇਤ ਬੀਤੀ ਰਾਤ ਡਾਕ ਪੱਥਰ ਗਏ ਸਨ। ਰੀਤਾ ਨੇ ਦੱਸਿਆ ਸੀ ਕਿ ਉਸ ਦੀ ਮਾਂ ਤੇ ਤਿੰਨ ਭੈਣਾਂ ਰਨੀਤਾ, ਹੇਮੰਤ ਤੇ ਸੋਨੀ ਆਪਣੀ ਇਕ ਹੋਰ ਭੈਣ ਰੇਖਾ ਦੀ ਕੁਝ ਮਹੀਨੇ ਪਹਿਲਾਂ ਹੋਈ ਮੌਤ ਤੋਂ ਬਹੁਤ ਉਦਾਸ ਰਹਿੰਦੀਆਂ ਸਨ ਅਤੇ ਅਕਸਰ ਕਹਿੰਦੀਆਂ ਰਹਿੰਦੀਆਂ ਸਨ ਕਿ ਅਸੀਂ ਜਲਦ ਹੀ ਆਪਣੀਆਂ ਵਿਛੜੀਆਂ ਭੈਣਾਂ ਕੋਲ ਚਲੇ ਜਾਣਾ ਹੈ।

# ਮਨੁ ਤਨੁ ਤੇਰਾ ਧਨੁ ਭੀ ਤੇਰਾ

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ
ਮਾਝ ਮਹਲਾ 5
ਮਨੁ ਤਨੁ ਤੇਰਾ ਧਨੁ ਭੀ ਤੇਰਾ॥
ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥
ਜੀਉ ਪਿੰਡੁ ਸਭੁ ਰਾਸਿ ਤੁਮਾਰੀ
ਤੇਰਾ ਜੋਰੁ ਗੋਪਾਲਾ ਜੀਉ॥
ਸਦਾ ਸਦਾ ਤੂੰਹੈ ਸੁਖਦਾਈ॥
ਨਿਵਿ ਨਿਵਿ ਲਾਗਾ ਤੇਰੀ ਪਾਈ॥
ਕਾਰ ਕਮਾਵਾ ਜੇ ਤਧੁ ਭਾਵਾ॥
ਜਾ ਤੂੰ ਦੇਹਿ ਦਇਆਲਾ ਜੀਉ॥
ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥
ਜੋ ਤੂੰ ਦੇਹਿ ਸੋਈ ਸੁਖੁ ਸਹਣਾ॥
ਜਿਥੈ ਰਖਹਿ ਬੈਕੁੰਠ ਤਿਥਾਈ॥
ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥
ਸਿਮਰ ਸਿਮਰ ਨਾਨਕ ਸੁਖੁ ਪਾਇਆ॥
ਆਠ ਪਹਰ ਤੇਰੇ ਗੁਣ ਗਾਇਆ॥
ਸਗਲ ਮਨੋਰਥ ਪੂਰਨ ਹੋਏ
ਕਦੇ ਨ ਹੋਇ ਦੁਖਾਲਾ ਜੀਉ॥

ਗੁਰੂ ਅਰਜਨ ਦੇਵ ਪਿਤਾ ਬਖਸ਼ਿਸ਼ ਕਰਦੇ ਹਨ ਕਿ ਹੇ ਇਸ ਜਗਤ ਦੇ ਪ੍ਰਤਿਪਾਲਕ ਜੀਉ! ਇਹ ਮੇਰਾ ਮਨ, ਤਨ ਯਾਨਿ ਸਰੀਰ ਅਤੇ ਜੀਵਨ ਨਿਰਬਾਹ ਲਈ ਧਨ ਸਭ ਆਪ ਦਾ ਹੀ ਦਿੱਤਾ ਹੈ। ਆਪ ਹੀ ਮੇਰੇ ਠਾਕੁਰ ਸੁਆਮੀ, ਭਾਵ ਮਾਲਿਕ ਭੀ ਹੋ ਅਤੇ ਮੇਰੇ ਪ੍ਰਭੂ! ਇਹ ਜੀਉ ਪਿੰਡ, ਭਾਵ ਜਾਨ ਅਤੇ ਸਰੀਰ ਭੀ ਸਭ ਆਪ ਨੇ ਹੀ ਦਿੱਤਾ ਹੈ। ਹੇ ਗੋਪਾਲ ਪ੍ਰਭੂ ਜੀਉ! ਮੇਰਾ ਮਾਣ ਅਤੇ ਤਾਣ ਭੀ ਸਭ ਆਪ ਹੀ ਹੋ।

ਸਦਾ ਸਦਾ ਤੂੰਹੈ ਸੁਖਦਾਈ॥
ਨਿਵਿ ਨਿਵਿ ਲਾਗਾ ਤੇਰੀ ਪਾਈ॥
ਕਾਰ ਕਮਾਵਾ ਜੇ ਤਧੁ ਭਾਵਾ॥
ਜਾ ਤੂੰ ਦੇਹਿ ਦਇਆਲਾ ਜੀਉ॥

ਗੁਰਦੇਵ ਪਿਤਾ ਉਸ ਮਾਲਿਕ ਪ੍ਰਭੂ ਦੀ ਉਸਤਤਿ ਕਰਦੇ ਹਨ ਕਿ ਹੇ ਮੇਰੇ ਪ੍ਰਭੂ ਜੀਉ! ਆਪ ਜੀ ਤਾਂ ਮੈਨੂੰ ਸਦਾ ਸਦਾ ਤੋਂ ਹੀ ਸੁੱਖ ਦੇਣ ਵਾਲੇ ਹੋ, ਮਿਹਰਾਂ ਦੇ ਮਾਲਿਕ ਹੋ। ਸੋ, ਹੇ ਮੇਰੇ ਪ੍ਰਭੂ ਜੀਉ! ਮੈਂ ਤਾਂ ਨਿਉ ਕੇ, ਭਾਵ ਝੁਕ ਝੁਕ ਆਪ ਜੀ ਦੇ ਚਰਨਾਂ ਨੂੰ ਸਪਰਸ਼ ਕਰਦਾ ਹਾਂ, ਨਮਸਕਾਰ ਕਰਦਾ ਹਾਂ। ਸੱਚੇ ਮੇਰੇ ਮਿਹਰਵਾਨ ਪਿਤਾ ਜੀਉ! ਜੋ ਕੰਮ ਮੈਨੂੰ ਕਰਨ ਲਈ ਦੇਵੋਗੇ, ਮੈਂ ਆਪ ਜੀ ਦੇ ਹੁਕਮ ਵਿਚ ਰਹਿ ਕੇ ਉਹੀ ਕੰਮ ਕਰਾਂਗਾ।

ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥
ਜੋ ਤੂੰ ਦੇਹਿ ਸੋਈ ਸੁਖੁ ਸਹਣਾ॥
ਜਿਥੈ ਰਖਹਿ ਬੈਕੁੰਠ ਤਿਥਾਈ॥
ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥

ਹੇ ਪ੍ਰਭੂ! ਇਸ ਜਗਤ ਦੇ ਸਾਰੇ ਪਦਾਰਥ ਮੈਂ ਆਪ ਤੋਂ ਹੀ ਪ੍ਰਾਪਤ ਕਰਦਾ ਹਾਂ ਅਤੇ ਹੇ ਮੇਰੇ ਮਾਲਿਕ! ਮੇਰੇ ਆਤਮਿਕ ਜੀਵਨ ਦੀ ਜੋ ਸੁੰਦਰਤਾ ਹੈ, ਉਹ ਮੇਰਾ ਗਹਿਣਾ ਭੀ ਆਪ ਹੀ ਹੋ। ਸੁੱਖ ਹੋਣ, ਭਾਵੇਂ ਦੁੱਖ ਹੋਣ, ਜੋ ਭੀ ਆਪ ਜੀ ਮੈਨੂੰ ਦਿੰਦੇ ਹੋ, ਉਨ੍ਹਾਂ ਨੂੰ ਮੈਂ ਸੁੱਖ ਜਾਣ ਕੇ, ਸੁੱਖ ਸਮਝ ਕੇ ਹੀ ਪ੍ਰਵਾਨ ਕਰ ਲੈਂਦਾ ਹਾਂ। ਹੇ ਸੰਸਾਰ ਦੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲੇ ਮੇਰੇ ਪ੍ਰਭੂ ਜੀਉ! ਮੈਨੂੰ ਤਾਂ ਆਪ ਜੀ ਜਿੱਥੇ ਵੀ ਰੱਖੋਗੇ, ਉਹ ਥਾਂ ਹੀ ਮੇਰੇ ਵਾਸਤੇ ਬੈਕੁੰਠ ਹੈ ਕਿਉਂਕਿ ਮੈਂ ਤਾਂ ਸਦਾ ਹੀ ਹੁਕਮ ਵਿਚ ਰਹਿੰਦਾ ਹਾਂ।

ਸਿਮਰ ਸਿਮਰ ਨਾਨਕ ਸੁਖੁ ਪਾਇਆ॥
ਆਠ ਪਹਰ ਤੇਰੇ ਗੁਣ ਗਾਇਆ॥
ਸਗਲ ਮਨੋਰਥ ਪੂਰਨ ਹੋਏ
ਕਦੇ ਨ ਹੋਇ ਦੁਖਾਲਾ ਜੀਉ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਫੁਰਮਾਉਂਦੇ ਹਨ ਕਿ ਹੇ ਪ੍ਰਭੂ ਜੀਉ! ਇਹ ਨਾਨਕ ਆਖਦਾ ਹੈ ਕਿ ਜਿਨ੍ਹਾਂ ਵੀ ਜੀਵਾਂ ਨੇ ਅੱਠੇ ਪਹਿਰ, ਭਾਵ ਸਵਾਸ ਸਵਾਸ ਤੇਰੇ ਗੁਣ ਗਾਏ ਹਨ, ਉਨ੍ਹਾਂ ਹੀ ਜੀਵਾਂ ਨੇ ਤੇਰੇ ਨਾਮ ਦਾ ਸਿਮਰਨ ਕਰ ਕੇ ਆਤਮਿਕ ਜੀਵਨ ਦਾ ਅਨੰਦ ਮਾਣਿਆ ਹੈ, ਸੁੱਖ ਪਾਇਆ ਹੈ ਅਤੇ ਹੇ ਮਿਹਰਾਂ ਦੇ ਮਾਲਿਕ ਪ੍ਰਭੂ ਜੀਉ! ਉਨ੍ਹਾਂ ਜੀਵਾਂ ਦੇ ਸਗਲ ਮਨੋਰਥ ਪੂਰੇ ਹੋ ਗਏ ਹਨ ਅਤੇ ਉਹ ਜੀਵ ਫਿਰ ਕਦੀ ਵੀ ਜੀਵਨ ਵਿਚ ਦੁਖੀ ਨਹੀਂ ਹੋਏ।

ਆਓ ਗੁਰੂ ਪਿਆਰਿਓ! ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕੀ ਹੋਣਗੇ ਢਾਈ ਸਾਲ ਬਾਅਦ ਦੇਸ਼ ਦੇ ਸਿਆਸੀ ਹਾਲਾਤ

## ਸਿਆਸਤ ਦਾ ਪਿੜ




ਜਤਿੰਦਰ ਪਨੂੰ

*ਕੀ ਇਹ ਕੋਈ ਛੋਟੀ ਗੱਲ ਸੀ ਕਿ ਜਿਸ ਸੁਬਰਾਮਨੀਅਮ ਸਵਾਮੀ ਨੇ ਇਹ ਮਾਮਲਾ ਸੁਪਰੀਮ ਕੋਰਟ ਤੱਕ ਪੁਚਾ ਕੇ ਸਾਬਕਾ ਮੰਤਰੀ ਏ. ਰਾਜਾ ਦੀ ਵਜ਼ੀਰੀ ਖੋਹੀ, ਜਿਸ ਨੇ ਚਿਦੰਬਰਮ ਨੂੰ ਵੀ ਕਾਸੇ ਜੋਗਾ ਨਹੀਂ ਸੀ ਛੱਡਿਆ, ਉਹ ਹੁਣ ਇਹ ਕਹਿ ਰਿਹਾ ਹੈ ਕਿ ਕੁਝ ਦਿਨਾਂ ਤੱਕ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਨੂੰ ਇਸ ਉਲਝਣ ਨੇ ਆਪਣੀ ਲਪੇਟ ਵਿਚ ਲੈ ਲੈਣਾ ਹੈ? ਇਸ ਦੀ ਥਾਂ ਹੈਰਾਨੀ ਦੀ ਗੱਲ ਇਹ ਬਣ ਗਈ ਕਿ ਸੁਬਰਾਮਨੀਅਮ ਸਵਾਮੀ ਦੇ ਇਸ ਬਿਆਨ ਦਾ ਕਿਸੇ ਇੱਕ ਵੀ ਕਾਂਗਰਸੀ ਆਗੂ ਨੇ ਖੰਡਨ ਕਰਨ ਦੀ ਲੋੜ ਨਹੀਂ ਸਮਝੀ, ਜਿਸ ਤੋਂ ਦੇਸ਼ ਦੇ ਲੋਕ ਇਹ ਪ੍ਰਭਾਵ ਲੈ ਸਕਦੇ ਹਨ ਕਿ ਦਾਲ ਵਿਚ ਸਚਮੁੱਚ ਕੁਝ ਕਾਲਾ ਹੈ, ਜਿਸ ਬਾਰੇ ਚੁੱਪ ਰਹਿ ਕੇ ਪਾਸਾ ਵੱਟਣ ਦੀ ਕਾਂਗਰਸ ਪਾਰਟੀ ਅਤੇ ਸਰਕਾਰ ਨੇ ਕੋਸ਼ਿਸ਼ ਕੀਤੀ ਹੈ।*

ਦਿੱਲੀ ਵਿਚ ਪੂਰਾ ਡੇਢ ਹਫਤਾ ਜੋ ਰੌਲਾ 2-ਜੀ ਸਪੈਕਟਰਮ ਮਾਮਲੇ ਵਿਚ ਉਸ ਵਕਤ ਦੇ ਖ਼ਜ਼ਾਨਾ ਮੰਤਰੀ ਚਿਦੰਬਰਮ ਦੀ ਭੂਮਿਕਾ ਬਾਰੇ ਮੌਜੂਦਾ ਖ਼ਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਦੀ ਇੱਕ ਚਿੱਠੀ ਕਾਰਨ ਪਿਆ ਰਿਹਾ, ਉਹ ਅੰਤ ਨੂੰ ਇੰਜ ਨਿਪਟਾ ਲਿਆ ਗਿਆ, ਜਿਵੇਂ ਮਾਮੂਲੀ ਗਲਤਫਹਿਮੀ ਹੋਈ ਹੋਵੇ। ਜੇ ਇਹ ਏਨੀ ਮਾਮੂਲੀ ਗੱਲ ਹੁੰਦੀ ਤਾਂ ਇਸ ਨਾਲ ਦਿੱਲੀ ਤੋਂ ਨਿਊ ਯਾਰਕ ਤੇ ਵਾਸ਼ਿੰਗਟਨ ਤੱਕ ਭੜਥੂ ਨਹੀਂ ਸੀ ਪੈਣਾ ਅਤੇ ਇਸ ਦੇ ਨਿਪਟਾਰੇ ਵਿਚ ਏਨੀ ਦੇਰ ਵੀ ਨਹੀਂ ਸੀ ਹੋਣੀ। ਵਾਰ ਵਾਰ ਮੰਤਰੀਆਂ ਦੀਆਂ ਕਦੇ ਆਪੋ ਵਿਚ, ਕਦੀ ਸੋਨੀਆ ਗਾਂਧੀ, ਕਦੇ ਪ੍ਰਣਬ ਮੁਖਰਜੀ ਅਤੇ ਕਦੇ ਚਿਦੰਬਰਮ ਨਾਲ ਮੀਟਿੰਗਾਂ ਕਰਨ ਦੀ ਲੋੜ ਵੀ ਨਹੀਂ ਸੀ ਪੈਣੀ। ਸਾਫ ਹੈ ਕਿ ਮਾਮਲਾ ਵੱਡਾ ਸੀ ਪਰ ਨਿਪਟਾਉਣ ਲਈ ਇਸ ਨੂੰ ਛੋਟਾ ਬਣਾ ਕੇ ਪੇਸ਼ ਕਰ ਦਿੱਤਾ ਗਿਆ, ਕਿਉਂਕਿ ਜੇ ਅਜਿਹਾ ਨਾ ਕੀਤਾ ਜਾਂਦਾ ਤਾਂ ਇਸ ਨੇ ਹੋਰ ਅੱਗੇ ਵਧ ਕੇ 'ਵੱਡਾ ਘਰ' ਆਪਣੀ ਲਪੇਟ ਵਿਚ ਲੈ ਲੈਣਾ ਸੀ।

ਕੀ ਇਹ ਕੋਈ ਛੋਟੀ ਗੱਲ ਸੀ ਕਿ ਜਿਸ ਸੁਬਰਾਮਨੀਅਮ ਸਵਾਮੀ ਨੇ ਇਹ ਮਾਮਲਾ ਸੁਪਰੀਮ ਕੋਰਟ ਤੱਕ ਪੁਚਾ ਕੇ ਸਾਬਕਾ ਮੰਤਰੀ ਏ. ਰਾਜਾ ਦੀ ਵਜ਼ੀਰੀ ਖੋਹੀ, ਜਿਸ ਨੇ ਚਿਦੰਬਰਮ ਨੂੰ ਵੀ ਕਾਸੇ ਜੋਗਾ ਨਹੀਂ ਸੀ ਛੱਡਿਆ, ਉਹ ਹੁਣ ਇਹ ਕਹਿ ਰਿਹਾ ਹੈ ਕਿ ਕੁਝ ਦਿਨਾਂ ਤੱਕ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਨੂੰ ਇਸ ਉਲਝਣ ਨੇ ਆਪਣੀ ਲਪੇਟ ਵਿਚ ਲੈ ਲੈਣਾ ਹੈ? ਇਸ ਦੀ ਥਾਂ ਹੈਰਾਨੀ ਦੀ ਗੱਲ ਇਹ ਬਣ ਗਈ ਕਿ ਸੁਬਰਾਮਨੀਅਮ ਸਵਾਮੀ ਦੇ ਇਸ ਬਿਆਨ ਦਾ ਕਿਸੇ ਇੱਕ ਵੀ ਕਾਂਗਰਸੀ ਆਗੂ ਨੇ ਖੰਡਨ ਕਰਨ ਦੀ ਲੋੜ ਨਹੀਂ ਸਮਝੀ, ਜਿਸ ਤੋਂ ਦੇਸ਼ ਦੇ ਲੋਕ ਇਹ ਪ੍ਰਭਾਵ ਲੈ ਸਕਦੇ ਹਨ ਕਿ ਦਾਲ ਵਿਚ ਸਚਮੁੱਚ ਕੁਝ ਕਾਲਾ ਹੈ, ਜਿਸ ਬਾਰੇ ਚੁੱਪ ਰਹਿ ਕੇ ਪਾਸਾ ਵੱਟਣ ਦੀ ਕਾਂਗਰਸ ਪਾਰਟੀ ਅਤੇ ਸਰਕਾਰ ਨੇ ਕੋਸ਼ਿਸ਼ ਕੀਤੀ ਹੈ।

ਜਿਹੜੇ ਦੋ ਵੱਡੇ ਮੰਤਰੀਆਂ ਵਿਚਾਲੇ ਇਹ ਮਾਮਲਾ ਖਿੱਚੋਤਾਣ ਦਾ ਕਾਰਨ ਬਣਿਆ ਸੀ, ਉਨ੍ਹਾਂ ਵਿਚੋਂ ਚਿਦੰਬਰਮ ਦਾ ਰਿਕਾਰਡ ਤਾਂ ਨਰਸਿਮਹਾ ਰਾਓ ਵੇਲੇ ਦੀ ਫੇਅਰਫੈਕਸ ਵਾਲੀ ਗੜਬੜ ਕਾਰਨ ਦਾਗੀ ਹੈ, ਪ੍ਰਣਬ ਮੁਖਰਜੀ ਦੇ ਪੱਲੇ ਉਤੇ ਕਿਸੇ ਤਰ੍ਹਾਂ ਦਾ ਦਾਗ ਨਹੀਂ। ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਲੋਕਾਂ ਨੇ ਕਾਲਜ ਪੜ੍ਹਦੇ ਚਿਦੰਬਰਮ ਦਾ ਹਾਲੇ ਨਾਂ ਨਹੀਂ ਸੀ ਸੁਣਿਆ, ਪ੍ਰਣਬ



ਪ੍ਰਣਬ ਮੁਖਰਜੀ

ਮੁਖਰਜੀ ਓਦੋਂ ਵੀ ਕੇਂਦਰ ਸਰਕਾਰ ਦਾ ਇੱਕ ਅਹਿਮ ਮੰਤਰੀ ਗਿਣਿਆ ਜਾਂਦਾ ਸੀ ਤੇ ਉਸ ਦੀ ਕਦਰ ਕਾਂਗਰਸ ਤੋਂ ਬਾਹਰ ਦੇ ਲੋਕ ਵੀ ਕਰਦੇ ਸਨ। ਚਿਦੰਬਰਮ ਨੂੰ ਇੱਕੋ ਝਟਕਾ ਲੱਗਾ ਤਾਂ ਪਾਰਟੀ ਛੱਡ ਕੇ ਕਾਂਗਰਸ ਦੇ ਵਿਰੋਧੀਆਂ ਨਾਲ ਜਾ ਮਿਲਿਆ ਸੀ ਤੇ ਓਧਰੋਂ ਸਾਂਝੇ ਮੋਰਚੇ ਦੀ ਕੇਂਦਰ ਸਰਕਾਰ ਦਾ ਖ਼ਜ਼ਾਨਾ ਵਜ਼ੀਰ ਬਣ ਗਿਆ ਸੀ, ਜਦ ਕਿ ਪ੍ਰਣਬ ਮੁਖਰਜੀ ਨੇ ਇੰਜ ਨਹੀਂ ਸੀ ਕੀਤਾ।

ਇੰਦਰਾ ਗਾਂਧੀ ਦੇ ਕਤਲ ਵੇਲੇ ਪ੍ਰਣਬ ਮੁਖਰਜੀ ਕੇਂਦਰ ਸਰਕਾਰ ਦਾ ਸਭ ਤੋਂ ਸੀਨੀਅਰ ਵਜ਼ੀਰ ਸੀ ਪਰ ਉਸ ਦੇ ਸ਼ਰੀਕਾਂ ਨੇ ਰਾਜੀਵ ਗਾਂਧੀ ਨੂੰ ਉਸ ਦੇ ਖਿਲਾਫ ਏਨਾ ਭੜਕਾਇਆ ਕਿ ਉਸ ਨੇ ਆਪਣੇ ਰਾਜ ਵਿਚ ਪ੍ਰਣਬ ਨੂੰ ਮੁੜ ਕੇ ਉਭਾਸਰਨ ਦਾ ਮੌਕਾ ਨਹੀਂ ਸੀ ਦਿੱਤਾ। ਇਸ ਤੋਂ ਖਿਝ ਕੇ ਇੱਕ ਵਾਰੀ ਪ੍ਰਣਬ ਮੁਖਰਜੀ ਨੇ ਵੱਖਰੀ ਪਾਰਟੀ ਖੜੀ ਕਰਨ ਦਾ ਯਤਨ ਕੀਤਾ ਪਰ ਕਿਸੇ ਦੂਜੀ ਪਾਰਟੀ ਨਾਲ ਤਾਲਮੇਲ ਨਹੀਂ ਸੀ ਕੀਤਾ, ਜਿਸ ਨੂੰ ਮਹਿਸੂਸ ਕਰ ਕੇ ਰਾਜੀਵ ਗਾਂਧੀ ਨੇ ਹੀ ਫਿਰ ਉਸ ਨਾਲ ਸੰਪਰਕ ਕੀਤਾ ਤੇ ਕਾਂਗਰਸ ਨਾਲ ਜੋੜ ਲਿਆ। ਸਖਤ ਸੁਭਾਅ ਦਾ ਹੋਣ ਦੇ ਬਾਵਜੂਦ ਉਹ ਕਾਂਗਰਸ ਵਿਚਲਾ ਇਹੋ ਜਿਹਾ ਲੀਡਰ ਹੈ, ਜਿਸ ਦੀ ਵਿਰੋਧੀ ਵੀ ਇੱਜ਼ਤ ਕਰਦੇ ਹਨ। ਇੱਕ ਵੀ ਗੱਲ ਇਹੋ ਜਿਹੀ ਨਹੀਂ, ਜਿਸ ਨੂੰ ਲੈ ਕੇ ਚਿਦੰਬਰਮ ਨੂੰ ਪ੍ਰਣਬ ਮੁਖਰਜੀ ਦੇ ਬਰਾਬਰ ਤੋਲਿਆ ਜਾਵੇ ਪਰ ਚਿਦੰਬਰਮ ਦੀ ਖਾਤਰ ਕਾਂਗਰਸ ਪਾਰਟੀ ਨੇ ਪ੍ਰਣਬ ਮੁਖਰਜੀ ਨੂੰ ਅੱਕ ਚੱਬਣ ਲਈ ਮਜਬੂਰ ਕਰ ਦਿੱਤਾ। ਇਸ ਦਾ ਕਾਰਨ ਇਹ ਨਹੀਂ ਕਿ ਕਾਂਗਰਸ ਨੂੰ ਚਿਦੰਬਰਮ ਦੀ ਬਹੁਤ



ਅਟੱਲ ਬਿਹਾਰੀ ਵਾਜਪਾਈ

ਲੋੜ ਹੈ, ਸਗੋਂ ਕਾਰਨ ਇਹ ਸੀ ਕਿ ਮਾਮਲਾ ਠੱਪਿਆ ਨਾ ਗਿਆ ਤਾਂ ਸਚਮੁੱਚ 'ਵੱਡੇ ਘਰ' ਤੱਕ ਆ ਸਕਦਾ ਹੈ ਤੇ ਬਣੀ-ਬਣਾਈ ਸਾਰੀ ਖੇਡ ਖਰਾਬ ਹੋ ਜਾਣ ਦਾ ਡਰ ਹੈ।

ਦੂਜਾ ਪਾਸਾ ਹੈ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਅਤੇ ਰਾਜ ਲਈ ਹੋਰ ਕਿਸੇ ਵੀ ਧਿਰ ਨਾਲੋਂ ਵੱਧ ਫਾਵੀ ਹੋਈ ਪਈ ਭਾਰਤੀ ਜਨਤਾ ਪਾਰਟੀ ਦਾ। ਹਾਲਾਂਕਿ ਸਪੈਕਟਰਮ ਦੇ ਕੇਸ ਵਿਚ ਉਸ ਦੇ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਸਮੇਤ ਕਈਆਂ ਦੇ ਫਸਣ ਦਾ ਖਤਰਾ ਬਰਾਬਰ ਹੈ, ਪਰ ਉਸ ਦੇ ਕੁਝ ਆਗੂ ਆਪਣੇ ਸਾਥੀਆਂ ਦੀ ਬਲੀ ਦੇ ਕੇ ਵੀ ਇਹ ਚਾਹੁੰਦੇ ਹਨ ਕਿ ਇਸ ਮੁੱਦੇ ਨੂੰ ਏਨਾ ਉਭਾਰ ਦਿੱਤਾ ਜਾਵੇ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਟੁੱਟ ਕੇ ਛੇਤੀ-ਛੇਤੀ ਚੋਣਾਂ ਹੋ ਜਾਣ ਤਾਂ ਕਿ ਜਿਹੜੀ ਕਿਸਮਤ ਢਾਈ ਸਾਲ ਬਾਅਦ ਅਜ਼ਮਾਉਣੀ ਹੈ, ਉਸ ਦਾ ਮੌਕਾ ਹੁਣੇ ਮਿਲ ਜਾਵੇ। ਆਪਣੇ ਹਿਸਾਬ ਨਾਲ ਉਹ ਇਹ ਵੀ ਸਮਝੀ ਬੈਠੇ ਹਨ ਕਿ ਜੇ ਚੋਣਾਂ ਹੋ ਜਾਣ ਤਾਂ ਅਗਲੀ ਵਾਰ ਆਪਣੇ ਪੈਰ ਹੇਠ ਬਟੇਰਾ ਆ ਸਕਣ ਦੀ ਪੂਰੀ ਸੰਭਾਵਨਾ ਹੈ, ਏਸੇ ਲਈ ਹੁਣੇ ਤੋਂ ਉਸ ਪਾਰਟੀ ਵਿਚ ਕੁਰਸੀ ਵਾਸਤੇ ਜੰਗ ਵੀ ਸਿਖਰਾਂ ਛੋਹਣ ਲੱਗੀ ਹੈ। ਕੇਂਦਰ ਵਿਚ ਬੈਠੇ ਕਈ ਲੀਡਰ ਇਸ ਵਾਸਤੇ ਔਸੀਆਂ ਪਾ ਰਹੇ ਹਨ।

ਇੱਕ ਸੁਸ਼ਮਾ ਸਵਰਾਜ ਹੈ, ਜਿਹੜੀ ਕਰਨਾਟਕਾ ਦੇ ਖਾਣ ਮਾਫੀਆ ਮੰਨੇ ਜਾਂਦੇ ਰੈਡੀ ਭਰਾਵਾਂ ਦੀ ਸਰਪ੍ਰਸਤੀ ਕਰਦੀ ਸੀ ਤੇ ਜਦੋਂ ਦੇ ਉਹ ਜੇਲ੍ਹ ਚਲੇ ਗਏ, ਵਕਤੀ ਤੌਰ 'ਤੇ ਪਿੱਛੇ ਪੈ ਗਈ ਹੈ। ਦੂਸਰਾ ਅਰੁਣ ਜੇਤਲੀ ਹੈ, ਜਿਸ ਨੂੰ ਦੂਸਰੇ ਬਰਾਬਰ ਦੇ ਆਗੂ ਪੈਰਾਸ਼ੂਟ ਲੀਡਰ ਮੰਨਦੇ ਹਨ ਪਰ ਪ੍ਰਮੋਦ ਮਹਾਜਨ ਦੀ ਮੌਤ ਪਿੱਛੋਂ ਕਾਰਪੋਰੇਟ ਘਰਾਣਿਆਂ ਨਾਲ ਤਾਲਮੇਲ ਕਰ ਕੇ ਅਗਲੀਆਂ ਚੋਣਾਂ ਲਈ ਚੰਦੇ ਉਗਰਾਹੁਣ ਵਾਸਤੇ ਸਭ ਤੋਂ ਕਾਰਗਰ ਬੰਦਾ ਵੀ ਓਸੇ ਨੂੰ ਮੰਨਿਆ ਜਾ ਰਿਹਾ ਹੈ। ਤੀਸਰੇ, ਚੌਥੇ ਸਾਰੇ ਪਾਸੇ ਕਰ ਕੇ ਦੋ ਜਣੇ ਹੋਰ ਦਾਅਵੇਦਾਰ ਹਨ, ਜਿਨ੍ਹਾਂ ਵਿਚੋਂ ਇੱਕ ਤਾਂ ਲਾਲ ਕ੍ਰਿਸ਼ਨ ਅਡਵਾਨੀ ਅਤੇ ਦੂਸਰਾ ਨਰਿੰਦਰ ਮੋਦੀ ਹੈ। ਇਸ ਵਕਤ ਸਭ ਤੋਂ ਵੱਧ ਭੇੜ ਇਨ੍ਹਾਂ ਦੋਵਾਂ ਦਾ ਹੁੰਦਾ ਨਜ਼ਰ ਆ ਰਿਹਾ ਹੈ। ਕਿਸੇ ਸਮੇਂ ਅਟਲ ਬਿਹਾਰੀ ਵਾਜਪਾਈ ਅੱਗੇ ਆਕੜਨ ਲਈ ਮੋਦੀ ਨੂੰ ਉਕਸਾਉਣ ਵਾਲੇ ਅਡਵਾਨੀ ਨੂੰ ਇਸ ਵਕਤ ਓਹੀ ਮੋਦੀ ਜਦੋਂ ਅੱਖਾਂ ਵਿਖਾ ਰਿਹਾ ਹੈ ਤਾਂ ਜਿਹੜੇ ਆਰ ਐਸ ਐਸ ਨੇ ਵਾਜਪਾਈ ਵਿਰੁਧ ਹਮੇਸ਼ਾ ਅਡਵਾਨੀ ਦੀ ਮਦਦ ਕੀਤੀ ਸੀ, ਉਹ ਹੁਣ ਅਡਵਾਨੀ ਦੇ ਵਿਰੁਧ ਮੋਦੀ ਦਾ ਸਰਪ੍ਰਸਤ ਬਣ ਤੁਰਿਆ ਹੈ।


ਤਾਜ਼ਾ ਸਥਿਤੀ ਇਹ ਹੈ ਕਿ ਨਰਿੰਦਰ ਮੋਦੀ ਤੇ ਲਾਲ ਕ੍ਰਿਸ਼ਨ ਅਡਵਾਨੀ ਦੋਵੇਂ ਜਣੇ ਰੱਥ-ਯਾਤਰਾ ਕੱਢਣ ਦੇ ਐਲਾਨ ਕਰ ਚੁੱਕੇ ਹਨ। ਮੋਦੀ ਨੇ ਗੁਜਰਾਤ ਵਿਚ ਰੱਥ ਘੁੰਮਾਉਣਾ ਹੈ ਅਤੇ ਅਡਵਾਨੀ ਦਾ ਰੱਥ ਦੇਸ਼ ਦੇ ਡੇਢ ਕੁ ਦਰਜਨ ਰਾਜਾਂ ਤੇ ਅੱਧੀ ਦਰਜਨ ਕੇਂਦਰੀ ਪ੍ਰਦੇਸ਼ਾਂ ਵਿਚ ਜਾਣ ਦਾ ਐਲਾਨ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਕਰ ਦਿੱਤਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਡਵਾਨੀ ਦੇ ਰੱਥ ਦਾ ਰੂਟ ਮੋਦੀ ਤੋਂ ਪਰੇ-ਪਰੇ ਰੱਖਿਆ ਗਿਆ ਹੈ, ਜਦ ਕਿ ਮੋਦੀ ਦਾ ਰੱਥ ਜਦੋਂ ਗੁਜਰਾਤ ਵਿਚ ਘੁੰਮਣਾ ਹੈ, ਓਥੇ ਅਡਵਾਨੀ ਨੂੰ ਨਾ ਜਾਣ ਲਈ ਆਰ ਐਸ ਐਸ ਨੇ ਅਗਾਊਂ ਕਹਿ ਦਿੱਤਾ ਹੈ। ਜਦੋਂ ਬਾਬਰੀ ਮਸਜਿਦ ਢਾਹੀ ਗਈ, ਉਸ ਤੋਂ ਪਹਿਲਾਂ ਅਡਵਾਨੀ ਦੇ ਰੱਥ ਲਈ ਸਾਰੀ ਤਾਕਤ ਜਿਹੜੇ ਆਰ ਐਸ ਐਸ ਨੇ ਝੋਕੀ ਸੀ, ਉਹ ਹੁਣ ਨਰਿੰਦਰ ਮੋਦੀ ਨੂੰ ਆਪਣਾ ਮੋਹਰਾ ਮੰਨ ਕੇ ਉਸ ਦੇ ਨਾਲ ਹੈ ਅਤੇ ਓਦੋਂ ਦਾ ਹਿੰਦੂਤਵੀਆ ਅਡਵਾਨੀ ਹੁਣ 'ਮਾਡਰੇਟ' ਬਣਨ ਦੇ ਚੱਕਰ ਵਿਚ ਨਿਤੀਸ਼ ਕੁਮਾਰ ਤੋਂ ਆਪਣੀ ਰੱਥ ਯਾਤਰਾ ਦੇ ਉਦਘਾਟਨ ਦਾ ਪ੍ਰੋਗਰਾਮ ਬਣਾਈ ਫਿਰਦਾ ਹੈ। ਚਾਲ ਉਸ ਦੀ ਵੀ ਇਹ ਹੈ ਕਿ ਵਾਜਪਾਈ ਦੇ ਹੁੰਦਿਆਂ ਭਾਜਪਾ ਦੇ ਭਾਈਵਾਲ ਉਸ ਨੂੰ ਮਾਡਰੇਟ ਮੰਨ ਕੇ ਅਡਵਾਨੀ ਦੀ ਬਜਾਏ ਆਗੂ ਮੰਨ ਲੈਂਦੇ ਸਨ, ਹੁਣ ਜਦੋਂ ਵਾਜਪਾਈ ਮੰਜੇ ਉਤੇ ਹੈ ਤਾਂ ਮੋਦੀ ਦੇ ਮੁਕਾਬਲੇ ਇਹ ਸਾਰੇ ਲੋਕ ਅਡਵਾਨੀ ਨੂੰ ਲੀਡਰ ਮੰਨ ਲੈਣ। ਪ੍ਰਧਾਨ ਮੰਤਰੀ ਤਾਂ ਓਸੇ ਨੇ ਬਣਨਾ ਹੈ, ਜਿਸ ਨਾਲ ਬਾਹਰ ਦੇ ਦਲ ਵੀ ਖੜੇ ਹੋਣ ਨੂੰ ਤਿਆਰ ਹੋਣਗੇ। ਸਿਰਫ ਕੁਰਸੀ ਦੀ ਖਾਤਰ ਬੰਦਾ ਆਪਣੀ ਕੁੰਜ ਬਦਲਣ ਤੁਰ ਪਿਆ ਹੈ।

ਕੀ ਵਾਜਪਾਈ ਸਚਮੁੱਚ ਮਾਡਰੇਟ ਸੀ? ਇਹ ਕਹਿਣਾ ਵੀ ਬਹੁਤਾ ਠੀਕ ਨਹੀਂ ਹੈ। ਉਹ ਮਾਡਰੇਟ ਹੋਣ ਨਾਲੋਂ ਵੱਧ ਇਸ ਗੱਲ ਦਾ ਮਾਹਰ ਸੀ ਕਿ ਮਾਡਰੇਟ ਹੋਣ ਦੇ ਪ੍ਰਭਾਵ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ? ਲੋੜ ਪਈ ਤਾਂ ਹਿੰਦੂਤਵ ਵਾਲੇ 'ਪਰਵਾਰ' ਦੇ ਹੱਕ ਵਿਚ ਅਮਰੀਕਾ ਵਿਚ



ਨਰਿੰਦਰ ਮੋਦੀ

ਜਾ ਕੇ 'ਮੈਂ ਭੀ ਸੋਇਮ ਸੇਵਕ ਹੂੰ' ਕਹਿ ਕੇ ਭੁਗਤ ਗਿਆ ਸੀ ਤੇ ਦੂਜੇ ਦਿਨ ਇਹ ਕਹਿ ਦਿੱਤਾ ਸੀ ਕਿ 'ਮੈਂ ਆਰ ਐਸ ਐਸ ਕਾ ਨਹੀਂ, ਭਾਰਤ ਮਾਤਾ ਕਾ ਸੋਇਮ ਸੇਵਕ ਹੂੰ'। ਬਾਬਰੀ ਮਸਜਿਦ ਢਾਹੁਣ ਦੀ ਘੜੀ ਆਪ ਦਿੱਲੀ ਵਿਚ ਜਾ ਖੜੋਤਾ ਸੀ ਪਰ ਇੱਕ ਦਿਨ ਪਹਿਲਾਂ ਜਾ ਕੇ ਲਖਨਊ ਦੇ ਜਲਸੇ ਵਿਚ ਇਹ ਕਹਿ ਆਇਆ ਸੀ ਕਿ ਸੁਪਰੀਮ ਕੋਰਟ ਨੇ ਓਥੇ ਕਾਰ-ਸੇਵਾ ਕਰਨ ਤੋਂ ਰੋਕਿਆ ਹੈ, ਬੈਠਣ ਤੋਂ ਨਹੀਂ ਰੋਕਿਆ ਤੇ ਜਿੱਥੇ ਏਨੇ ਲੋਕਾਂ ਨੇ ਬੈਠਣਾ ਹੈ, ਓਥੇ 'ਕੁਝ ਨੋਕੀਲੇ ਪੱਥਰ ਹੋਣ ਤਾਂ ਉਨ੍ਹਾਂ ਨੂੰ ਪੱਧਰੇ ਵੀ ਕਰਨਾ ਪਵੇਗਾ'। ਇਸ ਤਰ੍ਹਾਂ ਉਸ ਨੇ ਮਸਜਿਦ ਢਾਹੁਣ ਜਾ ਰਹੇ ਲੋਕਾਂ ਨੂੰ 'ਨੋਕੀਲੇ ਪੱਥਰ' ਪੱਧਰੇ ਕਰਨ ਦੇ ਨਾਂ ਉਤੇ ਮਸਜਿਦ ਦੇ ਗੁੰਬਦ ਤੋੜ ਦੇਣ ਲਈ ਲਲਕਾਰਾ ਇਕ ਦਿਨ ਪਹਿਲਾਂ ਹੀ ਮਾਰ ਦਿੱਤਾ ਸੀ। ਗੁਜਰਾਤ ਦੇ ਦੰਗਿਆਂ ਦੇ ਬਾਅਦ ਵਾਜਪਾਈ ਨੇ ਓਥੇ ਜਾ ਕੇ ਕਿਹਾ ਕਿ ਇਸ ਨਾਲ ਉਸ ਦੀ ਸਰਕਾਰ ਦਾ ਚਿਹਰਾ ਧੁਆਂਖਿਆ ਗਿਆ ਹੈ ਪਰ ਜਦੋਂ ਨਰਿੰਦਰ ਮੋਦੀ ਨੇ ਅੱਖਾਂ ਦਿਖਾਈਆਂ ਤਾਂ ਮੁਸਲਮਾਨਾਂ ਬਾਰੇ ਕਹਿ ਦਿੱਤਾ ਸੀ ਕਿ ਇਹ ਲੋਕ ਜਿੱਥੇ ਵੀ ਰਹਿੰਦੇ ਹਨ, ਨਾ ਆਪ ਚੈਨ ਨਾਲ ਦਿਨ ਕੱਟਦੇ ਹਨ, ਨਾ ਦੂਜੇ ਲੋਕਾਂ ਨੂੰ ਕੱਟਣ ਦੇਂਦੇ ਹਨ। ਜਦੋਂ ਉੜੀਸਾ




ਐਲ ਕੇ ਅਡਵਾਨੀ

ਵਿਚ ਇਸਾਈ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਪੁੱਤਰਾਂ ਨੂੰ ਜਿਊਂਦੇ ਸਾੜ ਦਿੱਤਾ ਗਿਆ ਅਤੇ ਪਤਾ ਲੱਗ ਗਿਆ ਕਿ ਇਹ ਕੰਮ ਬਜਰੰਗ ਦਲ ਦੇ ਬੰਦਿਆਂ ਨੇ ਕੀਤਾ ਹੈ, ਓਦੋਂ ਉਨ੍ਹਾਂ ਦੇ ਬਚਾਅ ਲਈ ਵਾਜਪਾਈ ਇਹ ਕਹਿਣ ਲੱਗ ਪਿਆ ਕਿ ਕਤਲ ਤਾਂ ਗਲਤ ਹਨ, ਪਰ ਧਰਮ ਪਰਿਵਰਤਨ ਬਾਰੇ ਵੀ ਬਹਿਸ ਹੋਣੀ ਚਾਹੀਦੀ ਹੈ। ਇਸ ਦਾ ਮਤਲਬ ਇਹ ਸੀ ਕਿ ਬਜਰੰਗ ਦਲ ਨੂੰ ਗ੍ਰਾਹਮ ਸਟੇਨਜ਼ ਵੱਲੋਂ ਜੰਗਲੀ ਲੋਕਾਂ ਦਾ ਇਲਾਜ ਜਾਂ ਹੋਰ ਸੇਵਾ ਕਰਨ ਉਤੇ ਇਤਰਾਜ਼ ਨਹੀਂ ਸੀ, ਉਹ ਤਾਂ ਲੋਕਾਂ ਨੂੰ ਈਸਾਈ ਬਣਾ ਰਿਹਾ ਸੀ, ਇਸ ਕਰ ਕੇ ਕਤਲ ਕੀਤਾ ਗਿਆ ਹੈ। ਇੰਜ ਵਾਜਪਾਈ ਕਾਤਲਾਂ ਦੇ ਹੱਕ ਵਿਚ ਵੀ ਭੁਗਤ ਜਾਂਦਾ ਹੁੰਦਾ ਸੀ।

ਕਿਉਂਕਿ ਵਾਜਪਾਈ ਮਾਡਰੇਟ ਨਹੀਂ ਸੀ, ਕਦੇ-ਕਦਾਈਂ ਲੋੜ ਪੈਣ ਉਤੇ ਮਾਡਰੇਟ ਹੋਣ ਦਾ ਚੋਲਾ ਪਾ ਬਹਿੰਦਾ ਸੀ, ਸੱਠ ਸਾਲ ਤੋਂ ਵੱਧ ਉਸ ਨਾਲ ਗੁਜ਼ਾਰ ਚੁੱਕੇ ਅਡਵਾਨੀ ਨੇ ਜ਼ਿੰਦਗੀ ਦੀ ਸ਼ਾਮ ਵੇਲੇ ਓਹੋ ਫਾਰਮੂਲਾ ਵਰਤਣ ਵਾਸਤੇ ਹੁਣ ਬਿਹਾਰ ਤੋਂ ਰੱਥ ਯਾਤਰਾ ਕੱਢਣੀ ਹੈ। ਇਸ ਦਾ ਨਿਤੀਸ਼ ਕੁਮਾਰ ਵਰਗੇ ਸਵਾਗਤ ਕਰ ਰਹੇ ਹਨ। ਵਿਚ-ਵਿਚਾਲੇ ਦੇ ਕੁਝ ਹੋਰ ਦਲ ਵੀ ਇਹੋ ਜਿਹਾ ਵਿਹਾਰ ਕਰ ਸਕਦੇ ਹਨ। ਪੰਜਾਬ ਦੇ ਬਾਦਲ ਅਕਾਲੀ ਦਲ ਨੂੰ ਕੋਈ ਫਰਕ ਹੀ ਨਹੀਂ, ਜਿਹੜਾ ਵੀ ਆ ਜਾਵੇ, ਉਨ੍ਹਾਂ ਦੀ ਤਾਂ ਭਾਜਪਾ ਨਾਲ ਭਾਈਵਾਲੀ ਹੈ, ਉਹ ਹਰ ਹਾਲ ਨਿਭਾਈ ਜਾਣੀ ਹੈ।

ਇਸ ਹਾਲਤ ਵਿਚ ਰਾਜਨੀਤਕ ਵਿਸ਼ਲੇਸ਼ਣਕਾਰ ਢਾਈ ਸਾਲ ਬਾਅਦ ਦੀ ਰਾਜਨੀਤੀ ਦੇ ਹੁਣੇ ਤੋਂ ਕਿਆਫੇ ਲਾਉਣ ਲੱਗ ਪਏ ਹਨ। ਉਨ੍ਹਾਂ ਵਿਸ਼ਲੇਸ਼ਕਾਂ ਵਿਚੋਂ ਕਈਆਂ ਦੀ ਇੱਕ ਜਾਂ ਦੂਜੀ ਪਾਰਟੀ ਦੇ ਧੁਰੰਤਰਾਂ ਨਾਲ ਵੇਲੇ-ਕੁਵੇਲੇ ਦੀ ਸਾਂਝ ਵੀ ਹੋਣ ਕਰ ਕੇ ਉਹ ਅੰਦਰ ਦੀਆਂ ਗੱਲਾਂ ਬਾਹਰ ਦੱਸਣ ਤੋਂ ਨਹੀਂ ਰਹਿੰਦੇ ਤੇ ਕਈ ਵਾਰੀ ਅੰਦਰ ਦੀ ਗੱਲ ਨੂੰ ਅੱਗੇ ਵਧਾਉਣ ਲਈ ਜਾਣ-ਬੁੱਝ ਕੇ ਵੀ ਇਹੋ ਜਿਹੀਆਂ ਭਿਣਕਾਂ ਪੈਦਾ ਕਰਦੇ ਅਤੇ ਪ੍ਰਚਾਰਦੇ ਹਨ।

ਢਾਈ ਸਾਲ ਬਾਅਦ ਦੀ ਰਾਜਨੀਤੀ ਦੀਆਂ ਜਿਹੜੀਆਂ ਕਨਸੋਆਂ ਹੁਣੇ ਤੋਂ ਪੈਣ ਲੱਗੀਆਂ ਹਨ, ਜੇ ਉਹ ਸਹੀ ਸੰਕੇਤ ਦਿੰਦੀਆਂ ਹਨ ਤਾਂ ਭਾਰਤ ਅਗਲੇ ਸਾਲਾਂ ਵਿਚ ਬੜੀ ਵੱਡੀ ਤਬਦੀਲੀ ਦਾ ਦ੍ਰਿਸ਼ ਵੇਖ ਸਕਦਾ ਹੈ। ਦਿੱਲੀ ਦੇ ਟੀ ਵੀ ਚੈਨਲਾਂ ਵਿਚੋਂ ਇੱਕ ਦੇ ਪ੍ਰਮੁੱਖ ਐਂਕਰ ਨੇ ਸਾਫ ਕਹਿ ਦਿੱਤਾ ਹੈ ਕਿ ਨਾ ਕਾਂਗਰਸ ਦਾ ਹੁਣ ਵਾਲਾ ਗੱਠਜੋੜ ਅਗਲੇ ਦਿਨੀਂ ਲੱਭਣਾ ਹੈ ਤੇ ਨਾ ਹੀ ਭਾਜਪਾ ਵਾਲਿਆਂ ਦਾ। ਇਹ ਸੰਭਾਵਨਾ ਬਣ ਸਕਦੀ ਹੈ ਕਿ ਪ੍ਰਣਬ ਮੁਖਰਜੀ ਜਿਵੇਂ ਆਪਣੀ ਪਾਰਟੀ ਦੀ ਲੀਡਰਸ਼ਿਪ ਦੇ ਵਿਹਾਰ ਤੋਂ ਔਖਾ ਹੈ ਤੇ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੇ ਵਿਹਾਰ ਤੋਂ ਵੀ ਖੁਸ਼ ਨਹੀਂ, ਉਸ ਨੂੰ ਅੱਗੇ ਲਾ ਕੇ ਕਾਂਗਰਸ ਦੇ ਕੁਝ ਆਗੂ ਤੇ ਕੁਝ ਹੋਰ ਧਰਮ ਨਿਰਪੱਖ ਧਿਰਾਂ ਇੱਕ ਵਾਰ ਫਿਰ ਕੋਈ ਨਵਾਂ ਤਜਰਬਾ ਕਰਨ ਦੀ ਤਰਕੀਬ ਲੜਾ ਲੈਣ, ਤੇ ਹੋਣ ਨੂੰ ਇਹ ਵੀ ਹੋ ਸਕਦਾ ਹੈ ਕਿ ਅਗਲੀ ਵਾਰੀ ਫਿਰ ਕੁਝ ਵਿਚ-ਵਿਚਾਲੇ ਦੇ ਦਲ ਇੱਕ ਨਵੀਂ ਪਾਰਟੀ ਵਿਚ ਜੁੜ ਕੇ ਨਿਤੀਸ਼ ਕੁਮਾਰ ਨੂੰ ਨਵਾਂ ਵੀ ਪੀ ਸਿੰਘ ਜਾਂ ਮੋਰਾਰਜੀ ਦੇਸਾਈ ਬਣਾ ਕੇ ਤੁਰ ਪੈਣ ਅਤੇ ਭਾਜਪਾ ਉਨ੍ਹਾਂ ਦੀ ਪਿਛਲੱਗ ਬਣ ਕੇ ਰਹਿ ਜਾਵੇ। ਪ੍ਰਣਬ ਮੁਖਰਜੀ ਦਾ ਇਸ ਉਮਰੇ ਇਹੋ ਜਿਹੇ ਤਜਰਬੇ ਕਰਨਾ ਹਾਲੇ ਤੱਕ ਮੰਨਣ ਵਿਚ ਬਹੁਤਾ ਨਹੀਂ ਆਉਂਦਾ ਪਰ ਦੂਜੀ ਸੰਭਾਵਨਾ ਕੁਝ ਬਦਲਵੇਂ ਤਰ੍ਹਾਂ ਸਮਝ ਵਿਚ ਆ ਸਕਦੀ ਹੈ। ਕਹਿਣ ਤੋਂ ਭਾਵ ਇਹ ਕਿ ਜੈ ਪ੍ਰਕਾਸ਼ ਨਰਾਇਣ ਦੇ ਜਨਮ ਅਸਥਾਨ ਤੋਂ ਰੱਥ ਤਾਂ



ਪੀ ਚਿਦੰਬਰਮ

ਅਡਵਾਨੀ ਨੇ ਤੋਰਨਾ ਹੈ ਪਰ ਜੇ ਸਚਮੁੱਚ ਜੈ ਪ੍ਰਕਾਸ਼ ਵਾਲੀ ਲਹਿਰ ਬਣਨ ਲੱਗ ਪਈ, ਫਿਰ ਹੋਰ ਭਾਵੇਂ ਜਿਹੜਾ ਵੀ ਲੰਬੜਦਾਰ ਬਣ ਜਾਵੇ, ਇੱਕ ਗੱਲ ਪੱਕੀ ਹੈ ਕਿ ਲੰਬੜਦਾਰੀ ਨਾ ਮੋਦੀ ਦੇ ਪੱਲੇ ਪੈਣੀ ਹੈ ਤੇ ਨਾ ਅਡਵਾਨੀ ਦੇ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਪੰਜਾਬ ਦੀਆਂ ਸੜਕਾਂ ਉਤੇ ਬਾਦਲਾਂ ਦੀਆਂ ਬੱਸਾਂ ਦਾ ਬੋਲਬਾਲਾ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਜਨਤਕ ਟਰਾਂਸਪੋਰਟ ਵਜੋਂ ਚੱਲ ਰਹੀਆਂ ਬੱਸਾਂ ਦੀ ਮਲਕੀਅਤ ਵਿਚ ਬੀਤੇ ਪੰਜ ਸਾਲਾਂ ਦੌਰਾਨ ਫੈਸਲਾਕੁਨ ਤਬਦੀਲੀ ਹੋਈ ਹੈ। ਪੰਜਾਬ ਰੋਡਵੇਜ਼ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਜੋ ਸਰਕਾਰੀ ਅਦਾਰੇ ਹਨ, ਦਾ ਇਕ ਦਹਾਕਾ ਪਹਿਲਾਂ ਤਕਰੀਬਨ 70 ਫੀਸਦੀ ਜਨਤਕ ਟਰਾਂਸਪੋਰਟ 'ਤੇ ਕੰਟਰੋਲ ਸੀ ਪਰ ਉਸ ਤੋਂ ਬਾਅਦ ਇਨ੍ਹਾਂ ਦਾ ਹਿੱਸਾ ਪ੍ਰਾਈਵੇਟ ਅਪਰੇਟਰਾਂ ਦੇ ਹੱਕ ਵਿਚ ਖੁੱਸਦਾ ਚਲਾ ਗਿਆ।

ਪੰਜਾਬ ਦੀਆਂ ਸੜਕਾਂ 'ਤੇ ਅੱਜ ਜਨਤਕ ਟਰਾਂਸਪੋਰਟ ਵਜੋਂ ਤਕਰੀਬਨ 7500 ਬੱਸਾਂ ਚੱਲ ਰਹੀਆਂ ਹਨ ਤੇ ਇਨ੍ਹਾਂ ਵਿਚ ਤਕਰੀਬਨ 4000 ਨਿੱਜੀ ਅਪਰੇਟਰਾਂ ਨਾਲ ਸਬੰਧਤ ਹਨ ਜਿਸ ਨਾਲ ਉਨ੍ਹਾਂ ਦਾ ਹਿੱਸਾ 60 ਫੀਸਦੀ ਬਣਦਾ ਹੈ। ਦੂਜੇ ਪਾਸੇ ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ. ਤੇ ਇਨ੍ਹਾਂ ਦੀਆਂ ਸਹਾਇਕ ਪਨਬਸ ਤੇ ਕਿਲੋਮੀਟਰ ਸਕੀਮ ਦੀਆਂ ਕੁੱਲ ਮਿਲਾ ਕੇ ਮਹਿਜ਼ 3500 ਬੱਸਾਂ ਬਣਦੀਆਂ ਹਨ। ਅਸਲ 'ਚ ਸਿਆਸਤਦਾਨਾਂ ਭਾਵ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਤੇਜ਼ੀ ਨਾਲ ਪ੍ਰਾਈਵੇਟ ਟਰਾਂਸਪੋਰਟ ਸੈਕਟਰ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ।

ਬਾਦਲਾਂ ਤੋਂ ਇਲਾਵਾ ਪ੍ਰਾਈਵੇਟ ਟਰਾਂਸਪੋਰਟ ਵਿਚ ਮੋਹਰੀ ਦੂਜੇ ਵੱਡੇ ਸਿਆਸਤਦਾਨਾਂ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ, ਭਾਜਪਾ ਵਿਧਾਇਕ ਜਗਦੀਸ਼ ਸਾਹਨੀ, ਪੀ.ਪੀ.ਪੀ. ਮੁਖੀ ਮਨਪ੍ਰੀਤ ਸਿੰਘ ਬਾਦਲ, ਸਾਬਕਾ ਕਾਂਗਰਸੀ ਵਿਧਾਇਕ ਅਵਤਾਰ ਸਿੰਘ ਹੈਨਰੀ, ਅਮਰੀਕ ਸਿੰਘ ਢਿੱਲੋਂ ਤੇ ਜਸਬੀਰ ਸਿੰਘ ਗਿੱਲ (ਡਿੰਪਾ), ਮੌਜੂਦਾ ਵਿਧਾਇਕ ਅਮਰਜੀਤ ਸਿੰਘ ਸਮਰਾ (ਕਾਂਗਰਸ) ਤੇ ਸਾਬਕਾ ਵਿਧਾਇਕ (ਮਰਹੂਮ) ਦਿਲਬਾਗ ਸਿੰਘ ਨਵਾਂਸ਼ਹਿਰ ਤੇ ਕਿਰਪਾਲ ਸਿੰਘ ਲਿਬੜਾ ਦੇ ਪਰਿਵਾਰ ਸ਼ਾਮਲ ਹਨ।

ਸ. ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਲੰਬੀ ਹਲਕੇ ਤੋਂ ਲੜੀ ਵਿਧਾਨ ਸਭਾ ਚੋਣ ਮੌਕੇ ਦਿੱਤੇ ਹਲਫਨਾਮੇ ਵਿਚ ਕਿਹਾ ਸੀ ਕਿ ਉਨ੍ਹਾਂ ਦਾ ਡੱਬਵਾਲੀ ਟਰਾਂਸਪੋਰਟ ਤੇ ਰੀਅਲ ਅਸਟੇਟ ਤੇ ਬਾਜ਼ ਟਰਾਂਸਪੋਰਟ ਪ੍ਰਾਈਵੇਟ ਲਿਮਟਿਡ ਵਿਚ ਪਰਿਵਾਰਕ ਹਿੱਸਾ ਹੈ। ਇਸੇ ਤਰ੍ਹਾਂ ਸ੍ਰੀ ਹੈਨਰੀ ਨੇ ਦੱਸਿਆ ਸੀ ਕਿ ਉਨ੍ਹਾਂ ਤੇ ਉਨ੍ਹਾਂ ਦੀ ਪਤਨੀ ਦਾ ਕਰਤਾਰ ਬੱਸ ਸਰਵਿਸ ਵਿਚ ਹਿੱਸਾ ਹੈ ਤੇ ਉਨ੍ਹਾਂ ਕੋਲ 27 ਟਰੱਕ ਵੀ ਹਨ। ਸ. ਡਿੰਪਾ ਨੇ ਵੀ ਨਿਊ ਪਿਆਰ ਬੱਸ ਸਰਵਿਸ ਵਿਚ ਹਿੱਸਾ ਹੋਣ ਦੀ ਗੱਲ ਕਹੀ ਸੀ।

ਇਸੇ ਤਰ੍ਹਾਂ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਬੀਬੀ ਹਰਸਿਮਰਤ ਕੌਰ ਬਾਦਲ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਸੁਖਬੀਰ ਸਿੰਘ ਬਾਦਲ ਕੋਲ ਡੱਬਵਾਲੀ ਟਰਾਂਸਪੋਰਟ ਕੰਪਨੀ ਦੇ 10 ਰੁਪਏ ਵਾਲੇ 2570 ਸ਼ੇਅਰ ਹਨ। ਬਠਿੰਡਾ ਜ਼ਿਲਾ ਟਰਾਂਸਪੋਰਟ ਦਫਤਰ ਵਿਚ ਵੱਖੋ-ਵੱਖ ਕੰਪਨੀਆਂ ਤੇ ਫਰਮਾਂ ਦੀਆਂ ਤਕਰੀਬਨ 280 ਪ੍ਰਾਈਵੇਟ ਬੱਸਾਂ ਹਨ। ਇਨ੍ਹਾਂ ਵਿਚੋਂ ਤਕਰੀਬਨ ਅੱਧੀਆਂ ਬਾਦਲਾਂ ਦੀਆਂ ਦੱਸੀਆਂ ਜਾਂਦੀਆਂ ਹਨ। ਬਠਿੰਡਾ ਤੋਂ ਚੱਲਣ ਵਾਲੀਆਂ ਇਨ੍ਹਾਂ ਕੰਪਨੀਆਂ ਵਿਚ ਡੱਬਵਾਲੀ ਟਰਾਂਸਪੋਰਟ ਕੰਪਨੀ, ਤਾਜ ਟਰੈਵਲਜ਼, ਰਘੂਰਾਜਾ ਟਰਾਂਸਪੋਰਟ ਕੰਪਨੀ, ਫਤਿਹ ਟਰਾਂਸਪੋਰਟ ਕੰਪਨੀ, ਆਹਲੂਵਾਲੀਆ ਟਰਾਂਸਪੋਰਟ ਕੰਪਨੀ, ਨਿਊ ਗੁਰੂ ਕਾਂਸ਼ੀ ਰੋਡਲਾਈਨਜ਼, ਦੀਪ ਬੱਸ ਸਰਵਿਸ, ਦਸਮੇਸ਼ ਟਰਾਂਸਪੋਰਟ, ਜੀ.ਐਨ.ਟੀ. ਟਰਾਂਸਪੋਰਟ ਤੇ ਜਲਾਲ ਟਰਾਂਸਪੋਰਟ ਸ਼ਾਮਲ ਹਨ।

ਅਧਿਕਾਰਤ ਤੌਰ 'ਤੇ ਬਾਦਲਾਂ ਕੋਲ ਤਿੰਨ ਕੰਪਨੀਆਂ ਆਰਬਿਟ, ਡੱਬਵਾਲੀ ਤੇ ਬਾਜ਼ ਦੀਆਂ 80 ਬੱਸਾਂ ਹਨ ਜਿਨ੍ਹਾਂ ਦਾ ਮਾਲਵੇ ਦੀਆਂ ਸੜਕਾਂ 'ਤੇ ਦਬਦਬਾ ਹੈ। ਇਸ ਤੋਂ ਬਿਨਾਂ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਬੀਤੇ ਪੰਜ ਸਾਲਾਂ ਦੌਰਾਨ ਚੁੱਪ-ਚਾਪ ਹੋਰ ਅਨੇਕਾਂ ਟਰਾਂਸਪੋਰਟ ਕੰਪਨੀਆਂ ਵਿਚ ਵੀ ਕੰਟਰੋਲਿੰਗ ਹਿੱਸੇ ਖਰੀਦ ਲਏ ਹਨ। ਬਠਿੰਡਾ ਜ਼ਿਲ੍ਹਾ ਟਰਾਂਸਪੋਰਟ ਦਫਤਰ ਵਿਚ ਰਜਿਸਟਰਡ 440 ਬੱਸਾਂ ਵਿਚੋਂ 140 ਬੱਸਾਂ ਬਾਦਲਾਂ ਦੀਆਂ ਹਨ। ਉਨ੍ਹਾਂ ਦੀਆਂ ਕੰਪਨੀਆਂ ਨੇ ਘੱਟੋ-ਘੱਟ ਦਸ ਪ੍ਰਾਈਵੇਟ ਅਪਰੇਟਰਾਂ ਦਾ ਪ੍ਰਬੰਧ ਖੁਦ ਸੰਭਾਲਿਆ ਹੋਇਆ ਹੈ। ਸ. ਮਨਪ੍ਰੀਤ ਬਾਦਲ ਭਾਵੇਂ ਸਿਆਸੀ ਤੌਰ 'ਤੇ ਬਾਦਲ ਪਰਿਵਾਰ ਤੋਂ ਵੱਖ ਹੋ ਗਏ ਹਨ ਪਰ ਅਧਿਕਾਰਤ ਤੌਰ 'ਤੇ ਉਨ੍ਹਾਂ ਦਾ ਵੀ ਬਾਦਲਾਂ ਦੀਆਂ ਤਿੰਨੇ ਕੰਪਨੀਆਂ ਵਿਚ ਹਿੱਸਾ ਹੈ।

# ਇੰਜ ਘੁੱਟਿਆ ਸਰਕਾਰੀ ਟਰਾਂਸਪੋਰਟ ਦਾ ਗਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਫਰਵਰੀ 2007 ਵਿਚ ਪੰਜਾਬ ਦੀ ਸੱਤਾ ਸੰਭਾਲਦਿਆਂ ਹੀ ਅਕਾਲੀ-ਭਾਜਪਾ ਗੱਠਜੋੜ ਨੇ ਰਾਜ ਦੀ ਉਸ ਵੇਲੇ ਦੀ ਟਰਾਂਸਪੋਰਟ ਨੀਤੀ ਉਤੇ ਮੁੜ ਘੋਖ ਕਰਨ ਦਾ ਫੈਸਲਾ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਇਸ ਸਰਕਾਰ ਨੇ ਉਸੇ ਸਾਲ ਸਤੰਬਰ ਮਹੀਨੇ ਆਪਣੀ ਨਵੀਂ ਟਰਾਂਸਪੋਰਟ ਨੀਤੀ ਪੇਸ਼ ਕੀਤੀ ਜਿਸ ਵਿਚ ਸ਼ਰੇਆਮ ਨਿੱਜੀ ਟਰਾਂਸਪੋਰਟਰਾਂ ਦਾ ਪੱਖ ਪੂਰਿਆ ਗਿਆ ਜਿਨ੍ਹਾਂ ਕੋਲ ਲਗਜ਼ਰੀ ਬੱਸਾਂ ਸਨ।

ਉਂਜ ਮੌਕੇ ਦੇ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੇ ਬੜੀ ਚਲਾਕੀ ਨਾਲ ਅਜਿਹੇ ਕਿਸੇ ਵਿਤਕਰੇ ਉਤੇ ਪਰਦਾ ਪਾਉਂਦਿਆਂ ਦਾਅਵਾ ਕੀਤਾ ਕਿ ਸਰਕਾਰ ਏਅਰ-ਕੰਡੀਸ਼ਨ ਬੱਸਾਂ ਨੂੰ ਹੁਲਾਰਾ ਦੇ ਕੇ ਆਮ ਲੋਕਾਂ ਨੂੰ ਕਾਰਾਂ ਤੇ ਸਕੂਟਰਾਂ 'ਤੇ ਸਫਰ ਕਰਨ ਦੀ ਥਾਂ ਬੱਸਾਂ ਵਿਚ ਸਫਰ ਕਰਨ ਲਈ ਉਤਸ਼ਾਹਤ ਕਰ ਸਕੇਗੀ। ਜਨਤਕ ਟਰਾਂਸਪੋਰਟ ਨੀਤੀ ਦਾ ਇਹ ਨਵਾਂ ਢਾਂਚਾ ਗੜਬੜੀਆਂ ਨਾਲ ਭਰਪੂਰ ਸੀ। ਇਨ੍ਹਾਂ ਵਿਚ ਮੁੱਖ ਗੜਬੜ ਇਹ ਸੀ ਕਿ ਬੱਸ ਜਿੰਨੀ ਵੱਧ ਮਹਿੰਗੀ ਹੋਵੇਗੀ, ਉਸ ਦੇ ਮਾਲਕ ਨੂੰ ਉਸ ਦਾ ਓਨਾ ਹੀ ਘੱਟ ਟੈਕਸ ਦੇਣਾ ਪਵੇਗਾ। ਏ.ਸੀ. ਰਹਿਤ ਬੱਸਾਂ ਚਲਾਉਣ ਵਾਲੇ ਅਪਰੇਟਰਾਂ ਦਾ ਟੈਕਸ ਘਟਾ ਕੇ 2.50 ਰੁਪਏ ਪ੍ਰਤੀ ਕਿਲੋਮੀਟਰ ਤੋਂ 2.25 ਰੁਪਏ ਪ੍ਰਤੀ ਕਿਲੋਮੀਟਰ ਕਰ ਦਿੱਤਾ ਗਿਆ। ਭਾਵ ਮਹਿਜ਼ 25 ਪੈਸੇ ਦੀ ਕਮੀ ਕੀਤੀ ਗਈ।

ਦੂਜੇ ਪਾਸੇ ਏ.ਸੀ. ਬੱਸਾਂ ਲਈ ਇਹ ਟੈਕਸ 2 ਰੁਪਏ ਤੋਂ ਘਟਾ ਕੇ ਇਕ ਰੁਪਏ ਕਰ ਦਿੱਤਾ ਗਿਆ। ਸੁਪਰ ਲਗਜ਼ਰੀ ਬੱਸਾਂ ਜਿਨ੍ਹਾਂ ਨੂੰ ਇੰਟੈਗਰਲ ਕੋਚ ਕਿਹਾ ਜਾਂਦਾ ਹੈ, ਬਾਰੇ ਤਾਂ ਅਕਾਲੀ-ਭਾਜਪਾ ਸਰਕਾਰ ਨੇ ਡਾਹਢੀ ਦਰਿਆ-ਦਿਲੀ ਦਿਖਾਈ ਤੇ ਇਨ੍ਹਾਂ ਬੱਸਾਂ ਦਾ ਟੈਕਸ 7.50 ਰੁਪਏ ਪ੍ਰਤੀ ਕਿਲੋਮੀਟਰ ਤੋਂ ਘਟਾ ਕੇ ਮਹਿਜ਼ 50 ਪੈਸੇ ਕਰ ਦਿੱਤਾ ਗਿਆ। ਭਾਵ ਸਿੱਧੀ 7 ਰੁਪਏ ਦੀ ਕਮੀ। ਇਹੋ ਉਹ ਸਮਾਂ ਸੀ ਜਦੋਂ ਬਾਦਲਾਂ ਦੀ ਮਾਲਕੀ ਵਾਲੀਆਂ ਕੰਪਨੀਆਂ ਨੇ ਤੇਜ਼ੀ ਨਾਲ ਲਗਜ਼ਰੀ ਬੱਸਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਬਾਕੀ ਪਾਰਟੀਆਂ ਨਾਲ ਸਬੰਧਤ ਟਰਾਂਸਪੋਰਟਰ ਸਿਆਸਤਦਾਨਾਂ ਨੇ ਵੀ ਛੇਤੀ ਹੀ ਇਹ ਰਾਹ ਫੜ ਲਿਆ। ਇਸ ਤਰ੍ਹਾਂ ਸਾਲ 2009-10 ਦੌਰਾਨ ਜਦੋਂ ਇਹ ਨੀਤੀ ਪੂਰੀ ਤਰ੍ਹਾਂ ਅਮਲ ਵਿਚ ਆ ਚੁੱਕੀ ਸੀ, ਬਾਦਲਾਂ ਦੀਆਂ ਕੰਪਨੀਆਂ ਨੇ ਅਜਿਹੀਆਂ 150 ਲਗਜ਼ਰੀ ਬੱਸਾਂ ਖਰੀਦ ਜਾਂ ਹਾਸਲ ਕਰ ਲਈਆਂ ਸਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸੁਪਰ ਲਗਜ਼ਰੀ ਬੱਸਾਂ ਨੂੰ ਜਿੱਥੇ ਪਹਿਲਾਂ ਬਠਿੰਡੇ ਤੋਂ ਚੰਡੀਗੜ੍ਹ ਦੇ 238 ਕਿਲੋਮੀਟਰ ਦੇ ਗੇੜੇ ਲਈ 7.50 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ 1785 ਰੁਪਏ ਟੈਕਸ ਦੇਣਾ ਪੈਂਦਾ ਸੀ ਉਥੇ ਹੁਣ ਮਹਿਜ਼ 119 ਰੁਪਏ ਦੇਣੇ ਪੈਂਦੇ ਹਨ ਤੇ 1666 ਰੁਪਏ ਬਚ ਜਾਂਦੇ ਹਨ। ਦੂਜੇ ਪਾਸੇ ਇਨ੍ਹਾਂ ਦੇ ਮੁਕਾਬਲੇ ਆਮ ਬੱਸਾਂ ਦੀ ਬਚਤ ਘਟ ਗਈ।

ਪੀ.ਪੀ.ਪੀ. ਦੇ ਆਗੂ ਮਨਪ੍ਰੀਤ ਸਿੰਘ ਬਾਦਲ ਅਨੁਸਾਰ ਇਸ ਨੀਤੀ 'ਤੇ ਉਦੋਂ ਉਨ੍ਹਾਂ ਦੇ ਮੰਤਰਾਲੇ ਨੇ ਇਤਰਾਜ਼ ਕੀਤਾ ਸੀ ਕਿਉਂਕਿ ਇਹ ਨੀਤੀ ਖਾਸਕਰ ਲਗਜ਼ਰੀ ਜਨਤਕ ਟਰਾਂਸਪੋਰਟ ਸੈਕਟਰ ਦਾ ਪੱਖ ਪੂਰਦੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੇ ਤਾਂ ਇਥੋਂ ਤਕ ਕਿਹਾ ਸੀ ਕਿ ਇਸ ਨੀਤੀ ਨਾਲ ਸਰਕਾਰੀ ਟਰਾਂਸਪੋਰਟ ਕਾਰਪੋਰੇਸ਼ਨਾਂ ਦਾ ਭੱਠਾ ਬਹਿ ਜਾਵੇਗਾ। ਇਹ ਵੱਖਰੀ ਗੱਲ ਹੈ ਕਿ ਮਨਪ੍ਰੀਤ ਸਿੰਘ ਬਾਦਲ ਜਦੋਂ ਤਕ ਸਰਕਾਰ ਵਿਚ ਰਹੇ, ਉਨ੍ਹਾਂ ਨੇ ਇਸ ਬਾਰੇ ਖੁੱਲ੍ਹੇਆਮ ਕੁਝ ਨਹੀਂ ਕਿਹਾ ਤੇ ਨਾ ਹੀ ਬੱਸਾਂ ਵਿਚ ਆਪਣਾ ਹਿੱਸਾ ਘਟਾਇਆ।

# ਟਰਾਂਸਪੋਰਟ ਕਾਰੋਬਾਰ ਦਾ ਮੁੱਦਾ ਹਾਈ ਕੋਰਟ ਪੁੱਜਿਆ

**ਚੰਡੀਗੜ੍ਹ:** ਪੰਜਾਬ ਵਿਚ ਵੱਡੇ ਪ੍ਰਾਈਵੇਟ ਬੱਸ ਟਰਾਂਸਪੋਰਟਰਾਂ ਨੂੰ ਲਾਹਾ ਪਹੁੰਚਾਉਣ ਦੇ ਇਰਾਦੇ ਨਾਲ ਟਰਾਂਸਪੋਰਟ ਨੀਤੀ ਵਿਚ ਕੀਤੀ ਭੰਨ-ਤੋੜ ਬਾਰੇ ਖੁਲਾਸਿਆਂ ਦੇ ਆਧਾਰ 'ਤੇ ਇਕ ਬੈਰਿਸਟਰ ਐਟ-ਲਾਅ ਨੇ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਖਲ ਕਰਕੇ ਇਸ ਮਾਮਲੇ ਦੀ ਸੀ.ਬੀ.ਆਈ. ਜਾਂ ਹਾਈ ਕੋਰਟ ਦੇ ਇਕ ਜੱਜ ਰਾਹੀਂ ਜਾਂਚ ਕਰਾਉਣ ਦੀ ਅਪੀਲ ਕੀਤੀ ਹੈ। ਬੈਰਿਸਟਰ ਹਿੰਮਤ ਸਿੰਘ ਸ਼ੇਰਗਿੱਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਣੇ ਦੋ ਹੋਰਾਂ ਨੂੰ ਇਸ ਕੇਸ ਦੀ ਧਿਰ ਬਣਾਇਆ ਹੈ।

ਸਰਕਾਰੀ ਟਰਾਂਸਪੋਰਟ ਕੰਪਨੀਆਂ ਨੂੰ ਘਾਟੇਵੰਦ ਸਥਿਤੀ 'ਚ ਪਹੁੰਚਾਉਣ, ਰਾਜ ਦੇ ਲਗਜ਼ਰੀ ਬੱਸ ਕਾਰੋਬਾਰ 'ਤੇ ਬਾਦਲ ਪਰਿਵਾਰ ਦੇ ਕਬਜ਼ੇ, ਵੱਡੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਨੂੰ ਲਾਭ ਪਹੁੰਚਾਉਣ ਲਈ ਟਰਾਂਸਪੋਰਟ ਨੀਤੀ ਵਿਚ ਕੀਤੀ ਤੋੜ-ਭੰਨ ਬਾਰੇ ਰਿਪੋਰਟਾਂ ਦੇ ਆਧਾਰ 'ਤੇ ਸ. ਸ਼ੇਰਗਿੱਲ ਨੇ ਇਸ ਸਮੁੱਚੇ ਮਾਮਲੇ ਦੀ ਵਿਆਪਕ ਜਾਂਚ ਤੇ ਦੋਸ਼ੀਆਂ ਲਈ ਸਜ਼ਾ ਦੀ ਮੰਗ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ ਪਿਉ-ਪੁੱਤਰ ਬਾਦਲਾਂ ਨੇ ਟਰਾਂਸਪੋਰਟ ਵਿਭਾਗ ਦੀ ਨੀਤੀ ਦੀ ਭੰਨ-ਤੋੜ ਕੀਤੀ ਹੈ ਤੇ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਕ ਜਨ ਸੇਵਕ ਹੁੰਦਾ ਹੈ ਤੇ ਜਿਸ ਨੇ ਕਾਨੂੰਨੀ ਦਾਇਰੇ 'ਚ ਰਹਿ ਕੇ ਕੰਮ ਕਰਨਾ ਹੁੰਦਾ ਹੈ। ਉਹ ਆਪਣੇ ਕਾਰੋਬਾਰੀ ਹਿੱਤਾਂ ਦੀ ਪੂਰਤੀ ਲਈ ਮਨਮਰਜ਼ੀ ਨਹੀਂ ਕਰ ਸਕਦਾ। ਇਸੇ ਦੌਰਾਨ ਗੁਰਦਾਸਪੁਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਜਨਤਕ ਟਰਾਂਸਪੋਰਟ ਬਾਰੇ ਨੋਟਿਸ ਲੈਂਦਿਆਂ ਮਾਮਲੇ ਦੀ ਜਾਂਚ ਦੇ ਹੁਕਮ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਾਦਲ, ਬੱਸਾਂ ਤੇ ਗੜਬੜ ਅੱਜ ਇਕ ਤਰ੍ਹਾਂ ਸਮਾਨ ਆਰਥੀ ਬਣ ਚੁੱਕੇ ਹਨ।

## ਪੰਜਾਬ ਰੋਡਵੇਜ਼ ਨੂੰ ਤਬਾਹੀ ਕੰਢੇ ਲਿਆਉਣ ਲਈ ਬਾਦਲ ਜ਼ਿੰਮੇਵਾਰ: ਕੈਪਟਨ

**ਚੰਡੀਗੜ੍ਹ:** ਪੰਜਾਬ ਰੋਡਵੇਜ਼ ਨੂੰ ਤਬਾਹੀ ਦੇ ਕੰਢੇ ਲਿਆਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹਨ ਤੇ ਦੋਵੇਂ ਬਾਦਲਾਂ ਨੇ ਪੰਜਾਬ ਦੀ ਟਰਾਂਸਪੋਰਟ ਨੀਤੀ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ।



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਬਾਦਲਾਂ ਦੀ ਨੀਤੀ ਹਮੇਸ਼ਾ ਹੀ ਪੰਜਾਬ ਰੋਡਵੇਜ਼ ਨੂੰ ਖਤਮ ਕਰਨ ਦੀ ਰਹੀ ਹੈ ਤੇ ਘਾਟੇ ਲਈ ਦੋਵੇਂ ਪਿਉ-ਪੁੱਤ ਜ਼ਿੰਮੇਵਾਰ ਹਨ ਕਿਉਂਕਿ ਇਕ-ਇਕ ਪਰਮਿਟ 'ਤੇ ਬਾਦਲ ਪਰਿਵਾਰ ਦੀਆਂ ਵੀਹ-ਵੀਹ ਬੱਸਾਂ ਚਲਦੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਬਣਨ 'ਤੇ ਪੰਜਾਬ ਦੀ ਟਰਾਂਸਪੋਰਟ ਨੀਤੀ ਤਬਦੀਲ ਕੀਤੀ ਜਾਵੇਗੀ। ਕੈਪਟਨ ਨੇ ਆਟਾ-ਦਾਲ ਦੇ ਰਾਸ਼ਨ ਕਾਰਡਾਂ, ਸਾਈਕਲਾਂ ਤੇ ਹੁਣ ਭਾੜਿਆਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਲਾਈ ਜਾ ਰਹੀ ਫੋਟੋ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਲੋਕਾਂ ਨੂੰ ਕੋਈ ਸਹੂਲਤ ਦੇਣੀ ਹੈ ਤਾਂ ਸ਼ੌਕ ਨਾਲ ਦੇਵੇ ਪਰ ਸਹੂਲਤਾਂ ਦਾ ਸਿਆਸੀਕਰਨ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਫੋਟੋਆਂ ਵਾਲੀਆਂ ਕੜਛੀਆਂ-ਪਤੀਲੀਆਂ ਵੰਡਣੀਆਂ ਹੀ ਹਨ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੰਡੀਆਂ ਜਾਣ ਨਾ ਕਿ ਪੰਜਾਬ ਸਰਕਾਰ ਦੇ ਖਜ਼ਾਨੇ 'ਚੋਂ ਇਹ ਖਰਚ ਕੀਤਾ ਜਾਵੇ।


# ਬਾਦਲ ਵੱਲੋਂ ਨਿੱਜੀ ਲਾਹੇ ਲਈ ਟਰਾਂਸਪੋਰਟ ਨੀਤੀ 'ਚ ਵੱਡਾ ਫੇਰਬਦਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਨਿੱਜੀ ਹਵਾਈ ਕੰਪਨੀਆਂ ਨੂੰ ਖੁੱਲ੍ਹ ਦੇ ਕੇ ਏਅਰ ਇੰਡੀਆ ਦਾ ਭੱਠਾ ਬਿਠਾਇਆ, ਉਸ ਤਰ੍ਹਾਂ ਦੀ ਦੁਰਦਸ਼ਾ ਪੰਜਾਬ ਵਿਚ ਪੰਜਾਬ ਰੋਡਵੇਜ਼ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੀ ਹੋ ਰਹੀ ਹੈ। ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 2007 ਵਿਚ ਆਈ। ਇਸ ਸਰਕਾਰ ਨੇ ਬੱਸ ਰੂਟਾਂ ਵਿਚ ਸਰਕਾਰੀ ਹਿੱਸੇਦਾਰੀ ਘਟਾ ਕੇ ਨਿੱਜੀ ਅਪਰੇਟਰਾਂ ਦੀ ਚਾਂਦੀ ਕਰਵਾ ਦਿੱਤੀ। ਰਾਜ ਵਿਚ 2004-05 ਦੌਰਾਨ ਸਰਕਾਰੀ ਹਿੱਸੇਦਾਰੀ 48 ਫੀਸਦੀ ਸੀ ਜੋ ਸਾਲ 2008-09 ਵਿਚ 39 ਫੀਸਦੀ ਰਹਿ ਗਈ।

ਇਸ ਤਰ੍ਹਾਂ ਸਰਕਾਰੀ ਖਜ਼ਾਨੇ ਨੂੰ 462.03 ਕਰੋੜ ਰੁਪਏ ਦਾ ਚੂਨਾ ਲੱਗਿਆ ਤੇ ਇਕੱਲੀ ਪੰਜਾਬ ਰੋਡਵੇਜ਼ ਨੂੰ 2009-10 ਵਿਚ 76 ਕਰੋੜ ਰੁਪਏ ਦੀ ਸੱਟ ਵੱਜੀ। ਕਿਸੇ ਟਰਾਂਸਪੋਰਟ ਦੀ ਸਿਹਤ ਉਸ ਦੇ ਵਾਹਨਾਂ ਵੱਲੋਂ ਤੈਅ ਕੀਤੇ ਕਿਲੋਮੀਟਰਾਂ 'ਤੇ ਨਿਰਭਰ ਕਰਦੀ ਹੈ। 2009 ਦੀ ਕੈਗ ਰਿਪੋਰਟ ਮੁਤਾਬਕ ਇਸ ਮਾਮਲੇ ਵਿਚ ਪੰਜਾਬ ਰੋਡਵੇਜ਼ ਫਾਡੀ ਹੁੰਦੀ ਜਾ ਰਹੀ ਹੈ ਕਿਉਂਕਿ ਉਸ ਦੇ ਰੂਟਾਂ 'ਤੇ ਪ੍ਰਾਈਵੇਟ ਬੱਸਾਂ ਦੀ ਬਹੁਤਾਤ ਨੇ ਉਸ ਦੀਆਂ ਬੱਸਾਂ ਦੇ ਰਾਹ ਰੋਕ ਲਏ ਹਨ। ਇਸ ਮਾਮਲੇ ਵਿਚ ਪੀ.ਆਰ.ਟੀ.ਸੀ. ਦੀ ਹਾਲਤ ਕੁਝ ਬਿਹਤਰ ਹੈ ਕਿਉਂਕਿ ਜਿਹੜੇ ਇਲਾਕਿਆਂ ਵਿਚ ਇਹ ਬੱਸਾਂ ਚੱਲਦੀਆਂ ਹਨ, ਉਥੇ ਨਿੱਜੀ ਖਿਡਾਰੀ ਨਾ ਦੇ ਬਰਾਬਰ ਹਨ।

ਸਾਲ 2004-05 ਵਿਚ ਰੋਡਵੇਜ਼ ਦੀ ਇਕ ਬੱਸ ਪ੍ਰਤੀ ਦਿਨ ਜਿਥੇ 206 ਕਿਲੋਮੀਟਰ ਚਲਦੀ ਸੀ, ਉਥੇ ਇਹ ਹੁਣ 105 ਕਿਲੋਮੀਟਰ ਪ੍ਰਤੀ ਦਿਨ 'ਤੇ ਆ ਗਈ। ਇਸ ਮਾਮਲੇ ਵਿਚ ਕੌਮੀ ਔਸਤ 313 ਕਿਲੋਮੀਟਰ ਪ੍ਰਤੀ ਬੱਸ ਪ੍ਰਤੀ ਦਿਨ ਹੈ। ਪੀ.ਆਰ.ਟੀ.ਸੀ. ਦੀ ਇਕ ਬੱਸ ਜੋ 2004-05 ਵਿਚ ਪ੍ਰਤੀ ਦਿਨ 306 ਕਿਲੋਮੀਟਰ ਭੱਜਦੀ ਸੀ, ਉਥੇ ਇਹ 2009 ਵਿਚ 310 ਕਿਲੋਮੀਟਰ ਪ੍ਰਤੀ ਦਿਨ ਰਹੀ। ਇਨ੍ਹਾਂ ਦੇ ਮੁਕਾਬਲੇ ਪ੍ਰਾਈਵੇਟ ਬੱਸਾਂ ਬਹੁਤ ਅੱਗੇ ਹਨ। ਇਕ ਨਿੱਜੀ ਬੱਸ ਪ੍ਰਤੀ ਦਿਨ 350 ਤੋਂ 400 ਕਿਲੋਮੀਟਰ ਚੱਲ ਰਹੀ ਹੈ। ਪਹਿਲਾਂ ਜਿਹੜੇ ਮੁਨਾਫੇ ਵਾਲੇ ਰੂਟ ਸਰਕਾਰੀ ਬੱਸਾਂ ਕੋਲ ਸਨ, ਉਹ ਚਾਰ ਸਾਲਾਂ ਵਿਚ ਹੌਲੀ-ਹੌਲੀ ਪ੍ਰਾਈਵੇਟ ਅਪਰੇਟਰਾਂ ਕੋਲ ਚਲੇ ਗਏ ਜਿਸ ਨਾਲ ਘਾਟਾ ਵਧ ਗਿਆ। ਬਹੁਤੇ ਪ੍ਰਾਈਵੇਟ ਅਪਰੇਟਰ ਸਿਆਸਤਦਾਨ ਹਨ।

ਸਾਲ 1990 ਵਿਚ ਬਣੀ ਨੀਤੀ 1997 ਵਿਚ ਬਦਲੇ ਜਾਣ ਦਾ ਨਿੱਜੀ ਅਪਰੇਟਰਾਂ ਨੇ ਪੂਰਾ ਲਾਹਾ ਲਿਆ। 1997 ਦੀ ਨੀਤੀ ਮੁਤਾਬਕ



ਅੰਤਰਰਾਜੀ ਰੂਟਾਂ 'ਤੇ ਸਰਕਾਰੀ ਟਰਾਂਸਪੋਰਟ ਦੀ ਸਰਦਾਰੀ ਹੋਵੇਗੀ ਤੇ ਰਾਜ ਅੰਦਰਲੇ ਕੌਮੀ ਮਾਰਗਾਂ 'ਤੇ ਸਰਕਾਰੀ ਤੇ ਨਿੱਜੀ ਅਪਰੇਟਰਾਂ ਦਾ ਅਨੁਪਾਤ 75:25 ਰਹੇਗਾ ਤੇ ਰਾਜ ਦੇ ਹੋਰ ਰੂਟਾਂ 'ਤੇ ਇਹ ਅਨੁਪਾਤ 40:60 ਰਹੇਗਾ ਪਰ ਹੋਇਆ ਸਭ ਕੁਝ ਉਲਟ।ਪੰਜਾਬ ਟਰਾਂਸਪੋਰਟ ਵਿਭਾਗ ਹਰ ਇਕ ਰੂਟ ਲਈ ਇਕ ਖਾਸ ਕੀਮਤ 'ਤੇ ਪਰਮਿਟ ਜਾਰੀ ਕਰਦਾ ਹੈ। ਔਸਤਨ ਇਕ ਰੂਟ ਲਈ 6 ਤੋਂ 8 ਪਰਮਿਟ ਹਨ ਪਰ ਕੈਗ ਦੀ ਰਿਪੋਰਟ ਮੁਤਾਬਕ ਮੁਨਾਫੇ ਵਾਲੇ ਰੂਟਾਂ ਵਿਚ ਸਰਕਾਰੀ ਟਰਾਂਸਪੋਰਟ ਦਾ ਹਿੱਸਾ ਘਟ ਗਿਆ।

2005 ਵਿਚ ਸਰਕਾਰੀ ਬੱਸਾਂ ਕੋਲ 219 ਰੂਟ ਸਨ ਜੋ 2009 ਵਿਚ 90 ਰਹਿ ਗਏ। ਸੂਤਰਾਂ ਮੁਤਾਬਕ ਨਿੱਜੀ ਅਪਰੇਟਰਾਂ ਨੇ ਰੂਟਾਂ ਦਾ ਲਾਭ ਲੈਣ ਲਈ ਸਰਕਾਰੀ ਕਮੀਆਂ ਤੇ ਚੋਰ ਮੋਰੀਆਂ ਦਾ ਲਾਹਾ ਲਿਆ। ਇਨ੍ਹਾਂ ਨੇ ਪਹਿਲਾਂ ਘੱਟ ਦੂਰੀ ਲਈ ਪਰਮਿਟ ਲਿਆ ਤੇ ਫੇਰ ਛੋਟੇ ਰੂਟ, ਲੰਮੇ ਰੂਟ ਬਦਲੇ ਗਏ। ਇਸ ਤੋਂ ਇਲਾਵਾ ਵੱਧ ਸਵਾਰੀਆਂ ਵਾਲੇ ਸਮੇਂ ਤੇ ਵੀ ਪ੍ਰਾਈਵੇਟ ਅਪਰੇਟਰਾਂ ਨੇ ਚੰਗਾ ਹੱਥ ਫੇਰਿਆ। ਆਮ ਤੌਰ 'ਤੇ ਬੱਸ ਅੱਡੇ 'ਤੇ ਬੱਸਾਂ ਨੂੰ ਕਾਊਂਟਰ 'ਤੇ ਖੜ੍ਹਨ ਲਈ ਔਸਤ 3 ਮਿੰਟ ਮਿਲਦੇ ਹਨ ਪਰ ਪ੍ਰਭਾਵਸ਼ਾਲੀ ਅਪਰੇਟਰ ਛੇ ਤੋਂ ਨੌਂ ਮਿੰਟਾਂ ਤਕ ਖੜ੍ਹੇ ਰਹਿੰਦੇ ਹਨ ਤੇ ਲਿਆ ਗਿਆ ਵਾਧੂ ਸਮਾਂ ਸਰਕਾਰੀ ਬੱਸਾਂ ਦਾ ਹੁੰਦਾ ਹੈ। ਇਸ ਕਾਰਨ ਸਰਕਾਰੀ ਬੱਸਾਂ ਦੀ ਬੁਕਿੰਗ ਘਟਦੀ ਗਈ। ਕੈਗ ਮੁਤਾਬਕ ਸਰਕਾਰੀ ਬੱਸਾਂ ਦੀ ਬੁਕਿੰਗ 20.57 ਰੁਪਏ ਪ੍ਰਤੀ ਕਿਲੋਮੀਟਰ ਹੈ ਜਦਕਿ ਖਰਚਾ 23.65 ਰੁਪਏ ਪ੍ਰਤੀ ਕਿਲੋਮੀਟਰ ਪੈ ਰਿਹਾ ਹੈ।

# ਨਵਾਂ ਸ਼ਹਿਰ ਨਾਈਟ 29 ਅਕਤੂਬਰ ਨੂੰ

**ਸੈਨ ਹੋਜ਼ੇ (ਬਿਊਰੋ):** ਕੈਲੀਫੋਰਨੀਆ ਵਿਚ ਵਸਦੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਵਸਨੀਕਾਂ ਵਲੋਂ ਇਕ ਵਿਸ਼ੇਸ਼ ਸਮਾਗਮ ਨਵਾਂ ਸ਼ਹਿਰ ਨਾਈਟ ਦੇ ਰੂਪ ਵਿਚ ਆਉਂਦੀ 29 ਅਕਤੂਬਰ ਨੂੰ ਹੇਵਰਡ ਵਿਚ ਸ਼ਾਮੀਂ 6 ਵਜੇ ਤੋਂ ਕੀਤਾ ਜਾ ਰਿਹਾ ਹੈ।


ਇਹ ਸਮਾਗਮ ਕਰਾਉਣ ਸਬੰਧੀ ਇਕ ਮੀਟਿੰਗ ਆਉਂਦੀ 8 ਅਕਤੂਬਰ ਨੂੰ ਯੂਨੀਅਨ ਸਿਟੀ ਦੇ ਰਾਜਾ ਸਵੀਟਸ ਵਿਖੇ ਹੋਵੇਗੀ ਜਿਸ ਵਿਚ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਜਸਪਾਲ ਸਿੰਘ ਸੈਣੀ ਫੋਨ 408-393-9505, ਰਾਜ ਭਨੋਟ ਫੋਨ 408-687-1935, ਮੱਖਣ ਸਿੰਘ ਬੈਂਸ ਫੋਨ 510-915-1619 ਜਾਂ ਬਲਬੀਰ ਸਿੰਘ ਐਮ ਏ ਫੋਨ 510-938-7771 ਸੰਪਰਕ ਕੀਤਾ ਜਾ ਸਕਦਾ ਹੈ।

# ਲਾਦੇਨ ਦੀ ਪਤਨੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਨਾਕਾਮ

**ਇਸਲਾਮਾਬਾਦ:** ਤਾਲਿਬਾਨ ਵੱਲੋਂ ਅਲਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਦੀ ਸਭ ਤੋਂ ਛੋਟੀ ਉਮਰ ਦੀ ਪਤਨੀ ਨੂੰ ਪਾਕਿਸਤਾਨੀ ਹਿਰਾਸਤ 'ਚੋਂ ਅਗਵਾ ਕਰਨ ਦੀ ਯੋਜਨਾ ਨਾਕਾਮ ਹੋ ਗਈ ਹੈ। 'ਸਨ' ਦੀ ਰਿਪੋਰਟ ਅਨੁਸਾਰ ਮੁੱਲਾ ਉਮਰ ਨੇ 500 ਤਾਲਿਬਾਨੀਆਂ ਨੂੰ ਪਾਕਿਸਤਾਨ ਦੇ ਸੁਰੱਖਿਅਤ ਘਰ 'ਤੇ ਧਾਵਾ ਬੋਲਣ ਨੂੰ ਕਿਹਾ ਸੀ ਜਿਥੇ ਅਮਲ ਅਬਦੁਲਫੱਤਾਹ ਸਮੇਤ ਲਾਦੇਨ ਦੀਆਂ ਦੋ ਹੋਰ ਪਤਨੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਸੀ।

ਪਾਕਿਸਤਾਨੀ ਖੁਫੀਆ ਏਜੰਸੀ ਨੂੰ ਤਾਲਿਬਾਨ ਦੀ ਇਸ ਯੋਜਨਾ ਦਾ ਪਤਾ ਲੱਗਣ ਤੋਂ ਬਾਅਦ ਲਾਦੇਨ ਦੀਆਂ ਤਿੰਨੋਂ ਪਤਨੀਆਂ ਤੇ ਪੰਜ ਬੱਚਿਆਂ ਨੂੰ ਕਿਸੇ ਹੋਰ ਸਥਾਨ 'ਤੇ ਲਿਜਾਇਆ ਗਿਆ। 29 ਸਾਲਾ ਅਮਲ ਅਮਰੀਕਾ ਵੱਲੋਂ ਕੀਤੇ ਹਮਲੇ ਦੌਰਾਨ ਲਾਦੇਨ ਨੂੰ ਬਚਾਉਣ ਵੇਲੇ ਜ਼ਖ਼ਮੀ ਹੋ ਗਈ ਸੀ। ਇਸ ਹਮਲੇ ਵਿਚ ਲਾਦੇਨ ਦੀ ਮੌਤ ਹੋ ਗਈ ਸੀ। ਅਮਲ ਦਾ ਜਨਮ ਯਮਨ ਦਾ ਹੈ ਤੇ ਉਸ ਕੋਲ 10 ਸਾਲਾਂ ਦੀ ਲੜਕੀ ਹੈ। ਆਈ.ਐਸ.ਆਈ. ਦੇ ਕਰੀਬੀ ਸੂਤਰ ਨੇ ਦੱਸਿਆ ਕਿ ਅਮਲ ਕਾਫ਼ਰਾਂ ਵਿਰੁੱਧ ਲੜਨਾ ਚਾਹੁੰਦੀ ਹੈ ਤੇ ਆਪਣੇ ਬੱਚਿਆਂ ਨੂੰ ਮਜਾਹਦੀਨ ਵਾਂਗ ਸਿਖਲਾਈ ਦੇਣੀ ਚਾਹੁੰਦੀ ਹੈ।

Noble Dental Care

Shital Shah, DDS
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,550*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ਘਰ ਖਰੀਦਣਾ ਹੈ ਜਾਂ ਵੇਚਣਾ !
ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ
ਜਰਨੈਲ ਸਿੰਘ ਲਾਲੜੀਆ
ਫੋਨ:209-856-2131

Century 21
M&M AND ASSOCIATES
Each office is independently owned and operated.
Jarnail Singh Lallria
Broker Associate
DRE#01440382
Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com
1472 'B' Street, Ste. D, Livingston, CA 95334

Desi World Radio
Pure desi Entertainment

ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।
ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ
ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ
ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ
Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,
WWW.desiworldradio.com
Email-Info@desiworldradio.com
Toll Free Number 1-800-604-6024
ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

## ਗੁਰਸ਼ਰਨ ਭਾਅ ਜੀ ਨਮਿਤ ਸ਼ਰਧਾਂਜਲੀ ਸਮਾਗਮ 9 ਨੂੰ

**ਯੂਨੀਅਨ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਰੰਗਮੰਚ ਦੇ ਬਾਬਾ ਬੋਹੜ ਸਵਰਗੀ ਭਾਅ ਜੀ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਸੈਂਟਰ ਆਫ ਇੰਡੋ-ਯੂ.ਐਸ. ਡਾਇਲਾਗ ਸੰਸਥਾ ਨੇ ਇਕ ਸ਼ੋਕ ਸਭਾ ਇਥੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਆਉਂਦੀ 9 ਅਕਤੂਬਰ ਐਤਵਾਰ ਨੂੰ ਦੁਪਹਿਰ ਬਾਅਦ 3:30 ਤੋਂ 5:30 ਵਜੇ ਤਕ ਰਖੀ ਹੈ।

ਇਥੇ ਸੰਸਥਾ ਦੀ ਹੋਈ ਇਕ ਮੀਟਿੰਗ ਵਿਚ ਭਾਅ ਜੀ ਗੁਰਸ਼ਰਨ ਸਿੰਘ ਦੀ 28 ਸਤੰਬਰ ਨੂੰ ਹੋਈ ਬੇਵਕਤ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਨ੍ਹਾਂ ਵਲੋਂ ਪੰਜਾਬੀ ਨਾਟਕ ਨੂੰ ਪੰਜਾਬ ਦੇ ਗਰੀਬ ਵਿਹੜਿਆਂ ਤਕ ਲਿਜਾਣ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਗੁਰਸ਼ਰਨ ਸਿੰਘ ਹੀ ਅਜਿਹਾ ਨਾਟਕਕਾਰ ਸੀ ਜਿਸ ਨੇ ਆਮ ਪੰਜਾਬੀ ਨੂੰ ਰੰਗਮੰਚ ਨਾਲ ਜੋੜਿਆ।

ਇਸ ਮੀਟਿੰਗ ਵਿਚ ਸੰਸਥਾ ਦੇ ਆਗੂ ਗੁਲਿੰਦਰ ਸਿੰਘ ਗਿੱਲ, ਪ੍ਰੋ. ਬਲਵਿੰਦਰ ਸਿੰਘ (ਲਾਲੀ) ਧਨੋਆ, ਬਲਵਿੰਦਰ ਸਿੰਘ ਡੁਲਕੂ, ਸੁਰਿੰਦਰ ਸਿੰਘ ਗਰੇਵਾਲ, ਹਰਮਿੰਦਰ ਸਿੰਘ ਗਿੱਲ, ਕੰਵਲਜੀਤ ਸਿੰਘ ਲਾਲੀ, ਸ਼ਬੇਗ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਗਿੱਲ ਸ਼ਾਮਲ ਹੋਏ। ਸੰਸਥਾ ਦੇ ਇਕ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਅਤੇ ਕੂਲ ਵਿਰਸਾ ਅਕੈਡਮੀ (ਸਟਾਕਟਨ), ਹੋਕਾ ਐਂਟਰਟੇਨਮੈਂਟ ਕੈਲੀਫੋਰਨੀਆ ਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਆਗੂ ਇਸ ਸ਼ੋਕ ਸਭਾ ਵਿਚ ਸ਼ਾਮਲ ਹੋਣਗੇ। ਹੋਰ ਜਾਣਕਾਰੀ ਲਈ ਫੋਨ ਨੰ. 510-859-5964, 510-224-7380, 916-844-5310 'ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਗੀਤਕਾਰ ਮੰਚ ਵਲੋਂ ਗੁਰਸ਼ਰਨ ਭਾਅ ਜੀ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ


**ਸੈਕਰਾਮੈਂਟੋ (ਬਿਊਰੋ):** ਪੰਜਾਬੀ ਜੁਝਾਰੂ ਰੰਗਮੰਚ ਨੂੰ ਨਵੀਂ ਦਿਸ਼ਾ ਦੇ ਕੇ ਆਮ ਲੋਕਾਂ ਤਕ ਉਨ੍ਹਾਂ ਦੀ ਹੀ ਠੇਠ ਭਾਸ਼ਾ ਵਿਚ ਲੈ ਕੇ ਜਾਣ ਵਾਲੇ ਭਾਈ ਮੰਨਾ ਸਿੰਘ ਉਰਫ ਗੁਰਸ਼ਰਨ ਭਾਅ ਜੀ ਦੇ ਅਚਾਨਕ ਸਦੀਵੀ ਵਿਛੋੜੇ ਉਤੇ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਨੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਮੰਚ ਦੇ ਜਨਰਲ ਸਕੱਤਰ ਤੇ ਗੀਤਕਾਰ ਬਿੱਕਰ ਸਿੰਘ ਕੰਮੇਆਣਾ ਨੇ ਇਥੇ ਜਾਰੀ ਇਕ ਬਿਆਨ ਵਿਚ ਗੁਰਸ਼ਰਨ ਭਾਅ ਜੀ ਨੂੰ ਚੇਤੇ ਕਰਦਿਆਂ ਕਿਹਾ ਹੈ ਕਿ ਉਹ ਹਮੇਸ਼ਾਂ ਮਜਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਵਿਦਿਆਰਥੀਆਂ ਦੇ ਹੱਕ ਵਿਚ ਪਹਿਰਾ ਦਿੰਦੇ ਹੋਏ ਹਰ ਤਰ੍ਹਾਂ ਦੀ ਬੇਇਨਸਾਫੀ ਦੇ ਖਿਲਾਫ਼ ਡਟ ਕੇ ਖੜੇ ਹੋਏ। ਅਜਿਹਾ ਕਰਦਿਆਂ ਉਨ੍ਹਾਂ ਆਪਣੀ ਵਧੀਆ ਸਰਕਾਰੀ ਨੌਕਰੀ ਦੀ ਵੀ ਪ੍ਰਵਾਹ ਨਹੀਂ ਕੀਤੀ।

ਮੰਚ ਵਲੋਂ ਜਾਰੀ ਸਾਂਝੇ ਬਿਆਨ ਵਿਚ ਪ੍ਰਧਾਨ ਮੱਖਣ ਲੁਹਾਰ, ਜਨਰਲ ਸਕੱਤਰ ਬਿੱਕਰ ਕੰਮੇਆਣਾ, ਸਕੱਤਰ ਰਾਜ ਕੁਮਾਰ ਸੂਦ, ਤਰਲੋਚਨ ਸਿੰਘ ਫਰਿਜ਼ਨੋ, ਕਾਲਮਨਵੀਸ ਐਸ. ਅਸ਼ੋਕ ਭੌਰਾ, ਮੰਚ ਦੇ ਖਜ਼ਾਨਚੀ ਕੁਲਜੀਤ ਮਾਨ ਤੇ ਦਲਬੀਰ ਸਿੰਘ ਬੇਕਰਜ਼ਫੀਲਡ, ਮੀਡੀਆ ਸਕੱਤਰ ਪਲਵਿੰਦਰ ਮਾਹੀ ਤੇ ਜੱਸੀ ਬੰਗਾ, ਤਾਰਾ ਸਾਗਰ ਅਤੇ ਲੇਖਕ ਐਮ ਆਰ ਪਾਲ ਨੇ ਪ੍ਰਣ ਲਿਆ ਹੈ ਕਿ ਉਹ ਗੁਰਸ਼ਰਨ ਭਾਅ ਜੀ ਵਲੋਂ ਬਾਲੀ ਸੱਚ ਦੀ ਜੋਤ ਨੂੰ ਬੁਝਣ ਨਹੀਂ ਦੇਣਗੇ।

ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa
WE WORK IN ALL 50 STATES & CANADA
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ
ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
ਆਪਣਾ ਕਰੈਡਿਟ ਬਹਾਲ ਕਰਾਓ,
ਬੈਂਕਰਪਸੀ ਤੋਂ ਬਚੋ!
CREDIT CARD
WE CAN HELP YOU TO RESOLVE YOUR IRS TAX DEBT TODAY
- #1 Ranked By Numerous Organizations
- Achieve Financial Peace of Mind
- Get The Fastest Possible Solution
- 100% Confidential
- Help Stop Wage Garnishments And Bank Levies
- Help You Have Peace Of Mind

A & I Transport Inc.
123 E Lee Rd., Watsonville, CA, 95076
Ph:831-763-7805
A&I WATSONVILLE, CA.
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ
> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ
Weekly Pay Roll
2011-12 ਮਾਡਲ ਦੇ ਨਵੇਂ ਨਕੋਰ ਟਰੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com
ਏ. ਐਂਡ ਆਈ. ਟਰਾਂਸਪੋਰਟ
ਵਾਟਸਨਵਿਲ, ਕੈਲੀਫੋਰਨੀਆ


Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

# ਪੰਜਾਬੀ ਗੀਤਕਾਰੀ ਨੂੰ ਨਵੀਂ ਦਿਸ਼ਾ ਦੇਣ ਲਈ ਗੀਤਕਾਰ ਮੰਚ ਦੀ ਸਥਾਪਨਾ

## ਮੱਖਣ ਲੁਹਾਰ ਪ੍ਰਧਾਨ ਅਤੇ ਬਿੱਕਰ ਕੰਮੇਆਣਾ ਜਰਨਲ ਸਕੱਤਰ ਬਣੇ

**ਸੈਕਰਾਮੈਂਟੋ (ਐਸ. ਅਸ਼ੋਕ ਭੌਰਾ):** 'ਸੁਰ ਅਤੇ ਸ਼ਬਦ ਦਾ ਸੰਗਮ ਵੱਖ ਨਹੀਂ ਕੀਤਾ ਜਾ ਸਕਦਾ। ਕੌਮਾਂ ਗਾਏ ਜਾਣ ਵਾਲੇ ਗੀਤਾਂ 'ਚੋਂ ਹੀ ਪਛਾਣੀਆਂ ਜਾਂਦੀਆਂ ਹਨ ਪਰ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਗਾਇਕੀ ਵਿਚ ਆਏ ਗੀਤਕਾਰਾਂ ਦੇ ਗਿਰਾਵਟ ਵਾਲੇ ਪੱਖ ਨੇ ਸੱਚੀਂ ਹੀ ਪੰਜਾਬ ਦੀ ਵਿਰਾਸਤੀ ਤੇ ਇਖਲਾਕੀ ਸੋਚ ਨੂੰ ਸੱਟ ਮਾਰੀ ਹੈ। ਇਸ ਦਾ ਪਹਿਲਾ ਕਾਰਨ ਇਹ ਰਿਹਾ ਹੈ ਕਿ ਗੀਤ ਤੁਕਬੰਦੀ ਤੋਂ ਉਪਰ ਨਹੀਂ ਉਠ ਸਕੇ। ਗਾਇਕਾਂ ਦੇ ਘੜਮੱਸ ਨੇ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਤਾਕ ਵਿਚ ਗੀਤਕਾਰਾਂ ਹੱਥੋਂ ਰਿਸ਼ਤਿਆਂ ਦਾ ਇਕ ਤਰ੍ਹਾਂ ਨਾਲ ਕਤਲ ਹੀ ਕਰਵਾ ਦਿੱਤਾ ਹੈ। ਇਸ ਦਾ ਮੁੱਖ ਕਾਰਨ ਨਵੇਂ ਪਰ ਅਣਜਾਣ ਗੀਤਕਾਰਾਂ ਵਿਚ ਸਸਤੀ ਸ਼ੋਹਰਤ ਹਾਸਲ ਕਰਨਾ ਸੀ ਪਰ ਸਭ ਤੋਂ ਅਹਿਮ ਗੱਲ ਇਹ ਹੈ ਕਿ ਗੀਤਕਾਰਾਂ ਦੀ ਕੋਈ ਯੋਗ ਅਗਵਾਈ ਕਰਨ ਵਾਲਾ ਨਹੀਂ ਸੀ ਤੇ ਆਪ ਮੁਹਾਰੇ ਹੋਏ ਗੀਤਕਾਰਾਂ ਨੇ ਸਭਿਆਚਾਰ ਦੇ ਤੂੰਬੇ ਉਡਾਉਣ ਦੀ ਹੀ ਗੁਸਤਾਖੀ ਕੀਤੀ। ਇਸ ਲਈ ਇਸ ਵੇਲੇ ਲੋੜ ਸੀ ਕਿ ਸਾਹਿਤ ਅਤੇ ਸਭਿਆਚਾਰਕ ਸਭਾਵਾਂ ਵਾਂਗ ਇਸ ਐਸੀ ਜਥੇਬੰਦੀ ਜਾਂ ਸੰਸਥਾ ਬਣਾਈ ਜਾਵੇ ਜੋ ਗੀਤਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਗੀਤਕਾਰਾਂ ਨੂੰ ਕੋਈ ਰਾਹ ਦਿਖਾ ਸਕੇ। ਇਨ੍ਹਾਂ ਹੀ ਉਮੀਦਾਂ ਨਾਲ ਗੀਤਕਾਰ ਮੰਚ ਕੈਲੀਫੋਰਨੀਆਂ ਬਣਾਇਆ ਗਿਆ ਹੈ ਜੋ ਯਤਨ ਕਰੇਗਾ ਕਿ ਪੰਜਾਬ ਤੇ ਵਿਦੇਸ਼ਾਂ 'ਚ ਵਸਦੇ ਗੀਤਕਾਰਾਂ ਨੂੰ ਇਕ ਮੰਚ ਤੋਂ ਅਗਵਾਈ ਦੇ ਕੇ ਪੰਜਾਬੀ ਗਾਇਕੀ ਤੇ ਗੀਤਕਾਰੀ ਦੀਆਂ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਨੂੰ ਬਚਾਇਆ ਜਾ ਸਕੇ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਥਾਨਕ ਡੈਨੀ ਰੈਸਟੋਰੈਂਟ ਵਿਚ ਹੋਈ ਇਸ ਖੇਤਰ ਨਾਲ ਜੁੜੀਆਂ ਹਸਤੀਆਂ ਦੀ ਹਾਜ਼ਰੀ ਵਿਚ ਤਰਕਸ਼ੀਲ ਅਤੇ ਸੁਚੇਤ ਸੋਚ ਰੱਖਣ ਵਾਲੇ ਗੀਤਕਾਰ ਬਿੱਕਰ ਸਿੰਘ ਕੰਮੇਆਣਾ ਨੇ ਕੀਤਾ।



ਇੱਥੇ ਹੋਏ ਇਸ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ 'ਇੰਡੋ ਯੂ.ਐਸ. ਡਾਇਲਾਗ' ਦੇ ਸੰਪਾਦਕ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਕੀਤੇ ਹਰ ਕੰਮ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਗਾਇਕਾਂ ਵਿਚ ਧੜੇਬੰਦੀਆਂ, ਅਤੇ ਗੀਤਕਾਰਾਂ ਦੀਆਂ ਜਥੇਬੰਦੀਆਂ ਨਾ ਹੋਣ ਕਰਕੇ ਇਹ ਖੇਤਰ ਆਪ ਮੁਹਾਰੇ ਹੀ ਖਿਲਰਿਆ ਰਿਹਾ ਹੈ। ਲੋਕਾਂ ਦੇ ਹਾਣ ਦੀ ਸ਼ਾਇਰੀ ਤੋਂ ਅਕਾਦਮਿਕ ਖੇਤਰਾਂ ਦੇ ਸ਼ਾਇਰਾਂ ਦੇ ਗੀਤਕਾਰਾਂ ਦਾ ਜੁਦਾ ਹੋ ਜਾਣਾ ਗੀਤਕਾਰੀ ਦਾ ਸਭ ਤੋਂ ਵੱਡਾ ਦੁਖਾਂਤ ਰਿਹਾ ਹੈ। ਵਿਦਵਾਨ ਅਖਵਾਉਣ ਵਾਲੇ ਸ਼ਾਇਰ ਪੰਜਾਬੀ ਗੀਤਕਾਰੀ ਨੂੰ ਅਨਪੜ੍ਹ ਤੇ ਤੁਕਬੰਦੀ ਦੀ ਪਰਿਭਾਸ਼ਾ ਤਾਂ ਦਿੰਦੇ ਰਹੇ ਹਨ ਪਰ ਅਗਵਾਈ ਦੇਣ ਤੋਂ ਰਾਹ ਹੋਰ ਹੀ ਚੁਣਦੇ ਰਹੇ। ਇਸ ਲਈ ਜਿਨ੍ਹਾਂ ਵੀ ਸੱਜਣਾਂ ਮਿੱਤਰਾਂ ਨੇ ਗੀਤਕਾਰੀ ਦਾ ਦਰਦ ਸਮਝਦਿਆਂ ਗੀਤਕਾਰੀ ਨੂੰ ਰਾਹ ਦਿਖਾਉਣ ਅਤੇ ਕਵੀ ਨੂੰ ਦਿਸ਼ਾ ਦੇਣ ਦੀ ਸੋਚੀ ਹੈ, ਉਨ੍ਹਾਂ ਦੀ ਵਡਿਆਈ ਕੀਤੀ ਜਾਣੀ ਚਾਹੀਦੀ ਹੈ।

ਚਿੰਤਕ ਐਮ.ਆਰ. ਪਾਲ ਨੇ ਕਿਹਾ ਕਿ ਮੱਖਣ ਲੁਹਾਰ ਅਤੇ ਬਿੱਕਰ ਹੋਰਾਂ ਨੇ ਜਿਹੜਾ ਸੰਕਲਪ ਲਿਆ ਹੈ, ਜੇ ਉਸ ਨੂੰ ਇਸ ਸੰਸਥਾ ਜ਼ਰੀਏ ਇਹ ਨਵੀਆਂ ਲੀਹਾਂ 'ਤੇ ਤੋਰ ਲੈਂਦੇ ਹਨ ਤਾਂ ਨਿਸ਼ਚੇ ਹੀ ਗਾਇਕੀ ਤੇ ਗੀਤਕਾਰੀ ਦਾ ਬਹੁਤ ਕੁਝ ਸੁਆਰਿਆ ਹੀ ਨਹੀਂ ਜਾਵੇਗਾ ਸਗੋਂ ਉਹ ਨਵਾਂ ਰੂਪ ਮਿਲੇਗਾ ਕਿ ਪੰਜਾਬੀ ਲੋਕ ਸਤਿਕਾਰ ਤੇ ਪਿਆਰ ਜੀਅ ਭਰ ਕੇ ਦੇਣਗੇ।

ਗੀਤਕਾਰ ਮੰਚ ਦੀ ਸਥਾਪਨਾ ਲਈ ਇਸ ਮਹੱਤਵਪੂਰਨ ਇਕੱਤਰਤਾ ਦੀ ਪ੍ਰਧਾਨਗੀ ਗੁਲਿੰਦਰ ਸਿੰਘ ਗਿੱਲ, ਕੁਲਦੀਪ ਸਿੰਘ ਧਾਲੀਵਾਲ, ਐਮ.ਆਰ. ਪਾਲ, ਤਰਲੋਕ ਸਿੰਘ ਅਤੇ ਪੰਜਾਬ ਤੋਂ ਆਏ ਨਾਮਵਰ ਸੰਗੀਤਕਾਰ ਕੁਲਜੀਤ ਨੇ ਕੀਤੀ। ਇਸ ਬੈਠਕ ਵਿਚ ਗੀਤਾਂ ਅਤੇ ਗੀਤਕਾਰਾਂ ਦੀ ਗੱਲ ਨੂੰ ਉਸ ਵੇਲੇ ਪੂਰੀ ਤਰ੍ਹਾਂ ਤਸਦੀਕ ਕਰ ਦਿੱਤਾ ਗਿਆ ਜਦੋਂ ਇਸ ਇਕੱਠ ਨੂੰ ਸ਼ਾਇਰਾਨਾ ਰੰਗਤ ਵਿਚ ਸੁਰਾਂ ਦੀ ਗੁੜਤੀ ਦੇ ਕੇ ਦਲਵੀਰ ਬੇਕਰਜ਼ਫੀਲਡ, ਕੁਲਜੀਤ ਮਾਨ, ਹਰਦੀਪ ਦੁਆਬੀਆ ਅਤੇ ਜੀਵਨ ਰੱਤੂ ਹੱਪੋਵਾਲੀਆ ਨੇ ਸੁਰਾਂ ਅਤੇ ਸ਼ਬਦਾਂ ਦਾ ਸੁਮੇਲ ਕਰ ਦਿੱਤਾ। ਇਸ ਮੌਕੇ ਉਘੇ ਪ੍ਰੋਮੋਟਰ ਅਤੇ ਸੱਭਿਆਚਾਰ ਦੇ ਖੇਤਰ ਦੀ ਜਾਣੀ ਪਛਾਣੀ ਸ਼ਖ਼ਸੀਅਤ ਜੱਸੀ ਬੰਗਾ ਨੇ ਹੋਂਦ ਵਿਚ ਆਈ ਨਵੀਂ ਸੰਸਥਾ ਅਤੇ ਗੀਤਕਾਰਾਂ ਨੂੰ ਕਈ ਸੁਝਾਅ ਦਿੱਤੇ ਜਿਨ੍ਹਾਂ ਦਾ ਸਰਬਸੰਮਤੀ ਨਾਲ ਸਮਰਥਨ ਕੀਤਾ ਗਿਆ।

ਤਕਰੀਬਨ ਚਾਰ ਘੰਟੇ ਚੱਲੇ ਇਸ ਸਮਾਗਮ ਵਿਚ ਗੀਤਕਾਰ ਮੰਚ, ਕੈਲੀਫੋਰਨੀਆ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਜਿਸ ਵਿਚ ਨਾਮਵਰ ਗੀਤਕਾਰ ਮੱਖਣ ਲੁਹਾਰ ਨੂੰ ਸੰਸਥਾ ਦੀ ਅਹਿਮ ਤੇ ਮੁੱਖ ਜ਼ਿੰਮੇਵਾਰੀ ਪ੍ਰਧਾਨ ਵਜੋਂ ਦਿੱਤੀ ਗਈ ਅਤੇ ਸ਼ਾਇਰ ਤੇ ਲੇਖਕ ਬਿੱਕਰ ਕੰਮੇਆਣਾ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ। ਗੀਤਕਾਰ ਮੰਚ ਦੇ ਅਹੁਦੇਦਾਰਾਂ ਵਿਚ ਸਕੱਤਰ ਰਾਜ ਕੁਮਾਰ ਸੂਦ, ਖ਼ਜ਼ਾਨਚੀ ਕੁਲਜੀਤ ਮਾਨ ਤੇ ਐਗਜੈਕਟਿਵ ਵਿਚ ਤਾਰਾ ਸਾਗਰ, ਐਸ. ਅਸ਼ੋਕ ਭੌਰਾ ਤੇ ਦਲਵੀਰ ਸਿੰਘ ਨੂੰ ਨਾਮਜ਼ਦ ਕੀਤਾ ਗਿਆ। ਮੰਚ ਦੇ ਸਲਾਹਕਾਰ ਬੋਰਡ ਵਿਚ ਕੁਲਦੀਪ ਸਿੰਘ ਧਾਲੀਵਾਲ, ਗੁਲਿੰਦਰ ਗਿੱਲ, ਐਮ.ਆਰ. ਪਾਲ, ਤਰਲੋਕ ਸਿੰਘ ਫਰਿਜ਼ਨੋ, ਜੱਸੀ ਬੰਗਾ, ਮਨਜੀਤ ਰੱਲ੍ਹ, ਗੁਰਬਚਨ ਚੋਪੜਾ, ਮਾਸਟਰ ਗੁਰਚਰਨ ਸਿੰਘ, ਮਾਸਟਰ ਸੁਰਜੀਤ ਸਿੰਘ, ਪਲਵਿੰਦਰ ਮਾਹੀ ਤੇ ਅਨੂਪ ਸਿੰਘ ਚੌਹਾਨ ਨੂੰ ਸ਼ਾਮਲ ਕੀਤਾ ਗਿਆ। ਮੰਚ ਦੇ ਮੀਡੀਆ ਇੰਚਾਰਜ ਜੱਸੀ ਬੰਗਾ ਅਤੇ ਪਲਵਿੰਦਰ ਮਾਹੀ ਹੋਣਗੇ। ਸੰਸਥਾ ਵੱਲੋਂ ਭਾਰਤ ਤੋਂ ਗਤੀਵਿਧੀਆਂ ਲਈ ਨਾਮਵਰ ਸੰਗੀਤਕਾਰ ਕੁਲਜੀਤ ਦੀਆਂ ਸੇਵਾਵਾਂ ਲੈਣ ਦਾ ਫੈਸਲਾ ਵੀ ਕੀਤਾ ਗਿਆ। ਪੰਜਾਬ ਤੋਂ ਹੀ ਕੁਲਜੀਤ ਵਾਂਗ ਇਸ ਇਕੱਤਰਤਾ ਵਿਚ ਭਾਗ ਲੈਣ ਆਏ ਲਖਵਿੰਦਰ ਲੱਕੀ ਨੇ ਆਪਣੇ ਕਈ ਗੀਤਾਂ ਦੀ ਪੇਸ਼ਕਾਰੀ ਨਾਲ ਮਾਹੌਲ ਨੂੰ ਸੰਗੀਤ ਤੇ ਗਾਇਕੀ 'ਚ ਗਹਿ-ਗੱਚ ਕਰ ਦਿੱਤਾ। ਇਸ ਮੌਕੇ ਪ੍ਰੀਤਮ ਚੰਦ, ਮਨਜੀਤ ਸੰਧੂ, ਹਰਦੀਪ ਦੁਆਬੀਆ, ਜਤਿੰਦਰ ਦੱਤ, ਪੀਟਰ ਦੁਸਾਂਝ, ਮਨਜੀਤ ਸਿੰਘ ਮੋਰਾ, ਕੁਲਵਿੰਦਰ ਪੁਰੇਵਾਲ, ਜਸਵੰਤ ਜੱਸੀ ਤੇ ਰਮੇਸ਼ ਬੰਗੜ, ਗੁਰਮੁੱਖ ਸਿੰਘ, ਰੇਸ਼ਮ ਦਾਸ, ਭੁਪਿੰਦਰ ਸਿੰਘ ਮੱਲੀ ਵੀ ਹਾਜ਼ਰ ਸਨ। ਨਾਮਵਰ ਗੀਤਕਾਰ ਕਾਕਾ ਧਾਲੀਵਾਲ ਨੂੰ ਸਭਾ ਦੀ ਅਹਿਮ ਕਾਰਜਕਰਨੀ ਲਈ ਯੋਗ ਸੁਝਾਵਾਂ ਲਈ ਸਤਿਕਾਰ ਦਿੱਤਾ ਗਿਆ।

ਆਖਿਰ ਵਿਚ ਮੰਚ ਦੇ ਚੁਣੇ ਗਏ ਪ੍ਰਧਾਨ ਮੱਖਣ ਲੁਹਾਰ ਨੇ ਸਾਰਿਆਂ ਦਾ ਧੰਨਵਾਦ ਕਰਨ ਦੇ ਨਾਲ-ਨਾਲ ਇਹ ਵਾਅਦਾ ਕੀਤਾ ਕਿ ਉਨ੍ਹਾਂ ਦਾ ਯਤਨ ਹੋਵੇਗਾ ਕਿ ਦੁਨੀਆਂ ਦੇ ਕੋਨੇ ਕੋਨੇ ਵਿਚ ਬੈਠੇ ਪੰਜਾਬੀ ਗੀਤਕਾਰਾਂ ਨੂੰ ਯੋਗ ਅਗਵਾਈ ਦੇ ਕੇ ਗੀਤਕਾਰੀ ਨੂੰ ਨਵੀਂ ਰੂਹ ਦਿੱਤੀ ਜਾ ਸਕੇ।



ਇਸ ਕਾਰਜ ਵਿਚ ਸਫ਼ਲਤਾ ਲਈ ਉਹ ਸਮੂਹ ਸੰਗੀਤ ਖੇਤਰ ਦੀਆਂ ਹਸਤੀਆਂ ਤੋਂ ਪੂਰਨ ਸਹਿਯੋਗ ਦੀ ਉਮੀਦ ਬਣਾਈ ਰੱਖਣਗੇ। ਮੰਚ ਸੰਚਾਲਨ ਦੀ ਸਮੁੱਚੀ ਕਾਰਵਾਈ ਪਲਵਿੰਦਰ ਮਾਹੀ ਨੇ ਕਰਦਿਆਂ ਬਾਖ਼ੂਬੀ ਨਿਭਾਈ। ਮੰਚ ਬਾਰੇ ਹੋਰ ਜਾਣਕਾਰੀ ਲਈ ਬਿੱਕਰ ਕੰਮੇਆਣਾ ਨਾਲ ਫੋਨ 805-727-0516 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗਦਰ ਇਤਿਹਾਸ ਸੰਭਾਲਣ ਦਾ ਯਤਨ ਕਰਾਂਗੇ:ਬਿੰਦਰਾ

**ਸੈਕਰਾਮੈਂਟੋ (ਐਸ. ਅਸ਼ੋਕ ਭੌਰਾ):** 'ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਗਦਰੀ ਬਾਬਿਆਂ ਨੇ ਜਿਸ ਤਰ੍ਹਾਂ ਦਾ ਭਾਰਤ ਆਪਣੇ ਸੁਪਨਿਆਂ ਵਿਚ ਚਿਤਵਿਆ ਸੀ, ਦੁੱਖ ਦੀ ਗੱਲ ਹੈ ਕਿ ਉਸ ਭਾਰਤ ਦੀ ਤਸਵੀਰ ਹਾਲੇ ਅਸੀਂ ਬਣਾ ਨਹੀਂ ਸਕੇ। ਚੰਗੀ ਗੱਲ ਹੈ ਕਿ ਅਮਰੀਕਾ, ਖਾਸ ਤੌਰ 'ਤੇ ਕੈਲੀਫੋਰਨੀਆ ਵਿਚ ਕਈ ਸੰਸਥਾਵਾਂ ਗਦਰੀ ਬਾਬਿਆਂ ਨੂੰ ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੇ ਸੰਕਲਪ ਨੂੰ ਚੇਤੇ ਕਰਨ ਵਿਚ ਸਰਗਰਮ ਹਨ ਪਰ ਜਿਸ ਤਰ੍ਹਾਂ ਦਾ ਕੰਮ ਇਸ ਖੇਤਰ ਵਿਚ ਕੀਤਾ ਜਾ ਸਕਦਾ ਹੈ, ਉਹ ਹਾਲੇ ਹੋ ਨਹੀਂ ਰਿਹਾ। ਸਾਨੂੰ ਕੁਰਬਾਨੀਆਂ ਦੇ ਇਤਿਹਾਸ ਵੱਲ ਪਿੱਠ ਨਹੀਂ, ਮੂੰਹ ਕਰਨਾ ਚਾਹੀਦੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਇੰਡੋ ਅਮਰੀਕਨ ਕਲਚਰਲ ਐਸੋਸੀਏਸ਼ਨ, ਕੈਲੀਫੋਰਨੀਆ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਕਿਹਾ ਕਿ ਪਿਛਲੇ ਲੰਬੇ ਅਰਸੇ ਤੋਂ ਉਨ੍ਹਾਂ ਦੀ ਸੰਸਥਾ ਆਪਣੀ ਬਣਦੀ ਭੂਮਿਕਾ ਨਿਭਾਉਣ ਲਈ ਸਰਗਰਮ ਹੈ।



ਸੁਰਿੰਦਰ ਸਿੰਘ ਬਿੰਦਰਾ

ਸ੍ਰੀ ਬਿੰਦਰਾ ਨੇ ਕਿਹਾ ਕਿ ਆਏ ਵਰ੍ਹੇ ਉਨ੍ਹਾਂ ਦੀ ਸੰਸਥਾ ਦਾ ਯਤਨ ਹੁੰਦਾ ਹੈ ਕਿ ਕੁਝ ਨਾ ਕੁਝ ਨਵਾਂ ਹੀਲਾ ਕੀਤਾ ਜਾਵੇ, ਨਾਲ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਾਸਤ ਅਤੇ ਇਤਿਹਾਸ ਵੱਲ ਮੋੜਨ ਲਈ ਯਤਨ ਵੀ ਕੀਤੇ ਜਾਣ। ਯਾਦ ਰਹੇ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਲਾਗੇ ਪੈਂਦੇ ਪਿੰਡ ਨੰਗਲਾਂ ਵਿਚ ਜਨਮੇ ਸੁਰਿੰਦਰ ਬਿੰਦਰਾ ਜਵਾਨੀ ਵੇਲੇ ਤੋਂ ਹੀ ਸੁਚਾਰੂ, ਸੁਚੇਤ, ਜੁਝਾਰੂ ਅਤੇ ਅਗਾਂਹਵਧੂ ਸੋਚ ਰੱਖਦੇ ਆਏ ਹਨ। ਉਨ੍ਹਾਂ ਇਕ ਮੁਲਾਕਾਤ ਦੌਰਾਨ ਕਿਹਾ ਕਿ ਉਹ ਅਮਰੀਕਾ ਦੇ ਗਦਰੀ ਇਤਿਹਾਸ, ਜਿਸ ਨੇ ਭਾਰਤ ਦੀ ਤਕਦੀਰ ਬਦਲੀ, ਨੂੰ ਦਸਤਾਵੇਜ਼ਾਂ ਵਜੋਂ ਸੰਭਾਲਣ ਦੇ ਯਤਨਾਂ ਵਿਚ ਵੀ ਲੱਗੇ ਹੋਏ ਹਨ।

ਕੈਲੀਫੋਰਨੀਆ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ ਸ੍ਰੀ ਬਿੰਦਰਾ ਨੇ ਬੇਨਤੀ ਕੀਤੀ ਕਿ ਉਹ 8 ਅਕਤੂਬਰ ਨੂੰ ਸੈਕਰਾਮੈਂਟੋ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਹੋਣ ਵਾਲੇ ਮੇਲੇ 'ਤੇ ਪਹੁੰਚ ਕੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਲਈ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨ।




To Advertise with Punjab Times
Call: 847-359-0746
web:wwwpunjabtimesusa.com



ਐਵਾਰਡ ਪ੍ਰਾਪਤ ਕਰਦੀ ਹੋਈ ਸ਼ਰੂਤੀ

# ਅਮਰੀਕਾ ਦੀ ਪੰਜਾਬਣ ਕੁੜੀ ਸ਼ਰੂਤੀ ਬਣੀ 'ਵਾਇਸ ਆਫ਼ ਪੰਜਾਬ'

**ਟਰੇਸੀ (ਐਸ. ਅਸ਼ੋਕ ਭੌਰਾ):** ਕੈਲੀਫੋਰਨੀਆ ਵਿਚ ਜੂਨੀਅਰ ਕਿਸ਼ੋਰ ਕਰਕੇ ਜਾਣੇ ਜਾਂਦੇ ਚਰਚਿਤ ਗਾਇਕ ਕਿਸ਼ੋਰ ਦੀ ਬੇਟੀ ਜਸਪਿੰਦਰ ਸ਼ਰੂਤੀ ਹਾਲ 'ਚ ਹੀ ਪੀ.ਟੀ.ਸੀ. ਵੱਲੋਂ ਕਰਵਾਏ 'ਵਾਇਸ ਆਫ਼ ਪੰਜਾਬ' ਦੇ ਸਖ਼ਤ ਗਾਇਕ ਮੁਕਾਬਲੇ ਵਿਚ ਇਸੇ ਟਾਈਟਲ ਨੂੰ ਹਾਸਿਲ ਕਰਕੇ ਵੱਡੇ ਮਾਣ ਦੇ ਯੋਗ ਹੋ ਸਕੀ ਹੈ। ਉਸ ਦੇ ਪਿਤਾ ਕਿਸ਼ੋਰ ਅਨੁਸਾਰ ਘਰ ਦੇ ਸੰਗੀਤਕ ਮਾਹੌਲ ਨੇ ਉਨ੍ਹਾਂ ਦੀ ਬੇਟੀ ਨੂੰ ਇਸ ਕਾਬਲ ਬਣਾਇਆ ਹੈ। ਇਸ ਤੋਂ ਪਹਿਲਾਂ ਜਸਪਿੰਦਰ ਨੂੰ 'ਆਵਾਜ਼ ਪੰਜਾਬ ਦੀ' ਵਿਚ ਤੀਜਾ ਸਥਾਨ ਮਿਲਿਆ ਸੀ।

ਤਕਰੀਬਨ 64 ਜਣੇ ਇਸ ਮੁਕਾਬਲੇ ਵਿਚ ਸ਼ਾਮਲ ਸਨ ਅਤੇ ਸ਼ਰੂਤੀ ਨੂੰ ਫੋਕ ਤੇ ਬਾਬਾ ਬੁੱਲ੍ਹੇਸ਼ਾਹ ਤੀਕਰ ਬਹੁਤ ਕੁਝ ਸੁਣਾਉਣ ਦਾ ਮੌਕਾ ਮਿਲਿਆ। ਸ਼ਰੂਤੀ ਪੰਜਾਬ ਯੂਨੀਵਰਸਿਟੀ ਤੋਂ ਮਿਊਜ਼ਿਕ ਦੀ ਐਮ ਏ ਕਰ ਰਹੀ ਹੈ ਤੇ ਉਸ ਦਾ ਪ੍ਰੇਰਨਾ ਸਰੋਤ ਮਰਹੂਮ ਉਸਤਾਦ ਨੁਸਰਤ ਅਲੀ ਖਾਨ ਹੈ। ਇਨ੍ਹੀਂ ਦਿਨੀਂ ਉਹ ਆਪਣੀ ਨਵੀਂ ਐਲਬਮ ਤਿਆਰ ਕਰਨ ਵਿਚ ਮਸਰੂਫ਼ ਹੈ।

ਸ਼ਰੂਤੀ ਦੇ ਸਨਮਾਨ ਵਿਚ ਵਿਸ਼ੇਸ਼ ਸਮਾਗਮ 8 ਅਕਤੂਬਰ ਨੂੰ ਟਰੇਸੀ ਦੇ ਸੰਸਾਰ ਰੈਸਟੋਰੈਂਟ ਵਿਚ ਸ਼ਾਮੀਂ 8 ਵਜੇ ਕੀਤਾ ਜਾ ਰਿਹਾ ਹੈ ਜਿਸ ਵਿਚ ਸ਼ਰੂਤੀ ਤੋਂ ਸਿਵਾ ਗਾਇਕ ਚੰਦਨ, ਸੁਖਦੇਵ ਸਾਹਿਲ, ਖੁਦ ਕਿਸ਼ੋਰ ਅਤੇ ਧਰਮਵੀਰ ਥਾਂਦੀ ਵੀ ਆਪਣੀ ਗਾਇਕੀ ਦਾ ਰੰਗ ਬਖੇਰਨਗੇ। ਸ੍ਰੀ ਅਵਤਾਰ ਲਾਖਾ, ਕੁਲਵੰਤ ਸੇਖੋਂ, ਜ਼ੁਲਫਿਕਾਰ ਅਵਾਨ, ਸੁੱਖੀ ਧਲੀਵਾਲ ਅਤੇ ਸਲੀਮ ਚੌਧਰੀ ਦੇ ਯਤਨਾਂ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਦਾ ਮੰਚ ਸੰਚਾਲਨ ਨਾਮਵਰ ਸਟੇਜ ਸੰਚਾਲਕ ਜਸਵੰਤ ਸ਼ਾਦ ਕਰਨਗੇ।

# ਪੰਥਕ ਮੋਰਚੇ ਵੱਲੋਂ ਵਿਧਾਨ ਸਭਾ ਚੋਣਾਂ 'ਚ ਬਾਦਲਾਂ ਵਿਰੁਧ ਡਟਣ ਦਾ ਐਲਾਨ

**ਲੁਧਿਆਣਾ:** ਪੰਥਕ ਮੋਰਚੇ ਨੇ ਐਲਾਨ ਕੀਤਾ ਹੈ ਕਿ ਮੋਰਚਾ ਪੰਜਾਬ ਵਿਧਾਨ ਸਭਾ ਵਿਚ ਬਾਦਲ ਦਲ ਨੂੰ ਹਰਾ ਕੇ ਜਿੱਤਣ ਵਾਲੇ ਉਮੀਦਵਾਰਾਂ ਦੀ ਡਟ ਕੇ ਹਮਾਇਤ ਕਰੇਗਾ। ਇਹ ਉਮੀਦਵਾਰ ਭਾਵੇਂ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਹੋਣ। ਇਹ ਐਲਾਨ ਪੰਥਕ ਮੋਰਚੇ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲ ਦਲ ਦੀ ਸ਼ਕਤੀ ਨੂੰ ਚੁਣੌਤੀ ਦੇਣ ਵਾਲੇ ਪੰਥਕ ਮੋਰਚੇ ਦੇ ਉਮੀਦਵਾਰਾਂ ਲਈ ਕੀਤੇ ਸਨਮਾਨ ਸਮਾਰੋਹ ਵਿਚ ਕੀਤਾ ਗਿਆ। ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਕਲਕੱਤਾ, ਰਘਵੀਰ ਸਿੰਘ, ਜਸਵਿੰਦਰ ਸਿੰਘ ਬਲੀਏਵਾਲ, ਭਾਈ ਮੋਹਕਮ ਸਿੰਘ, ਦਰਸ਼ਨ ਸਿੰਘ ਈਸਾਪੁਰ ਤੇ ਹੋਰ ਆਗੂ ਮੌਜੂਦ ਸਨ।



ਸ. ਸਰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪੰਥਕ ਮੋਰਚੇ ਦੇ ਉਮੀਦਵਾਰਾਂ ਨੂੰ ਸਿੱਖਾਂ ਦੀਆਂ 35 ਫੀਸਦੀ ਵੋਟਾਂ ਪਈਆਂ ਹਨ ਜਦਕਿ ਅਕਾਲੀ ਦਲ ਬਾਦਲ ਨੂੰ ਸਿੱਖਾਂ ਦੀਆਂ ਸਿਰਫ ਸੱਤ ਫੀਸਦੀ ਵੋਟਾਂ ਮਿਲੀਆਂ ਹਨ ਤੇ ਬਾਕੀ ਵੋਟ ਬਾਦਲ ਨੇ ਸਰਕਾਰੀ ਜਬਰ ਨਾਲ ਗੈਰ-ਸਿੱਖਾਂ ਦੇ ਲਏ ਹਨ। ਉਨ੍ਹਾਂ ਕਿਹਾ ਕਿ 20 ਹਲਕਿਆਂ ਨੂੰ ਛੱਡ ਕੇ ਬਾਕੀ ਹਲਕਿਆਂ ਤੋਂ ਪੰਥਕ ਮੋਰਚੇ ਨੂੰ 1565000 ਵੋਟ ਮਿਲੇ ਹਨ ਜਦਕਿ ਇਨ੍ਹਾਂ ਹੀ ਹਲਕਿਆਂ ਤੋਂ ਬਾਦਲ ਦਲ ਨੂੰ 2100000 ਵੋਟ ਮਿਲੇ ਹਨ।

ਉਨ੍ਹਾਂ ਕਿਹਾ ਕਿ ਜਿਨ੍ਹਾਂ 20 ਹਲਕਿਆਂ ਦਾ ਉਹ ਜ਼ਿਕਰ ਕਰ ਰਹੇ ਹਨ, ਉਥੇ ਤਾਂ ਬਾਦਲ ਸਰਕਾਰ ਨੇ ਅੰਧਕਾਰ ਹੀ ਮਚਾ ਦਿੱਤਾ ਜਿਸ ਕਰਕੇ 20 ਤੋਂ 25 ਹਜ਼ਾਰ ਤਕ ਲੀਡ ਬਣ ਗਈ। ਇਹ ਹਾਲਤ ਲੋਕਤੰਤਰ ਨੂੰ ਕਲੰਕਤ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਪੰਥਕ ਮੋਰਚਾ ਉਨ੍ਹਾਂ ਸੀਟਾਂ 'ਤੇ ਆਪਣੇ ਉਮੀਦਵਾਰ ਵੀ ਖੜ੍ਹੇ ਕਰ ਸਕਦਾ ਹੈ ਜਿਸ ਵਿਧਾਨ ਸਭਾ ਹਲਕੇ ਤੋਂ ਉਹ ਮਜ਼ਬੂਤ ਹੋਵੇਗਾ। ਇਸ ਮੌਕੇ ਪੰਥਕ ਮੋਰਚੇ ਦੇ ਆਗੂ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਸਿਰੋਪੇ ਤੇ ਸਿਰੀ ਸਾਹਿਬ ਦੇ ਕੇ ਸਨਮਾਨਤ ਕੀਤਾ।

## ਬਰਨਾਲਾ ਵੱਲੋਂ ਟਕਸਾਲੀ ਆਗੂਆਂ ਨਾਲ ਮੀਟਿੰਗਾਂ ਦਾ ਦੌਰ

**ਅੰਮ੍ਰਿਤਸਰ:** ਅਕਾਲੀ ਦਲ (ਲੌਂਗੋਵਾਲ) ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਟਕਸਾਲੀ ਅਕਾਲੀਆਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਇਸ ਬਾਰੇ ਟਕਸਾਲੀ ਅਕਾਲੀਆਂ ਨੂੰ ਪਾਰਟੀ ਦੇ ਨਾਲ ਜੋੜਿਆ ਜਾ ਰਿਹਾ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਛੱਡ ਕੇ ਪੰਥਕ ਮੋਰਚੇ ਵੱਲੋਂ ਸ਼੍ਰੋਮਣੀ ਕਮੇਟੀ ਚੋਣ ਲੜਨ ਵਾਲੇ ਪ੍ਰਦੀਪ ਸਿੰਘ ਵਾਲੀਆ ਨੂੰ ਮਾਝਾ ਜ਼ੋਨ ਦਾ ਕਨਵੀਨਰ ਐਲਾਨਿਆ ਗਿਆ ਹੈ।

ਸ. ਬਰਨਾਲਾ ਤੇ ਉਨ੍ਹਾਂ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਜੋ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਵੀ ਹਨ, ਨੇ ਮਾਝੇ ਦੇ ਤਿੰਨ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨ ਤਾਰਨ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਟਕਸਾਲੀ ਅਕਾਲੀ ਆਗੂਆਂ ਨਾਲ ਮੁਲਾਕਾਤ ਵੀ ਕੀਤੀ। ਗੁਰਦਾਸਪੁਰ ਜ਼ਿਲ੍ਹੇ ਵਿਚ ਸ. ਇੰਦਰਜੀਤ ਸਿੰਘ ਬੱਗੀ ਤੇ ਅੰਮ੍ਰਿਤਸਰ ਵਿਖੇ ਉਨ੍ਹਾਂ ਸ. ਮਨਜੀਤ ਸਿੰਘ ਕਲਕੱਤਾ ਤੇ ਪ੍ਰਦੀਪ ਸਿੰਘ ਵਾਲੀਆ ਸਮੇਤ ਹੋਰ ਆਗੂਆਂ ਨਾਲ ਮੁਲਾਕਾਤ ਕੀਤੀ। ਇਥੇ ਸ. ਬਰਨਾਲਾ ਨੇ ਦੱਸਿਆ ਕਿ ਉਨ੍ਹਾਂ ਵੱਖ-ਵੱਖ ਇਲਾਕਿਆਂ ਦਾ ਦੌਰਾ ਕੀਤਾ ਹੈ ਤੇ ਇਸ ਦੌਰੇ ਦੌਰਾਨ ਜਿਥੇ ਵੀ ਗਏ ਹਨ, ਟਕਸਾਲੀ ਅਕਾਲੀ ਉਨ੍ਹਾਂ ਨੂੰ ਪਰਿਵਾਰ ਦੇ ਮੁਖੀ ਵਾਂਗ ਮਿਲੇ ਹਨ। ਇਨ੍ਹਾਂ ਮੁਲਾਕਾਤਾਂ ਦੌਰਾਨ ਉਨ੍ਹਾਂ ਮਹਿਸੂਸ ਕੀਤਾ ਕਿ ਹੁਣ ਰਵਾਇਤੀ ਅਕਾਲੀ ਦਲ ਨੂੰ ਹੀ ਸੂਬੇ ਦੀ ਵਾਗਡੋਰ ਸੰਭਾਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਅਕਾਲੀ ਆਗੂ ਜਥੇਬੰਦੀ ਨਾਲ ਜੁੜ ਰਹੇ ਹਨ ਤੇ ਉਨ੍ਹਾਂ ਨੂੰ ਜਥੇਬੰਦਕ ਢਾਂਚੇ ਵਿਚ ਵੀ ਸੇਵਾਵਾਂ ਦਿੱਤੀਆਂ ਜਾਣਗੀਆਂ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮੁੜ ਪੰਥਕ ਮੋਰਚੇ ਵੱਲੋਂ ਸਾਂਝੇ ਤੌਰ 'ਤੇ ਚੋਣਾਂ ਲੜਨ ਤੇ ਤੀਜਾ ਮੁਹਾਜ਼ ਬਣਾਉਣ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਜਵਾਬ ਹੁਣ ਦੇਣਾ ਸਮੇਂ ਤੋਂ ਪਹਿਲਾਂ ਕਹਿਣ ਵਾਲੀ ਗੱਲ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਬਾਰੇ ਫੈਸਲਾ ਢੁਕਵਾਂ ਸਮਾਂ ਆਉਣ 'ਤੇ ਕੀਤਾ ਜਾਵੇਗਾ।

# ਵਿਧਵਾ ਤੇ ਬੁਢਾਪਾ ਪੈਨਸ਼ਨਾਂ 'ਚ ਵੱਡਾ ਘਪਲਾ ਬੇਨਕਾਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਮਾਜਕ ਸੁਰੱਖਿਆ ਵਿਭਾਗ ਵੱਲੋਂ ਬੁਢਾਪਾ ਤੇ ਵਿਧਵਾ ਪੈਨਸ਼ਨਾਂ ਵਜੋਂ ਹਰ ਮਹੀਨੇ ਇਕ ਕਰੋੜ ਰੁਪਏ ਅਯੋਗ ਲਾਭਪਾਤਰੀਆਂ ਨੂੰ ਦਿੱਤੇ ਜਾ ਰਹੇ ਹਨ। ਇਹ ਤੱਥ ਵਿਭਾਗ ਵੱਲੋਂ ਕਰਵਾਈ ਪੜਤਾਲ ਦੌਰਾਨ ਸਾਹਮਣੇ ਆਏ ਹਨ। ਸੂਤਰਾਂ ਮੁਤਾਬਕ ਸਰਕਾਰ ਦੀਆਂ ਹਦਾਇਤਾਂ 'ਤੇ ਰਾਜ ਦੇ 15 ਜ਼ਿਲ੍ਹਿਆਂ ਦੀਆਂ ਪੈਨਸ਼ਨਾਂ ਦੀ ਜਾਂਚ ਦੌਰਾਨ ਦੇਖਿਆ ਗਿਆ ਹੈ ਕਿ 5,88,505 ਕੇਸਾਂ ਵਿਚ 22880 ਅਜਿਹੇ ਹਨ ਜੋ ਪੈਨਸ਼ਨ ਲੈਣ ਦਾ ਹੱਕ ਨਹੀਂ ਰੱਖਦੇ ਜਦੋਂਕਿ 15048 ਲਾਭਪਾਤਰੀ ਫੌਤ ਹੋ ਚੁੱਕੇ ਹਨ ਪਰ ਸਰਕਾਰ ਦੀ ਦਰਿਆਦਿਲੀ ਦੇਖੋ ਕਿ ਕਾਗਜ਼ਾਂ ਵਿਚ ਇਨ੍ਹਾਂ ਮ੍ਰਿਤਕਾਂ ਨੂੰ ਵੀ ਪੈਨਸ਼ਨਾਂ ਭੇਜੀਆਂ ਜਾ ਰਹੀਆਂ ਹਨ।

ਪੜਤਾਲ ਦੌਰਾਨ 9134 ਵਿਅਕਤੀ ਗੈਰ ਹਾਜ਼ਰ ਪਾਏ ਗਏ ਭਾਵ ਪੜਤਾਲੀਆ ਅਫਸਰਾਂ ਨੂੰ ਲੱਭੇ ਹੀ ਨਹੀਂ। ਇਸ ਤਰ੍ਹਾਂ 15 ਜ਼ਿਲ੍ਹਿਆਂ ਵਿਚ 3.89 ਫੀਸਦੀ ਲਾਭਪਾਤਰੀ ਪੈਨਸ਼ਨ ਲੈਣ ਦੇ ਹੱਕਦਾਰ ਨਹੀਂ। ਰੋਚਕ ਤੱਥ ਇਹ ਹੈ ਕਿ ਅਜਿਹੇ ਸਭ ਤੋਂ ਵੱਧ ਅਯੋਗ ਲਾਭਪਾਤਰੀ ਲੋਕ ਸਭਾ ਹਲਕਾ ਸੰਗਰੂਰ ਤੇ ਬਠਿੰਡਾ ਵਿਚ ਹਨ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦਫਤਰ ਨੇ ਅਯੋਗ ਤੇ ਮ੍ਰਿਤਕ ਲਾਭਪਾਤਰੀ ਪੈਨਸ਼ਨਰਾਂ ਵਿਰੁੱਧ ਕਾਰਵਾਈ ਲਈ ਕਦਮ ਚੁੱਕੇ ਜਾਣ ਬਾਰੇ ਕੋਈ ਨਿਰਦੇਸ਼ ਨਹੀਂ ਦਿੱਤੇ।

ਪੰਜਾਬ ਦੇ ਮੁੱਖ ਸਕੱਤਰ ਵੱਲੋਂ ਮੰਤਰੀ ਮੰਡਲ ਦੇ ਫੈਸਲੇ ਤੋਂ ਬਾਅਦ ਪੈਨਸ਼ਨਾਂ ਦੀ ਪੜਤਾਲ ਦੇ ਹੁਕਮ ਦਿੱਤੇ ਗਏ ਸਨ। ਇਨ੍ਹਾਂ ਹੁਕਮਾਂ 'ਤੇ ਹੁਣ ਤੱਕ ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮਾਨਸਾ, ਮੋਗਾ, ਰੋਪੜ, ਸੰਗਰੂਰ, ਬਰਨਾਲਾ, ਮੁਹਾਲੀ, ਨਵਾਂ ਸ਼ਹਿਰ ਤੇ ਤਰਨ ਤਾਰਨ ਜ਼ਿਲ੍ਹਿਆਂ ਦੀਆਂ ਰਿਪੋਰਟਾਂ ਹਾਸਲ ਹੋਈਆਂ ਹਨ। ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ ਤੇ ਮੁਕਤਸਰ ਜ਼ਿਲ੍ਹਿਆਂ ਵਿਚ ਪੈਨਸ਼ਨਾਂ ਦੀ ਪੜਤਾਲ ਦੀਆਂ ਰਿਪੋਰਟਾਂ ਅਜੇ ਤੱਕ ਵਿਭਾਗ ਨੂੰ ਨਹੀਂ ਮਿਲੀਆਂ। ਸੂਤਰਾਂ ਮੁਤਾਬਕ ਉਕਤ ਜ਼ਿਲ੍ਹਿਆਂ ਵਿਚ ਪਹਿਲੀ ਸਤੰਬਰ 2002 ਤੋਂ ਬਾਅਦ ਮਨਜ਼ੂਰ ਹੋਏ ਪੈਨਸ਼ਨਾਂ ਦੇ ਕੇਸਾਂ ਦੀ ਪੜਤਾਲ ਮੁਤਾਬਕ 3.89 ਫੀਸਦੀ ਪੈਨਸ਼ਨਾਂ ਅਯੋਗ ਜਾਂ ਮ੍ਰਿਤਕ ਲਾਭਪਾਤਰੀਆਂ ਨੂੰ ਜਾ ਰਹੀਆਂ ਹਨ। ਵਿਭਾਗ ਵੱਲੋਂ ਅਗਲੀ ਕਾਰਵਾਈ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਫਾਈਲ ਭੇਜੀ ਗਈ ਸੀ। ਮੁੱਖ ਮੰਤਰੀ ਦਫ਼ਤਰ ਦੇ ਸੀਨੀਅਰ ਅਧਿਕਾਰੀ ਵੱਲੋਂ 19 ਸਤੰਬਰ ਨੂੰ ਲਿਖੇ ਨੋਟ ਰਾਹੀਂ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਨੇ ਚਾਹਿਆ ਹੈ ਕਿ ਪਹਿਲਾਂ ਉਨ੍ਹਾਂ ਚਾਰ ਜ਼ਿਲ੍ਹਿਆਂ ਦੀਆਂ ਰਿਪੋਰਟਾਂ ਬਾਰੇ ਦੱਸਿਆ ਜਾਵੇ ਜੋ ਅਜੇ ਤੱਕ ਪ੍ਰਾਪਤ ਨਹੀਂ ਹੋਈਆਂ।

**ਹਰ ਮਹੀਨੇ ਸਰਕਾਰ ਨੂੰ ਇਕ ਕਰੋੜ ਦਾ ਚੂਨਾ**

ਵਿਭਾਗ ਦੀ ਇਸ ਰਿਪੋਰਟ ਮੁਤਾਬਕ ਤਰਨ ਤਾਰਨ ਤੇ ਜਲੰਧਰ ਜ਼ਿਲ੍ਹਿਆਂ ਵਿਚ ਮ੍ਰਿਤਕ ਲਾਭਪਾਤਰੀ ਸਭ ਤੋਂ ਜ਼ਿਆਦਾ ਹਨ। ਤਰਨ ਤਾਰਨ ਵਿਚ ਜਿਨ੍ਹਾਂ ਮ੍ਰਿਤਕਾਂ ਦੇ ਨਾਂ ਪੈਨਸ਼ਨ ਸੂਚੀ ਵਿਚ ਸ਼ਾਮਲ ਹਨ, ਉਨ੍ਹਾਂ ਦੀ ਗਿਣਤੀ 2942 ਤੇ ਜਲੰਧਰ ਵਿਚ 2346 ਹੈ। ਸੰਗਰੂਰ ਵਿਚ 4037 ਵਿਅਕਤੀ ਅਯੋਗ, 1659 ਗੈਰਹਾਜ਼ਰ ਤੇ 2048 ਮ੍ਰਿਤਕ ਪਾਏ ਗਏ, ਬਠਿੰਡਾ ਜ਼ਿਲ੍ਹੇ ਵਿਚ ਅਯੋਗ ਲਾਭਪਾਤਰੀ 3128, ਗੈਰਹਾਜ਼ਰ 2360 ਤੇ 1167 ਮ੍ਰਿਤਕ, ਮਾਨਸਾ ਵਿਚ 1186 ਅਯੋਗ, 2598 ਗੈਰਹਾਜ਼ਰ ਤੇ 197 ਮ੍ਰਿਤਕ, ਹੁਸ਼ਿਆਰਪੁਰ ਵਿਚ ਗੈਰਹਾਜ਼ਰ ਪੈਨਸ਼ਨਰ ਤਾਂ ਕੋਈ ਨਹੀਂ ਪਰ ਅਯੋਗ ਪੈਨਸ਼ਨਰਾਂ ਦੀ ਗਿਣਤੀ 3499 ਹੈ ਤੇ 787 ਮ੍ਰਿਤਕ ਹਨ। ਪੰਜਾਬ ਸਰਕਾਰ ਵੱਲੋਂ ਹਰ ਮਹੀਨੇ ਬੁਢਾਪਾ, ਵਿਧਵਾ ਤੇ ਬੇਸਹਾਰਾ ਪੈਨਸ਼ਨਰਾਂ ਨੂੰ 49 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾਂਦਾ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਸਰਕਾਰੀ ਖਜ਼ਾਨੇ ਨੂੰ ਅੰਦਾਜ਼ਨ ਇਕ ਕਰੋੜ ਰੁਪਏ ਦਾ ਹਰ ਮਹੀਨੇ ਚੂਨਾ ਲੱਗ ਰਿਹਾ ਹੈ।

# ਸੁਖਬੀਰ ਦੀਆਂ ਫੜ੍ਹਾਂ ਦੀ ਸੱਚਾਈ ਸਾਹਮਣੇ ਆਈ: ਕੈਪਟਨ

**ਪਟਿਆਲਾ:** ਅਕਾਲੀ ਦਲ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਵਫਾ ਨਾ ਕਰਨ ਦੇ ਦੋਸ਼ ਲਾਉਂਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਲੰਮੇ ਹੱਥੀਂ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੁਖਬੀਰ ਸੱਤਾ 'ਚ ਆਉਣ ਤੋਂ ਬਾਅਦ ਤਿੰਨ ਸਾਲਾਂ ਦੇ ਅੰਦਰ-ਅੰਦਰ ਪੰਜਾਬ ਨੂੰ ਪਾਵਰ ਸਰਪਲੱਸ ਸੂਬਾ ਬਣਾਉਣ ਬਾਰੇ ਮਾਰੀ ਸ਼ੇਖੀ ਬਾਰੇ ਸੂਬੇ ਦੇ ਲੋਕਾਂ ਨੂੰ ਸਫਾਈ ਦੇਵੇ। ਉਨ੍ਹਾਂ ਕਿਹਾ ਕਿ ਜਿਥੇ ਉਨ੍ਹਾਂ ਦੇ ਬਿਜਲੀ ਬਾਰੇ ਸੁਪਨੇ ਤਾਸ਼ ਦੇ ਪੱਤਿਆਂ ਵਾਂਗ ਡਿੱਗ ਕੇ ਬਿਖਰ ਰਹੇ ਹਨ, ਉਥੇ ਹੀ ਗਿੱਦੜਬਾਹਾ ਐਨ.ਟੀ.ਪੀ.ਸੀ. ਪ੍ਰਾਜੈਕਟ ਦੇ ਰੱਦ ਹੋਣ ਦੀ ਸੰਭਾਵਨਾ ਬਾਰੇ ਤਾਜ਼ਾ ਵਿਵਾਦ ਨੇ ਉਨ੍ਹਾਂ ਦੀ ਸਰਕਾਰ ਦੀ ਹੋਰ ਵੀ ਪੋਲ ਖੋਲ੍ਹ ਦਿੱਤੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਦੇ ਫੜ੍ਹਾਂ ਭਰੇ ਦਾਅਵਿਆਂ ਤੋਂ ਪੂਰੀ ਤਰ੍ਹਾਂ ਉਲਟ ਜਿਥੇ ਸੂਬੇ 'ਚ ਬਿਜਲੀ ਦੀ ਸਪਲਾਈ ਦੀ ਮਾੜੀ ਹਾਲਤ ਦੇ ਚੱਲਦਿਆਂ ਇੰਡਸਟਰੀ ਨੂੰ ਹਫਤੇ 'ਚ ਚਾਰ ਦਿਨਾਂ ਦੇ ਨਾਗੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਹੀ ਖੇਤੀਬਾੜੀ ਖੇਤਰ ਨੂੰ ਬਿਜਲੀ ਤਿੰਨ ਘੰਟਿਆਂ ਤੋਂ ਵੱਧ ਨਹੀਂ ਦਿੱਤਾ ਜਾ ਰਿਹਾ। ਇਸੇ ਤਰ੍ਹਾਂ ਘਰੇਲੂ ਖੇਤਰ ਨੂੰ ਵੀ ਬਿਜਲੀ ਸਪਲਾਈ ਲਗਾਤਾਰ ਡਾਵਾਂਡੋਲ ਬਣੀ ਹੋਈ ਹੈ।

ਗਿੱਦੜਬਾਹਾ 'ਚ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐਨ.ਟੀ.ਪੀ.ਸੀ.) ਦੀ ਬੇਯਕੀਨੀ ਸਬੰਧੀ ਰਿਪੋਰਟਾਂ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਂਗਰਸ ਦੇ ਪੱਖ ਨੂੰ ਮਜ਼ਬੂਤ ਕਰਦਾ ਹੈ ਕਿ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਨੇ ਜ਼ਮੀਨੀ ਸੱਚਾਈ ਨੂੰ ਧਿਆਨ ਵਿਚ ਰੱਖੇ ਬਿਨ੍ਹਾਂ ਵੱਖ-ਵੱਖ ਪਾਵਰ ਕੰਪਨੀਆਂ ਨਾਲ ਸਮਝੌਤੇ ਕਰਨ 'ਚ ਜਲਦਬਾਜ਼ੀ ਕੀਤੀ ਹੈ।

ਸਾਬਕਾ ਮੁੱਖ ਮੰਤਰੀ ਨੇ ਖੁਲਾਸਾ ਕੀਤਾ ਕਿ ਕਾਂਗਰਸ ਸਰਕਾਰ ਵੱਲੋਂ 2006 ਵਿਚ ਮਨਜ਼ੂਰ ਕੀਤੇ ਗਏ ਪਾਵਰ ਪ੍ਰਾਜੈਕਟਾਂ ਨੂੰ ਅਕਾਲੀ-ਭਾਜਪਾ ਸਰਕਾਰ ਅੱਗੇ ਵੀ ਨਹੀਂ ਤੋਰ ਸਕੀ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਨਵੇਂ ਪ੍ਰਾਜੈਕਟ ਲਾਂਚ ਕਰਨ ਦਾ ਦਾਅਵਾ ਕੀਤਾ ਸੀ ਤੇ ਇਨ੍ਹਾਂ ਨੇ ਕਾਂਗਰਸ ਸਰਕਾਰ ਵੱਲੋਂ ਛੱਡੇ, ਪ੍ਰਾਜੈਕਟਾਂ ਨੂੰ ਵੀ ਚੰਗੀ ਤਰ੍ਹਾਂ ਨਾਲ ਅੱਗੇ ਨਹੀਂ ਤੋਰਿਆ। ਇਹ ਤਾਂ ਬਠਿੰਡਾ ਥਰਮਲ ਪਲਾਂਟ ਦੇ ਯੂਨਿਟਾਂ 'ਚੋਂ ਇਕ ਨੂੰ ਬੰਦ ਕਰ ਰਹੇ ਹਨ।

# ਕੇਂਦਰ ਨੇ ਪੰਜਾਬ ਦੇ ਕਿਸਾਨਾਂ 'ਤੇ ਪਾਇਆ 847 ਕਰੋੜ ਦਾ ਬੋਝ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਸਰਕਾਰ ਵੱਲੋਂ ਖਾਦ ਨੀਤੀ ਬਦਲਣ ਕਾਰਨ ਰਸਾਇਣਕ ਖਾਦਾਂ ਮਹਿੰਗੀਆਂ ਹੋ ਰਹੀਆਂ ਹਨ ਤੇ ਸਿਰਫ ਇਕ ਸਾਲ ਵਿਚ ਪੰਜਾਬ ਦੇ ਕਿਸਾਨਾਂ 'ਤੇ ਤਕਰੀਬਨ 847 ਕਰੋੜ ਰੁਪਏ ਦਾ ਸਾਲਾਨਾ ਬੋਝ ਵਧ ਗਿਆ ਹੈ। ਪਿਛਲੇ ਸਮੇਂ ਦੌਰਾਨ ਡੀਜ਼ਲ ਦੀ ਕੀਮਤ ਵਿਚ ਵੀ ਵਾਧਾ ਹੋਇਆ ਹੈ ਤੇ ਖੇਤੀ ਲਾਗਤ ਦੇ ਹੋਰ ਖਰਚੇ ਵੀ ਵਧੇ ਹਨ। ਇਸ ਕਰਕੇ ਕਰਜ਼ੇ ਦੇ ਬੋਝ ਹੇਠ ਦੱਬੀ ਕਿਸਾਨੀ ਦੀ ਹਾਲਤ ਹੋਰ ਮਾੜੀ ਹੋਣੀ ਸੁਭਾਵਕ ਹੈ।



ਭਾਰਤ ਸਰਕਾਰ ਨੇ ਪਿਛਲੇ ਸਾਲ ਖਾਦ ਨੀਤੀ ਬਦਲ ਦਿੱਤੀ ਸੀ ਤੇ ਸਬਸਿਡੀ ਤੱਤਾਂ ਦੇ ਆਧਾਰ 'ਤੇ ਕਰ ਦਿੱਤੀ ਸੀ। ਇਸ ਨੀਤੀ ਵਿਚ ਤਬਦੀਲੀ ਕਰਦੇ ਸਮੇਂ ਕਿਹਾ ਗਿਆ ਸੀ ਕਿ ਨੀਤੀ ਦਾ ਮੁੱਖ ਮੰਤਵ ਖਾਦਾਂ ਦੀ ਸੁਤੰਲਤ ਵਰਤੋਂ ਨੂੰ ਬੜਾਵਾ ਦੇਣਾ ਹੈ ਪਰ ਮਾਹਰਾਂ ਦਾ ਕਹਿਣਾ ਹੈ ਕਿ ਇਸ ਦਾ ਛੁਪਿਆ ਹੋਇਆ ਮੰਤਵ ਕੇਂਦਰ ਸਰਕਾਰ ਦੇ ਖਾਦ ਸਬਸਿਡੀ ਬਿੱਲ ਨੂੰ ਘੱਟ ਕਰਨਾ ਸੀ। ਇਸ ਨੀਤੀ ਤਹਿਤ ਤੱਤਾਂ 'ਤੇ ਆਧਾਰਤ ਮਿਲਣ ਵਾਲੀ ਸਬਸਿਡੀ ਤੈਅ ਕਰ ਦਿੱਤੀ ਗਈ ਪਰ ਇਨ੍ਹਾਂ ਖਾਦਾਂ ਦੀ ਵੇਚ ਮੁੱਲ ਕੀਮਤ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰ ਦਿੱਤਾ ਗਿਆ ਪਰ ਨਾਲ ਸ਼ਰਤ ਲਾ ਦਿੱਤੀ ਗਈ ਕਿ ਖਾਦ ਦੀ ਵੇਚ ਕੀਮਤ ਵਿਚ 600 ਰੁਪਏ ਪ੍ਰਤੀ ਟਨ ਤੋਂ ਵੱਧ ਵਾਧਾ ਨਹੀਂ ਕੀਤਾ ਜਾ ਸਕਦਾ। ਭਾਵ ਪ੍ਰਤੀ ਥੈਲਾ ਕੀਮਤ ਵਿਚ ਤੀਹ ਰੁਪਏ ਤੋਂ ਵੱਧ ਵਾਧਾ ਨਹੀਂ ਕੀਤਾ ਜਾ ਸਕੇਗਾ।ਪਰ ਕੇਂਦਰ ਸਰਕਾਰ ਨੇ ਇਸ ਸਾਲ ਅਗਸਤ ਵਿਚ 600 ਰੁਪਏ ਪ੍ਰਤੀ ਟਨ ਵਾਲੀ ਸ਼ਰਤ ਵੀ ਖਤਮ ਕਰ ਦਿੱਤੀ। ਇਸ ਨਾਲ ਖਾਦਾਂ ਦੀਆਂ ਕੀਮਤਾਂ ਵਿਚ ਬੇਰੋਕ ਟੋਕ ਵਾਧਾ ਹੋਣਾ ਸ਼ੁਰੂ ਹੋ ਗਿਆ।

ਇਸ ਵੇਲੇ ਦੇਸ਼ ਤੀਜਾ ਹਿੱਸਾ ਯੂਰੀਆ, 66 ਫੀਸਦੀ ਫਾਸਫੇਟ ਖਾਦਾਂ ਤੇ ਸਾਰੀ ਪੋਟਾਸ਼ ਦਰਾਮਦ ਕਰਦਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਕਣਕ ਦੀ ਬਿਜਾਈ ਤੱਕ ਕੀਮਤ ਵਧ ਕੇ 750 ਡਾਲਰ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਕੌਮਾਂਤਰੀ ਮਾਰਕਿਟ ਵਿਚ ਡਾਲਰ ਦੀ ਕੀਮਤ ਵਧ ਰਹੀ ਹੈ ਤੇ ਰੁਪਏ ਦੀ ਕੀਮਤ ਡਿੱਗ ਰਹੀ ਹੈ। ਇਸ ਕਰਕੇ ਖਾਦਾਂ ਦੇ ਭਾਅ ਵਿਚ ਹੋਰ ਵਾਧਾ ਹੋਣ ਦੇ ਆਸਾਰ ਹਨ। ਪੰਜਾਬ ਵਿਚ ਡੀ.ਏ.ਪੀ. ਦੀ ਸਾਲਾਨਾ ਵਰਤੋਂ 8.75 ਲੱਖ ਟਨ ਹੁੰਦੀ ਹੈ ਤੇ ਇਸ ਦੀ ਕੀਮਤ ਪਹਿਲੀ ਅਪਰੈਲ 2010 ਨੂੰ 9230 ਰੁਪਏ ਟਨ ਸੀ ਜੋ ਹੁਣ ਵਧ ਕੇ 16,800 ਰੁਪਏ ਟਨ ਹੋ ਗਈ ਹੈ। ਇਸ ਦਾ ਭਾਵ ਜੋ ਡੀ.ਏ.ਪੀ. ਖਾਦ ਦਾ ਥੈਲਾ ਪਹਿਲੀ ਅਪਰੈਲ 2010 ਨੂੰ 467.50 ਰੁਪਏ ਮਿਲਦਾ ਸੀ ਹੁਣ ਉਹ 840 ਰੁਪਏ ਦਾ ਹੋ ਗਿਆ ਹੈ ਤੇ ਹਾੜ੍ਹੀ ਦੀ ਬਿਜਾਈ ਤੱਕ ਇਸ ਦੀ ਕੀਮਤ ਹੋਰ ਵਧਣ ਦੀ ਸੰਭਾਵਨਾ ਹੈ।

ਇਕੱਲੀ ਡੇ.ਏ.ਪੀ.ਦੀ ਖਾਦ ਵਿਚ ਵਾਧੇ ਨਾਲ ਪੰਜਾਬ ਦੇ ਕਿਸਾਨਾਂ ਨੂੰ 656 ਕਰੋੜ ਰੁਪਏ ਜ਼ਿਆਦਾ ਦੇਣੇ ਪੈ ਰਹੇ ਹਨ। ਇਸ ਤਰ੍ਹਾਂ ਤੱਤਾਂ 'ਤੇ ਆਧਾਰਤ ਸਬਸਿਡੀ ਵਾਲੀਆਂ ਹੋਰ ਖਾਦਾਂ ਦੀਆਂ ਕੀਮਤਾਂ ਵਿਚ ਵੀ ਇਕ ਸਾਲ ਵਿਚ ਕਾਫੀ ਵਾਧਾ ਹੋਇਆ ਹੈ। ਪੰਜਾਬ ਵਿਚ ਪੋਟਾਸ਼ ਦੀ ਖਾਦ ਦੀ ਸਾਲਾਨਾ ਵਰਤੋਂ ਤਕਰੀਬਨ 70,000 ਟਨ ਕੀਤੀ ਜਾਂਦੀ ਹੈ। ਪਹਿਲਾਂ ਇਸ ਦੀ ਕੀਮਤ 4455 ਰੁਪਏ ਟਨ ਸੀ ਪਰ ਹੁਣ ਇਕ ਸਾਲ ਵਿਚ ਇਸ ਦੀ ਕੀਮਤ ਵਿੱ 5055 ਰੁਪਏ ਦਾ ਵਾਧਾ ਹੋਇਆ ਹੈ ਤੇ ਇਸ ਦੀ ਕੀਮਤ 8500 ਰੁਪਏ ਟਨ ਹੋ ਗਈ ਹੈ। ਇਸ ਵਿਚ ਵਾਧੇ ਨਾਲ 135 ਕਰੋੜ ਰੁਪਏ ਦਾ ਬੋਝ ਵਧਿਆ ਹੈ।


ਇਸੇ ਤਰ੍ਹਾਂ ਐਨ.ਪੀ.ਕੇ. ਦੀ ਪੰਜਾਬ ਵਿਚ 60,000 ਟਨ ਤੋਂ 70,000 ਟਨ ਵਰਤੋਂ ਹੁੰਦੀ ਹੈ ਤੇ ਇਸ ਦੀ ਕੀਮਤ ਵਿਚ ਵਾਧੇ ਨਾਲ ਰਾਜ ਦੇ ਕਿਸਾਨਾ ਸਿਰ 28 ਕਰੋੜ ਰੁਪਏ ਦਾ ਹੋਰ ਬੋਝ ਪਿਆ ਹੈ। ਯੂਰੀਆ ਦੀ ਕੀਮਤ ਹਾਲੇ ਵੀ ਕੰਟਰੋਲ ਹੇਠ ਹੈ ਪਰ ਇਸ ਦੀ ਕੀਮਤ ਵੀ ਕੁਝ ਵਾਧਾ ਹੋਇਆ ਹੈ ਤੇ ਇਸ ਦੀ ਕੀਮਤ 4880 ਰੁਪਏ ਟਨ ਤੋਂ ਵਧ ਕੇ 5360 ਰੁਪਏ ਟਨ ਹੋ ਗਈ ਹੈ। ਇਸ ਨਾਲ ਤਕਰੀਬਨ 28 ਕਰੋੜ ਰੁਪਏ ਦਾ ਹੋਰ ਬੋਝ ਵਧਿਆ ਹੈ। ਕੁੱਲ ਮਿਲਾ ਕੇ ਸੂਬੇ ਦੇ ਕਿਸਾਨਾਂ 'ਤੇ ਤਕਰੀਬਨ 847 ਕਰੋੜ ਰੁਪਏ ਦਾ ਸਾਲਾਨਾ ਬੋਝ ਵਧ ਗਿਆ ਹੈ।

# ਹੱਕਾਨੀ ਬਾਰੇ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਅਲਟੀਮੇਟਮ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਾਕਿਸਤਾਨ ਨੂੰ ਹੱਕਾਨੀ ਨੈੱਟਵਰਕ ਦੇ ਮੁੱਦੇ 'ਤੇ ਸਖ਼ਤ ਚਿਤਾਵਨੀ ਦਿੱਤੀ ਹੈ। ਓਬਾਮਾ ਨੇ ਅਮਰੀਕੀ ਫੌਜ ਦੇ ਸੇਵਾ ਮੁਕਤ ਮੁਖੀ ਮਾਈਕ ਮੁਲੇਨ ਵੱਲੋਂ ਹੱਕਾਨੀ ਨੈੱਟਵਰਕ ਦੇ ਮੁੱਦੇ 'ਤੇ ਪਾਕਿਸਤਾਨ ਉਪਰ ਲਾਏ ਗਏ ਦੋਸ਼ਾਂ ਨੂੰ ਸਹੀ ਠਹਿਰਾਇਆ ਹੈ।

ਰੇਡੀਓ ਸ਼ੋਅ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਹੱਕਾਨੀ ਨੈੱਟਵਰਕ ਨਾਲ ਸਬੰਧਾਂ ਨੂੰ ਲੈ ਕੇ ਪਾਕਿਸਤਾਨ ਨੂੰ ਪੁਨਰ ਵਿਚਾਰ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਹੱਕਾਨੀ ਨੈੱਟਵਰਕ ਦੀ ਸਮੱਸਿਆ ਦਾ ਹੱਲ ਲੱਭਣਾ ਚਾਹੀਦਾ ਹੈ ਤੇ ਉਸ ਨੂੰ ਹੱਕਾਨੀ ਨੈੱਟਵਰਕ ਵਿਰੁੱਧ ਸਖਤੀ ਨਾਲ ਕਾਰਵਾਈ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਮੁਲੇਨ ਨੇ ਅਫਗਾਨਿਸਤਾਨ ਵਿਚ ਅਤਿਵਾਦੀ ਟਿਕਾਣਿਆਂ ਨੂੰ ਬਹੁਤ ਹੀ ਨੇੜੇ ਤੋਂ ਵੇਖਿਆ ਹੈ। ਇਸ ਲਈ ਜੋ ਕੁਝ ਮੁਲੇਨ ਨੇ ਕਿਹਾ ਹੈ ਉਸ ਨੂੰ ਗਲਤ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਹੋਰ ਕਿਹਾ ਕਿ ਅਮਰੀਕਾ ਅਫਗਾਨਿਸਤਾਨ ਨਾਲ ਲੱਗਦੇ ਸਰਹੱਦੀ ਖੇਤਰਾਂ ਵਿਚ ਅਤਿਵਾਦੀਆਂ ਵਿਰੁੱਧ ਕਾਰਵਾਈ ਕਰਨ ਵਾਸਤੇ ਪਾਕਿਸਤਾਨ ਨਾਲ ਗੱਲਬਾਤ ਕਰ ਰਿਹਾ ਹੈ ਤੇ ਇਸ ਵਾਸਤੇ ਅਮਰੀਕਾ ਉਸ ਨਾਲ ਖੁਫ਼ੀਆ ਸਹਿਯੋਗ ਕਰਨ ਲਈ ਵੀ ਤਿਆਰ ਹੈ।

ਓਬਾਮਾ ਨੇ ਪਾਕਿਸਤਾਨ ਤੇ ਅਫਗਾਨਿਸਤਾਨ ਵਿਚ ਅਮਰੀਕੀ ਕਾਰਵਾਈ ਬਾਰੇ ਕਾਂਗਰਸ ਨੂੰ ਸੌਂਪੀ ਨਵੀਂ ਰਿਪੋਰਟ ਵਿਚ ਕਿਹਾ ਹੈ ਕਿ ਲਾਹੌਰ ਵਿਚ ਅਮਰੀਕੀ ਕੂਟਨੀਤਿਕ ਅਧਿਕਾਰੀ ਰੇਮੰਡ ਡੇਵਿਸ ਦੀ ਗ੍ਰਿਫਤਾਰੀ ਤੇ ਓਸਾਮਾ ਬਿਨ ਲਾਦੇਨ ਨੂੰ ਮਾਰਨ ਲਈ ਐਬਟਾਬਾਦ ਵਿਚ ਕੀਤੀ ਗਈ ਕਾਰਵਾਈ ਤੋਂ ਬਾਅਦ ਪਾਕਿਸਤਾਨ ਨਾਲ ਸਬੰਧਾਂ ਵਿਚ ਤਣਾਅ ਆਇਆ ਹੈ ਤੇ ਦੁਪਾਸੜ ਫੌਜੀ ਸਹਿਯੋਗ ਪ੍ਰਭਾਵਿਤ ਹੋਇਆ ਹੈ।



## ਅਮਰੀਕਾ ਪਾਕਿਸਤਾਨ 'ਤੇ ਹੋਰ ਦਬਾਅ ਨਾ ਪਾਏ: ਗਿਲਾਨੀ

**ਇਸਲਾਮਾਬਾਦ:** ਪਾਕਿਸਤਾਨ ਨੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਅਤਿਵਾਦ ਖਿਲਾਫ ਕੋਈ ਕਸਰ ਨਹੀਂ ਛੱਡ ਰਿਹਾ ਤੇ ਇਸ ਦੇ ਬਾਵਜੂਦ ਉਸ ਵੱਲੋਂ ਕਹਿਣਾ ਕਿ ਆਈ.ਐਸ.ਆਈ. ਦੇ ਅਤਿਵਾਦੀਆਂ ਨਾਲ ਸਬੰਧ ਹਨ, ਬੜੀ ਹੈਰਾਨੀਜਨਕ ਗੱਲ ਹੈ। ਇਸੇ ਨਾਲ ਉਸ ਨੇ ਅਮਰੀਕਾ ਨੂੰ ਸਾਫ ਕਰ ਦਿੱਤਾ ਕਿ ਉਸ ਉਪਰ ਅਤਿਵਾਦ ਖਿਲਾਫ ਹੋਰ ਕਾਰਵਾਈ ਕਰਨ ਲਈ ਦਬਾਅ ਨਹੀਂ ਪਾਇਆ ਜਾ ਸਕਦਾ।

ਦੇਸ਼ ਦੀਆਂ ਪ੍ਰਮੁੱਖ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੇ ਕਿਹਾ ਕਿ ਅਤਿਵਾਦ ਖ਼ਿਲਾਫ਼ ਲੜਾਈ ਵਿਚ ਹੋਰ ਕਾਰਵਾਈ ਕਰਨ ਬਾਰੇ ਪਾਕਿਸਤਾਨ 'ਤੇ ਦਬਾਅ ਨਹੀਂ ਪਾਇਆ ਜਾ ਸਕਦਾ ਤੇ ਪਾਕਿਸਤਾਨ ਦੇ ਹਿੱਤਾਂ ਦਾ ਸਨਮਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਕ ਪਾਸੇ ਉਹ ਅਤਿਵਾਦੀਆਂ ਨਾਲ ਲੜ ਰਹੇ ਹਨ ਤੇ ਉਨ੍ਹਾਂ ਦੇ ਵਾਰ ਆਪਣੇ ਪਿੰਡੇ 'ਤੇ ਝੱਲ ਰਹੇ ਹਨ ਪਰ ਦੂਜੇ ਪਾਸੇ ਦੋਸ਼ ਲਾਏ ਜਾ ਰਹੇ ਹਨ ਕਿ ਆਈ.ਐਸ.ਆਈ. ਦੇ ਹੱਕਾਨੀ ਧੜੇ ਨਾਲ ਸਬੰਧ ਹਨ। ਉਹ ਇਨ੍ਹਾਂ ਦੋਸ਼ਾਂ ਤੋਂ ਹੈਰਾਨ ਤੇ ਪ੍ਰੇਸ਼ਾਨ ਹਨ ਤੇ ਦੋਸ਼ ਰੱਦ ਕਰਦੇ ਹਨ।

ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਪਾਕਿਸਤਾਨ ਦਾ ਗੁਆਂਢੀ ਮੁਲਕ ਹੈ ਤੇ ਉਥੇ ਸ਼ਾਂਤੀ ਬਹਾਲ ਹੋਣ ਦਾ ਸਭ ਤੋਂ ਵੱਧ ਲਾਭ ਪਾਕਿਸਤਾਨ ਨੂੰ ਹੀ ਹੋਣਾ ਹੈ। ਅਜਿਹੀ ਹਾਲਤ ਵਿਚ ਪਾਕਿ ਆਪਣੇ ਗੁਆਂਢੀ ਨੂੰ ਨੁਕਸਾਨ ਕਿਵੇਂ ਪਹੁੰਚਾ ਸਕਦਾ ਹੈ। ਪ੍ਰਧਾਨ ਮੰਤਰੀ ਦੇ ਘਰ ਹੋਈ ਇਸ ਮੀਟਿੰਗ ਵਿਚ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਮੁਖੀ ਨਵਾਜ਼ ਸ਼ਰੀਫ, ਜਮਾਤ ਉਲੇਮਾ-ਏ-ਇਸਲਾਮ ਦੇ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ, ਜਮਾਤ-ਏ-ਇਸਲਾਮੀ ਦੇ ਮੁਖੀ ਮੁਨੱਵਰ ਹਸਨ, ਅਵਾਮੀ ਮੁਸਲਿਮ ਲੀਗ ਦੇ ਆਗੂ ਸ਼ੇਖ ਰਾਸ਼ਿਦ ਅਹਿਮਦ, ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਮੁਖੀ ਇਮਰਾਨ ਖਾਨ ਤੇ ਪੀ.ਐਮ.ਐਲ. (ਕਿਊ) ਦੇ ਮੁਖੀ ਚੌਧਰੀ ਸ਼ੁਜਾਤ ਹੁਸੈਨ ਹਾਜ਼ਰ ਸਨ। ਸਿਆਸੀ ਆਗੂਆਂ ਤੋਂ ਇਲਾਵਾ ਮੀਟਿੰਗ ਵਿਚ ਫੌਜ ਦੇ ਮੁਖੀ ਅਸ਼ਫਾਕ ਪਰਵੇਜ਼ ਕਿਆਨੀ, ਜਾਇੰਟ ਚੀਫਜ਼ ਆਫ ਸਟਾਫ ਕਮੇਟੀ ਦੇ ਚੇਅਰਮੈਨ ਜਨਰਲ ਖਾਲਿਦ ਸ਼ਮੀਮ ਵੇਨੀ ਵੀ ਸ਼ਾਮਲ ਸਨ।

ਅਮਰੀਕਾ ਨਾਲ ਸਬੰਧਾਂ ਦੇ ਮਾਮਲੇ ਵਿਚ ਵੱਖ-ਵੱਖ ਆਗੂਆਂ ਦੀ ਵੱਖੋ-ਵੱਖਰੀ ਰਾਇ ਸੀ। ਜਮਾਤ-ਏ-ਇਸਲਾਮੀ ਦਾ ਕਹਿਣਾ ਹੈ ਕਿ ਪਾਕਿਸਤਾਨ ਨੂੰ ਅਮਰੀਕਾ ਦੀ ਅਤਿਵਾਦ ਖਿਲਾਫ ਲੜਾਈ ਵਿਚੋਂ ਬਾਹਰ ਹੋ ਜਾਣਾ ਚਾਹੀਦਾ ਹੈ ਤੇ ਤਾਲਿਬਾਨ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਪੀ.ਐਮ.ਐਲ. (ਐਨ) ਨੇ ਦੇਸ਼ ਦੀ ਵਿਦੇਸ਼ ਨੀਤੀ 'ਤੇ ਖੁੱਲ੍ਹੀ ਚਰਚਾ ਦੀ ਮੰਗ ਕੀਤੀ। ਇਸ ਤੋਂ ਪਹਿਲਾਂ ਦੇਸ਼ ਦੀ ਸਰਕਾਰ ਤੇ ਫੌਜ ਦੇ ਆਗੂਆਂ ਵਿਚਾਲੇ ਦੋ ਘੰਟਿਆਂ ਤਕ ਅਹਿਮ ਮੀਟਿੰਗ ਹੋਈ।

# ਹੱਕਾਨੀ ਨੈਟਵਰਕ ਦਾ ਸੀਨੀਅਰ ਆਗੂ ਕਾਬੂ

**ਕਾਬੁਲ:** ਅਫਗਾਨਿਸਤਾਨ ਵਿਚ ਸੁਰੱਖਿਆ ਜਵਾਨਾਂ ਨੇ ਹੱਕਾਨੀ ਨੈੱਟਵਰਕ ਦੇ ਸੀਨੀਅਰ ਆਗੂ ਨੂੰ ਗ੍ਰਿਫਤਾਰ ਕੀਤਾ ਹੈ। ਨਾਟੋ ਦੀ ਅਗਵਾਈ ਵਾਲੀ ਕੌਮਾਂਤਰੀ ਫੋਰਸ ਦੇ ਜਵਾਨਾਂ ਨੇ ਗ੍ਰਿਫਤਾਰ ਹੱਕਾਨੀ ਆਗੂ ਦੀ ਪਛਾਣ ਹਾਜੀ ਮਾਲੀ ਖਾਨ ਵਜੋਂ ਕੀਤੀ ਹੈ ਜੋ ਸਿਰਾਜ ਤੇ ਬਦਰੂਦੀਨ ਹੱਕਾਨੀ ਦਾ ਚਾਚਾ ਹੈ ਤੇ ਅਫਗਾਨਿਸਤਾਨ ਵਿਚ ਹੱਕਾਨੀ ਨੈੱਟਵਰਕ ਦਾ ਸੀਨੀਅਰ ਕਮਾਂਡਰ ਹੈ।

ਉਸ ਦੀ ਗ੍ਰਿਫਤਾਰੀ ਦੱਖਣ ਪੂਰਬ ਅਫਗਾਨਿਸਤਾਨ ਵਿਚੋਂ ਕੀਤੀ ਗਈ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਯਮਨ ਵਿਚ ਮਾਰੇ ਗਏ ਅਲ ਕਾਇਦਾ ਦੇ ਚੋਟੀ ਦੇ ਧਾਰਮਿਕ ਆਗੂ ਅਨਵਰ ਅਲ-ਅਵਾਲਕੀ ਦੀ ਮੌਤ ਨੂੰ ਵੱਡੀ ਘਟਨਾ ਦੱਸਦਿਆਂ ਕਿਹਾ ਹੈ ਕਿ ਅਵਾਲਕੀ ਦੀ ਮੌਤ ਅਤਿਵਾਦੀ ਗਰੁੱਪਾਂ ਨੂੰ ਵੱਡੀ ਸੱਟ ਹੈ।

ਇਸੇ ਦੌਰਾਨ ਪਾਕਿ 'ਤੇ ਦਬਾਅ ਬਣਾਉਂਦਿਆਂ ਅਮਰੀਕਾ ਨੇ ਹਕਾਨੀ ਧੜੇ ਦੇ 5 ਮੈਂਬਰਾਂ ਨੂੰ ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ। ਇਨ੍ਹਾਂ ਵਿਚ ਹਕਾਨੀ ਧੜੇ ਦਾ ਪ੍ਰਮੁੱਖ ਕਮਾਂਡਰ ਅਬਦੱਲ ਅਜ਼ੀਜ਼ ਅੱਬਾਸੀਨ, ਹਾਜੀ ਫੈਜ਼ ਉੱਲਾ ਖਾਨ ਨੂਰ ਜਈ, ਹਾਜੀ ਮਲਿਕ ਨੂਰ ਜਈ, ਅਬਦੁਰ ਰਹਿਮਾਨ ਤੇ ਫ਼ੈਜ਼ਲ ਰਹਿਮਾਨ ਸ਼ਾਮਿਲ ਹਨ। ਅਮਰੀਕਾ ਨੇ ਹਕਾਨੀ ਧੜੇ ਨੂੰ ਪਾਕਿ ਦੀ ਖੁਫ਼ੀਆ ਏਜੰਸੀ ਇੰਟਰ ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਦਾ ਹੀ ਅੰਗ ਕਰਾਰ ਦਿੱਤਾ ਹੈ। ਅਮਰੀਕਾ ਨੇ ਪੰਜ ਮੈਂਬਰਾਂ ਨੂੰ ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਪੰਜੇ ਵਿਅਕਤੀ ਪਾਕਿ-ਅਫ਼ਗਾਨ ਸਰਹੱਦ 'ਤੇ ਚੱਲੀ ਰਹੀਆਂ ਅਤਿਵਾਦੀ ਸਰਗਰਮੀਆਂ 'ਚ ਸ਼ਾਮਲ ਹਨ।

# ਤਾਸੀਰ ਦੇ ਕਾਤਲ ਕਾਦਰੀ ਨੂੰ ਮੌਤ ਦੀ ਦੋਹਰੀ ਸਜ਼ਾ

**ਇਸਲਾਮਾਬਾਦ:** ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਸੂਬਾ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ ਕਤਲ ਕਰਨ ਵਾਲੇ ਉਸ ਦੇ ਅੰਗ-ਰੱਖਿਅਕ ਮਲਿਕ ਮੁਮਤਾਜ਼ ਹੁਸੈਨ ਕਾਦਰੀ ਨੂੰ ਸਜ਼ਾ-ਏ-ਮੌਤ ਸੁਣਾ ਦਿੱਤੀ ਹੈ। ਰਾਵਲਪਿੰਡੀ ਵਿਚਲੀ ਅਦੀਆਲਾ ਜੇਲ੍ਹ ਅੰਦਰ ਸਖ਼ਤ ਪਹਿਰੇ ਹੇਠ ਚੱਲ ਰਹੀ ਅਦਾਲਤ ਦੇ ਜੱਜ ਪਰਵੇਜ਼ ਅਲੀ ਸ਼ਾਹ ਨੇ ਕਾਦਰੀ ਨੂੰ ਕਤਲ ਤੇ ਅਤਿਵਾਦ ਦੇ ਮਾਮਲਿਆਂ ਵਿਚ ਦੋਹਰੀ ਸਜ਼ਾ-ਏ-ਮੌਤ ਸੁਣਾਈ। ਪੁਲਿਸ ਦੇ ਸਿਪਾਹੀ ਕਾਦਰੀ ਨੇ ਇਸ ਸਾਲ 4 ਜਨਵਰੀ ਨੂੰ ਜਨਾਬ ਤਾਸੀਰ ਨੂੰ ਇਸਲਾਮਾਬਾਦ ਦੇ ਐਨ ਵਿਚ ਇਕ ਰੇਸਤਰਾਂ ਦੇ ਬਾਹਰ ਗੋਲੀਆਂ ਮਾਰ ਦਿੱਤੀਆਂ ਸਨ। ਹਮਲਾਵਰ ਇਸ ਗੱਲ ਤੋਂ ਨਾਰਾਜ਼ ਸੀ ਕਿ ਤਾਸੀਰ ਇਸਲਾਮ ਦੇ ਖ਼ਿਲਾਫ਼ ਬੋਲਣ ਵਾਲਿਆਂ ਦੇ ਹੱਕ ਵਿਚ ਡੱਟਿਆ ਹੋਇਆ ਹੈ ਤੇ ਦੇਸ਼ ਦੇ ਵਿਵਾਦਗ੍ਰਸਤ ਬੇਰੁਹਮਤੀ ਕਾਨੂੰਨ ਦਾ ਵਿਰੋਧ ਕਰ ਰਿਹਾ ਹੈ।




ਸਲਮਾਨ ਤਾਸੀਰ    ਮੁਮਤਾਜ਼ ਹੁਸੈਨ ਕਾਦਰੀ

ਕਾਦਰੀ ਦੇ ਵਕੀਲ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਅਦਾਲਤ ਨੇ ਉਸ ਦੇ ਮੁਵੱਕਿਲ ਨੂੰ ਸਜ਼ਾ-ਏ-ਮੌਤ ਸੁਣਾਈ ਹੈ ਤੇ ਇਸ ਸਜ਼ਾ ਦੇ ਖ਼ਿਲਾਫ਼ ਅਪੀਲ ਕਰਨ ਲਈ ਸੱਤ ਦਿਨ ਦਿੱਤੇ ਹਨ। ਸਖ਼ਤ ਪਹਿਰੇ ਹੇਠ ਚੱਲ ਰਹੀ ਅਦਾਲਤ ਦਾ ਜੱਜ ਸਜ਼ਾ ਸੁਣਾਉਣ ਤੋਂ ਬਾਅਦ ਚੁੱਪਚਾਪ ਅਦਾਲਤ ਦੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਨਿਕਲ ਗਿਆ। ਇਸ ਦੌਰਾਨ ਜੇਲ੍ਹ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਕਾਦਰੀ ਨੇ ਜਨਾਬ ਤਾਸੀਰ ਨੂੰ ਕਤਲ ਕਰਨ ਤੋਂ ਕੁਝ ਸਮੇਂ ਬਾਅਦ ਹੀ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਇਸ ਦੇ ਨਾਲ ਹੀ ਉਸ ਨੇ ਕਿਹਾ ਸੀ ਕਿ ਇਸਲਾਮ ਵਿਚ ਧਰਮ ਖ਼ਿਲਾਫ਼ ਬੋਲਣ ਵਾਲਾ ਕਾਫ਼ਰ ਹੈ ਤੇ ਉਸ ਨੇ ਤਾਸੀਰ ਨੂੰ ਮਾਰ ਕੇ ਕੋਈ ਗ਼ਲਤੀ ਨਹੀਂ ਕੀਤੀ।


ਇਸ ਕੇਸ ਦੀ ਖ਼ਾਸੀਅਤ ਇਹ ਰਹੀ ਕਿ ਕਾਦਰੀ ਦੇ ਬਚਾਅ ਲਈ ਸੈਂਕੜੇ ਵਕੀਲਾਂ ਨੇ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ ਸੀ ਜਦਕਿ ਇਸਤਗਾਸਾ ਧਿਰ ਵੱਲੋਂ ਕੋਈ ਵੀ ਵਕੀਲ ਅੱਗੇ ਆਉਣ ਲਈ ਤਿਆਰ ਨਹੀਂ ਸੀ। ਇਸੇ ਕਰਕੇ ਕੇਸ ਕਈ ਹਫ਼ਤਿਆਂ ਤੱਕ ਬਗ਼ੈਰ ਸੁਣਵਾਈ ਤੋਂ ਲਟਕਿਆ ਰਿਹਾ। ਮੌਲਾਨਿਆਂ ਨੇ ਲੋਕਾਂ ਨੂੰ ਸਖ਼ਤੀ ਨਾਲ ਕਿਹਾ ਸੀ ਕਿ ਜਨਾਬ ਤਾਸੀਰ ਦੇ ਜਨਾਜ਼ੇ ਵਿਚ ਸ਼ਿਰਕਤ ਨਾ ਕਰਨ। ਜਿਹੜੇ ਕਾਜ਼ੀ ਨੇ ਉਨ੍ਹਾਂ ਦੀ ਨਮਾਜ਼-ਏ-ਜਨਾਜ਼ਾ ਪੜ੍ਹੀ ਸੀ, ਉਹ ਧਮਕੀ ਮਿਲਣ ਮਗਰੋਂ ਦੇਸ਼ ਹੀ ਛੱਡ ਗਿਆ।

ਅਦਾਲਤ ਵੱਲੋਂ ਸੁਣਾਈ ਇਸ ਸਜ਼ਾ ਬਾਰੇ ਜਿਵੇਂ ਹੀ ਕਾਦਰੀ ਦੇ ਸੈਂਕੜੇ ਸਮਰੱਥਕਾਂ ਨੂੰ ਪਤਾ ਲੱਗਿਆ, ਉਹ ਜੇਲ੍ਹ ਦੇ ਬਾਹਰ ਇਕੱਤਰ ਹੋ ਗਏ। ਉਨ੍ਹਾਂ ਦੇ ਹੱਥਾਂ ਵਿਚ ਝੰਡੇ, ਡੰਡੇ, ਪੋਸਟਰ, ਬੈਨਰ ਤੇ ਕਾਦਰੀ ਦੀਆਂ ਤਸਵੀਰਾਂ ਸਨ। ਉਨ੍ਹਾਂ ਨੇ ਫ਼ੈਸਲੇ ਖ਼ਿਲਾਫ਼ ਤੇ ਕਾਦਰੀ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ।ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਇਕ ਕਾਦਰੀ ਨੂੰ ਸਜ਼ਾ ਦੇ ਕੇ ਹਜ਼ਾਰ ਹੋਰ ਕਾਦਰੀ ਪੈਦਾ ਕਰ ਰਹੇ ਹੋ। ਕੱਟੜਪੰਥੀ ਸੁੰਨੀ ਤਹਿਰੀਕ ਦੇ ਮੈਂਬਰ ਵੀ ਪ੍ਰਦਰਸ਼ਨ ਵਿਚ ਸ਼ਾਮਲ ਸਨ।

# ਪਾਕਿਸਤਾਨ ਤੋਂ ਨਿਰਾਸ਼ ਕਰਜ਼ਈ ਨੇ ਭਾਰਤ ਵੱਲ ਹੱਥ ਵਧਾਇਆ

**ਨਵੀਂ ਦਿੱਲੀ:** ਪਾਕਿਸਤਾਨ ਦੇ ਰਵੱਈਏ ਤੇ ਹੱਕਾਨੀ ਨੈੱਟਵਰਕ ਨਾਲ ਗੰਢਤੁੱਪ ਕੀਤੇ ਜਾਣ ਤੋਂ ਮਾਯੂਸ ਹੋ ਕੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਭਾਰਤ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਮਨੋਰਥ ਤਹਿਤ ਭਾਰਤ ਵੱਲ ਹੱਥ ਵਧਾਇਆ ਹੈ।

ਸਾਬਕਾ ਰਾਸ਼ਟਰਪਤੀ ਬੁਹਰਾਨੂਦੀਨ ਰੱਬਾਨੀ ਦੇ ਕਤਲ ਤੋਂ ਬਾਅਦ ਉਥੇ ਅਮਨ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਧੱਕਾ ਵੱਜਿਆ ਹੈ। ਕੂਟਨੀਤਕ ਸੂਤਰਾਂ ਅਨੁਸਾਰ ਅਫਗਾਨ ਸਰਕਾਰ ਦਾ ਅਨੁਮਾਨ ਇਹ ਹੈ ਕਿ ਪਾਕਿਸਤਾਨ 'ਤੇ ਟੇਕ ਰੱਖਣੀ ਫਜ਼ੂਲ ਹੈ ਕਿਉਂਕਿ ਇਸ ਦੀ ਹੱਕਾਨੀ ਗਰੁੱਪ ਨਾਲ ਗੰਢ-ਤੁੱਪ ਹੈ। ਇਸ ਕਰਕੇ ਇਸ ਨੂੰ ਹੁਣ ਭਾਰਤ ਨਾਲ ਸਬੰਧ ਮਜ਼ਬੂਤ ਕਰਨ ਦੀ ਲੋੜ ਹੈ।



ਅਫਗਾਨ ਅਧਿਕਾਰੀਆਂ ਦਾ ਮੰਨਣਾ ਹੈ ਕਿ ਜਨਾਬ ਰੱਬਾਨੀ ਦੇ ਕਤਲ ਦੀਆਂ ਗੋਂਦਾਂ ਤਾਲਿਬਾਨ ਲੀਡਰਸ਼ਿਪ ਨੇ ਕੋਇਟਾ (ਪਾਕਿਸਤਾਨ) ਵਿਚ ਆਈ.ਐਸ.ਆਈ. ਨਾਲ ਮਿਲ ਕੇ ਗੁੰਦੀਆਂ ਸਨ।

ਅਫਗਾਨਿਸਤਾਨ ਵੱਲੋਂ ਇਕ ਪਾਸੇ ਪਾਕਿਸਤਾਨ ਨਾਲ ਆਪਣੇ ਸਬੰਧਾਂ 'ਤੇ ਮੁੜ ਵਿਚਾਰ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਜਨਾਬ ਕਰਜ਼ਈ ਹਾਲ ਹੀ ਵਿਚ ਆਖ ਚੁੱਕੇ ਹਨ ਕਿ ਦੇਸ਼ ਦਾ ਭਵਿੱਖ ਤੈਅ ਕਰਨ ਲਈ ਉਹ ਅਮਰੀਕਾ, ਯੂਰਪ ਤੇ ਭਾਰਤ ਨਾਲ ਨੇੜਿਓਂ ਮਿਲ ਕੇ ਚੱਲਣਗੇ।

# ਅਲ-ਕਾਇਦਾ ਦਾ ਚੋਟੀ ਦਾ ਆਗੂ ਅਵਲਾਕੀ ਹਲਾਕ

**ਦੁਬਈ:** ਅਰਬ ਖਿੱਤੇ ਵਿਚ ਅਲਕਾਇਦਾ ਦਾ ਚੋਟੀ ਦਾ ਅਤਿਵਾਦੀ ਅਨਵਰ ਅਲ-ਅਵਲਾਕੀ ਮਾਰਿਆ ਗਿਆ ਹੈ। ਇਹ ਐਲਾਨ ਯਮਨ ਦੇ ਰੱਖਿਆ ਮੰਤਰਾਲੇ ਨੇ ਕੀਤਾ। ਇਹ ਇਸ ਆਲਮੀ ਪੱਧਰ ਦੀ ਦਹਿਸ਼ਤਗਰਦ ਜਥੇਬੰਦੀ ਲਈ ਪਾਕਿਸਤਾਨ ਵਿਚ ਹੋਈ ਓਸਾਮਾ ਬਿਨ ਲਾਦਿਨ ਦੀ ਮੌਤ ਤੋਂ ਬਾਅਦ ਦੂਜਾ ਵੱਡਾ ਝਟਕਾ ਹੈ। ਅਮਰੀਕਾ ਵਿਚ ਜੰਮਿਆ ਇਹ ਅਤਿਵਾਦੀ ਸਰਗਣਾ ਬੀਤੇ ਸਮੇਂ ਤੋਂ ਯਮਨ ਵਿਚ ਛੁਪਿਆ ਹੋਇਆ ਸੀ।



ਇਸ ਬਾਰੇ ਯਮਨੀ ਰੱਖਿਆ ਮੰਤਰਾਲੇ ਦੇ ਬਿਆਨ ਵਿਚ ਸਿਰਫ ਇੰਨਾ ਹੀ ਦੱਸਿਆ ਗਿਆ ਹੈ ਕਿ ਉਹ ਆਪਣੇ 'ਕੁਝ ਸਾਥੀਆਂ ਸਮੇਤ' ਮਾਰਿਆ ਗਿਆ ਹੈ। ਬਿਆਨ ਵਿਚ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਉਂਜ ਮੀਡੀਆ ਰਿਪੋਰਟਾਂ ਨੇ ਕਬਾਇਲੀ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਉਹ ਮੁਲਕ ਦੇ ਪੂਰਬੀ ਮਾਰੀਬ ਸੂਬੇ ਵਿਚ ਹਵਾਈ ਹਮਲੇ ਦੌਰਾਨ ਮਾਰਿਆ ਗਿਆ। ਇਹ ਇਲਾਕਾ ਅਲ-ਕਾਇਦਾ ਦਾ ਗੜ੍ਹ ਹੈ। ਯਮਨੀ ਮੂਲ ਦਾ ਅਵਲਾਕੀ ਦਸੰਬਰ 2007 ਤੋਂ ਰੂਪੋਸ਼ ਸੀ। ਅਮਰੀਕਾ ਇਸ 40 ਸਾਲਾ ਦਹਿਸ਼ਤਗਰਦ ਨੂੰ ਮੁਲਕ ਦੀ ਸਲਾਮਤੀ ਲਈ ਸਭ ਤੋਂ ਵੱਡਾ ਖਤਰਾ ਮੰਨਦਾ ਸੀ। ਉਸ ਦਾ ਜਨਮ ਮੈਕਸੀਕੋ ਵਿਚ ਹੋਇਆ ਸੀ ਜੋ ਅੰਗਰੇਜ਼ੀ ਤੇ ਅਰਬੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ। ਮੱਧ ਪੂਰਬ ਵਿਚ ਆਉਣ ਤੋਂ ਪਹਿਲਾਂ ਉਹ ਅਮਰੀਕਾ ਵਿਚ ਵਰਜੀਨੀਆ ਵਿਚ ਇਕ ਮਸਜਿਦ 'ਚ ਧਰਮ ਪ੍ਰਚਾਰ ਕਰਦਾ ਸੀ।

## ਅਵਲਾਕੀ ਦੀ ਮੌਤ ਅਲ-ਕਾਇਦਾ ਲਈ ਵੱਡਾ ਝਟਕਾ: ਓਬਾਮਾ

**ਵਾਸ਼ਿੰਗਟਨ:** ਅਲ-ਕਾਇਦਾ ਦੇ ਚੋਟੀ ਦੇ ਰੂਹਾਨੀ ਆਗੂ ਅਨਵਰ ਅਲ-ਅਵਲਾਕੀ ਦੇ ਮਾਰੇ ਜਾਣ ਨੂੰ ਦਹਿਸ਼ਤਗਰਦ ਗਰੁੱਪ ਲਈ ਇਕ ਵੱਡਾ ਝਟਕਾ ਦੱਸਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਇਹ ਕਾਰਵਾਈ ਇਸ ਗਰੁੱਪ ਤੇ ਇਸ ਦੀਆਂ ਸਹਾਇਕ ਜਥੇਬੰਦੀਆਂ ਨੂੰ ਭਾਂਜ ਦੇਣ ਦੇ ਵਡੇਰੇ ਯਤਨਾਂ ਦੀ ਇਕ ਹੋਰ ਅਹਿਮ ਕੜੀ ਹੈ। ਅਮਰੀਕੀ ਫ਼ੌਜ ਦੇ ਮੁਖੀ ਐਡਮਿਰਲ ਮਾਈਕ ਮੁਲੇਨ ਦੇ ਵਿਦਾਇਗੀ ਸਮਾਰੋਹ ਵਿਚ ਸ਼ਿਰਕਤ ਕਰਦਿਆਂ ਓਬਾਮਾ ਨੇ ਕਿਹਾ ਕਿ"ਅਵਲਾਕੀ ਦੀ ਮੌਤ ਅਲ-ਕਾਇਦਾ ਦੀ ਸਭ ਤੋਂ ਵੱਧ ਸਰਗਰਮ ਜਥੇਬੰਦੀ ਲਈ ਵੱਡਾ ਝਟਕਾ ਹੈ। ਅਵਲਾਕੀ ਅਰਬ ਪ੍ਰਾਇਦੀਪ ਵਿੱਚ ਅਲ-ਕਾਇਦਾ ਦੇ ਬਾਹਰੀ ਅਪਰੇਸ਼ਨਾਂ ਦਾ ਮੋਹਰੀ ਸੀ। ਇਸ ਭੂਮਿਕਾ ਵਿਚ ਉਹ ਨਿਰਦੋਸ਼ ਅਮਰੀਕੀਆਂ ਦੇ ਕਤਲੇਆਮ ਦੀ ਯੋਜਨਾਬੰਦੀ ਤੇ ਨਿਰਦੇਸ਼ਨ ਵਿਚ ਮੋਹਰੀ ਸੀ। ਓਬਾਮਾ ਨੇ ਕਿਹਾ ਕਿ ਅਵਲਾਕੀ ਨੇ 2009 ਵਿਚ ਕ੍ਰਿਸਮਿਸ ਵਾਲੇ ਦਿਨ ਹਵਾਈ ਜਹਾਜ਼ ਨੂੰ ਤੇ 2010 ਵਿਚ ਅਮਰੀਕੀ ਮਾਲਵਾਹਕ ਜਹਾਜ਼ਾਂ ਨੂੰ ਉਡਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਸਨ। ਇਸ ਦੌਰਾਨ ਨਿਊਯਾਰਕ ਪੁਲਿਸ ਕਮਿਸ਼ਨਰ ਰੇਅਮੰਡ ਕੈਲੀ ਨੇ ਕਿਹਾ ਕਿ ਅਵਲਾਕੀ ਦੀ ਮੌਤ ਤੋਂ ਬਾਅਦ ਪੁਲਿਸ ਪੂਰੀ ਤਰ੍ਹਾਂ ਚੌਕੰਨੀ ਹੈ। ਅਮਰੀਕਾ ਵਿਚ ਅਵਲਾਕੀ ਦੇ ਪੈਰੋਕਾਰ ਰਹੇ ਹਨ ਤੇ ਕੋਈ ਜਣਾ ਉਸ ਦੀ ਮੌਤ ਦਾ ਬਦਲਾ ਲੈਣ ਦੀ ਕੋਸ਼ਿਸ਼ ਕਰ ਸਕਦਾ ਹੈ।






# ਅਲਵਿਦਾ ਭਾਅ ਜੀ ਗੁਰਸ਼ਰਨ ਸਿੰਘ...

*ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ (1929-2011) ਨੇ ਪੰਜਾਬ ਵਿਚ ਨਾਟਕ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ। ਉਹ ਇਨਕਲਾਬ ਦਾ ਸੁਨੇਹਾ ਆਪਣੇ ਨਾਟਕਾਂ ਨਾਲ ਲੈ ਕੇ ਪਿੰਡ ਪਿੰਡ ਗਏ। ਉਨ੍ਹਾਂ ਨੂੰ ਨਾਟਕ ਕਰਨ ਲਈ ਕਦੀ ਕਿਸੇ ਸਟੇਜ ਦੀ ਲੋੜ ਨਾ ਪਈ। ਉਹਦੇ ਕਲਾਕਾਰ ਗਲੀ-ਮੁਹੱਲੇ ਵਿਚ ਵੀ ਨਾਟਕ ਖੇਡ ਜਾਂਦੇ ਸਨ। ਅਸਲ ਵਿਚ ਮੁੱਖ ਮਕਸਦ ਲੋਕਾਂ ਤੱਕ ਸੁਨੇਹਾ ਪਹੁੰਚਾਉਣ ਦਾ ਸੀ ਅਤੇ ਉਹ ਇਸ ਦਾ ਸੌਖਾ ਢੰਗ ਲੱਭ ਲੈਂਦੇ ਸਨ।*

## ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਭੇਟ

### ■ 28 ਸਤੰਬਰ ਦਾ ਦਿਨ ਇਨਕਲਾਬੀ ਰੰਗਮੰਚ ਦਿਵਸ ਵਜੋਂ ਮਨਾਉਣ ਦਾ ਐਲਾਨ

**ਚੰਡੀਗੜ੍ਹ:** ਇਨਕਲਾਬੀ ਰੰਗਮੰਚ ਦੀ ਸ਼੍ਰੋਮਣੀ ਸ਼ਖਸੀਅਤ ਗੁਰਸ਼ਰਨ ਸਿੰਘ ਭਾਅ ਜੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਇੱਥੇ ਸੈਕਟਰ 34 ਵਿਚ 'ਪ੍ਰੇਰਨਾ ਦਿਵਸ' ਵਜੋਂ ਮਨਾਇਆ ਗਿਆ। ਸਮਾਗਮ ਵਿਚ ਕਾਮਰੇਡ ਅਮੋਲਕ ਸਿੰਘ ਨੇ ਗੁਰਸ਼ਰਨ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ ਵੱਲੋਂ ਤਿਆਰ ਕੀਤਾ ਅਹਿਦਨਾਮਾ ਪੜ੍ਹਿਆ ਗਿਆ ਜਿਸ ਵਿਚ ਹਰ ਸਾਲ 28 ਸਤੰਬਰ ਦਾ ਦਿਨ ਇਨਕਲਾਬੀ ਰੰਗਮੰਚ ਦਿਹਾੜੇ ਵਜੋਂ ਮਨਾਉਣ ਦਾ ਅਹਿਦ ਲਿਆ ਗਿਆ। ਇਹੀ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਹੈ ਤੇ ਭਾਅ ਜੀ ਦਾ ਵਿਦਾਇਗੀ ਦਿਨ ਹੈ। ਇਸ ਅਹਿਦਨਾਮੇ ਨੂੰ ਵੱਖ-ਵੱਖ ਥਾਵਾਂ ਤੋਂ ਵੱਡੀ ਗਿਣਤੀ ਵਿਚ ਪੁੱਜੇ ਗੁਰਸ਼ਰਨ ਸਿੰਘ ਦੇ ਪ੍ਰਸੰਸਕਾਂ ਤੇ ਸ਼ਰਧਾਲੂਆਂ ਨੇ ਭਰਵਾਂ ਹੁੰਗਾਰਾ ਦਿੱਤਾ।

ਸ਼ਰਧਾਂਜਲੀ ਸਮਾਗਮ ਵਿਚ ਗੁਰਸ਼ਰਨ ਸਿੰਘ ਦੇ ਜੀਜਾ ਪ੍ਰੋ. ਰਣਧੀਰ ਸਿੰਘ ਨੇ ਪੰਜਾਬ ਦੀਆਂ ਵੱਖ ਵੱਖ ਖੱਬੇ ਪਾਰਟੀਆਂ ਨੂੰ ਇਕਮੁੱਠ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਗੁਰਸ਼ਰਨ ਸਿੰਘ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਪੰਜਾਬ ਦੀਆਂ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਹਿਤੈਸ਼ੀ ਖੱਬੀਆਂ ਪਾਰਟੀਆਂ ਇਕਜੁੱਟ ਹੋ ਕੇ ਬਾਕੀ ਰਾਜਸੀ ਪਾਰਟੀਆਂ ਵਾਂਗ ਆਪਣੀ ਹੋਂਦ ਮੁੜ ਕਾਇਮ ਕਰਨ ਅਤੇ ਲੋਕ ਲਹਿਰ ਵਿਚ ਸਾਂਝੇ ਤੌਰ 'ਤੇ ਹਿੱਸਾ ਪਾਉਣ।

ਸਮਾਗਮ ਵਿਚ ਸਭ ਤੋਂ ਪਹਿਲਾਂ ਨਿਵੇਦਿਤਾ ਵੱਲੋਂ ਸ਼ਬਦ ਗਾਇਨ ਪੇਸ਼ ਕੀਤਾ ਗਿਆ। ਡਾ. ਸਾਹਿਬ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਅਤੇ ਰਾਮ ਸਵਰਨ ਲੱਖੇਵਾਲੀ ਨੇ ਵੱਖ-ਵੱਖ ਜਥੇਬੰਦੀਆਂ ਦੇ ਆਏ ਸੋਗ ਸੰਦੇਸ਼ ਪੜ੍ਹ ਕੇ ਸੁਣਾਏ। ਗੁਰਸ਼ਰਨ ਭਾਅ ਦੀ ਪੁੱਤਰੀ ਡਾ. ਅਰੀਤ ਨੇ ਉਨ੍ਹਾਂ ਦੇ ਪਰਿਵਾਰਕ ਜੀਵਨ ਦਾ ਖੁਲਾਸਾ ਜਜ਼ਬਾਤੀ ਢੰਗ ਨਾਲ ਕੀਤਾ ਅਤੇ ਕਿਹਾ ਕਿ ਉਹ ਬਹੁਤ ਸਪਸ਼ਟ ਇਨਸਾਨ ਸਨ। ਡਾ. ਅਰੀਤ ਸਿੰਘ ਨੇ ਕਿਹਾ ਕਿ ਗੁਰਸ਼ਰਨ ਸਿੰਘ ਦੀ ਸੋਚ ਨੂੰ ਪਰਨਾਉਣ ਵਾਲਾ ਹਰ ਨੌਜਵਾਨ ਉਨ੍ਹਾਂ ਦੀ ਔਲਾਦ ਵਾਂਗ ਹੈ।

ਕੇਵਲ ਧਾਲੀਵਾਲ, ਡਾ. ਦਲਬੀਰ ਕੌਰ, ਡਾ. ਅਨੂਪ ਵਿਰਕ, ਡਾ. ਸੁਖਦੇਵ ਸਿਰਸਾ, ਇੰਦਰਜੀਤ, ਅਜਮੇਰ ਔਲਖ, ਡਾ. ਜੋਗਿੰਦਰ ਦਿਆਲ, ਦਰਸ਼ਨ ਖਟਕੜ, ਗੌਤਮ ਨਵਲੱਖਾ (ਦਿੱਲੀ), ਕੰਵਲਜੀਤ ਖੰਨਾ, ਜਸਪਾਲ ਜੱਸੀ, ਪੂਨਮ ਪ੍ਰੀਤ ਲੜੀ, ਪ੍ਰੋ. ਜਗਮੋਹਨ ਸਿੰਘ ( ਸ਼ਹੀਦ ਭਗਤ ਸਿੰਘ ਦਾ ਭਾਣਜਾ), ਡਾ. ਪਰਮਿੰਦਰ ਸਿੰਘ, ਪਰਣਯ ਰਾਏ (ਦਿੱਲੀ), ਸ਼ਬਦੀਸ਼, ਪ੍ਰੋ. ਕੰਵਲਜੀਤ ਢਿੱਲੋਂ, ਐਸ.ਏ.ਆਰ. ਜੀਲਾਨੀ (ਦਿੱਲੀ) ਆਦਿ ਨੇ ਗੁਰਸ਼ਰਨ ਭਾਅ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਅਨੀਤਾ ਸ਼ਬਦੀਸ਼ ਨੇ ਪਰਿਵਾਰ ਵੱਲੋਂ ਸਭ ਦਾ ਧੰਨਵਾਦ ਕੀਤਾ।

ਅਖੀਰ ਵਿਚ ਵੱਖ ਵੱਖ ਰੰਗ ਮੰਚ ਕਲਾਕਾਰਾਂ ਵੱਲੋਂ ਇਕ ਇਨਕਲਾਬੀ ਸਮੂਹ ਗੀਤ 'ਮਸ਼ਾਲਾਂ ਬਾਲ ਕੇ ਰੱਖਣਾ ਅਜੇ ਰਾਤ ਬਾਕੀ ਹੈ' ਪੇਸ਼ ਕੀਤਾ ਗਿਆ। ਇਸ ਦ੍ਰਿਸ਼ ਨੇ ਪੰਡਾਲ ਵਿਚ ਹਾਜ਼ਰ ਲੋਕਾਂ ਨੂੰ ਇਕ ਵਾਰ ਤਾਂ ਬੇਹੱਦ ਭਾਵੁਕ ਕਰ ਦਿੱਤਾ। ਪੰਡਾਲ ਵਿਚ ਗੁਰਸ਼ਰਨ ਸਿੰਘ ਭਾਅ ਜੀ ਅਮਰ ਰਹੇ ਦੇ ਨਾਅਰੇ ਗੂੰਜਦੇ ਰਹੇ।



*ਚੰਡੀਗੜ੍ਹ ਵਿਖੇ ਗੁਰਸ਼ਰਨ ਸਿੰਘ ਸ਼ਰਧਾਂਜਲੀ ਸਮਾਗਮ 'ਚ ਸ਼ਾਮਲ ਲੋਕ।*

## ਜਦੋਂ ਜਜ਼ਬਾਤ ਉਬਾਲਾ ਮਾਰਦੇ ਸਨ...

■ ਪ੍ਰੇਮ ਗੋਰਖੀ

ਮੈਂ ਕਹਾਣੀ ਲਿਖਣ ਵੱਲ ਅਜੇ ਪਹਿਲਾ ਕਦਮ ਹੀ ਪੁੱਟਿਆ ਸੀ ਕਿ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਨਾਲ ਮੇਲ ਹੋ ਗਿਆ। ਮੈਨੂੰ ਮੁਖਤਾਰ ਗਿਲ ਭਾਅ ਜੀ ਦੇ ਦਫ਼ਤਰ ਲੈ ਕੇ ਗਿਆ। ਬੜੇ ਮੋਹ ਤੇ ਅਪਣੱਤ ਨਾਲ ਭਾਅ ਜੀ ਮਿਲੇ। ਆਪਣੇ ਦਫ਼ਤਰ ਵਿਚ ਵੱਡਾ ਅਫ਼ਸਰ ਪਰ ਕੋਈ ਬੋ-ਮਿਜਾਜ਼ ਨਹੀਂ। ਫਿਰ ਦਫ਼ਤਰ ਤੋਂ ਥੋੜ੍ਹੀ ਜਿਹੀ ਵਿੱਥ ਉਪਰ ਘਰ...ਘਰ ਵਿਚ ਭਾਅ ਜੀ ਦੀ ਪਤਨੀ ਅਤੇ ਛੋਟੀਆਂ-ਛੋਟੀਆਂ ਦੋ ਧੀਆਂ। ਮੈਂ ਕਈ ਵਾਰ ਭਾਅ ਜੀ ਦੇ ਖੇਡੇ ਜਾਣ ਵਾਲੇ ਨਾਟਕ ਦੇਖਣ ਲਈ ਹੀ ਜਲੰਧਰ ਤੋਂ ਅੰਮ੍ਰਿਤਸਰ ਨੂੰ ਚਲੇ ਜਾਂਦਾ। ਨਾਟਕ ਦੇਖ ਕੇ ਅਸੀਂ ਰਾਤ ਡਾਕਟਰੀ ਦੀ ਪੜ੍ਹਾਈ ਕਰਦੇ ਡਾਕਟਰ ਰਵਿੰਦਰ ਹੋਰਾਂ ਕੋਲ ਰਹਿ ਜਾਂਦੇ। ਇਨ੍ਹਾਂ ਨਾਟਕਾਂ ਨੇ ਹੀ ਮੈਨੂੰ ਲੋਕ ਨਾਥ ਨਾਲ ਮਿਲਾਇਆ ਜਿਹੜਾ ਭਾਅ ਜੀ ਦੇ ਨਾਟਕਾਂ ਦਾ ਬੜਾ ਅਹਿਮ ਐਕਟਰ ਹੁੰਦਾ ਸੀ।

ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ 'ਮਿੱਟੀ ਰੰਗੇ ਲੋਕ' ਭਾਅ ਜੀ ਨੇ ਛਾਪੀ ਜਿਹਦਾ ਖਰੜਾ ਮੇਰੇ ਵੱਲੋਂ ਅਮਰਜੀਤ ਚੰਦਨ ਲੈ ਗਿਆ ਸੀ।

ਬਲਰਾਜ ਸਾਹਨੀ ਪੁਸਤਕ ਲੜੀ ਛਾਪਣ ਦਾ ਕੰਮ ਜਦੋਂ ਭਾਅ ਜੀ ਨੇ ਸ਼ੁਰੂ ਕੀਤਾ ਤਾਂ ਮੈਂ ਭਾਅ ਜੀ ਅੱਗੇ ਉਨ੍ਹਾਂ ਦੀਆਂ ਕਿਤਾਬਾਂ ਵੇਚਣ ਦਾ ਪ੍ਰਸਤਾਵ ਰੱਖਿਆ। ਮੇਰੀ ਦਿਲੀ ਇੱਛਾ ਸੀ ਕਿ ਮੈਂ ਭਾਅ ਜੀ ਲਈ ਕੋਈ ਕੰਮ ਕਰਾਂ। ਮੈਂ ਨਾਟਕ ਵੀ ਖੇਡ ਸਕਦਾ ਸੀ ਪਰ ਉਹਦੇ ਨਾਲ ਮੇਰੀ ਕਹਾਣੀ 'ਤੇ ਅਸਰ ਪੈਣਾ ਸੀ। ਬੱਸ, ਇਹੋ ਕੰਮ ਬਚਦਾ ਸੀ ਕਿ ਮੈਂ ਭਾਅ ਜੀ ਵੱਲੋਂ ਛਾਪੀਆਂ ਜਾਂਦੀਆਂ ਕਿਤਾਬਾਂ ਪਾਠਕਾਂ ਤਕ ਪੁਚਾਵਾਂ। ਮੇਰੇ ਲਈ ਇਹ ਕੰਮ ਕਰਨਾ ਇਸ ਲਈ ਬਹੁਤ ਜ਼ਰੂਰੀ ਹੋ ਗਿਆ ਸੀ ਕਿਉਂਕਿ ਭਾਅ ਜੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਮੈਂ ਪੁਲਿਸ ਵੱਲੋਂ ਭਾਅ ਜੀ ਨੂੰ ਗ੍ਰਿਫ਼ਤਾਰ ਕਰਨ ਬਾਰੇ ਸੁਣ ਕੇ ਡਰ ਗਿਆ ਤੇ ਅੰਮ੍ਰਿਤਸਰ ਕੁਝ ਚਿਰ ਗਿਆ ਹੀ ਨਾ। ਉਸ ਦਾ ਕਾਰਨ ਸੀ ਕਿ ਮੈਂ ਲੰਮਾ ਸਮਾਂ ਪੁਲਿਸ ਦੀ ਮਾਰ ਝੱਲ ਕੇ ਮਸੀਂ-ਮਸੀਂ ਪੈਰਾਂ ਸਿਰ ਹੋਣ ਲੱਗਾ ਸੀ। ਜਿੰਨਾ ਚਿਰ ਮੈਂ ਜਲੰਧਰ ਰਿਹਾ, ਮੈਂ ਅੰਮ੍ਰਿਤਸਰ ਗੇੜਾ ਮਾਰਦਾ ਰਿਹਾ।

ਭਾਅ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਹ ਜੇਲ੍ਹ ਵਿਚ ਰਹੇ, ਫਿਰ ਰਿਹਾਅ ਹੋ ਕੇ ਆ ਗਏ। ਉਨ੍ਹਾਂ ਨੌਕਰੀ ਛੱਡ ਦਿੱਤੀ। ਫਿਰ ਉਹ ਚੰਡੀਗੜ੍ਹ ਆ ਕੇ ਵਸ ਗਏ। ਉਨ੍ਹਾਂ ਨੇ ਧੀਆਂ ਵਿਆਹ ਦਿੱਤੀਆਂ। ਉਹ ਆਪਣੀ ਨਾਟਕ ਮੰਡਲੀ ਨੂੰ ਲੈ ਕੇ ਪੰਜਾਬ ਵੱਲ ਨਾਟਕ ਖੇਡਣ ਤੁਰੇ ਰਹਿੰਦੇ, ਕਦੇ ਬਠਿੰਡੇ ਕੋਲ ਕਿਸੇ ਪਿੰਡ ਵੱਲ, ਕਦੇ ਫਰੀਦਕੋਟ, ਕਦੇ ਮੋਗੇ, ਕਦੇ ਬਟਾਲੇ ਲਾਗੇ, ਕਦੇ ਪਠਾਨਕੋਟ, ਕਦੇ ਹੁਸ਼ਿਆਰਪੁਰ ਤੇ ਕਦੇ ਜਲੰਧਰ ਨੇੜਲੇ ਪਿੰਡਾਂ ਵਿਚ। ਭਾਅ ਜੀ ਨੇ ਆਪਣੇ ਸਾਰੇ ਨਾਟਕਾਂ ਦੇ ਸ਼ੋਅ ਸੈਂਕੜੇ-ਹਜ਼ਾਰਾਂ ਵਾਰ ਕੀਤੇ ਹੋਣਗੇ ਪਰ ਸਾਡੇ ਪੇਂਡੂ ਦਰਸ਼ਕਾਂ ਦਾ ਨਾ ਢਿੱਡ ਭਰਦਾ ਤੇ ਨਾ ਮਨ ਹੀ ਅੱਕਦਾ। ਅਸਲ ਵਿਚ ਇਸ ਦੇ ਪਿੱਛੇ ਇਕ ਹੋਰ ਕਾਰਨ ਸੀ ਜਿਹਨੂੰ ਦਰਸ਼ਕ ਵਾਰ-ਵਾਰ ਮਾਨਣਾ ਚਾਹੁੰਦਾ, ਦੇਖਣਾ ਤੇ ਸੁਨਣਾ ਚਾਹੁੰਦੇ ਸਨ-ਉਹ ਸੀ ਨਾਟਕ ਦੇ ਅਰੰਭ ਵਿਚ, ਵਿਚਾਲੇ ਜਿਹੇ ਤੇ ਬਹੁਤੀ ਵਾਰ ਅੰਤ 'ਤੇ। ਆਮ ਤੌਰ 'ਤੇ ਭਾਅ ਜੀ ਨਾਟਕ ਦੇ ਪਾਤਰ ਦੀ ਮਨੋ ਭਾਵਨਾ ਨੂੰ ਦਰਸਾਉਂਦੇ ਹੋਏ ਦੋ ਸ਼ਬਦ ਬੋਲਣ ਲੱਗਦੇ...ਦੋ ਸ਼ਬਦਾਂ ਨੂੰ ਟੱਪ ਕੇ ਚਾਰ, ਫਿਰ ਛੇ ਅਤੇ ਭਾਅ ਜੀ

(ਬਾਕੀ ਸਫਾ 27 'ਤੇ)

## ਭਾਅ ਜੀ, ਮੈਂ ਤਕੜੇ ਰਹਿਣ ਦਾ ਯਤਨ ਕਰਾਂਗੀ...

■ ਦਵੀ ਦਵਿੰਦਰ ਕੌਰ

27 ਸਤੰਬਰ। ਰਾਤੀਂ ਦੂਜੇ ਐਡੀਸ਼ਨ ਲਈ ਮੇਰੀ ਡਿਊਟੀ ਸੀ। ਰਾਤ ਦੇ ਸਾਢੇ ਗਿਆਰਾਂ ਹੋ ਰਹੇ ਸਨ, ਡਿਊਟੀ ਮੁੱਕ ਰਹੀ ਸੀ। ਸਫ਼ੇ ਬਣਾਉਂਦਿਆਂ ਤੇ ਰੂਮ ਵਿਚ ਪੁੱਜਦਿਆਂ ਪੈੱਨ, ਐਨਕਾਂ ਤੇ ਹੋਰ ਨਿੱਕ-ਸੁੱਕ ਸਾਂਭਦਿਆਂ 12 ਵੱਜ ਗਏ। ਮੈਨੂੰ ਘਰ ਜਾਣ ਦੀ ਤਰਲੋਮੱਛੀ ਲੱਗੀ ਹੋਈ ਸੀ ਤੇ ਮੇਰੀ ਸੁਤਾਅ ਵਾਰ-ਘਰ ਵਿਚ ਉਡੀਕ ਰਹੇ ਇਕੱਲੇ ਪੁੱਤਰ ਵੱਲ ਜਾ ਰਹੀ ਸੀ। ਨਿਊਜ਼ ਐਡੀਟਰ ਨਾਲ ਕੋਈ ਗੱਲ ਕਰਦਿਆਂ ਮੇਰੇ ਫੋਨ ਦੀ ਘੰਟੀ ਵੱਜੀ ਤੇ ਉਸ ਵੇਲੇ ਸ਼ਬਦੀਸ਼ ਦਾ ਫੋਨ ਦੇਖ ਕੇ ਮੈਨੂੰ ਹੈਰਾਨੀ ਹੋਈ। ਉਹ ਕਹਿ ਰਿਹਾ ਸੀ, "ਦੀਦੀ, ਭਾਜੀ ਗੁਰਸ਼ਰਨ ਦੇ ਘਰੋਂ ਬੋਲ ਰਿਹਾਂ।...ਦੀਦੀ, ਭਾਅ ਜੀ ਚਲੇ ਗਏ...।" ਮੇਰਾ ਹੁੰਗਾਰਾ 'ਹੈਂਅ' ਸੀ। ਫਿਰ ਫੌਰੀ 'ਧੀ ਦੇ ਨਾਲ-ਨਾਲ ਪੱਤਰਕਾਰੀ' ਵੀ ਜਾਗ ਪਈ ਤੇ 'ਕਦੋਂ', 'ਭਾਅ ਜੀ ਦੀ ਉਮਰ ਕਿੰਨੀ ਹੋ ਗਈ ਸੀ', 'ਕਿਵੇਂ ਹੋਇਆ...' ਜਿਹੇ ਕਈ ਸੁਆਲ ਮੈਂ ਇਕੋ ਸਾਹ ਕਰ ਦਿੱਤੇ। ਨਿਊਜ਼ ਐਡੀਟਰ ਨੂੰ ਵੀ ਭਾਅ ਜੀ ਦੇ ਜਾਣ ਦਾ ਇਲਮ ਹੋ ਗਿਆ। ਉਹ ਵੀ ਫੌਰੀ ਪਹਿਲੇ ਸਫ਼ੇ ਤੋਂ ਕੋਈ ਖ਼ਬਰ ਬਦਲਣ ਦੀ ਤਿਆਰੀ ਵਿਚ ਧਿਆਨ ਮਗਨ ਸਨ। ਘਰਾਂ ਨੂੰ ਜਾਣ ਦੀ ਤਿਆਰੀ ਕਰ ਰਹੇ ਅਸੀਂ ਥੱਕੇ ਅਲਸਾਏ ਜਿਹੇ ਇਕਦਮ ਚੌਕਸ ਹੋ ਗਏ ਸਾਂ। ਮੇਰਾ ਧਿਆਨ ਹੁਣ ਘਰੋਂ ਮੁੜ ਕੇ ਭਾਅ ਜੀ ਤੇ ਫਿਰ ਵਾਰ-ਵਾਰ ਸਰਵਮੀਤ ਤੇ ਉਹ ਦੀ ਚਰਚਿਤ ਕਹਾਣੀ 'ਕਲਾਣ' ਵੱਲ ਜਾ ਰਿਹਾ ਸੀ। ਖ਼ੈਰ! ਖ਼ਬਰ ਵਾਲਾ ਕੰਮ ਨਿਬੇੜ ਕੇ ਮੈਂ ਨਿਊਜ਼ ਰੂਮ ਵਿਚੋਂ ਬਾਹਰ ਹੁੰਦੀ 'ਨਿੱਜੀ' ਦੁਨੀਆਂ ਵਿੱਚ ਦਾਖ਼ਲ ਹੋਣ ਲੱਗੀ। ਦਫ਼ਤਰ ਦੇ ਵਿਹੜਿਓਂ ਬਾਹਰ ਹੁੰਦਿਆਂ ਤਕ ਮੇਰਾ ਸਰਵਮੀਤ ਨਾਲ ਸੰਵਾਦ ਸ਼ੁਰੂ ਹੋ ਜਾਂਦਾ ਹੈ। ਸਵਾ ਪੰਜ ਸਾਲ ਪਹਿਲਾਂ ਰੁਖ਼ਸਤ ਹੋ ਚੁੱਕੇ ਸਰਵਮੀਤ ਨੂੰ 'ਹੈ' ਤੋਂ 'ਸੀ' ਕਹਿਣਾ ਮੇਰੇ ਲਈ ਬਹੁਤ ਔਖਾ ਹੈ। ਮੈਨੂੰ ਜ਼ਿੰਦਗੀ ਦੀਆਂ ਸਭ ਦੁਸ਼ਵਾਰੀਆਂ, ਮਾਇਕ ਥੁੜਾਂ ਤੇ ਔਖਾਂ ਤੇ ਸਰਵਮੀਤ ਦੀਆਂ ਯੋਜਨਾਵਾਂ ਦੀਆਂ ਗੱਲਾਂ ਚੇਤੇ ਆਉਣ ਲੱਗ ਪੈਂਦੀਆਂ ਹਨ।

ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਨੂੰ ਮੈਂ ਬਹੁਤਾ ਨਹੀਂ ਮਿਲੀ ਸੀ। ਮੈਂ ਉਨ੍ਹਾਂ ਨੂੰ ਟੀ.ਵੀ., ਰੰਗਮੰਚ ਰਾਹੀਂ ਹੀ ਜਾਣਿਆ ਸੀ ਤੇ ਆਦਰਸ਼ਾਂ ਵਿਚ ਸ਼ੁਮਾਰ ਕੀਤਾ ਸੀ। ਉਨ੍ਹਾਂ ਨੇ ਸਰਵਮੀਤ ਦੀ ਕਹਾਣੀ 'ਕਲਾਣਕ ਨੂੰ 'ਨਵਾਂ ਜਨਮ' ਨਾਟਕ ਦੇ ਰੂਪ ਵਿੱਚ ਪੰਜਾਬ ਦੇ ਪਿੰਡ-ਪਿੰਡ ਤੇ ਸੱਥ-ਸੱਥ ਵਿਚ ਪਹੁੰਚਾਇਆ ਸੀ। ਵਿਦੇਸ਼ਾਂ ਵਿਚ ਇਸ ਨਾਟਕ ਦੇ ਪਤਾ ਨਹੀਂ ਕਿੰਨੇ ਸ਼ੋਅ ਹੋਏ? ਪਹਿਲੀ ਵਾਰ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਭਾਅ ਜੀ ਦੀ ਟੀਮ ਵੱਲੋਂ ਖੇਡਿਆ ਇਹ ਨਾਟਕ ਦੇਖਣ ਮਗਰੋਂ ਮੈਂ ਆਪਣੇ ਸਾਲ ਕੁ ਦੇ ਪੁੱਤਰ ਅਨਹਦ ਨੂੰ ਢਾਕ 'ਤੇ ਚੁੱਕ ਕੇ ਸਟੇਜ 'ਤੇ ਹੀ ਭਾਅ ਜੀ ਨੂੰ ਮਿਲਣ ਤੁਰ ਪਈ ਸੀ। ਸਰਵਮੀਤ ਦੀ ਪਤਨੀ ਵਜੋਂ ਉਨ੍ਹਾਂ ਨੂੰ ਆਪਣੇ ਬਾਰੇ ਦੱਸਿਆ। ਉਨ੍ਹਾਂ ਨੇ ਬੜੇ ਖ਼ਲੂਸ ਨਾਲ ਮੇਰਾ ਸਿਰ ਪਲੋਸਿਆ। ਮੇਰੇ ਲਈ ਸਰਵਮੀਤ ਦੀ ਕਹਾਣੀ 'ਤੇ ਆਧਾਰਤ ਨਾਟਕ ਦੇਖਣਾ, ਭਾਅ ਜੀ ਨੂੰ ਮਿਲਣਾ ਉਸ ਦੇ ਹੋਰ ਨੇੜੇ ਹੋਣ ਦਾ ਉਪਰਾਲਾ ਸੀ।

ਭਾਅ ਜੀ ਨੂੰ ਸਰਵਮੀਤ ਤੋਂ ਬੜੀਆਂ ਆਸਾਂ ਸਨ। ਕਮਾਲ ਦੀ ਭਾਸ਼ਾ ਲਿਖ ਸਕਣ ਦੇ ਸਮਰੱਥ ਤੇ ਸਿਰਜਣਸ਼ੀਲ ਸਰਵਮੀਤ ਨੂੰ ਉਨ੍ਹਾਂ ਨੇ ਵੱਡੇ ਹੁੰਦਿਆਂ, ਕਹਾਣੀਕਾਰ ਤੇ ਕਾਬਲ ਪੱਤਰਕਾਰ ਬਣਦਿਆਂ ਦੇਖਿਆ ਮਾਣਿਆ ਸੀ। ਉਨ੍ਹਾਂ ਵੱਲੋਂ ਸਥਾਪਤ ਬਲਰਾਜ ਸਾਹਨੀ ਪ੍ਰਕਾਸ਼ਨ ਨੇ ਹੀ ਸਰਵਮੀਤ ਦੀ ਕਿਤਾਬ 'ਤਰਲੋਮੱਛੀ ਕਾਇਨਾਤ' ਪ੍ਰਕਾਸ਼ਿਤ ਕੀਤੀ ਸੀ। ਮਿੰਨੀ ਮਹਾਂਨਗਰੀ ਚੰਡੀਗੜ੍ਹ ਆ ਕੇ ਭਾਅ ਜੀ ਦੇ ਲਾਡਲੇ ਇਸ ਜ਼ਹੀਨ ਕਹਾਣੀਕਾਰ ਪੱਤਰਕਾਰ ਦੀ ਨਾਬਰੀ ਕਿਵੇਂ ਪ੍ਰਤੱਖ ਰੂਪ ਵਿਚ ਕੇਵਲ ਸ਼ਰਾਬੀ ਬੁਲਬੁਲੀ ਅਤੇ ਨੰਗੀਆਂ ਗਾਲ੍ਹਾਂ ਬਣ ਕੇ ਰਹਿ ਗਈ, ਇਸ ਗੱਲੋਂ ਉਹ ਨਿਰਾਸ਼ ਸਨ, ਤਾਂ ਹੀ ਤਾਂ ਸਰਵਮੀਤ ਦੇ ਭੋਗ 'ਤੇ ਉਹ ਗੁਰਦੁਆਰਾ ਸਾਹਿਬ ਦੇ ਬਾਹਰ ਬੈਠੇ ਨਿਰਾਸ਼ਾ ਵਿਚ ਹੱਥ ਮਾਰ ਰਹੇ ਸਨ, ਸਿਰ ਫੇਰ ਰਹੇ ਸਨ।


ਭਾਅ ਜੀ, ਨਾਲ ਅਕਸਰ ਵੱਖ-ਵੱਖ ਥਾਈਂ ਮੇਲ ਹੁੰਦਾ ਰਹਿੰਦਾ। ਸਮਾਂ ਅਕਸਰ ਹੀ ਮੇਰੇ 'ਤੇ ਕਹਿਰਵਾਨ ਰਿਹਾ। ਜਦੋਂ ਕਦੇ ਅੱਕ ਜਾਂਦੀ ਤਾਂ ਜੀਅ ਕਰਦਾ ਕਿ ਭਾਅ ਜੀ ਕੋਲ ਜਾ ਕੇ ਆਪਣੀ ਵੇਦਨਾ ਦੱਸਾਂ ਕਿ ਕਿਵੇਂ ਮੇਰੇ ਭਰੋਸੇ ਨੂੰ ਠੱਗਿਆ ਗਿਆ। ਇਕ ਦਿਨ ਕਿਸੇ ਘਰੇਲੂ ਸਮਾਗਮ ਵਿਚ ਕੁਰਸੀ 'ਤੇ ਬੈਠੇ ਭਾਅ ਜੀ ਨੇ ਕੁਝ ਇਸ ਤਰ੍ਹਾਂ ਹਾਲ ਪੁੱਛਿਆ ਸੀ ਕਿ ਮੈਂ ਉਨ੍ਹਾਂ ਦੇ ਗੋਡਿਆਂ 'ਤੇ ਸਿਰ ਧਰ ਕੇ ਰੋ ਪਈ ਸੀ। ਉਨ੍ਹਾਂ ਸਿਰ 'ਤੇ ਹੱਥ ਧਰ ਕੇ ਕਿਹਾ ਸੀ, "ਦਵੀ ਧੀਏ ਤਕੜੀ ਹੋ ਜਾ...।" ਮੈਨੂੰ ਉਦੋਂ ਹੀ ਪਤਾ ਲੱਗਿਆ ਸੀ ਕਿ ਮੇਰੀ ਹੋਣੀ ਬਾਰੇ ਉਨ੍ਹਾਂ ਨੂੰ ਸਾਰਾ ਇਲਮ ਸੀ। ਆਖ਼ਰ ਇਕ ਅਹਿਸਾਸਮੰਦ ਬਾਬਲ ਧੀਆਂ ਦੀ ਵੇਦਨਾ ਕਿਵੇਂ ਨਾ ਸਮਝਦਾ?

ਰਾਤੀਂ ਦੇਰ ਨਾਲ ਸਰਵਮੀਤ ਦੀ ਮਿੱਤਰ ਮੰਡਲੀ 'ਵੱਡੀਆਂ ਗੱਡੀਆਂ' ਵਿਚ ਉਹਨੂੰ ਬੂਹੇ ਅੱਗੇ ਲਾਹ ਜਾਂਦੀ। ਕਦੇ-ਕਦੇ ਕੋਈ ਸ਼ਰਾਬੀ ਮਸ਼ਕਰੀ ਸੁਣਾਈ ਦਿੰਦੀ, "ਯਾਰ, ਸੁਣਿਐ ਮਲਵੈਣ ਬੜੀ ਡਾਢੀ ਐ-ਝੱਟ ਲੜ ਪੈਂਦੀ ਐ...।"

ਇਸੇ ਕਰਕੇ ਇੱਕ ਵਾਰ ਮੈਂ ਤਪੀ ਹੋਈ ਨੇ ਇਕ ਭਰੀ ਹੋਈ ਸਭਾ ਵਿਚ ਭਾਅ ਜੀ ਅਤੇ ਸੁਰਿੰਦਰ ਧੰਜਲ ਨੂੰ ਸੁਆਲ ਕੀਤਾ ਸੀ ਕਿ ਸਾਹਿਤਕ ਸਮਾਗਮਾਂ ਵਿਚ ਵੀ ਸੁਖਨਵਰਾਂ ਵੱਲੋਂ ਹਰ ਗੱਲ ਵਿਚ ਮਾਵਾਂ-ਭੈਣਾਂ ਕਿਉਂ ਪੁਣੀਆਂ ਜਾਂਦੀਆਂ ਹਨ? ਕਿਉਂ ਇਹ ਸਮਾਗਮ ਅੰਤ ਵਿਚ ਦਾਰੂ ਦੇ ਦੌਰ ਵਿਚ ਖਿੱਲਰ ਜਾਂਦੇ ਹਨ? ਉਸ ਦਿਨ ਵੀ ਭਾਅ ਜੀ ਨੇ ਤਕੜੇ ਹੋਣ ਦੀ ਤਾਕੀਦ ਕੀਤੀ ਸੀ, ਤੇ ਫਿਰ ਮਗਰੋਂ ਸਿਰ 'ਤੇ ਹੱਥ ਧਰ ਕੇ ਅਜਿਹੇ ਨਿੱਕੇ-ਮੋਟੇ ਮਾਨਸਿਕ ਤੌਰ 'ਤੇ ਗ਼ਰੀਬ ਲੋਕਾਂ ਦੀ ਪਰਵਾਹ ਨਾ ਕਰਨ ਦੀ ਨਸੀਹਤ ਦਿੱਤੀ ਸੀ।

ਸ਼ਬਦੀਸ਼ ਦਾ ਫੋਨ ਮੈਨੂੰ 27-28 ਸਤੰਬਰ ਦੀ ਰਾਤ ਦੇ 12.03 ਵਜੇ ਆਇਆ। ਭਾਅ ਜੀ, ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਦੇ ਆਗਾਜ਼ ਤੋਂ ਅੱਧਾ ਘੰਟਾ ਪਹਿਲਾਂ ਤੁਰ ਗਏ। ਦਲੇਰ ਤੇ ਜ਼ਿੰਦਗੀ ਦੇ ਆਸ਼ਕ ਲੋਕਾਂ ਦੇ ਦਿਨ ਤਿੱਥ ਨਾਲੋ-ਨਾਲ ਨਿਭੇ।

ਮੈਂ ਘਰ ਪੁੱਜ ਗਈ ਹਾਂ। ਘੜੀ ਦੀਆਂ ਸੂਈਆਂ ਕਦੋਂ ਦੀਆਂ ਸਾਢੇ ਬਾਰਾਂ ਪਾਰ ਕਰ ਚੁੱਕੀਆਂ ਹਨ। ਮੇਰਾ ਬੱਚਾ ਮਾਂ ਨੂੰ ਉਡੀਕਦਾ ਸੌਂ ਗਿਆ। ਮੇਰਾ ਮਨ ਡੋਲ ਰਿਹਾ ਸੀ। ਮੈਂ ਹਨੇਰੇ ਕਮਰੇ ਵਿਚ ਇਕੱਲੀ ਖੜ੍ਹੀ ਸੀ। ਇਕ ਵਾਰ ਫਿਰ ਤੜਫ਼ ਕੇ ਸਰਵਮੀਤ ਨੂੰ ਮੁਖ਼ਾਤਿਬ ਹੋਈ..."ਪਾਸ਼, ਭਗਤ ਸਿੰਘ, ਚੀ ਗੁਵੇਰਾ ਤੇ ਗੁਰੂ ਗੋਬਿੰਦ ਸਿੰਘ ਜਿਹਿਆਂ ਦੀਆਂ ਗੱਲਾਂ ਦਾਰੂ ਨਾਲ ਡੱਕ ਕੇ ਨਹੀਂ ਕੀਤੀਆਂ ਜਾ ਸਕਦੀਆਂ। ਇਹ ਨਾਬਰੀ ਨਹੀਂ। ਇਹਦੇ ਲਈ ਤਾਂ ਅੰਦਰਲੀ ਖ਼ੁਮਾਰੀ ਤੇ ਸਦਾ ਜਾਗਣ ਦੀ ਲੋੜ ਹੁੰਦੀ ਹੈ। ਬਾਹਰਲੇ ਨਸ਼ਿਆਂ ਦੀ ਲੋੜ ਤਾਂ ਨਕਲੀ ਲੋਕਾਂ ਨੂੰ ਪੈਂਦੀ ਹੈ। ਸਰਵਮੀਤ ਤੂੰ ਤਾਂ ਇੰਜ ਦਾ ਨਹੀਂ ਸੀ।"ਭਾਅ ਜੀ ਮੈਂ ਤਕੜੇ ਰਹਿਣ ਦਾ ਯਤਨ ਕਰਾਂਗੀ। ਆਪਣੇ ਮੋਹ ਦੇ ਅੰਬਰਾਂ ਵਿਚੋਂ ਮੇਰੇ ਸਿਰ 'ਤੇ ਹੱਥ ਧਰੀ ਰੱਖਣਾ।



# ਬਾਬਾ ਬੋਲਦਾ ਹੈ...

## ਅੰਮ੍ਰਿਤਸਰ ਛੱਡਣ ਦਾ ਬਹੁਤ ਗਮ ਰਿਹਾ

■ ਗੁਰਸ਼ਰਨ ਸਿੰਘ

ਚੰਡੀਗੜ੍ਹ ਤਾਂ ਮੈਂ ਆ ਗਿਆ ਸਾਂ ਪਰ ਮੈਨੂੰ ਅੰਮ੍ਰਿਤਸਰ ਛੱਡਣ ਦਾ ਬਹੁਤ ਗਮ ਰਿਹਾ। ਮੈਂ ਉਨ੍ਹੀਂ ਦਿਨੀਂ ਤੜਫ ਰਿਹਾ ਸਾਂ। 'ਪ੍ਰੀਤ ਲੜੀ' ਵਾਲਾ ਸੁਮੀਤ ਮਾਰਿਆ ਗਿਆ। ਮੈਨੂੰ ਲੱਗਾ ਮੇਰਾ ਆਪਣਾ ਪੁੱਤ ਮਾਰਿਆ ਗਿਆ ਹੈ। ਮੇਰਾ ਚੰਡੀਗੜ੍ਹ ਆਉਣਾ ਪੰਜਾਬ ਸੰਤਾਪ ਨਾਲ ਹੀ ਜੁੜਿਆ ਹੋਇਆ ਹੈ। ਮੈਨੂੰ ਕਿਸੇ ਨੇ ਕੋਈ ਸਿੱਧੀ ਧਮਕੀ ਤਾਂ ਨਹੀਂ ਦਿੱਤੀ ਪਰ ਦੋਸਤ ਮਿੱਤਰ ਮੈਨੂੰ ਚੌਕਸ ਕਰਦੇ ਰਹੇ। ਕਹਿੰਦੇ ਰਹੇ ਕਿ ਇੱਥੇ ਹੁਣ ਕੋਈ ਸੁਰੱਖਿਆ ਨਹੀਂ।

ਖਾਲਸਾ ਕਾਲਜ ਦੇ ਇਕ ਪ੍ਰੋਫੈਸਰ, ਭਿੰਡਰਾਂਵਾਲੇ ਨਾਲ ਰਾਬਤਾ ਰੱਖਦੇ ਸਨ। ਉਹ ਇਕ ਵਾਰੀ ਕਹਿਣ ਲੱਗੇ, 'ਤੁਹਾਡੀਆਂ ਸਰਗਰਮੀਆਂ ਨੂੰ ਸੰਤ ਪਸੰਦ ਨਹੀਂ ਕਰਦੇ। ਭਿੰਡਰਾਂਵਾਲਾ ਦਾ ਸੱਜਾ ਹੱਥ ਅਮਰੀਕ ਸਿੰਘ ਖਾਲਸਾ ਕਾਲਜ ਵੇਲੇ ਤੋਂ ਮੇਰੇ ਨੇੜੇ ਸੀ। ਉਹਦੇ ਨਾਲ ਕਿਸੇ ਵੇਲੇ ਮੇਰੀ ਨਿੱਜੀ ਮੁਹੱਬਤ ਵੀ ਰਹੀ। ਉਹਨੇ ਜਾਂ ਕਿਸੇ ਹੋਰ ਨੇ ਵੀ ਕਦੇ ਮੈਨੂੰ ਸਿੱਧਾ ਕੁਝ ਨਹੀਂ ਕਿਹਾ।

ਚੰਡੀਗੜ੍ਹ ਆਉਣ ਦਾ ਮੇਰਾ ਇਕ ਕਾਰਨ ਇਹ ਵੀ ਸੀ ਕਿ ਵੱਡੀ ਬੇਟੀ ਨਵਸ਼ਰਨ ਦਿੱਲੀ ਚਲੀ ਗਈ ਸੀ ਤੇ ਛੋਟੀ ਅਰੀਤ ਚੰਡੀਗੜ੍ਹ। ਦੋਵੇਂ ਬੇਟੀਆਂ ਜ਼ੋਰ ਪਾ ਰਹੀਆਂ ਸਨ ਕਿ ਤੁਸੀਂ ਅੰਮ੍ਰਿਤਸਰ 'ਕੱਲੇ ਨਾ ਰਹੋ। ਇਨ੍ਹੀਂ ਦਿਨੀਂ ਹੀ ਫਿਰੋਜ਼ਪੁਰ ਨੇੜੇ ਫਿਰੋਜ਼ਪੁਰ ਵਿਖੇ ਦੂਰਦਰਸ਼ਨ ਦੇ ਲੜੀਵਾਰ 'ਭਾਈ ਮੰਨਾ ਸਿੰਘ' ਦੀ ਸ਼ੂਟਿੰਗ ਚੱਲ ਰਹੀ ਸੀ। ਉਦੋਂ ਬੱਚਿਆਂ ਦੇ ਮਾਸੜ ਜੀ ਮੇਜਰ ਜਨਰਲ ਸਨ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਖ਼ਬਰਾਂ ਕੁਝ ਚੰਗੀਆਂ ਨਹੀਂ ਮਿਲ ਰਹੀਆਂ, ਤੁਸੀਂ ਹੁਣ ਪਾਪਾ ਨੂੰ ਅੰਮ੍ਰਿਤਸਰ ਨਾ ਜਾਣ ਦੇਣਾ। ਦੂਜੀ ਗੱਲ, ਅੰਮ੍ਰਿਤਸਰ ਵਿਚ ਮੇਰਾ ਬਹੁਤਾ ਕੰਮ ਨਾਟਕ ਖੇਤਰ ਵਿਚ ਹੀ ਸੀ ਤੇ ਅੰਮ੍ਰਿਤਸਰ ਦੇ ਅਵਾਮ ਨਾਲ, ਖਾਸ ਤੌਰ 'ਤੇ ਮਜ਼ਦੂਰਾਂ ਆਦਿ ਨਾਲ ਮੇਰਾ ਕੋਈ ਸਿੱਧਾ ਸਬੰਧ ਨਹੀਂ ਸੀ। ਮੈਂ ਅੰਮ੍ਰਿਤਸਰ ਜੋ ਵੀ ਕਰਦਾ ਸਾਂ, ਉਹ ਕਾਮਰੇਡ ਸੱਤਪਾਲ ਅਤੇ ਬਿਮਲਾ ਡਾਂਗ ਨਾਲ ਗੱਲ ਕਰਕੇ ਕਰਦਾ ਸਾਂ। ਉਥੇ ਨਕਸਲੀ ਦੇ ਤੌਰ 'ਤੇ ਮੇਰੀ ਕੋਈ ਪਛਾਣ ਨਹੀਂ ਸੀ, ਨਾ ਹੀ ਮੈਂ ਕਿਸੇ ਜਥੇਬੰਦੀ ਦਾ ਅਹੁਦੇਦਾਰ ਜਾਂ ਨੀਤੀਵਾਹਕ ਰਿਹਾ ਸਾਂ। ਉਦੋਂ ਤੱਕ ਮੇਰਾ ਸਮੁੱਚਾ ਪ੍ਰਭਾਵ ਪ੍ਰਗਤੀਸ਼ੀਲ ਕਲਾਕਾਰ ਦਾ ਹੀ ਸੀ। ਮੇਰੀ ਪੁਜੀਸ਼ਨ ਬੜੀ ਅਜੀਬ ਰਹੀ ਹੈ। ਅੰਮ੍ਰਿਤਸਰ ਵਿਚ ਮੇਰੇ ਜਿੰਨੇ ਵੀ ਸਾਥੀ ਸਨ, ਉਹ ਸੀ.ਪੀ.ਆਈ. ਵਾਲੇ ਕਾਮਰੇਡ ਸਨ। ਨੰਗਲ ਰਹਿੰਦਿਆਂ ਮੇਰੀ ਦੋਸਤੀ ਸੀ.ਪੀ.ਐਮ. ਵਾਲਿਆਂ ਨਾਲ ਰਹੀ। ਮੈਂ ਕਿਸੇ ਵੀ ਪਾਰਟੀ ਵਿਚ ਨਾ ਹੁੰਦਿਆਂ ਹੋਇਆਂ ਵੀ ਕਮਿਊਨਿਸਟ ਹੀ ਸਾਂ। ਇਨ੍ਹਾਂ ਹਾਲਾਤ ਵਿਚ ਮੈਂ 1989 ਵਿਚ ਅੰਮ੍ਰਿਸਤਰ ਤੋਂ ਕੁਝ ਸਮੇਂ ਲਈ ਦਿੱਲੀ ਗਿਆ ਅਤੇ ਫਿਰ ਪੱਕੇ ਤੌਰ 'ਤੇ ਚੰਡੀਗੜ੍ਹ ਆ ਗਿਆ।


ਇਕ ਬੜੀ ਦਿਲਚਸਪ ਗੱਲ ਹੈ। ਮੈਂ ਅਮਰੀਕਾ ਸਾਂ, ਹਰਸ਼ਰਨ ਧੀਦੋ ਦੇ ਫਾਰਮ 'ਤੇ। ਉਥੇ ਮੈਨੂੰ ਟੈਲੀਸਕੋਪ ਪਿਸਟਲ ਦੀ ਡੈਮੋਂਸਟਰੇਸ਼ਨ ਦਿਖਾਈ ਗਈ। ਉਹਦੇ ਵਿਚ ਮੈਂ ਦੇਖ ਰਿਹਾ ਸੀ ਕਿ ਸੌ ਗਜ਼ ਦੂਰ ਖੜ੍ਹਾ ਬੰਦਾ ਵੀ ਬਿਲਕੁਲ ਸਾਹਮਣੇ ਖੜ੍ਹਾ ਦਿਖਾਈ ਦੇ ਰਿਹਾ ਸੀ। ਮੈਨੂੰ ਖ਼ਿਆਲ ਆਇਆ-ਮੈਂ ਕਿਧਰੇ ਡਰਾਮਾ ਕਰਦਾ ਹੋਵਾਂ ਤੇ ਪ੍ਰਬੰਧਕਾਂ ਨੇ ਮੇਰੀ ਸੁਰੱਖਿਆ ਦਾ ਵੀ ਪੂਰਾ ਇੰਤਜ਼ਾਮ ਕੀਤਾ ਹੋਵੇ, ਪਰ ਇਸ ਤਰ੍ਹਾਂ ਦੀ ਟੈਲੀਸਕੋਪ ਪਿਸਟਲ ਨਾਲ ਮੇਰੇ ਉਤੇ ਦੂਰੋਂ ਵੀ ਤਾਂ ਹਮਲਾ ਹੋ ਸਕਦਾ ਹੈ। ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਮੈਨੂੰ ਕਿਸੇ ਵੇਲੇ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਪਰ ਫਿਰ ਮੈਨੂੰ ਖਿਆਲ ਆਇਆ ਕਿ ਜਿਥੇ ਹੋਰ ਮਰਦੇ ਹਨ, ਅਸੀਂ ਵੀ ਮਰ ਜਾਵਾਂਗੇ। ਕੰਮ ਤਾਂ ਕਰਨਾ ਹੀ ਹੈ। ਬਚਾਅ ਦੀ ਖਾਤਰ ਕੰਮ ਨਹੀਂ ਕਰਨਾ, ਕੰਮ ਕਰਨੈ ਸਮਾਜਕ ਨਿਆਂ ਲਈ, ਸੈਕੂਲਰਇਜ਼ਮ ਲਈ। ਸੋ ਮੈਂ ਕੰਮ ਕਰਦਾ ਰਿਹਾ ਹਾਂ, ਚਾਹੇ ਨੰਗਲ ਹੋਵੇ, ਅੰਮ੍ਰਿਤਸਰ ਤੇ ਜਾਂ ਫਿਰ ਚੰਡੀਗੜ੍ਹ।

ਪੰਜਾਬ ਲੋਕ ਸਭਿਆਚਾਰ ਮੰਚ (ਪਲਸ ਮੰਚ) ਸੰਸਥਾ ਬਣਾਉਣ ਦੀ ਸੋਚ ਮੇਰੀ ਅਤੇ ਕਾਮਰੇਡ ਅਮੋਲਕ ਦੀ ਸੀ। ਅਸੀਂ ਮਲੇਰਕੋਟਲੇ ਬੱਸ ਸਟੈਂਡ 'ਦੇ ਢਾਬੇ 'ਤੇ ਮੀਟਿੰਗ ਕੀਤੀ। ਉਦੋਂ ਇਨਕਲਾਬੀ ਗਰੁੱਪਾਂ ਵਿਚੋਂ ਇਨ੍ਹਾਂ ਦਾ ਗਰੁੱਪ ਨਾਟਕ ਸਰਗਰਮੀਆਂ ਕਰਦਾ ਸੀ। ਅਸੀਂ ਸੋਚਿਆ ਕਿ ਨਾਟਕ ਨੂੰ ਜਥੇਬੰਦਕ ਰੂਪ ਦਿੱਤਾ ਜਾਵੇ। ਬਕਾਇਦਗੀ ਨਾਲ ਪਲਸ ਮੰਚ ਹੁਣ ਵੀ ਕੰਮ ਕਰ ਰਿਹਾ ਹੈ, ਪਰ ਇਹਦੀਆਂ ਜਿੱਥੇ ਪ੍ਰਾਪਤੀਆਂ ਹਨ, ਉਥੇ ਰੁਕਾਵਟ ਇਹ ਹੋ ਗਈ ਕਿ ਦੂਜੇ ਗਰੁੱਪ ਸਾਡੇ ਨੇੜੇ ਨਹੀਂ ਆਏ। ਹੁਣ ਮੈਂ ਸੋਚਦਾ ਹਾਂ ਕਿ ਪਲਸ ਮੰਚ ਆਪਣੇ ਮੁਤਾਬਕ ਕੰਮ ਕਰੇ। ਮੈਂ ਸਮਝਦਾ ਹਾਂ ਕਿ ਖੱਬੀਆਂ ਧਿਰਾਂ ਜੇਕਰ ਸਿਰਜਣਾਤਮਕ ਵਿਧਾਵਾਂ ਵਿਚ ਸਾਂਝੀ ਸੋਚ ਰੱਖਣ ਤਾਂ ਜ਼ਿਆਦਾ ਚੰਗੇ ਨਤੀਜੇ ਨਿਕਲ ਸਕਦੇ ਹਨ। ਮੈਂ ਕਲਾ ਦੇ ਖੇਤਰ ਵਿਚ ਕੋਈ ਵਖਰੇਵਾਂ ਨਹੀਂ ਕਰਦਾ। ਮੈਂ ਸਾਰੀਆਂ ਖੱਬੀਆਂ ਧਿਰਾਂ ਅਤੇ ਅਵਾਮੀ ਜਥੇਬੰਦੀਆਂ ਦੀਆਂ ਸਟੇਜਾਂ 'ਤੇ ਜਾਂਦਾ ਰਿਹਾ ਹਾਂ। ਮੈਨੂੰ ਕੋਈ ਇਤਰਾਜ਼ ਨਹੀਂ ਕਿ ਉਹ ਆਪਣਾ ਪ੍ਰੋਗਰਾਮ ਲੋਕਾਂ ਨੂੰ ਦੇਣ। ਮੈਂ ਆਪਣੇ ਵਿਚਾਰ ਲੋਕਾਂ ਨੂੰ ਦੱਸਣ।

ਮੈਂ ਚਾਰ ਗੱਲਾਂ 'ਤੇ ਜ਼ੋਰ ਦਿੰਦਾ ਹਾਂ-ਮਜ਼ਹਬਾਂ ਦਾ ਕੋਈ ਫਰਕ ਨਾ ਹੋਵੇ, ਜਾਤਾਂ ਦਾ ਕੋਈ ਫਰਕ ਨਾ ਹੋਵੇ, ਘਰਾਂ ਵਿਚ ਮੁੰਡੇ ਕੁੜੀ ਦਾ ਕੋਈ ਫਰਕ ਨਾ ਹੋਵੇ ਤੇ ਔਰਤਾਂ ਨੂੰ ਬਰਾਬਰਤਾ ਦੀ ਲਹਿਰ ਵਿਚ ਲਿਆਂਦਾ ਜਾਵੇ। ਮੈਂ ਕਹਿਨਾ ਕਿ ਜਿਹੜੇ ਕਾਮਰੇਡਾਂ ਦੇ ਘਰਾਂ ਵਿਚ ਇਹ ਵਖਰੇਵੇਂ ਹਨ ਤਾਂ ਇਹਦਾ ਮਤਲਬ ਹੈ ਕਿ ਉਨ੍ਹਾਂ ਨੂੰ ਸਾਡੀ ਲਹਿਰ ਦੇ ਹੋਣ ਦਾ ਕੋਈ ਦਾਅਵਾ ਕਰਨ ਦਾ ਹੱਕ ਨਹੀਂ। ਕਾਮਰੇਡਾਂ ਦੇ ਘਰਾਂ ਵਿਚ ਕੀ ਵਰਤਾਰੇ ਚੱਲਦੇ ਹਨ, ਇਹ ਵੀ ਸਾਫ਼ ਹੋਣਾ ਚਾਹੀਦਾ ਹੈ। ਮੈਂ ਪਲਸ ਮੰਚ ਤੋਂ ਵੀ ਇਹੀ ਆਵਾਜ਼ ਉਠਾਈ।

ਨੁੱਕੜ ਨਾਟਕ ਦੀ ਵਿਸ਼ੇਸ਼ਤਾ ਹੈ ਕਿ ਨਾਟਕ ਲੋਕਾਂ ਤੱਕ ਪਹੁੰਚਦਾ ਹੈ। ਲੋਕ ਇਹ ਨਾਟਕ ਦੇਖਣ ਨਹੀਂ, ਉਹਦੇ 'ਚ ਸ਼ਾਮਲ ਹੋਣ ਲਈ ਆਉਂਦੇ ਨੇ। ਦੂਜੀ ਵੱਡੀ ਜੰਗ ਤੋਂ ਬਾਅਦ ਜੰਗ ਦੀ ਦਹਿਸ਼ਤ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯੂਰਪ ਦੇ ਵੱਡੇ ਨਾਟਕਾਰਾਂ ਨੇ ਇਸ ਸ਼ੈਲੀ ਨੂੰ ਅਪਣਾਇਆ। ਮੈਂ ਸੱਤਰਵਿਆਂ ਵਿਚ ਨੁੱਕੜ ਨਾਟ ਸ਼ੈਲੀ ਨੂੰ ਪੂਰੀ ਤਰ੍ਹਾਂ ਅਪਣਾ ਚੁੱਕਿਆ ਸਾਂ। ਕੌਮੀ ਪੱਧਰ 'ਤੇ ਪੰਜਾਬ ਦੀ ਵਿਕਸਿਤ ਨੁੱਕੜ ਨਾਟਕ ਕਲਾ ਨੂੰ ਪਹੁੰਚਾਇਆ ਗਿਆ ਜਦੋਂ ਮੈਂ 1980 ਵਿਚ ਨੀਲਮ ਮਾਨ ਸਿੰਘ ਹੋਰਾਂ ਦੇ ਸੱਦੇ 'ਤੇ 'ਭੁਪਾਲ ਨਾਟ-ਮਹਾਂਉਤਸਵ' ਵਿਚ ਆਪਣੇ ਨਾਟਕ 'ਤਮਾਸ਼ਾ ਹਿੰਦੁਸਤਾਨ' ਅਤੇ 'ਟੋਆ' ਪੇਸ਼ ਕੀਤੇ। ਸਾਈਂ ਪਰਾਂਜਪੇ ਨੇ ਮੈਨੂੰ ਸਾਈਡ ਪਾਈਪਰ ਕਿਹਾ ਅਤੇ ਮਸ਼ਹੂਰ ਰੰਗਕਰਮੀ ਪਰਸੰਨਾ ਨੇ ਕਿਹਾ ਕਿ ਇਨ੍ਹਾਂ ਨੁੱਕੜ ਨਾਟਕਾਂ ਵਿਚ ਬੇਸ਼ਕ ਗੀਤ ਸੰਗਤ ਨਹੀਂ ਹੈ ਪਰ ਇਨ੍ਹਾਂ ਦੇ ਡਾਇਲਾਗ ਦਾ ਰਿਦਮ ਇਨ੍ਹਾਂ ਨੂੰ ਸੰਗੀਤਕ ਬਣਾ ਰਿਹਾ ਹੈ। ਅੱਜ ਮੈਂ ਨਜ਼ਰ ਮਾਰਾਂ ਤਾਂ 'ਇਨਕਲਾਬ ਜ਼ਿੰਦਾਬਾਦ' ਤੋਂ ਲੈ ਕੇ 'ਭੰਡ ਮਟਕਾ ਚੌਕ ਆਏ' ਨੁੱਕੜ ਨਾਟਕਾਂ ਦਾ ਬੜਾ ਲੰਮਾ ਸਫਾਰ ਹੈ। ਇਨ੍ਹਾਂ ਨਾਟਕਾਂ ਦਾ ਇਤਿਹਾਸ, ਪੰਜਾਬ ਅਤੇ ਦੇਸ਼ ਦੇ ਪਿਛਲੇ 35 ਸਾਲਾਂ ਦੇ ਇਤਿਹਾਸ ਦਾ ਪ੍ਰਗਟਾਵਾ ਹੈ।

**_ਮੈਂ ਚਾਰ ਗੱਲਾਂ 'ਤੇ ਜ਼ੋਰ ਦਿੰਦਾ ਹਾਂ-ਮਜ਼ਹਬਾਂ ਦਾ ਕੋਈ ਫਰਕ ਨਾ ਹੋਵੇ, ਜਾਤਾਂ ਦਾ ਕੋਈ ਫਰਕ ਨਾ ਹੋਵੇ, ਘਰਾਂ ਵਿਚ ਮੁੰਡੇ ਕੁੜੀ ਦਾ ਕੋਈ ਫਰਕ ਨਾ ਹੋਵੇ ਤੇ ਔਰਤਾਂ ਨੂੰ ਬਰਾਬਰਤਾ ਦੀ ਲਹਿਰ ਵਿਚ ਲਿਆਂਦਾ ਜਾਵੇ। ਮੈਂ ਕਹਿਨਾ ਕਿ ਜਿਹੜੇ ਕਾਮਰੇਡਾਂ ਦੇ ਘਰਾਂ ਵਿਚ ਇਹ ਵਖਰੇਵੇਂ ਹਨ ਤਾਂ ਇਹਦਾ ਮਤਲਬ ਹੈ ਕਿ ਉਨ੍ਹਾਂ ਨੂੰ ਸਾਡੀ ਲਹਿਰ ਦੇ ਹੋਣ ਦਾ ਕੋਈ ਦਾਅਵਾ ਕਰਨ ਦਾ ਹੱਕ ਨਹੀਂ। ਕਾਮਰੇਡਾਂ ਦੇ ਘਰਾਂ ਵਿਚ ਕੀ ਵਰਤਾਰੇ ਚੱਲਦੇ ਹਨ, ਇਹ ਵੀ ਸਾਫ਼ ਹੋਣਾ ਚਾਹੀਦਾ ਹੈ।_**



1977 ਵਿਚ ਮੈਂ ਨਾਟਕ ਕੀਤਾ ਸੀ 'ਸੰਕਟ ਹੈ, ਸੰਕਟ ਨਹੀਂ ਹੈ'। ਉਸ ਵਿਚ ਸੰਜੇ ਗਾਂਧੀ 'ਤੇ ਵਿਅੰਗ ਸੀ-

ਝੋਲੀ ਚੁੱਕ ਕਹਿੰਦਾ ਹੈ
ਰਾਜੇ ਦੀ ਜੈ ਜੈਕਾਰ ਹੈ
ਬੜਾ ਸਿਅਣਾ ਰਾਜ ਕੁਮਾਰ ਹੈ
ਵੱਡੀ ਓਹਦੀ ਅਕਲ ਹੈ
ਛੋਟੀ ਉਸ ਦੀ ਕਾਰ ਹੈ
ਯਾਰਾਂ ਦਾ ਉਹ ਯਾਰ ਹੈ
ਉਹਨੂੰ ਕੁੜੀਆਂ ਨਾਲ ਪਿਆਰ ਹੈ।

ਇੱਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਵਿਚ ਨੁੱਕੜ ਨਾਟਕ ਦਾ ਨਾਮ ਜਦੋਂ ਵੀ ਲਿਆ ਜਾਵੇਗਾ, ਸਫ਼ਦਰ ਹਸ਼ਮੀ ਨੂੰ ਸਤਿਕਾਰ ਨਾਲ ਯਾਦ ਜ਼ਰੂਰ ਕੀਤਾ ਜਾਵੇਗਾ। ਸੈਕਸ਼ਪੀਅਰ ਵੱਡਾ ਨਾਟਕਦਾਰ ਹੈ। ਉਹ ਜ਼ਿੰਦਗੀ ਦੀਆਂ ਗੁੰਝਲਾਂ ਅਤੇ ਮਨੁੱਖੀ ਮਨ ਦੀਆਂ ਪਰਤਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ ਤੇ ਉਹਨੂੰ ਨਾਟਕੀ ਰੂਪ ਵਿਚ ਪੇਸ਼ ਕਰਦਾ ਸੀ। ਇਸੇ ਕਰਕੇ ਉਹਦੇ ਬਹੁਤ ਸਾਰੇ ਡਾਇਲਾਗ ਕਹਾਵਤਾਂ ਬਣ ਚੁੱਕੇ ਹਨ।

ਸਰਕਾਰੀ ਨੌਕਰੀ ਕਰਦਿਆਂ ਜਿਹੜੀਆਂ ਮੇਰੀਆਂ ਡਿਊਟੀਆਂ ਸਨ, ਮੈਂ ਨਿਭਾਅ ਲੈਂਦਾ ਸਾਂ, ਭਾਵੇਂ ਭਾਖੜਾ ਨੰਗਲ ਪ੍ਰਾਜੈਕਟ ਤੋਂ ਬਾਅਦ ਮੈਨੂੰ ਨੌਕਰੀ ਵਿਚ ਕਦੀ ਬਹੁਤੀ ਮਾਨਸਿਕ ਖੁਸ਼ੀ ਨਹੀਂ ਮਿਲੀ ਤੇ ਮੈਂ ਸਮਝਦਾ ਸਾਂ ਕਿ ਮੈਂ ਹੋਰ ਕੰਮਾਂ ਲਈ ਬਣਿਆ ਹਾਂ। 1975 ਵਿਚ ਜਦੋਂ ਐਮਰਜੈਂਸੀ ਲੱਗੀ, ਉਸ ਵੇਲੇ ਮੈਂ ਬਹੁਤ ਝੰਜੋੜਿਆ ਗਿਆ ਕਿ ਅਸੀਂ ਕਿਹੋ ਜਿਹੇ ਮੁਲਕ ਵਿਚ ਰਹਿ ਰਹੇ ਹਾਂ ਜਿਥੇ ਸ਼ਖਸੀ ਰਾਜ ਜ਼ਬਰਦਸਤੀ ਦੂਜਿਆਂ 'ਤੇ ਠੋਸਿਆ ਜਾਂਦਾ ਹੈ।

ਨੌਂ ਸਤੰਬਰ 1975 ਵਿਚ ਮੈਂ ਗਾਂਧੀ ਗਰਾਊਂਡ ਅੰਮ੍ਰਿਤਸਰ ਸ਼ੋਅ ਕੀਤਾ। ਉਸ ਵਿਚ ਪਾਕਿਸਤਾਨੀ ਲੇਖਕ ਨੱਜਮ ਹੁਸੈਨ ਸਯੱਦ ਦਾ ਨਾਟਕ 'ਤਖ਼ਤ ਲਾਹੌਰ ਦਾ' ਕੀਤਾ। ਇਹ ਨਾਟਕ ਭਾਵੇਂ ਅਯੂਬ ਖਾਨ ਦੀ ਪਾਕਿਸਤਾਨ ਵਿਚ ਤਾਨਾਸ਼ਾਹੀ ਵਿਰੁੱਧ ਲਿਖਿਆ ਗਿਆ ਸੀ ਪਰ ਇਹ ਇੰਦਰਾ ਗਾਂਧੀ ਦੀ ਐਮਰਜੈਂਸੀ ਖ਼ਿਲਾਫ਼ ਸਾਡਾ ਪ੍ਰਗਟਾਵਾ ਸੀ। ਉਸੇ ਸ਼ਾਮ ਦੂਜਾ ਨਾਟਕ 'ਮਸ਼ਾਲ' ਨਾਚ ਨਾਟਕ ਸੀ ਜਿਸ ਵਿਚ ਨਾਟ ਸ਼ੈਲੀ ਵਿਚ ਇਕ ਆਪ ਹੁਦਰੇ ਰਾਜੇ ਵੱਲੋਂ ਜਨਤਾ ਨੂੰ ਆਪਣੇ ਪਿੱਛੇ ਲਗਾਇਆ ਜਾਂਦਾ ਹੈ। ਰਾਜਾ ਉਨ੍ਹਾਂ ਨੂੰ ਮਜਬੂਰ ਕਰ ਦਿੰਦਾ ਹੈ ਕਿ ਉਹ ਝੁਕ ਕੇ ਹੀ ਰਹਿਣ। ਉਹ ਚਾਰ ਪੈਰਾਂ ਦੇ ਜਾਨਵਰ ਬਣਾ ਕੇ ਉਨ੍ਹਾਂ ਨੂੰ ਨਚਾਉਂਦਾ ਹੈ। ਅੰਤ ਵਿਚ ਲੋਕ ਬਗਾਵਤ ਕਰਦੇ ਹਨ ਅਤੇ ਰਾਜੇ ਨੂੰ ਨਚਾਉਂਦੇ ਹਨ। ਨਾਟਕ ਪਿੱਛੇ ਮੇਰੀ ਕੁਮੈਂਟਰੀ ਸੀ। ਗਾਂਧੀ ਗਰਾਊਂਡ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਬਹੁਤ ਪੁਲਿਸ ਵੀ ਪਹੁੰਚੀ ਹੋਈ ਸੀ। ਨਾਟਕ ਦੌਰਾਨ ਦਰਸ਼ਕਾਂ ਵੱਲੋਂ ਲਗਾਤਾਰ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਵੀ ਲੱਗਦੇ ਰਹੇ। ਐਮਰਜੈਂਸੀ ਦੇ ਵਕਤਾਂ ਵਿਚ ਇਹ ਵੱਡੀ ਗੱਲ ਸੀ।

12 ਸਤੰਬਰ ਯਾਨਿ ਕਿ ਤਿੰਨਾਂ ਦਿਨਾਂ ਬਾਅਦ ਮੈਨੂੰ ਨੌਕਰੀ ਤੋਂ ਬਰਖਾਸਤਗੀ ਦੀ ਚਿੱਠੀ ਆ ਗਈ। ਮੇਰੀਆਂ ਕਾਰਵਾਈਆਂ ਨੂੰ ਦੇਸ਼ ਦੀ ਸੁਰੱਖਿਆ ਲਈ ਖਤਰਾ ਦੱਸਿਆ ਗਿਆ ਅਤੇ ਬਗੈਰ ਨੋਟਿਸ ਤੋਂ ਨੌਕਰੀ ਤੋਂ ਕੱਢ ਦਿੱਤਾ ਗਿਆ। ਜਦੋਂ ਨੌਕਰੀ ਚਲੀ ਗਈ ਤਾਂ ਮੈਂ ਕੁਲਵਕਤੀ ਨਾਟਕ ਕਰਨੇ ਸ਼ੁਰੂ ਕਰ ਦਿੱਤੇ। ਉਸ ਦੌਰ ਦਾ ਮੇਰਾ ਨਾਟਕ 'ਕਿਵੁ ਕੂੜੇ ਤੁਟੇ ਪਾਲਿ' ਹੈ। ਮੈਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਘਟਨਾ ਨੂੰ ਤਾਨਾਸ਼ਾਹੀ ਜ਼ੁਲਮ ਦੇ ਤੌਰ 'ਤੇ ਪੇਸ਼ ਕੀਤਾ ਅਤੇ ਬੰਦੇ ਬਹਾਦਰ ਦੇ ਸਰਹਿੰਦ ਸ਼ਹਿਰ ਦੀ ਇੱਟ ਨਾਲ ਇੱਟ ਵਜਾਉਣ ਦੇ ਪ੍ਰਤੀਕਰਮ ਨੂੰ ਲੋਕਾਂ ਦਾ ਜਵਾਬ ਕਿਹਾ। ਅਖੀਰਲੇ ਡਾਇਲਾਗ ਵਿਚ ਲੋਕਾਂ ਨੂੰ ਵੰਗਾਰ ਸੀ- ਮੇਰੇ ਲੋਕੋ, ਤੁਸੀਂ ਇਹ ਕਿਉਂ ਭੁੱਲ ਜਾਂਦੇ ਹੋ ਕਿ ਜੇ ਅੱਜ ਕਿਸੇ ਜ਼ੁਲਮ ਨੂੰ ਤਮਾਸ਼ਾਈ ਬਣ ਕੇ ਦੇਖੋਗੇ ਤਾਂ ਕੱਲ੍ਹ ਤੁਹਾਨੂੰ, ਤੁਹਾਡੇ ਬੱਚਿਆਂ ਨੂੰ, ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ-ਪੁਸ਼ਤਾਂ ਨੂੰ ਇਹਦੀ ਕੀਮਤ ਦੇਣੀ ਪਵੇਗੀ। ਇਹ ਸਚਾਈ ਬੀਤੇ ਦੀ ਸੀ, ਅੱਜ ਦੇ ਯੁਗ ਦੀ ਹੈ ਅਤੇ ਆਉਣ ਵਾਲੇ ਯੁੱਗ ਦੀ ਰਹੇਗੀ।

1976 ਵਿਚ ਇਹ ਨਾਟਕ ਮੈਂ ਜੰਮੂ ਯੂਨੀਵਰਸਿਟੀ ਦੇ ਸੱਦੇ 'ਤੇ ਜੰਮੂ ਵਿਚ ਕੀਤਾ। ਉਥੇ ਗਿਆਨੀ ਜ਼ੈਲ ਸਿੰਘ ਜੋ ਉਸ ਵੇਲੇ ਪੰਜਾਬ ਦਾ ਮੁੱਖ ਮੰਤਰੀ ਸੀ, ਸ਼ੇਖ ਅਬਦੁੱਲਾ ਅਤੇ ਹੋਰ ਬੜਾ ਸਰਕਾਰੀ ਅਮਲਾ ਫੈਲਾ ਆਇਆ ਹੋਇਆ ਸੀ। ਨਾਟਕ ਦੀ ਪੇਸ਼ਕਾਰੀ ਬੜੀ ਪ੍ਰਭਾਵਸ਼ਾਲੀ ਸੀ। ਬਾਅਦ ਵਿਚ ਗਿਆਨੀ ਜ਼ੈਲ ਸਿੰਘ ਨੇ ਸਟੇਜ ਤੋਂ ਕਿਹਾ ਕਿ ਗੁਰਸ਼ਰਨ ਸਿੰਘ ਪੰਜਾਬ ਦਾ ਹੀਰਾ ਹੈ। ਨਾਲੇ ਕਿਹਾ ਕਿ ਸਾਹਿਤਕਾਰਾਂ ਵਿਚ ਖੁੱਲ੍ਹਕੇ ਸੱਚ ਕਹਿਣ ਦੀ ਜ਼ੁਰਅਤ ਹੋਣੀ ਚਾਹੀਦੀ ਹੈ। ਡਰਾਮੇ ਤੋਂ ਬਾਅਦ ਖਾਣੇ ਵਕਤ ਮੇਰੀ ਪਤਨੀ ਨੇ ਗਿਆਨੀ ਜੀ ਨੂੰ ਕਿਹਾ ਕਿ ਤੁਸੀਂ ਸਟੇਜ ਤੋਂ ਕਿਹਾ ਹੈ ਕਿ ਸਾਹਿਤਕਾਰਾਂ ਵਿਚ ਸੱਚ ਕਹਿਣ ਦੀ ਜ਼ੁਰਅਤ ਹੋਣੀ ਚਾਹੀਦੀ ਹੈ, ਫਿਰ ਤੁਸੀਂ ਮੇਰੇ ਪਤੀ ਨੂੰ ਨੌਕਰੀ ਤੋਂ ਕੱਢ ਕੇ ਮੇਰੇ ਬੱਚਿਆਂ ਦੀ ਰੋਟੀ ਕਿਉਂ ਖੋਹ ਰਹੇ ਹੋ? ਗਿਆਨੀ ਜੀ ਨੇ ਜਵਾਬ ਦਿੱਤਾ ਕਿ 'ਮੈਂ ਵਾਪਸ ਜਾ ਕੇ ਦੇਖਾਂਗਾ।'


ਜੰਮੂ ਤੋਂ ਵਾਪਸ ਆ ਕੇ ਅਗਲੇ ਦਿਨ ਮੈਂ ਆਪਣੀ ਬੱਚੀ ਨੂੰ ਸਕੂਟਰ 'ਤੇ ਸਕੂਲੋਂ ਵਾਪਸ ਲਿਆ ਰਿਹਾ ਸਾਂ ਤਾਂ ਮੈਨੂੰ ਰਸਤੇ ਵਿਚ ਪੈਂਦੇ ਸਦਰ ਥਾਣੇ ਅੱਗੇ ਰੋਕ ਲਿਆ ਗਿਆ। ਬੇਟੀ ਨੂੰ ਸਿਪਾਹੀਆਂ ਨੇ ਹੀ ਰਿਕਸ਼ਾ ਵਿਚ ਬਿਠਾ ਕੇ ਘਰ ਭੇਜ ਦਿੱਤਾ ਅਤੇ ਮੈਨੂੰ 'ਮੀਸਾ' ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। 48 ਦਿਨ ਮੈਂ ਅੰਮ੍ਰਿਤਸਰ ਸੈਂਟਰਲ ਜੇਲ੍ਹ ਵਿਚ ਬੀ ਕਲਾਸ ਕੈਦੀ ਰਿਹਾ। 1977 ਵਿਚ ਐਮਰਜੈਂਸੀ ਹਟੀ। ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਮੈਨੂੰ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ। 22 ਮਹੀਨੇ ਡਿਊਟੀ 'ਤੇ ਹਾਜ਼ਰ ਮੰਨਿਆ ਗਿਆ ਅਤੇ ਪਿਛਲੀ ਸਾਰੀ ਤਨਖਾਹ ਦਿੱਤੀ ਗਈ।

ਇੰਦਰਾ ਗਾਂਧੀ ਦੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਜਦੋਂ ਪੰਜਾਬ ਵਿਚ ਬੱਸ ਕਿਰਾਇਆ ਘੋਲ ਸ਼ੁਰੂ ਹੋਇਆ ਤਾਂ ਮੈਨੂੰ ਮੇਰੇ ਦਫ਼ਤਰ ਤੋਂ ਦੁਬਾਰਾ ਪੁਲਿਸ ਫੜ ਕੇ ਲੈ ਗਈ। ਇਕ ਰਾਤ ਹਵਾਲਾਤ ਵਿਚ ਰੱਖ ਕੇ ਛੱਡ ਦਿੱਤਾ। ਉਦੋਂ ਮੇਰੀ ਵੱਡੀ ਬੇਟੀ ਨਵਸ਼ਰਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੜ੍ਹਦੀ ਸੀ। ਉਥੇ ਉਹਨੂੰ ਵੀ ਤਿੰਨ ਚਾਰ ਘੰਟੇ ਲਈ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ। ਉਸ ਵੇਲੇ ਤੱਕ ਮੈਂ ਪੈਨਸ਼ਨ ਦਾ ਹੱਕਦਾਰ ਹੋ ਚੁੱਕਾ ਸਾਂ, ਭਾਵੇਂ ਰਿਟਾਇਰ ਹੋਣ ਨੂੰ ਸੱਤ ਸਾਲ ਪਏ ਸਨ। ਫਿਰ ਮੈਂ ਪ੍ਰੀ-ਮੈਚਿਊਰ ਰਿਟਾਇਰਮੈਂਟ ਲੈ ਲਈ।

ਕਿਤਾਬ ਪ੍ਰਕਾਸ਼ਨ ਸ਼ੁਰੂ ਕਰਨ ਦੀ ਵੀ ਕਥਾ ਹੈ। 1971 ਵਿਚ ਬਲਰਾਜ ਸਾਹਨੀ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦਾ ਪੰਜ ਹਜ਼ਾਰ ਰੁਪਏ ਦਾ ਐਵਾਰਡ ਮਿਲਿਆ। ਇਹ ਨਕਦ ਸ਼ਕਲ ਵਿਚ ਲਾਲ ਗੁਥਲੀ ਵਿਚ ਸੀ। ਬਲਰਾਜ ਨੇ ਉਹ ਗੁਥਲੀ ਮੈਨੂੰ ਫੜਾ ਦਿੱਤੀ ਅਤੇ ਕਿਹਾ ਕਿ ਇਸ ਨੂੰ ਪੰਜਾਬੀ ਦੇ ਉਭਰਦੇ ਲੇਖਕਾਂ ਦੇ ਉਤਸ਼ਾਹ ਲਈ ਵਰਤ ਲਵਾਂ। ਗੁਥਲੀ ਜਦੋਂ ਮੈਂ ਖੋਲ੍ਹੀ ਤਾਂ ਉਹਦੇ ਵਿਚ ਸਤਵੰਜਾ ਸੌ ਰੁਪਏ ਸਨ। ਮੁੰਬਈ-ਚੰਡੀਗੜ੍ਹ ਦੇ ਹਵਾਈ ਸਫ਼ਰ ਦਾ ਕਿਰਾਇਆ ਵੀ ਸੀ ਸ਼ਾਇਦ ਉਹਦੇ ਵਿਚ। ਅਜੇ ਉਸ ਪੈਸੇ ਬਾਰੇ ਮੈਂ ਸੋਚ ਹੀ ਰਿਹਾ ਸੀ ਕਿ ਬਲਰਾਜ ਜੀ ਅਚਾਨਕ ਗੁਜ਼ਰ ਗਏ। ਉਨ੍ਹਾਂ ਦੇ ਪਤਨੀ ਸੰਤੋਸ਼ ਨੂੰ ਜਦੋਂ ਮੈਂ ਪੈਸੇ ਬਾਰੇ ਦੱਸਿਆ ਤਾਂ ਉਨ੍ਹਾਂ ਕਿਹਾ ਕਿ ਜਿਸ ਕੰਮ ਲਈ ਬਲਰਾਜ ਜੀ ਤੁਹਾਨੂੰ ਪੈਸੇ ਫੜਾ ਕੇ ਗਏ ਸੀ, ਉਸ ਲਈ ਹੀ ਇਨ੍ਹਾਂ ਨੂੰ ਵਰਤੋ। ਮੈਂ ਫਿਰ 'ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕਸ਼ਾਲਾ' ਦੇ ਨਾਂ ਥੱਲੇ ਪਾਸ਼ ਦੀ ਕਿਤਾਬ 'ਲੋਹ ਕਥਾ' ਛਪੀ। ਫਿਰ ਸੰਤ ਸੰਧੂ ਦੀ 'ਸੀਸ ਤਲੀ 'ਤੇ'। ਦੋਵੇਂ ਕਵਿਤਾਵਾਂ ਦੀਆਂ ਕਿਤਾਬਾਂ ਸਨ। ਪਾਸ਼ ਦੀ ਕਿਤਾਬ ਸੰਤ ਸੰਧੂ ਨੇ ਤਿਆਰ ਕੀਤੀ ਸੀ। 'ਲੋਹ ਕਥਾ' ਦੀ ਕੀਮਤ 50 ਪੈਸੇ ਰੱਖੀ ਸੀ। ਉਸ ਤੋਂ ਬਾਅਦ ਤਕਰੀਬਨ 112 ਕਿਤਾਬਾਂ ਛਾਪੀਆਂ। ਇਨ੍ਹਾਂ ਵਿਚ ਬਾਦ 'ਚ ਸਥਾਪਤ ਹੋਏ ਲੇਖਕਾਂ ਦੀਆਂ ਪਹਿਲੀਆਂ ਪਹਿਲੀਆਂ

(ਬਾਕੀ ਸਫਾ 27 'ਤੇ)

# ਜੰਗ ਦੇ ਅਟੱਲ ਪ੍ਰਗਟਾਵਿਆਂ ਦੀ ਕਹਾਣੀ 'ਬਾਈਸਾਈਕਲ ਥੀਵਜ਼'



ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91 97799 34747

**ਫ਼ਿਲਮ 'ਬਾਈਸਾਈਕਲ ਥੀਵਜ਼' ਦੂਜੀ ਆਲਮੀ ਜੰਗ ਦੇ ਖ਼ਾਤਮੇ ਤੋਂ ਬਾਅਦ ਮਨੁੱਖਤਾ ਦੇ ਸਨਮੁੱਖ ਆਉਂਦੀਆਂ ਔਕੜਾਂ ਦਾ ਜ਼ਿਕਰ ਕਰਦੀ ਹੈ। ਮੁਸੋਲਿਨੀ ਦੀ ਫ਼ਾਸ਼ੀਵਾਦੀ ਹਕੂਮਤ ਦਾ ਝੰਬਿਆ ਇਟਲੀ, ਬੇਰਹਿਮ ਜੰਗ ਦੀ ਭੇਂਟ ਚੜ੍ਹ ਜਾਂਦਾ ਹੈ। ਚਾਰੇ ਪਾਸੇ ਫੈਲੇ ਬਰਬਾਦੀ ਦੇ ਮੰਜ਼ਰਾਂ ਵਿਚੋਂ ਮਨੁੱਖ ਦੀ ਮੁੜ-ਬਹਾਲੀ ਦਾ ਸੰਘਰਸ਼ ਸ਼ੁਰੂ ਹੋ ਰਿਹਾ ਹੈ। ਮੁਲਕ ਵਿਚ ਅਤਿ ਦੀ ਭੁੱਖ ਅਤੇ ਬੇਰੁਜ਼ਗਾਰੀ ਫੈਲੀ ਹੋਈ ਹੈ ਜਿਨ੍ਹਾਂ ਵਿਚ ਇਕ ਮਜ਼ਦੂਰ ਟੱਬਰ ਸ਼ਾਮਿਲ ਹੈ। ਮਜ਼ਦੂਰ ਨੂੰ ਨੌਕਰੀ ਇਸ ਸ਼ਰਤ 'ਤੇ ਮਿਲਦੀ ਹੈ ਕਿ ਉਸ ਕੋਲ ਸਾਈਕਲ ਹੋਣਾ ਲਾਜ਼ਮੀ ਹੈ। ਟੱਬਰ ਦੇ ਅੰਤਲੇ ਸਰਮਾਏ ਨੂੰ ਦਾਅ 'ਤੇ ਲਾ ਕੇ ਸਾਈਕਲ ਖਰੀਦਿਆ ਜਾਂਦਾ ਹੈ। ਕੁਝ ਸਮੇਂ ਬਾਅਦ ਸਾਈਕਲ ਚੋਰੀ ਹੋਣ ਦੀ ਅਣਹੋਣੀ ਵਾਪਰ ਜਾਂਦੀ ਹੈ। ਬਾਕੀ ਫ਼ਿਲਮ ਸਾਈਕਲ ਨੂੰ ਲੱਭਣ ਅਤੇ ਭੁੱਖ ਨਾਲ ਘੁਲਣ ਦਾ ਸੰਘਰਸ਼ ਹੈ।**

ਸਾਮਰਾਜੀ ਜੰਗਬਾਜ਼ਾਂ ਦੇ ਭੇੜ ਵਿਚ ਦਾਅ 'ਤੇ ਲੱਗੀਆਂ ਮਨੁੱਖੀ ਜਾਨਾਂ ਨੇ ਜੰਗ ਦੀ ਖ਼ੌਫ਼ਨਾਕ ਕੀਮਤ ਉਤਾਰੀ ਹੈ। ਇਨ੍ਹਾਂ ਲਈ ਵਧੇਰੇ ਖ਼ਤਰਨਾਕ ਲੜਾਈ ਜੰਗ ਖ਼ਤਮ ਹੋਣ ਤੋਂ ਬਾਅਦ ਸ਼ੁਰੂ ਹੁੰਦੀ ਹੈ। ਭੁੱਖਮਰੀ ਅਤੇ ਭੁੱਖ ਹੋਰ ਉਘੜਵੇਂ ਰੂਪ ਵਿਚ ਮਨੁੱਖ 'ਤੇ 'ਨਾਜ਼ਲ' ਹੁੰਦੇ ਹਨ। ਉਨ੍ਹਾਂ ਭੁੱਖਿਆਂ ਅਤੇ ਬੇਘਰਿਆਂ ਦਾ ਜ਼ਿਕਰ ਕਿਸੇ ਇਤਿਹਾਸ ਵਿਚ ਨਹੀਂ ਹੁੰਦਾ। ਜ਼ਿਕਰ ਤਾਂ ਬੱਸ ਜੰਗਬਾਜ਼ਾਂ ਦੀਆਂ ਜਿੱਤਾਂ ਅਤੇ ਹਾਰਾਂ ਦਾ ਹੁੰਦਾ ਹੈ। ਇਨ੍ਹਾਂ ਸਾਨ੍ਹਾਂ ਦੇ ਪੈਦਾ ਕੀਤੇ ਤਬਾਹੀ ਦੇ ਖੰਡਰਾਂ ਵਿਚ ਸਹਿਕਦੀ ਮਨੁੱਖੀ ਜ਼ਿੰਦਗੀ ਦਮ ਤੋੜਨ ਜੋਗੀ ਰਹਿ ਜਾਂਦੀ ਹੈ। ਇਹ ਮੰਜ਼ਰ ਵਾਰ ਵਾਰ ਮਨੁੱਖੀ ਸੱਭਿਅਤਾ ਦੀ ਹੋਣੀ ਬਣਦੇ ਹਨ। 'ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ' ਜਿਹੇ ਬੇਕਿਰਕ ਫ਼ਿਕਰੇ ਵਰਤ ਕੇ ਮਨੁੱਖ-ਵਿਰੋਧੀ ਢਾਂਚੇ ਦੀ ਉਮਰ ਲੰਬੀ ਕਰਨ ਦੇ ਹਰਬੇ ਵਰਤੇ ਜਾਂਦੇ ਹਨ। ਸਵਾਲ ਪੁੱਛਣਾ ਬਣਦਾ ਹੈ ਕਿ ਮਨੁੱਖਤਾ ਦੀ ਤਬਾਹੀ ਦਾ ਇਤਿਹਾਸ ਹੀ ਵਾਰ ਵਾਰ ਕਿਉਂ ਆਪਣੇ ਆਪ ਨੂੰ ਦੁਹਰਾਉਂਦਾ ਹੈ? ਸਰਬੱਤ ਦੇ ਭਲੇ ਦਾ ਇਤਿਹਾਸ ਕਿਉਂ ਨਹੀਂ ਦੁਹਰਾਉਣਾ ਚਾਹੀਦਾ? ਅਮਰੀਕੀ ਲੇਖਕ ਜਾਰਜ ਔਰਵੈਲ ਦੀ ਕਿਤਾਬ 'ਉੱਨੀ ਸੌ ਚੁਰਾਸੀ' ਵਿਚ ਜੰਗਬਾਜ਼ਾਂ ਦੇ ਤਿੰਨ ਨਾਅਰੇ ਉੱਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾ, ਜੰਗ ਹੀ ਅਮਨ ਹੈ। ਦੂਜਾ, ਆਜ਼ਾਦੀ ਗ਼ੁਲਾਮੀ ਵਿਚ ਹੈ। ਤੀਜਾ, ਅਗਿਆਨਤਾ ਤਾਕਤ ਦੀ ਕੁੰਜੀ ਹੈ। ਖ਼ਾਸ ਤੌਰ 'ਤੇ ਪਿਛਲੀਆਂ ਦੋ ਸਦੀਆਂ ਇਨ੍ਹਾਂ ਤਿੰਨੇ ਨਾਅਰਿਆਂ ਦਾ ਇਤਿਹਾਸ ਹਨ। ਮੌਜੂਦਾ ਸਦੀ ਵਿਚ ਸਾਮਰਾਜੀ ਜੰਗਬਾਜ਼ ਤਿੰਨੇ ਨਾਅਰਿਆਂ ਦੇ ਨਵੇਂ ਦਿਸਹੱਦੇ ਛੂਹ ਰਹੇ ਹਨ। ਜਿਨ੍ਹਾਂ ਦਾ ਅਤਿ-ਭਿਆਨਕ ਰੂਪ ਵੀਅਤਨਾਮ, ਅਫ਼ਗਾਨਿਸਤਾਨ, ਇਰਾਕ, ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਵਿਚ ਸਾਹਮਣੇ ਆਉਂਦਾ ਹੈ। ਭਵਿੱਖ ਵਿਚ ਵੀ ਤਬਾਹੀ ਦਾ ਰੱਥ ਥੰਮ੍ਹਦਾ ਨਜ਼ਰ ਨਹੀਂ ਆਉਂਦਾ। ਚਰਨੋਬਿਲ, ਤਿੰਨ ਮੀਲ ਟਾਪੂ ਅਤੇ ਫੁਕੂਸ਼ਿਮਾ ਦੇ ਪ੍ਰਮਾਣੂ ਹਾਦਸਿਆਂ ਤੋਂ ਬਾਅਦ ਚਰਨੋਬਿਲ ਦੀ ਪੱਚੀਵੀਂ ਯਾਦ ਵਿਚ ਸੰਯੁਕਤ ਰਾਸ਼ਟਰ ਦਾ ਮੁਖੀ ਬਾਨ ਕੀ ਮੂਨ ਬਿਆਨ ਦਿੰਦਾ ਹੈ ਕਿ ਆਲਮ ਨੂੰ ਅਜਿਹੇ ਹੋਰ ਹਾਦਸਿਆਂ ਲਈ ਤਿਆਰ ਰਹਿਣਾ ਪਵੇਗਾ। ਉਸਦਾ ਮੰਨਣਾ ਹੈ ਕਿ 'ਸਾਧਨਾਂ ਦੀ ਕਿੱਲਤ' ਦੇ ਯੁੱਗ ਵਿਚ ਪ੍ਰਮਾਣੂ ਊਰਜਾ 'ਅਣਸਰਦੀ ਪਸੰਦ' ਹੈ। ਚੇਤੇ ਰਹੇ ਕਿ ਤਾਜ਼ਾ ਅੰਕੜਿਆਂ ਮੁਤਾਬਕ ਚਰਨੋਬਿਲ ਪ੍ਰਮਾਣੂ ਹਾਦਸੇ ਵਿਚ ਸੌਲ੍ਹਾਂ ਲੱਖ ਤੋਂ ਵੱਧ ਲੋਕਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ ਸੀ। ਆਵਾਮੀ ਪੈਂਤੜੇ ਤੋਂ ਕੋਈ ਵੀ ਕਿੱਲਤ ਇੰਨੀਆਂ ਕੀਮਤੀ ਜਾਨਾਂ ਨੂੰ ਦਾਅ 'ਤੇ ਲਾਉਣ ਲਈ ਅਣਸਰਦੀ ਪਸੰਦ ਨਹੀਂ ਹੋ ਸਕਦੀ। ਇਹ ਪਸੰਦ ਗ਼ੁਲਾਮੀ ਅਤੇ ਮੁਨਾਫ਼ੇ ਦੇ ਪੈਰੋਕਾਰਾਂ ਦੀ ਹੈ। ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਤਬਾਹਕੁੰਨ 'ਤਜਰਬੇ' ਕਰਨ ਤੋਂ ਬਾਅਦ ਜੰਗਬਾਜ਼ਾਂ ਦੇ ਹੌਸਲੇ ਬੁਲੰਦ ਹੁੰਦੇ ਗਏ ਹਨ। ਗਾਹੇ-ਬਗਾਹੇ ਹੋਰ ਤਬਾਹੀ ਮਚਾਉਣ ਦੀਆਂ ਸ਼ਰ੍ਹੇਆਮ ਧਮਕੀਆਂ ਅਤੇ ਅਮਲਾਂ ਨੇ ਮਨੁੱਖਤਾ ਦੇ ਭਵਿੱਖ ਨੂੰ ਖ਼ਤਰੇ ਵਿਚ ਪਾਇਆ ਹੈ। ਹਿੰਦ-ਪਾਕਿ ਮੁਲਕਾਂ ਵਿਚ ਜੰਗ ਦੇ ਹੱਕ ਵਿਚ ਸਰਗਰਮ ਧਿਰਾਂ ਨੂੰ ਇਸੇ ਖ਼ਤਰੇ ਦੀ ਲੜੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਫ਼ਿਲਮ 'ਬਾਈਸਾਈਕਲ ਥੀਵਜ਼' ਦੂਜੀ ਆਲਮੀ ਜੰਗ ਦੇ ਖ਼ਾਤਮੇ ਤੋਂ ਬਾਅਦ ਮਨੁੱਖਤਾ ਦੇ ਸਨਮੁੱਖ ਆਉਂਦੀਆਂ ਔਕੜਾਂ ਦਾ ਜ਼ਿਕਰ ਕਰਦੀ ਹੈ। ਮੁਸੋਲਿਨੀ ਦੀ ਫ਼ਾਸ਼ੀਵਾਦੀ ਹਕੂਮਤ ਦਾ ਝੰਬਿਆ ਇਟਲੀ, ਬੇਰਹਿਮ ਜੰਗ ਦੀ ਭੇਂਟ ਚੜ੍ਹ ਜਾਂਦਾ ਹੈ। ਚਾਰੇ ਪਾਸੇ ਫੈਲੇ ਬਰਬਾਦੀ ਦੇ ਮੰਜ਼ਰਾਂ ਵਿਚੋਂ ਮਨੁੱਖ ਦੀ ਮੁੜ-ਬਹਾਲੀ ਦਾ ਸੰਘਰਸ਼ ਸ਼ੁਰੂ ਹੋ ਰਿਹਾ ਹੈ। ਮੁਲਕ ਵਿਚ ਅਤਿ ਦੀ ਭੁੱਖ ਅਤੇ ਬੇਰੁਜ਼ਗਾਰੀ ਫੈਲੀ ਹੋਈ ਹੈ ਜਿਨ੍ਹਾਂ ਵਿਚ ਇਕ ਮਜ਼ਦੂਰ ਟੱਬਰ ਸ਼ਾਮਿਲ ਹੈ। ਮਜ਼ਦੂਰ ਨੂੰ ਨੌਕਰੀ ਇਸ ਸ਼ਰਤ 'ਤੇ ਮਿਲਦੀ ਹੈ ਕਿ ਉਸ ਕੋਲ ਸਾਈਕਲ ਹੋਣਾ ਲਾਜ਼ਮੀ ਹੈ। ਟੱਬਰ ਦੇ ਅੰਤਲੇ ਸਰਮਾਏ ਨੂੰ ਦਾਅ 'ਤੇ ਲਾ ਕੇ ਸਾਈਕਲ ਖਰੀਦਿਆ ਜਾਂਦਾ ਹੈ। ਕੁਝ ਸਮੇਂ ਬਾਅਦ ਸਾਈਕਲ ਚੋਰੀ ਹੋਣ ਦੀ ਅਣਹੋਣੀ ਵਾਪਰ ਜਾਂਦੀ ਹੈ। ਬਾਕੀ ਫ਼ਿਲਮ ਸਾਈਕਲ ਨੂੰ ਲੱਭਣ ਅਤੇ ਭੁੱਖ ਨਾਲ ਘੁਲਣ ਦਾ ਸੰਘਰਸ਼ ਹੈ। ਅੰਤ ਵਿਚ ਭੁੱਖ ਦਾ ਮਾਰਿਆ ਮਜ਼ਦੂਰ ਕਿਸੇ ਹੋਰ ਦੀ ਸਾਈਕਲ ਚੋਰੀ ਕਰਨ ਲਈ ਮਜਬੂਰ ਹੋ ਜਾਂਦਾ ਹੈ। ਚੋਰੀ ਕਰਦਾ ਫੜਿਆ ਜਾਂਦਾ ਹੈ। ਮਜ਼ਦੂਰ ਦੇ ਛੋਟੇ ਜਿਹੇ ਮੁੰਡੇ ਸਾਹਮਣੇ ਉਹਦੀ ਕੁੱਟਮਾਰ ਕੀਤੀ ਜਾਂਦੀ ਹੈ। ਸ਼ਰਮ ਦਾ ਮਾਰਿਆ ਮਜ਼ਦੂਰ, ਮੁੰਡੇ ਨਾਲ ਅੱਖ ਵੀ ਨਹੀਂ ਮਿਲਾ ਸਕਦਾ। ਇਹ ਫ਼ਿਲਮ ਪਿਉ-ਪੁੱਤ ਦੇ ਰਿਸ਼ਤੇ 'ਤੇ ਬਣੀਆਂ ਸਭ ਤੋਂ ਖ਼ੂਬਸੂਰਤ ਅਤੇ ਮਾਰਮਿਕ ਫ਼ਿਲਮਾਂ ਵਿਚੋਂ ਇਕ ਹੈ। ਤੱਥ-ਸਹਿਤ, ਆਲਮ ਦੀਆਂ ਕਈ ਬਿਹਤਰੀਨ ਫ਼ਿਲਮਾਂ ਪਿਉ-ਪੁੱਤ ਦੇ ਰਿਸ਼ਤੇ 'ਤੇ ਬਣੀਆਂ ਹਨ। ਮਾਸੂਮ ਬੱਚੇ ਲਈ ਪਿਉ ਦੁਨੀਆਂ ਦਾ ਸਭ ਤੋਂ ਤਾਕਤਵਰ ਬੰਦਾ ਹੈ ਜੋ ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਸਕਦਾ ਹੈ। ਜਦੋਂ ਪਿਉ ਦੀ ਮਾਰ-ਕੁਟਾਈ ਅੱਖਾਂ ਮੂਹਰੇ ਹੁੰਦੀ ਹੈ ਤਾਂ ਮਾਸੂਮ ਦੇ ਅੰਦਰੋਂ ਬਹੁਤ ਕੁਝ ਟੁੱਟ-ਭੱਜ ਜਾਂਦਾ ਹੈ। ਦੁਬਾਰਾ ਉਹ ਪਹਿਲਾਂ ਵਰਗਾ ਸਹਿਜ ਨਹੀਂ ਹੋ ਸਕਦਾ। ਅਮਰੀਕੀ ਜੰਗਬਾਜ਼ਾਂ ਨੇ ਅਣਗਿਣਤ ਪਿਉਆਂ ਨੂੰ ਕੁੱਟ-ਮਾਰ ਕੇ ਮਾਸੂਮਾਂ ਦੀ ਮਾਸੂਮੀਅਤ ਖੋਹੀ ਹੈ। ਇਸਦੀ ਮਿਸਾਲ ਇਰਾਕੀ ਫ਼ਿਲਮ 'ਟਰਟਲਜ਼ ਕੈਨ ਫਲਾਈ' ਵਿਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਨੇ ਖ਼ੂਨੀ ਸਾਕਿਆਂ ਅਤੇ ਘੱਲੂਘਾਰਿਆਂ ਦੇ ਮੰਜ਼ਰ ਅੱਖੀਂ ਦੇਖੇ ਹੋਣ। ਉਹ ਮੁੜ ਕੇ ਸਹਿਜਤਾ ਨਾਲ ਨਹੀਂ ਜਿਉ ਸਕਦੇ। ਉਨ੍ਹਾਂ ਦੀ ਬਹਾਲੀ ਦਾ ਸੰਘਰਸ਼ ਆਲਮ ਦੀ ਸੰਵੇਦਨਾ 'ਤੇ ਸਵਾਲੀਆ ਨਿਸ਼ਾਨ ਹੈ। ਛੋਟੇ ਬੁਸ਼ ਨੂੰ ਜੁੱਤੀ ਮਾਰਨ ਵਾਲੇ ਮੁੰਤਜ਼ਰ-ਅਲ-ਜ਼ੈਦੀ ਦਾ ਇਕਬਾਲੀਆ ਬਿਆਨ ਇਰਾਕ ਦੀ ਤਬਾਹੀ ਦਾ ਮਾਰਮਿਕ ਖ਼ੁਲਾਸਾ ਕਰਦਾ ਹੈ।



ਫ਼ਿਲਮ 'ਬਾਈਸਾਈਕਲ ਥੀਵਜ਼' ਦਾ ਇਕ ਦ੍ਰਿਸ਼।

ਫ਼ਿਲਮ ਨਾਲ ਜੁੜੀ ਯਾਦ ਮੁਤਾਬਕ, ਹਦਾਇਤਕਾਰ ਵਿਟੋਰੀਉ-ਡੀ-ਸੀਕਾ ਨੇ ਮਜ਼ਦੂਰ ਦੇ ਕਿਰਦਾਰ ਵਿਚ ਇਟਲੀ ਦੇ ਉਸ ਵੇਲੇ ਦੇ ਵੱਡੇ ਅਦਾਕਾਰ ਨੂੰ ਲਿਆ। ਅਦਾਕਾਰ ਦੇ ਨਖ਼ਰਿਆਂ ਤੋਂ ਤਪੇ ਸੀਕਾ ਨੇ ਅਸਲੀ ਮਜ਼ਦੂਰ ਤੋਂ ਕੰਮ ਕਰਾਉਣ ਦਾ ਐਲਾਨ ਕਰ ਦਿੱਤਾ। ਸਹੀ ਬੰਦਾ ਮਿਲਣ ਵਿਚ ਦਿੱਕਤ ਆਉਣ ਲੱਗੀ। ਕਾਰ-ਸਫ਼ਰ ਦੌਰਾਨ ਸੀਕਾ ਨੇ ਕੰਮ ਕਰਦੇ ਮਜ਼ਦੂਰ ਨੂੰ ਕੋਲ ਬੁਲਾ ਕੇ ਕਿਰਦਾਰ ਬਾਰੇ ਦੱਸਿਆ। ਮਜ਼ਦੂਰ ਨੂੰ ਫ਼ਿਲਮ ਬਾਰੇ ਕੋਈ ਗਿਆਨ ਨਹੀਂ ਸੀ। ਉਹਦਾ ਇਕੋ ਸਵਾਲ ਸੀ, "...ਰੋਟੀ ਮਿਲੂਗੀ?...।" ਉਹੀ ਮਜ਼ਦੂਰ ਫ਼ਿਲਮ ਦਾ ਮੁੱਖ ਅਦਾਕਾਰ ਬਣਿਆ।

ਫ਼ਿਲਮ 'ਬਾਈਸਾਈਕਲ ਥੀਵਜ਼' ਨੇ ਯਥਾਰਥਵਾਦੀ ਸਿਨੇਮੇ ਦੀ ਨੀਂਹ ਰੱਖੀ। ਸਤਿਆਜੀਤ ਰੇਅ ਦੀ 'ਪਾਥਰ ਪਾਂਚਾਲੀ' ਅਤੇ ਹੋਰ ਫ਼ਿਲਮਾਂ, ਖ਼ਵਾਜਾ ਅਹਿਮਦ ਅੱਬਾਸ ਦੀ 'ਧਰਤੀ ਕੇ ਲਾਲ' ਅਤੇ ਬਿਮਲ ਰਾਏ ਦੀ 'ਦੋ ਬੀਘਾ ਜ਼ਮੀਨ' ਇਸੇ ਰੁਝਾਨ ਦੀਆਂ ਕੜੀਆਂ ਹਨ। ਸਾਡੇ ਮੁਲਕ ਵਿਚ ਮ੍ਰਿਨਾਲ ਸੇਨ, ਰਿਤਵਿਕ ਘਟਕ, ਕੁਮਾਰ ਸ਼ਾਹਾਨੀ, ਸ਼ਿਆਮ ਬੈਨੇਗਲ ਅਤੇ ਗੋਵਿੰਦ ਨਿਹਲਾਨੀ ਨੇ ਇਸ ਰਵਾਇਤ ਨੂੰ ਅੱਗੇ ਵਧਾਇਆ। ਅਗਾਂਹਵਧੂ ਹਲਕੇ ਇਸ ਨੂੰ ਲੋਕ-ਪੱਖੀ ਸਿਨੇਮੇ ਦੀ ਸੰਗਿਆ ਦਿੰਦੇ ਹਨ। ਸ਼ਾਹਰੁਖ਼ ਖ਼ਾਨ, ਕਰਨ ਜੌਹਰ, ਫਰਾਹ ਖ਼ਾਨ ਅਤੇ ਉਹਦਾ ਬੜਬੋਲਾ ਭਰਾ ਸਾਜਿਦ ਖ਼ਾਨ ਯਥਾਰਥਵਾਦੀ ਸਿਨੇਮੇ ਦੇ ਖ਼ਿਲਾਫ਼ ਪੈਂਤੜਾ ਲੈਂਦੇ ਹੋਏ ਕਹਿੰਦੇ ਹਨ ਕਿ ਅਜਿਹਾ ਸਿਨੇਮਾ ਹਿੰਦੋਸਤਾਨੀ ਫ਼ਿਲਮਾਂ ਦੀ ਨੁਮਾਇੰਦਗੀ ਨਹੀਂ ਕਰਦਾ। ਨੱਚਣ-ਟੱਪਣ ਵਾਲੀਆਂ ਫ਼ਿਲਮਾਂ ਹੀ ਸਾਡੇ ਮੁਲਕ ਦੀਆਂ ਨੁਮਾਇੰਦਾ ਫ਼ਿਲਮਾਂ ਹਨ।

ਇਸੇ ਰੁਝਾਨ ਦੀ ਕੜੀ ਵਜੋਂ ਪੰਜਾਬੀ ਦੇ ਵੱਡੇ ਫ਼ਿਲਮਸਾਜ਼ ਮੁੱਦਾ ਆਧਾਰਤ ਫ਼ਿਲਮਾਂ ਦੇ ਖ਼ਿਲਾਫ਼ ਬਿਆਨਬਾਜ਼ੀ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬੀ ਸੰਗਤ ਦੀ ਬੌਧਿਕ ਸਮਰੱਥਾ ਘੱਟ ਹੋਣ ਕਰਕੇ ਅਜਿਹੀਆਂ ਫ਼ਿਲਮਾਂ ਬਣਾਉਣਾ ਮੂਰਖਤਾ ਹੈ। ਮਨੁੱਖਤਾ ਦੇ ਖ਼ਿਲਾਫ਼ ਭੁਗਤਣਾ ਚਾਲੂ ਫ਼ਿਲਮਾਂ ਦੇ ਪੈਰੋਕਾਰਾਂ ਦਾ ਨਾਪਾਕ ਧੰਦਾ ਹੈ ਪਰ 'ਬਾਈਸਾਈਕਲ ਥੀਵਜ਼' ਜਿਹੀਆਂ ਕਿਰਤਾਂ ਆਵਾਮੀ ਸਿਨੇਮੇ ਦੀ ਨੀਂਹ ਦੀਆਂ ਪੱਕੀਆਂ ਇੱਟਾਂ ਹਨ ਜੋ ਲੋਕ-ਫ਼ਿਲਮਸਾਜ਼ਾਂ ਲਈ ਵਿਰਾਸਤ ਅਤੇ ਚਾਲੂ-ਫ਼ਿਲਮਸਾਜ਼ਾਂ ਲਈ ਚਿਰਸਥਾਈ ਖ਼ਤਰਾ ਹਨ। ਇਹ ਫ਼ਿਲਮ ਜੰਗੀ ਹੈਂਕੜ ਦੇ ਖ਼ਿਲਾਫ਼ ਅਤੇ ਆਲਮੀ ਅਮਨ ਦੇ ਹੱਕ ਵਿਚ ਸੁਹਿਰਦ ਨਾਅਰਾ ਹੈ ਅਤੇ ਉਨ੍ਹਾਂ ਮਜ਼ਲੂਮਾਂ ਦੀ ਧਿਰ ਬਣਦੀ ਹੈ ਜਿਨ੍ਹਾਂ ਲਈ ਹਾਲਾਤ ਜੰਗ ਤੋਂ ਪਹਿਲਾਂ ਹੀ ਬੁਰੇ ਹਨ, ਪਰ ਜੰਗ ਤੋਂ ਬਾਅਦ ਬਦ ਤੋਂ ਬਦਤਰ ਹੋ ਜਾਂਦੇ ਹਨ।

## ਅੰਮ੍ਰਿਤਸਰ ਛੱਡਣ ਦਾ ਗਮ ਰਿਹਾ

(ਸਫਾ 26 ਦੀ ਬਾਕੀ)

ਕਿਤਾਬਾਂ ਸਨ-ਵਰਿਆਮ ਸੰਧੂ, ਪ੍ਰੇਮ ਗੋਰਖੀ, ਅਤਰਜੀਤ, ਸੁਖਵੰਤ ਕੌਰ ਮਾਨ ਆਦਿ। ਸੰਤ ਰਾਮ ਉਦਾਸੀ ਦੀਆਂ ਸਾਰੀਆਂ ਕਿਤਾਬਾਂ ਮੈਂ ਛਾਪੀਆਂ। ਖ਼ਾਸ ਜ਼ਿਕਰ ਵਾਲੀ ਗੱਲ ਇਹ ਹੈ ਕਿ ਪਹਿਲਾਂ ਪਹਿਲ ਜਦੋਂ ਮੈਂ ਕਿਤਾਬਾਂ ਛਾਪੀਆਂ ਤਾਂ ਲੇਖਕਾਂ ਦਾ ਬੜਾ ਸਹਿਯੋਗ ਰਿਹਾ ਪਰ ਜਦੋਂ ਇਹ ਲੇਖਕ ਸਥਾਪਤ ਹੋ ਗਏ ਤਾਂ ਮੇਰੀ ਸਾਦਾ ਦਿੱਖ ਵਾਲੀ ਸਸਤੀ ਕਿਤਾਬ ਇਨ੍ਹਾਂ ਨੂੰ ਪਸੰਦ ਆਉਣੋਂ ਹਟ ਗਈ। ਨਾਟਕਾਂ ਦੇ ਨਾਲ-ਨਾਲ ਪਿੰਡ-ਪਿੰਡ ਕਿਤਾਬਾਂ ਲਿਜਾਣ ਨਾਲ ਕਿਤਾਬਾਂ ਦੀ ਸਰਕੂਲੇਸ਼ਨ ਵਧੀ। ਨਾਟਕਾਂ ਦੇ ਬਾਅਦ ਕਿਤਾਬਾਂ ਦਾ ਖੁੱਲ੍ਹਾ ਸਟਾਲ ਲਾਇਆ ਜਾਂਦਾ ਸੀ। ਇਸ ਪੁਸਤਕਸ਼ਾਲਾ ਬਾਰੇ ਬੜੇ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਚੋਣਵਾਂ ਇਨਕਲਾਬੀ ਸਾਹਿਤ ਇਹਦੇ ਨਾਂ ਥੱਲੇ ਤਕਰੀਬਨ 30 ਸਾਲ ਛਪਿਆ ਹੈ। 1983 ਤੋਂ 1994 ਤੱਕ ਜਿਹੜਾ ਅਤਿਵਾਦ ਦਾ ਕਾਲਾ ਦੌਰ ਗਿਣਿਆ ਜਾਂਦਾ ਹੈ, ਉਸ ਵਿਚ ਕਵਿਤਾਵਾਂ ਤੇ ਕਹਾਣੀਆਂ ਦੇ ਬਹੁਤ ਸਾਰੇ ਸੰਗ੍ਰਹਿ ਛਾਪੇ। ਕਵਿਤਾਵਾਂ ਦਾ ਸੰਗ੍ਰਹਿ 'ਪਹੁੰਚੇ ਹਾਂ ਕਿਸ ਮੁਕਾਮ 'ਤੇ' ਪਰਮਿੰਦਰਜੀਤ ਨੇ ਤਿਆਰ ਕੀਤਾ ਸੀ। ਇਸ ਵਿਚ ਪੰਜਾਬ ਦੇ ਸੰਤਾਪ ਬਾਰੇ ਚੋਣਵੀਆਂ ਕਵਿਤਾਵਾਂ ਸਨ। ਇਸ ਪੁਸਤਕਸ਼ਾਲਾ ਬਾਰੇ ਜ਼ਿਕਰਯੋਗ ਗੱਲ ਇਹ ਹੈ ਕਿ ਇਹ ਮੇਰਾ ਮਿਸ਼ਨ ਨਾਟਕ ਸਰਗਰਮੀਆਂ ਦਾ ਅਨਿਖੜਵਾਂ ਅੰਗ ਬਣ ਗਿਆ ਸੀ।

ਮੈਥੋਂ ਬਾਅਦ ਹੁਣ ਬਹੁਤ ਸਾਰੇ ਪ੍ਰਕਾਸ਼ਕ ਕੰਮ ਕਰ ਰਹੇ ਹਨ। ਇਕ ਦੋ ਪ੍ਰਕਾਸ਼ਕ ਹਨ ਜਿਹੜੇ ਸਸਤੀਆਂ ਕਿਤਾਬਾਂ ਲੈ ਕੇ ਪਿੰਡਾਂ ਵਿਚ ਜਾ ਰਹੇ ਹਨ। ਕਹਾਣੀਕਾਰ ਅਤਰਜੀਤ ਮੇਰੇ ਇਸ ਤਜਰਬੇ ਨੂੰ ਹੋਰ ਅੱਗੇ ਲਿਜਾਉਣਾ ਚਾਹੁੰਦਾ ਹੈ। ਉਹ ਚੰਗੇ ਯਤਨ ਕਰ ਰਿਹਾ ਹੈ ਕਿ ਵਧੀਆ ਸਾਹਿਤ ਵਾਜਬ ਕੀਮਤ 'ਤੇ ਅਵਾਮੀ ਸਮਾਗਮਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇ। ਤਰਕਸ਼ੀਲ ਲਹਿਰ ਨੇ ਵੀ ਚੰਗਾ ਕੰਮ ਕੀਤਾ।

ਉਂਜ, ਆਪਣੇ ਤਜਰਬੇ ਤੋਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਜ਼ਿਆਦਾ ਸਸਤੀ ਕਿਤਾਬ ਨਾਲ ਵੀ ਕਿਤਾਬ ਦੀ ਕਦਰ ਘਟ ਜਾਂਦੀ ਹੈ। ਮੈਨੂੰ ਲੱਗਦਾ ਹੈ ਕਿ ਇਹ ਕੋਈ ਆਦਰਸ਼ਕ ਪਹੁੰਚ ਨਹੀਂ ਪਰ ਸਜਾਵਟੀ ਛਲਾਵੇ ਨਾਲ ਕਿਤਾਬਾਂ ਦਾ ਬਾਜ਼ਾਰ ਵਿਚ ਭੇਜਣਾ ਵੀ ਤਰਕਸੰਗਤ ਨਹੀਂ ਹੈ। ਕੋਈ ਵਿਚਕਾਰਲਾ ਰਾਹ ਲੱਭਣਾ ਚਾਹੀਦਾ ਹੈ। ਗੈਟਅੱਪ ਵੀ ਚੰਗੀ ਹੋਵੇ, ਕੁਆਲਟੀ ਵੀ ਹੋਵੇ ਅਤੇ ਕੀਮਤ ਵੀ ਜੇਬ ਤੋਂ ਬਾਹਰੀ ਨਾ ਹੋਵੇ ਤੇ ਨਾਲ ਹੀ ਨਿਸ਼ਾਨਾ ਤੈਅ ਹੋਵੇ ਕਿ ਕਿਤਾਬ ਕਿਹਦੇ ਕੋਲ ਕਿਵੇਂ ਪਹੁੰਚਾਉਣੀ ਹੈ!

# ਸਚਿਨ ਤੇਂਦੁਲਕਰ ਦੇ ਦੌਰ 'ਚ ਜੂਹ ਬਦਰ ਅਵਾਮ

(ਸਫਾ 15 ਦੀ ਬਾਕੀ)

ਮੰਨਦੇ ਹੋਏ ਇਨ੍ਹਾਂ ਦੀ ਕਾਮਯਾਬੀ ਲਈ ਹਰ ਹੀਲਾ ਜੁਟਾਉਣਗੇ। ਰਾਸ਼ਟਰਮੰਡਲ ਖੇਡਾਂ ਦੀ ਕਾਮਯਾਬੀ ਨਾਲ ਪੂਰੀ ਦੁਨੀਆ ਨੂੰ ਇਹ ਸੁਨੇਹਾ ਪੁੱਜੇਗਾ ਕਿ ਭਾਰਤ ਕਿੰਨੀ ਦ੍ਰਿੜਤਾ ਨਾਲ ਅੱਗੇ ਵਧ ਰਿਹਾ ਹੈ।" ਰਾਸ਼ਟਰਮੰਡਲ ਖੇਡਾਂ ਦੇ ਘਪਲਿਆਂ ਬਾਬਤ ਜਾਣੂ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਦੀ ਦਖ਼ਲਅੰਦਾਜ਼ੀ ਆਲਮੀ ਖੇਡ ਪ੍ਰਬੰਧਕਾਂ ਨੂੰ ਭਰੋਸੇ ਵਿਚ ਲੈਣ ਤੋਂ ਵੱਧ ਨਹੀਂ ਰਹੀ। ਉਸ ਦੌਰਾਨ ਮਜ਼ਦੂਰਾਂ ਦੀ ਲੁੱਟ ਨੂੰ ਮਨੁੱਖੀ ਹਕੂਕ ਜਥੇਬੰਦੀਆਂ ਨੇ ਉਘਾੜਿਆ। ਲੋਕਾਂ ਦੀਆਂ ਖੱਜਲਖੁਆਰੀਆਂ ਵਿਚ ਵਾਧਾ ਹੋਇਆ। ਖੇਡ ਸਟੇਡੀਅਮਾਂ ਅਤੇ ਹੋਰ ਸਹੂਲਤਾਂ ਦਾ ਅਜਿਹਾ ਢਾਂਚਾ ਉਸਾਰਿਆ ਗਿਆ ਜਿਸ ਦੀ ਮੁੜ ਕੇ 'ਸੁਚੱਜੀ' ਵਰਤੋਂ ਨਹੀਂ ਹੋਣੀ। ਇਨ੍ਹਾਂ ਦੀ ਉਸਾਰੀ ਦਾ ਬੋਝ ਮਹਿੰਗਾਈ ਅਤੇ ਬਦਲੀਆਂ ਤਰਜੀਹਾਂ ਦੇ ਰੂਪ ਵਿਚ ਅਵਾਮ ਚੁੱਕ ਰਿਹਾ ਹੈ।

ਪੰਜਾਬ ਵਿਚ ਸਰਕਾਰ ਨੇ ਅਵਾਮੀ ਮਸਲਿਆਂ ਲਈ ਧਰਨਿਆਂ-ਮੁਜ਼ਾਹਰਿਆਂ ਦੁਆਲੇ ਲਗਾਤਾਰ ਕਾਨੂੰਨੀ ਪੇਸ਼ਬੰਦੀਆਂ ਕੀਤੀਆਂ ਹਨ। ਸਚਿਨ-ਸ਼ੋਇਬ ਦੇ ਵਿਵਾਦ ਵਿਚ 'ਮੁਲਕਪ੍ਰਸਤ' ਹੋਇਆ ਮੀਡੀਆ ਧਰਨਾਕਾਰੀਆਂ ਨੂੰ ਖ਼ਰੂਦੀਆਂ ਵਜੋਂ ਪੇਸ਼ ਕਰਦਾ ਹੈ। ਇਹ ਤੈਅ ਹੋ ਚੁੱਕਿਆ ਹੈ ਕਿ ਰਾਜਧਾਨੀਆਂ ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਵਪਾਰੀਆਂ ਦੁਆਲੇ ਉਸਰੇ ਅਮਲੇ-ਫੈਲੇ ਲਈ ਰਾਖਵੀਆਂ ਕੀਤੀਆਂ ਜਾ ਰਹੀਆਂ ਹਨ। ਪਿੰਡਾਂ ਵਿਚੋਂ ਤਾਜ਼ੀ ਸਬਜ਼ੀ, ਦੁੱਧ, ਅਨਾਜ ਅਤੇ ਸਸਤੇ ਮਜ਼ਦੂਰ ਦਰਕਾਰ ਹਨ ਪਰ ਅਵਾਮ ਦੀਆਂ ਮੁਸ਼ਕਲਾਂ ਲਈ ਕੋਈ ਥਾਂ ਨਹੀਂ ਹੈ। ਮੀਡੀਆ ਸਚਿਨ ਤੇਂਦੁਲਕਰ ਉੱਤੇ ਕੀਤੇ ਗਏ ਸਵਾਲ ਤੋਂ ਨਰਾਜ਼ ਮੁਲਕ ਨੂੰ ਇਕਮੁੱਠ ਪੇਸ਼ ਕੀਤਾ ਜਾਂਦਾ ਹੈ। ਦੂਰੋਂ-ਨੇੜਿਓਂ ਦੁਸ਼ਵਾਰੀਆਂ ਝਾਗ ਕੇ ਆਏ ਧਰਨਾਕਾਰੀਆਂ ਨੂੰ 'ਰੋਜ਼ਮਰਾ ਦੀ ਜ਼ਿੰਦਗੀ ਵਿਚ ਵਿਘਨ ਵਜੋਂ ਪ੍ਰਚਾਰਿਆ ਜਾਂਦਾ ਹੈ। ਇਹ ਬੇਮੇਲ ਜਾਪਦੀਆਂ ਗੱਲਾਂ ਇਕੋ ਵਰਤਾਰੇ ਦੀਆਂ ਤੰਦਾਂ ਹਨ ਜੋ ਮਨੁੱਖ ਦੀ ਪਛਾਣ ਉੱਤੇ ਖ਼ਪਤ ਅਤੇ ਸਹੂਲਤ ਮੁਖੀ 'ਸ਼ਿੰਗਾਰ' ਦੀ ਲੇਪ ਗੂੜ੍ਹੀ ਕਰ ਰਹੀਆਂ ਹਨ। ਸਰਕਾਰਾਂ ਅਵਾਮੀ ਮਸਲਿਆਂ ਨੂੰ ਸੁਲਝਾਉਣ ਦੀ ਥਾਂ ਨਵੇਂ ਕਲੇਸ਼ ਖੜ੍ਹੇ ਕਰ ਰਹੀਆਂ ਹਨ। ਇਕ ਦਿਨ ਦੀ ਔਖ ਤੋਂ ਪਰੇਸ਼ਾਨ ਤਬਕੇ ਨਾਲ ਇਹ ਸੰਵਾਦ ਸ਼ੁਰੂ ਕਰਨਾ ਬਣਦਾ ਹੈ ਕਿ ਘਰਾਂ ਵਿਚ ਚੱਲ ਰਿਹਾ ਸਚਿਨ-ਸ਼ੋਇਬ ਵਿਵਾਦ ਉਨ੍ਹਾਂ ਨੂੰ ਬੰਦਿਆਈ ਤੋਂ ਨਿਖੇੜ ਰਿਹਾ ਹੈ। ਇਸੇ ਨਿਖੇੜ ਦੇ ਨਤੀਜੇ ਵਜੋਂ ਧਰਨਾ ਦੇਣ ਲਈ ਮਜਬੂਰ ਲੋਕ ਉਨ੍ਹਾਂ ਨੂੰ ਸਮਕਾਲੀ ਲੱਗਣ ਦੀ ਥਾਂ ਖ਼ਰੂਦੀ ਜਾਪਦੇ ਹਨ। ਸਰਕਾਰਾਂ ਤਾਂ ਇਹੋ ਚਾਹੁੰਦੀਆਂ ਹਨ ਕਿ ਹਰ ਤਰ੍ਹਾਂ ਦੇ ਰੋਹ ਨੂੰ ਨਜ਼ਰਅੰਦਾਜ਼ ਕਰਨ ਲਈ ਖ਼ਰੂਦ ਵਜੋਂ ਪ੍ਰਚਾਰਿਆ ਜਾਵੇ। ਪ੍ਰਚਾਰ ਸਰਕਾਰਾਂ ਦਾ ਸਭ ਤੋਂ ਤਿੱਖਾ ਅਤੇ ਬੇਕਿਰਕ ਹਥਿਆਰ ਹੈ। ਇਹ ਸਵਾਲ ਤਾਂ ਪੁੱਛਿਆ ਜਾਣਾ ਬਣਦਾ ਹੈ ਕਿ ਰਾਜਧਾਨੀਆਂ ਦਾ ਅਵਾਮ ਅਤੇ ਵਧ ਰਹੀ ਸਮਾਜਿਕ ਨਾਬਰਾਬਰੀ ਨਾਲ ਕੀ ਰਿਸ਼ਤਾ ਹੈ? ਮੁਲਕ ਦਾ ਮਤਲਬ ਸਚਿਨ ਅਤੇ ਮੁਲਖ (ਅਵਾਮ) ਦਾ ਅਰਥ ਖ਼ਰੂਦ ਕਿਵੇਂ ਹੋ ਗਿਆ? ਸ਼ੋਇਬ ਨੇ ਨਰਾਜ਼ਗੀ ਸਹੇੜੀ ਹੈ ਜਾਂ ਧਿਆਨ ਖਰੀਦਿਆ ਹੈ? ਅਸੀਂ ਆਪਣਾ ਧਿਆਨ ਕਿਸ ਵੇਲੇ ਕਿਸ ਦੁਕਾਨ ਵਿਚ ਵੇਚ ਆਏ ਸਾਂ ਜਾਂ ਭੁੱਲ ਆਏ ਸਾਂ? ਖੇਡ ਪ੍ਰਬੰਧਕਾਂ ਨੇ ਉਸੇ ਦੁਕਾਨ ਤੋਂ ਦਰਦਮੰਦੀ ਵੇਚ ਕੇ ਮੁਨਾਫ਼ਾ ਖਰੀਦਿਆ ਹੈ। ਸ਼ੋਇਬ ਦੀ ਕਿਤਾਬ ਬਾਬਤ ਮੁੰਬਈ ਵਿਚੋਂ ਰੌਂਦ ਹੋਇਆ ਸਮਾਗਮ ਸਾਡੇ ਘਰਾਂ ਵਿਚ ਚੱਲ ਰਿਹਾ ਹੈ ਅਤੇ ਅਸੀਂ...।

# ਜਦੋਂ ਜਜ਼ਬਾਤ ਉਬਾਲਾ ਮਾਰਦੇ ਸਨ...

(ਸਫਾ 25 ਦੀ ਬਾਕੀ)

ਬੋਲੀ ਜਾਂਦੇ...ਬੋਲਦੇ ਬੋਲਦੇ ਥਰ-ਥਰਾਉਣ ਲਗਦੇ। ਸਰਕਾਰੀ ਨੀਤੀਆਂ ਨੂੰ ਨਿੰਦਦੇ ਨਿੰਦਦੇ ਜਜ਼ਬਾਤ ਐਨਾ ਉਬਾਲਾ ਮਾਰਦੇ ਕਿ ਉਨ੍ਹਾਂ ਦੀਆਂ ਅੱਖਾਂ ਭਰ ਜਾਂਦੀਆਂ, ਬੋਲ ਭਾਰੇ ਹੋ ਜਾਂਦੇ ਪਰ ਫਿਰ ਇਕ ਦਮ ਸੰਭਲ ਵੀ ਜਾਂਦੇ।

ਮੈਂ ਭਾਅ ਜੀ ਦੇ ਬਹੁਤ ਸਾਰੇ ਰੰਗ ਦੇਖੇ ਹਨ। ਉਹ ਕਦੇ ਹੱਸਦੇ-ਠਹਾਕਾ ਮਾਰ ਕੇ ਤੇ ਫਿਰ ਬਹੁਤ ਗੰਭੀਰ ਹੋ ਕੇ ਜ਼ਿੰਦਗੀ ਦੀ ਕਿਸੇ ਕੌੜੀ ਸਚਾਈ ਨੂੰ ਬਿਆਨ ਕਰਨ ਲਗਦੇ...ਉਸ ਸਮੇਂ ਦੂਜੇ ਕਮਰੇ 'ਚੋਂ ਕੈਲਾਸ਼ ਭੈਣ ਜੀ ਆ ਜਾਂਦੇ ਤੇ ਬੜੀ ਸਹਿਜਤਾ ਨਾਲ ਭਾਅ ਜੀ ਨੂੰ ਸੰਬੋਧਤ ਹੁੰਦੇ..."ਹੌਲੀ...ਹੌਲੀ...ਸ਼ਾਂਤ ਹੋ ਕੇ ਬੋਲੋ...ਕਿਉਂ ਡਾਕਟਰ ਦੀ ਗੱਲ ਵਿਸਰ ਜਾਂਦੇ ਓ..." ਤੇ ਭਾਅ ਜੀ ਸ਼ਾਂਤ ਹੋ ਜਾਂਦੇ।

ਪੂਰੇ ਪੰਜਾਬ ਵਿਚ ਭਾ ਜੀ ਗੁਰਸ਼ਰਨ ਸਿੰਘ ਵੱਲੋਂ ਖੇਡੇ ਨਾਟਕਾਂ ਦਾ ਅਜਿਹਾ ਪ੍ਰਭਾਵ ਪਿਆ ਕਿ ਥਾਂ ਥਾਂ ਨਾਟਕ ਮੰਡਲੀਆਂ ਬਣ ਗਈਆਂ ਜਿਨ੍ਹਾਂ ਨੇ ਤਰਕਸ਼ੀਲ ਸੋਚ ਵਾਲੇ ਨਾਟਕ ਖੇਡਣੇ ਸ਼ੁਰੂ ਕਰ ਦਿੱਤੇ। ਪੰਜਾਬ ਵਿਚ ਲੋਕਾਂ ਲਈ ਉਹ ਨਾਟਕਾਂ ਵਾਲਾ ਭਾਅ ਜੀ ਸੀ ਤੇ ਫਿਰ ਉਹ ਭਾਅ ਜੀ ਵੀ ਰਿਹਾ ਪਰ ਨਾਲ ਹੀ 'ਭਾਈ ਮੰਨਾ ਸਿੰਘ' ਕਹਿ ਕੇ ਵੀ ਯਾਦ ਕੀਤਾ ਜਾਣਾ ਲੱਗਾ। ਪੰਜਾਬ ਦੇ ਬੁੱਧੀਜੀਵੀ ਵਰਗ ਲਈ ਉਹ ਨਾਟਕਕਾਰ ਗੁਰਸ਼ਰਨ ਸਿੰਘ ਸੀ।

ਨਾਟਕ ਖੇਤਰ ਵਿਚ ਭਾਅ ਜੀ ਉਸ ਸਮੇਂ ਸਥਾਪਤ ਹੋਏ ਜਦੋਂ ਪੰਜਾਬ ਦੇ ਕਾਲਜਾਂ, ਥੀਏਟਰਾਂ ਜਾਂ ਯੂਨੀਵਰਸਿਟੀਆਂ ਵਿਚ ਡਾ. ਹਰਚਰਨ ਸਿੰਘ, ਬਲਵੰਤ ਗਾਰਗੀ ਦੇ ਨਾਟਕਾਂ ਦਾ ਬਾਹਰਾ-ਪਹਿਰਾ ਸੀ। ਇਸ ਦੇ ਨਾਲ ਹੀ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ ਤੇ ਹਰਪਾਲ ਟਿਵਾਣਾ ਲਿਖੇ ਨਵੇਂ ਨਾਟਕ ਲੈ ਕੇ ਪੇਸ਼ ਹੋਣ ਲੱਗੇ। ਭਾਅ ਜੀ ਆਪਣੀ ਥਾਂ ਆਪਣੇ ਦ੍ਰਿਸ਼ਟੀਕੋਣ 'ਤੇ ਡਟੇ ਚਲ ਰਹੇ ਸਨ, ਚੱਲ ਨਹੀਂ ਦੌੜ ਰਹੇ ਸਨ। ਫਿਰ ਦਿੱਲੀ ਵਾਲਾ ਚਰਨ ਦਾਸ ਸਿੱਧੂ, ਅਜਮੇਰ ਔਲਖ ਤੇ ਆਤਮਜੀਤ ਨਿੱਤ ਹੀ ਨਵੇਂ ਰੰਗ ਰੂਪ ਨਾਟਕ ਪੇਸ਼ ਕਰ ਰਹੇ ਸਨ। ਇਸ ਢਾਣੀ ਦੇ ਨਾਲ ਹੀ ਕਦੇ ਭਾਅ ਜੀ ਦੇ ਨਾਟਕਾਂ 'ਚ ਕੰਮ ਕਰਦਾ ਰਿਹਾ ਕੇਵਲ ਧਾਲੀਵਾਲ, ਸਾਹਿਬ ਸਿੰਘ ਅਤੇ ਪਾਲੀ ਭੁਪਿੰਦਰ ਨਾਟਕ ਖੇਤਰ ਵਿਚ ਪੈਰ ਪਸਾਰ ਖਲੋਤੇ। ਇਨ੍ਹਾਂ ਸਾਰੀਆਂ ਨਾਟਕ ਸਰਗਰਮੀਆਂ ਦੇ ਨਾਲ ਭਾਅ ਜੀ ਗੁਰਸ਼ਰਨ ਸਿੰਘ ਕਿਤੇ ਵੀ ਮੱਠੇ ਨਹੀਂ ਪਏ। ਨਾਟਕਾਂ ਦੇ ਨਾਲ-ਨਾਲ ਉਹ ਕਈ ਪੰਜਾਬ ਫ਼ਿਲਮਾਂ ਵਿਚ ਵੀ ਕੰਮ ਕਰ ਆਏ, ਪਰ ਬੜੇ ਜਾਨਦਾਰ ਰੋਲ ਤੇ ਧੜੱਲੇ ਵਾਲੇ। ਉਨ੍ਹਾਂ ਸਮਿਆਂ ਵਿਚ ਹੀ ਨਜ਼ਮ ਹੁਸੈਨ ਸੱਯਦ ਦਾ ਨਾਟਕ 'ਤਖ਼ਤ ਲਾਹੌਰ' ਅਤੇ ਮੇਜਰ ਇਸਹਾਕ ਮੁਹੰਮਦ ਦਾ ਨਾਟਕ 'ਕੁਕਨੂਸ' ਖੇਡ ਕੇ ਭਾਅ ਜੀ ਨੇ ਨਾ ਸਿਰਫ਼ ਭਾਰਤੀ ਪੰਜਾਬ ਹੀ ਸਗੋਂ ਪਾਕਿਸਤਾਨੀ ਪੰਜਾਬ ਵਿਚ ਧੁੰਮਾਂ ਪਾ ਦਿੱਤੀਆਂ।

ਲੱਖਾਂ ਲੋਕਾਂ ਨੇ ਭਾਅ ਜੀ ਦਾ ਗੜ੍ਹਕਾ ਸੁਣਿਆ ਤੇ ਦੇਖਿਆ ਸੀ। ਉਨ੍ਹਾਂ ਦੇ ਬੋਲਾਂ ਦੀ ਤਪਸ਼ ਨੂੰ ਮਾਣਿਆ ਤੇ ਮਹਿਸੂਸ ਕਰਦਿਆਂ ਅਸੀਂ ਆਪਣੇ ਅੰਦਰ ਵੀ ਉਹ ਤਪਸ਼ ਭਰੀ ਸੀ। ਭਾਅ ਜੀ ਨੇ ਗੱਜ-ਵੱਜ ਕੇ ਅਨਿਆਂ ਦੇ ਵਿਰੁੱਧ, ਅੰਨ੍ਹੀ ਸਰਕਾਰ ਤੇ ਪੁਲਿਸ ਦੇ ਵਿਰੁੱਧ ਡਟ ਜਾਣ ਲਈ ਸਾਨੂੰ ਭਾਸ਼ਨ ਦਿੱਤੇ ਸਨ।

# ਬਿਨੁ ਏਕ ਨਾਮੁ ਇਕ ਚਿੱਤ ਲੀਨ

**ਡਾ. ਗੁਰਨਾਮ ਕੌਰ**

ਗੁਰਮਤਿ ਦਰਸ਼ਨ ਵਿਚ ਇੱਕ-ਮਨ, ਇੱਕ-ਚਿੱਤ ਹੋ ਕੇ ਪਰਮਾਤਮਾ ਦੇ ਨਾਮ ਸਿਮਰਨ ਨੂੰ ਸਭ ਕਿਸਮ ਦੇ ਧਾਰਮਿਕ ਕਹੇ ਜਾਣ ਵਾਲੇ ਕਰਮਾਂ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ। ਅਸਲ ਵਿਚ ਧਰਮ ਨੂੰ ਨੈਤਿਕ ਗੁਣਾਂ ਨਾਲ ਜੋੜਦੇ ਹੋਏ ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਸਭ ਧਾਰਮਿਕ ਕ੍ਰਿਆਵਾਂ ਵਿਚੋਂ ਉਤਮ ਮੰਨਿਆ ਗਿਆ ਹੈ। ਧਰਮ ਦੀ ਪਰਿਭਾਸ਼ਾ ਕਰਦਿਆਂ ਗੁਰੂ ਅਰਜਨ



ਡਾ. ਗੁਰਨਾਮ ਕੌਰ

ਦੇਵ ਬਾਣੀ 'ਸੁਖਮਨੀ' ਵਿਚ ਆਦੇਸ਼ ਕਰਦੇ ਹਨ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
(ਪੰਨਾ 266)

ਗੁਰਮਤਿ ਦਰਸ਼ਨ ਅਨੁਸਾਰ ਨੈਤਿਕ ਗੁਣ ਸ਼ੁਭ-ਅਮਲਾਂ ਭਾਵ ਨਿਰਮਲ ਕਰਮਾਂ ਦਾ ਆਧਾਰ ਹਨ ਅਤੇ ਸ਼ੁਭ-ਅਮਲਾਂ ਤੋਂ ਬਿਨਾਂ ਕੀਤਾ ਕੋਈ ਵੀ ਧਾਰਮਿਕ ਕਰਮ ਮਹਿਜ ਕਰਮ-ਕਾਂਡ ਹੈ, ਪਖੰਡ ਹੈ ਜੋ ਮਨੁੱਖ ਨੂੰ ਕਿਸੇ ਤਣ-ਪੱਤਣ ਨਹੀਂ ਲਾਉਂਦਾ। ਇਸੇ ਲਈ ਗੁਰਬਾਣੀ ਵਿਚ ਹਿੰਦੂ ਮਿਥਿਹਾਸ ਵਿਚਲੇ ਬਲਦ ਦੇ ਚਿੰਨ੍ਹ ਨੂੰ ਵਰਤਦਿਆਂ ਧਰਮ ਨੂੰ ਉਹ ਬਲਦ ਕਿਹਾ ਹੈ ਜਿਸ 'ਤੇ ਇਹ ਧਰਤੀ ਟਿਕੀ ਹੋਈ ਹੈ ਅਤੇ ਉਸ 'ਬਲਦ' ਭਾਵ ਧਰਮ ਨੂੰ 'ਦਇਆ ਕਾ ਪੂਤੁ' ਕਿਹਾ ਹੈ ਜਿਸ ਨੇ 'ਸੰਤੋਖ' ਰਾਹੀਂ ਇਸ ਨੂੰ ਨਿਯਮਿਤ ਕੀਤਾ ਹੋਇਆ ਹੈ ਅਰਥਾਤ ਦਇਆ ਅਤੇ ਸੰਤੋਖ ਧਰਮ ਦੇ ਦੋ ਬਹੁਤ ਹੀ ਲਾਜ਼ਮ ਗੁਣ ਹਨ ਜਿਸ ਦੇ ਕਾਰਨ ਹੀ ਧਰਮ ਸਹੀ ਦਿਸ਼ਾ ਅਖਤਿਆਰ ਕਰਦਾ ਹੈ, ਧਰਮ ਧਰਮ ਕਹਾਉਂਦਾ ਹੈ। ਇਸ ਧਰਤੀ ਨੂੰ 'ਧਰਮਸਾਲ' ਅਰਥਾਤ ਧਰਮ ਕਮਾਉਣ ਦੀ ਥਾਂ ਕਿਹਾ ਹੈ ਜਿਥੇ ਰਹਿ ਕੇ ਮਨੁੱਖ ਸ਼ੁਭ ਕਰਮ ਕਰਦਿਆਂ ਪ੍ਰਭੂ ਦੇ ਨਾਮ ਸਿਮਰਨ ਰਾਹੀਂ ਉਸ ਦਾ ਅਨੁਭਵ ਕਰਦਾ ਹੈ। ਮਨੁੱਖਾ ਜਨਮ ਪਰਮਾਤਮ-ਅਨੁਭਵ ਵਾਸਤੇ ਉਸ ਨੂੰ ਮਿਲਿਆ ਹੋਇਆ ਇੱਕ ਅਵਸਰ ਹੈ ਜਿਸ ਨੂੰ ਗੁਰੂ ਅਰਜਨ ਦੇਵ ਨੇ 'ਗੋਬਿੰਦੁ ਮਿਲਣ ਕੀ ਇਹ ਤੇਰੀ ਬਰੀਆ' ਕਿਹਾ ਹੈ। ਭਾਈ ਗੁਰਦਾਸ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਮੱਕੇ ਗਏ ਤਾਂ ਕਾਜ਼ੀ-ਮੁੱਲਾਂ ਉਨ੍ਹਾਂ ਨਾਲ ਪ੍ਰਸ਼ਨ-ਉਤਰ ਕਰਦਿਆਂ ਪੁੱਛਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਦੋਹਾਂ ਵਿਚੋਂ ਕੌਣ ਵੱਡਾ ਹੈ ਤਾਂ ਗੁਰੂ ਸਾਹਿਬ ਉਤਰ ਦਿੰਦੇ ਹਨ ਕਿ ਸ਼ੁਭ ਕਰਮਾਂ ਤੋਂ ਬਿਨਾ ਦੋਵੇਂ ਖੁਆਰ ਹੁੰਦੇ ਹਨ। ਇਸੇ ਤਰ੍ਹਾਂ ਜਦੋਂ ਸਿੱਧ ਗੁਰੂ ਨਾਨਕ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਹਿੰਦੇ ਹਨ ਤਾਂ ਗੁਰੂ ਨਾਨਕ ਦਾ ਉਤਰ ਹੈ ਕਿ ਸੱਚੇ ਨਾਮ ਤੋਂ ਬਿਨਾ ਸਾਨੂੰ ਹੋਰ ਕਿਸੇ ਕਰਾਮਾਤ ਦਾ ਪਤਾ ਨਹੀਂ ਹੈ:

ਪੁਛਨਿ ਫੋਲਿ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ
ਸੁਭਿ ਅਮਲਾ ਬਾਝਹੁ ਦੋਨੋ ਰੋਈ।

ਬਾਬਾ ਬੋਲੇ ਨਾਥ ਜੀ!
ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ
ਹੋਰੁ ਕਰਾਮਾਤਿ ਅਸਾਂ ਤੇ ਨਾਹੀ।
(ਵਾਰਾਂ ਭਾਈ ਗੁਰਦਾਸ, 1-33, 1-43)

'ਅਕਾਲ ਉਸਤਤਿ' ਵਿਚ ਵੱਖ ਵੱਖ ਕਾਵਿ ਰੂਪਾਂ ਦੀ ਵਰਤੋਂ ਕਰਦਿਆਂ ਉਸ ਵਿਲੱਖਣ ਹਸਤੀ ਦੇ ਗੁਣਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦਾ ਸ਼ਬਦਾਂ ਰਾਹੀਂ ਬਿਆਨ ਮੁਸ਼ਕਿਲ ਹੈ, ਜਿਸ ਦੀ ਥਾਹ ਪਾ ਸਕਣਾ ਮੁਸ਼ਕਿਲ ਹੈ ਜੋ ਇਸ ਸਮੁੱਚੇ ਪਾਸਾਰੇ ਦਾ ਕਰਤਾ, ਧਰਤਾ ਅਤੇ ਹਰਤਾ ਹੈ। 'ਪਾਧੜੀ ਛੰਦ' ਜੋ ਕਿ ਅੰਕ 121 ਤੋਂ 140 ਤੱਕ ਹੈ, ਵਿਚ ਵੀ ਉਸ ਦੇ ਵੱਖ ਵੱਖ ਗੁਣਾਂ ਦਾ ਗਾਇਨ ਕਰਦਿਆਂ ਇਹ ਸਿਧਾਂਤ ਦ੍ਰਿੜ ਕਰਾਇਆ ਹੈ ਕਿ ਉਸ ਨੂੰ ਧਾਰਮਿਕ ਕਰਮ ਕਾਂਡ ਨਾਲ ਨਹੀਂ ਪਾਇਆ ਜਾ ਸਕਦਾ। ਉਸ ਨੂੰ ਇੱਕ ਮਨ, ਇੱਕ ਚਿੱਤ ਹੋ ਕੇ ਪੂਰਨ ਸਮਰਪਣ ਨਾਲ ਉਸ ਦੇ ਨਾਮ ਸਿਮਰਨ ਰਾਹੀਂ ਹੀ ਧਿਆਇਆ ਜਾ ਸਕਦਾ ਹੈ। ਉਸ ਦਾ ਤੇਜ, ਪ੍ਰਕਾਸ਼ ਨਾ ਹੀ ਕਥਿਆ ਜਾ ਸਕਦਾ ਹੈ ਅਤੇ ਨਾ ਹੀ ਉਸ ਨੂੰ ਦੇਖਿਆ ਜਾ ਸਕਦਾ ਹੈ। ਇਥੋਂ ਤੱਕ ਕਿ ਉਸ ਨੂੰ ਅਨੁਭਵ ਕਰ ਸਕਣਾ ਵੀ ਆਸਾਨ ਨਹੀਂ ਹੈ। ਉਸ ਦਾ ਪ੍ਰਕਾਸ਼ ਅਖੰਡ, ਅਦਵੈਤ ਹੈ ਅਤੇ ਉਸ ਦਾ ਭੰਡਾਰ ਬੇਅੰਤ ਹੈ, ਅਖੁੱਟ ਹੈ। ਉਹ ਸਭ ਕੁੱਝ ਦੇਣ ਵਾਲਾ ਅਪਾਰ ਦਾਤਾ ਹੈ। ਉਸ ਦਾ ਨੂਰ ਅਚਰਜ ਅਤੇ ਸਰੀਰ ਅਮਰ ਹੈ ਭਾਵ ਉਹ ਸਦੀਵੀ ਹਸਤੀ ਹੈ ਜੋ ਆਪ ਕਰਤਾ ਪੁਰਖ ਹੈ ਅਤੇ ਕੁਕਰਮੀਆਂ ਨੂੰ ਮਿਟਾਉਣ ਵਾਲਾ ਹੈ। ਉਸ ਦਾ ਆਸਣ ਅਡੋਲ ਤੇ ਕਰਮ ਸੂਖਮ ਹਨ। ਉਹ ਸਭ ਨੂੰ ਦਾਤਾਂ ਦੇਣ ਵਾਲਾ ਅਤੇ ਦਇਆਵਾਨ ਹੈ ਜਿਸ ਦਾ ਧਰਮ ਅਨੋਖਾ ਹੈ, ਸੂਖਮ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ:

ਆਸਨ ਅਡੋਲ ਅਨਭੂਤ ਕਰਮ॥
ਦਾਤਾ ਦਇਆਲ ਅਨਭੂਤ ਧਰਮ॥ (122)

ਉਹ ਅਕਾਲ ਪੁਰਖ ਅੰਤਿਮ ਸਤਿ ਹੈ ਜਿਸ ਦਾ ਨਾ ਕੋਈ ਦੁਸ਼ਮਣ, ਨਾ ਦੋਸਤ ਹੈ, ਨਾ ਜਨਮ ਅਤੇ ਜਾਤਿ ਹੈ। ਉਸ ਦਾ ਕੋਈ ਪੁੱਤਰ, ਭਰਾ ਜਾਂ ਮਾਤਾ ਨਹੀਂ ਹੈ। ਉਹ ਕਰਮ, ਭਰਮ ਅਤੇ ਧਾਰਮਿਕ ਭੇਖ ਤੋਂ ਰਹਿਤ ਹੈ। ਉਹ ਪ੍ਰੇਮ (ਦੁਨਿਆਵੀ ਮੋਹ), ਘਰ, ਅਤੇ ਕਿਸੇ ਵਿਚਾਰਧਾਰਕ ਢਾਂਚੇ ਤੋਂ ਰਹਿਤ ਹੈ (ਇਹ ਸਾਰੇ ਰਿਸ਼ਤੇ ਨਾਤੇ, ਦੁਨਿਆਵੀ ਲੋੜਾਂ ਜਾਂ ਸਬੰਧ ਮਨੁੱਖੀ ਹੋਂਦ ਵਾਸਤੇ ਹਨ, ਪਰਮ ਹਸਤੀ ਇਨ੍ਹਾਂ ਸਭ ਤੋਂ ਉਤੇ ਹੈ)। ਉਹ ਚਿਹਨ-ਚੱਕਰ ਜਾਂ ਚਿਤਰ ਤੋਂ ਬਿਨਾ ਹੈ। ਉਸ ਦਾ ਕੋਈ ਰੰਗ ਜਾਂ ਰੂਪ ਨਹੀਂ ਹੈ। ਉਸ ਦਾ ਕੋਈ ਮਾਤਾ ਜਾਂ ਪਿਤਾ ਵੀ ਨਹੀਂ ਹੈ (ਕਿਉਂਕਿ ਉਹ ਜਨਮਦਾ ਜਾਂ ਮਰਦਾ ਨਹੀਂ, ਕਿਸੇ ਰਾਹੀਂ ਪੈਦਾ ਨਹੀਂ ਹੁੰਦਾ, ਸੈਭੰ ਹੈ। ਇਸ ਨਾਲ ਅਵਤਾਰਵਾਦ ਦਾ ਸਿਧਾਂਤ ਵੀ ਰੱਦ ਹੋ ਜਾਂਦਾ ਹੈ)। ਉਹ ਪੁੱਤਰ ਜਾਂ ਇਸਤਰੀ ਤੋਂ ਰਹਿਤ ਹੈ। ਉਹ ਨਾਮ ਜਾਂ ਸਥਾਨ, ਵਰਗ ਅਤੇ ਰੋਗ, ਸੋਗ (ਦੁੱਖ) ਦੁਸ਼ਮਣੀ ਅਤੇ ਦੋਸਤੀ ਤੋਂ ਉਤੇ ਹੈ:

ਜਿਹ ਕਰਮ ਭਰਮ ਨਹੀ ਜਾਤਿ ਪਾਤਿ॥
ਨਹੀ ਨੇਹ ਗੇਹ ਨਹੀ ਚਿਹਨ ਚਿੱਤ੍ਰ॥
ਜਿਹ ਨਾਮ ਥਾਮ ਨਹੀ ਬਰਗ ਬਿਆਧ॥
ਜਿਹ ਰੋਗ ਸੋਗ ਨਹੀ ਸਤ੍ਰ ਸਾਧ॥ (125)

ਉਹ ਕਿਸੇ ਦੇ ਭੈਅ ਵਿਚ ਨਹੀਂ ਰਹਿੰਦਾ (ਅਰਥਾਤ ਉਸ ਦੇ ਬਰਾਬਰ ਦਾ ਕੋਈ ਨਹੀਂ ਹੈ, ਉਸ ਦਾ ਕੋਈ ਸ਼ਰੀਕ ਨਹੀਂ ਹੈ)। ਉਸ ਦੀ ਕਾਇਆ ਨਸ਼ਟ ਨਹੀਂ ਹੁੰਦੀ ਭਾਵ ਉਸ ਦੀ ਹੋਂਦ ਸਦੀਵੀ ਹੈ। ਉਸ ਦਾ ਨਾ ਕੋਈ ਅਰੰਭ ਹੈ, ਨਾ ਅੰਤ ਹੈ। ਉਸ ਦਾ ਕੋਈ ਆਕਾਰ ਨਹੀਂ ਹੈ। ਉਸ ਦੇ ਰੂਪ ਦੀ ਪੂੰਜੀ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ। ਉਹ ਰੋਗ, ਸੋਗ ਅਤੇ ਜੋਗ-ਜੁਗਤਿ ਤੋਂ ਉਤੇ ਹੈ। ਉਹ ਭੈਅ, ਅਭਿਲਾਸ਼ਾ ਜਾਂ ਦੁਨਿਆਵੀ ਸੁੱਖਾਂ ਤੋਂ ਉਤੇ ਹੈ। ਉਸ ਨੂੰ ਕਾਲ-ਰੂਪੀ ਸੱਪ ਨੇ ਨਹੀਂ ਡੰਗਿਆ ਅਰਥਾਤ ਉਹ ਮੌਤ ਤੋਂ ਉਤੇ ਹੈ। ਉਹ ਅਪਹੁੰਚ ਹਸਤੀ ਹੈ ਜਿਸ ਨੂੰ ਨਾ ਨਸ਼ਟ ਕੀਤਾ ਜਾ ਸਕਦਾ ਹੈ, ਨਾ ਭੰਗ ਕੀਤਾ ਜਾ ਸਕਦਾ ਹੈ। ਵੇਦ ਉਸ ਦੀ ਵਿਆਖਿਆ 'ਨੇਤੀ, ਨੇਤੀ' ਅਰਥਾਤ 'ਇਹ ਵੀ ਨਹੀਂ', ਇਹ ਵੀ ਨਹੀਂ' ਕਹਿ ਕੇ ਕਰਦੇ ਹਨ ਅਤੇ ਸਾਮੀ ਧਰਮਾਂ ਦੇ ਗ੍ਰੰਥ (ਕੁਰਾਨ ਆਦਿ) ਉਸ ਦਾ ਬਿਆਨ ਅਨੰਤ ਕਹਿ ਕੇ ਕਰਦੇ ਹਨ। ਉਹ ਅਜਿਹੀ ਹਸਤੀ ਹੈ ਜਿਸ ਨੂੰ ਜਾਣਿਆ ਨਹੀਂ ਜਾ ਸਕਦਾ। ਉਸ ਦਾ ਸਥਾਨ ਹਮੇਸ਼ਾ ਸਥਿਰ ਹੈ, ਅਡੋਲ ਹੈ। ਉਸ ਦਾ ਤੇਜ ਪ੍ਰਤਾਪ ਅਸੀਮ ਹੈ। ਉਹ ਅਜਿੱਤ ਅਤੇ ਅਡੋਲ ਹੈ। ਉਸ ਦਾ ਧਿਆਨ ਧਰਨ ਲਈ ਅਤੇ ਉਸ ਦੇ ਦਰਸ਼ਨ ਲਈ ਮੁਨੀ-ਜਨ ਅਤੇ ਸਾਧੂ-ਲੋਕ ਕਈ ਕਲਪਾਂ ਤੱਕ ਕਠਿਨ ਯੋਗ ਆਦਿ ਤਪੱਸਿਆ ਕਰਦੇ ਹਨ। ਤਨ ਉਤੇ ਸਰਦੀ ਅਤੇ ਗਰਮੀ, ਬਾਰਿਸ਼ ਆਦਿ ਸਹਿੰਦੇ ਹਨ ਅਰਥਾਤ ਜਲ-ਧਾਰਾ ਅਤੇ ਧੂਣੀਆਂ ਤਪਾ ਕੇ ਠੰਡ ਅਤੇ ਅੱਗ ਦਾ ਸੇਕ ਸਹਿੰਦੇ ਹਨ। ਉਸ ਦੇ ਅਨੁਭਵ ਲਈ ਕਈ ਯੁਗਾਂ ਤੱਕ ਇੱਕੋ ਆਸਣ ਜਮਾ ਕੇ ਬੈਠੇ ਰਹਿੰਦੇ ਹਨ। ਉਹ ਉਸ ਨੂੰ ਪਾਉਣ ਲਈ ਯੋਗ-ਵਿੱਦਿਆ ਸਮੇਤ ਹੋਰ ਕਈ ਕਿਸਮ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਹ ਯੋਗ ਤੱਪ ਆਦਿ ਯਤਨ ਕਰਨ ਦੇ ਬਾਵਜੂਦ ਵੀ ਤੇਰਾ ਪਾਰ ਨਹੀਂ ਪਾ ਸਕੇ:

ਤਨ ਸੀਤ ਘਾਮ ਬਰਖਾ ਸਹੰਤ॥
ਕਈ ਕਲਪ ਏਕ ਆਸਨ ਬਿਤੰਤ॥
ਕਈ ਜਤਨ ਜੋਗ ਬਿੱਦਿਆ ਬਿਚਾਰਿ॥
ਸਾਧੰਤ ਤਦਪਿ ਪਾਵਤ ਨਾ ਪਾਰ॥ (129)

ਕਈ ਉਤਾਂਹ ਬਾਹਾਂ ਚੁੱਕ ਕੇ ਦੇਸ ਦੇਸ ਭੌਂਦੇ ਫਿਰਦੇ ਹਨ। ਕਈ ਅੱਗ ਦੀ ਧੂਣੀ ਉਤੇ ਹੇਠਾਂ-ਉਤਾਂਹ ਝੁਕਦੇ ਹਨ। ਕਈ ਸ਼ਾਸਤਰਾਂ, ਸਿਮਰਤੀਆਂ ਅਤੇ ਵੇਦਾਂ ਦਾ ਉਚਾਰਣ ਕਰਦੇ ਹਨ। ਕਈ ਕੋਕ ਸ਼ਾਸਤਰ ਅਤੇ ਕਾਵਿ ਆਦਿ ਉਚਾਰਦੇ ਹਨ ਅਤੇ ਕਈ ਸਾਮੀ ਧਾਰਮਿਕ ਪੁਸਤਕਾਂ ਦਾ ਉਚਾਰਣ ਕਰਦੇ ਹਨ। ਉਸ ਨੂੰ ਪਾਉਣ ਲਈ ਕਈ ਅੱਗ ਵਿਚ ਹਵਨ ਕਰਦੇ ਹਨ

## ਗੁਰਮਤਿ ਚਿੰਤਨ

ਅਤੇ ਕਈ ਸਿਰਫ ਹਵਾ ਦੇ ਆਸਰੇ ਜਿਉਂਦੇ ਹਨ ਅਰਥਾਤ ਭੁੱਖੇ ਰਹਿੰਦੇ ਹਨ। ਅਨੇਕਾਂ ਮਿੱਟੀ ਹੀ ਖਾਂਦੇ ਹਨ ਅਤੇ ਕਈ ਹੋਰ ਨਿਰਾ ਸਾਗ ਅਤੇ ਪੱਤਰ ਹੀ ਖਾਂਦੇ ਹਨ। ਇਸ ਦੇ ਬਾਵਜੂਦ ਪਰਮਾਤਮਾ ਉਨ੍ਹਾਂ ਦੇ ਸਾਹਮਣੇ ਪ੍ਰਗਟ ਨਹੀਂ ਹੁੰਦਾ, ਆਪਣੀ ਇੱਕ ਝਲਕ ਨਹੀਂ ਦਿਖਾਉਂਦਾ:

ਕਈ ਅਗਨਿ ਹੋਤ੍ਰ ਕਈ ਪਉਨਅਹਾਰ॥
ਕਈ ਕਰਤ ਕੋਟ ਮ੍ਰਿਤਕੋ ਅਹਾਰ॥
ਕਈ ਕਰਤ ਸਾਕ, ਪੈ ਪੱਤ੍ਰ ਭੱਛ॥
ਨਹੀ ਤਦਪਿ ਦੇਵ, ਹੋਵਤ ਪ੍ਰਤੱਛ॥ (131)

ਕਿਤੇ ਗੀਤ-ਸੰਗੀਤ ਦੀਆਂ ਸੁਰਾਂ ਤੇ ਗੰਧਰਵਾਂ ਦੀਆਂ ਰੀਤਾਂ ਹਨ। ਕਈ ਵੇਦਾਂ-ਸ਼ਾਸਤਰਾਂ ਦੀ ਵਿੱਦਿਆ ਪ੍ਰਾਪਤ ਕਰਨ ਵਿਚ ਰੁੱਝੇ ਹੋਏ ਹਨ। ਕਿਤੇ ਵੇਦਾਂ ਵਿਚ ਦੱਸੀ ਵਿਧਾ ਅਨੁਸਾਰ ਯੱਗ ਅਤੇ ਬਲੀ ਆਦਿ ਕਰਮ ਕੀਤੇ ਜਾ ਰਹੇ ਹਨ। ਜੇ ਕਿਤੇ ਹਵਨ ਕੀਤੇ ਜਾ ਰਹੇ ਹਨ ਤਾਂ ਕਿਤੇ ਤੀਰਥਾਂ 'ਤੇ ਜਾ ਕੇ ਰਸਮਾਂ ਨਿਭਾਈਆਂ ਜਾ ਰਹੀਆਂ ਹਨ। ਕਈ ਵੱਖ ਵੱਖ ਦੇਸ਼ਾਂ ਦੀਆਂ ਬੋਲੀਆਂ ਬੋਲਦੇ ਹਨ ਤੇ ਕਈ ਵੱਖ ਵੱਖ ਮੁਲਕਾਂ ਦੀ ਸਿੱਖਿਆ ਪ੍ਰਾਪਤ ਕਰਦੇ ਹਨ। ਕਈ ਵੱਖ ਵੱਖ ਸ਼ਾਸਤਰ-ਦਰਸ਼ਨ ਤੇ ਵਿਚਾਰ ਚਰਚਾ ਕਰਦੇ ਹਨ। ਫਿਰ ਵੀ ਉਹ ਪਰਮਾਤਮਾ ਨੂੰ ਕਿਣਕਾ-ਮਾਤਰ ਵੀ ਨਹੀਂ ਪਾ ਸਕੇ:

ਕਈ ਤੀਰਥ ਤੀਰਥ ਭਰਮਤ ਸੁਭਰਮ॥
ਕਈ ਅਗਨਿਹੋਤ੍ਰ ਕਈ ਦੇਵ ਕਰਮ॥
ਕਈ ਕਰਤ ਬੀਰ-ਬਿਦਿਆ ਬਿਚਾਰ॥
ਨਹੀ ਤਦਪਿ ਤਾਸੁ ਪਾਇ ਤਨਿ ਪਾਰ॥ (134)

ਕਿਧਰੇ ਰਾਜ-ਰੀਤ ਦੀ ਪਾਲਣਾ ਹੋ ਰਹੀ ਹੈ ਤਾਂ ਕਿਧਰੇ ਯੋਗ-ਧਰਮ ਨਿਭਾਇਆ ਜਾ ਰਿਹਾ ਹੈ। ਕਈ ਸਿਮਰਤੀਆਂ ਅਤੇ ਸ਼ਾਸਤਰਾਂ ਦਾ ਉਚਾਰਣ ਕਰ ਰਹੇ ਹਨ ਤਾਂ ਕਿਧਰੇ ਨਿਉਲੀ ਆਦਿ ਯੋਗ ਕਰਮ ਹੋ ਰਹੇ ਹਨ। ਕਿਸੇ ਪਾਸੇ ਹਾਥੀਆਂ ਦਾ ਦਾਨ ਦਿੱਤਾ ਜਾ ਰਿਹਾ ਹੈ ਤਾਂ ਕਿਸੇ ਪਾਸੇ ਅਸ਼ਵਮੇਧ ਯੱਗ (ਘੋੜੇ ਦੀ ਬਲੀ ਵਾਲਾ ਯੱਗ) ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਗੁਣ ਗਿਣਾਏ ਜਾ ਰਹੇ ਹਨ। ਕਿਧਰੇ ਬ੍ਰਾਹਮਣ ਧਰਮ-ਵਿਗਿਆਨ ਦੀ ਵਿਚਾਰ-ਚਰਚਾ ਕਰ ਰਹੇ ਹਨ ਅਤੇ ਕਿਧਰੇ ਯੋਗ-ਵਿਧੀਆਂ ਦਾ ਅਭਿਆਸ ਹੋ ਰਿਹਾ ਹੈ। ਕਿਤੇ ਚਾਰ ਆਸ਼ਰਮ-ਧਰਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ (ਹਿੰਦੂ ਸ਼ਾਸਤਰਾਂ ਵਿਚ ਮਨੁੱਖ ਦੇ ਜੀਵਨ ਨੂੰ ਔਸਤਨ ਸੌ ਵਰ੍ਹੇ ਦਾ ਮੰਨ ਕੇ 4 ਹਿੱਸਿਆਂ ਵਿਚ ਵੰਡਿਆ ਗਿਆ ਹੈ ਜਿਸ ਲਈ ਅਲੱਗ ਅਲੱਗ ਧਰਮ ਨਿਸ਼ਚਤ ਕੀਤੇ ਗਏ ਹਨ। ਪਹਿਲੇ 25 ਸਾਲ ਬ੍ਰਹਮਚਰਯ ਆਸ਼ਰਮ ਦੀ ਪਾਲਣਾ ਹੈ ਜਿਸ ਵਿਚ ਆਪਣੇ ਆਪਣੇ ਵਰਣ ਅਨੁਸਾਰ ਉਪਰਲੇ ਦੋਵੇਂ ਵਰਣ ਬ੍ਰਾਹਮਣ ਅਤੇ ਖੱਤਰੀ ਕ੍ਰਮ ਅਨੁਸਾਰ ਵੇਦ ਅਤੇ ਸ਼ਸਤਰ ਵਿਦਿਆ ਪ੍ਰਾਪਤ ਕਰਦੇ ਹਨ। ਅਗਲੇ 25 ਸਾਲ ਗ੍ਰਹਿਸਥ ਆਸ਼ਰਮ ਨੂੰ ਦਿੱਤੇ ਗਏ ਹਨ ਜਿਸ ਅਨੁਸਾਰ ਗ੍ਰਹਿਸਥ ਵਿਚ ਪ੍ਰਵੇਸ਼ ਕਰਕੇ ਗ੍ਰਹਿਸਥ ਅਤੇ ਪਿਤਰੀ ਧਰਮ ਦੀ ਪਾਲਣਾ ਕਰਨੀ ਹੈ। ਇਸ ਤੋਂ ਅਗਲੇ ਪੱਚੀ ਸਾਲ ਵਾਣ-ਪ੍ਰਸਤ ਆਸ਼ਰਮ ਅਨੁਸਾਰ ਘਰ ਤਿਆਗ ਕੇ ਜੰਗਲ ਵਿਚ ਇਕਾਂਤ ਵਿਚ ਸਮਾਧੀ ਸਥਿਤ ਹੋਣਾ ਹੈ। ਜੇ ਚਾਹੇ ਤਾਂ ਪਤਨੀ ਵੀ ਨਾਲ ਜਾ ਸਕਦੀ ਹੈ। ਆਖਰੀ 25 ਵਰ੍ਹੇ ਸੰਨਿਆਸ ਆਸ਼ਰਮ ਨੂੰ ਸਮਰਪਿਤ ਹਨ ਜਿਸ ਵਿਚ ਦੁਨਿਆਦਾਰੀ ਨਾਲੋਂ ਹਰ ਤਰ੍ਹਾਂ ਦਾ ਸਮਾਜਿਕ ਰਿਸ਼ਤਾ ਨਿਸ਼ੇਧ ਕਰਕੇ ਸਿਰਫ ਧਰਮ-ਕਰਮ ਕਰਨੇ ਹਨ। ਸੰਨਿਆਸ ਆਸ਼ਰਮ ਵਿਚ ਪਤਨੀ ਨਾਲ ਨਹੀਂ ਰਹਿ ਸਕਦੀ)। ਕਿਧਰੇ ਯਕਸ਼ ਅਤੇ ਗੰਧਰਵ ਗਾਇਨ ਕਰ ਰਹੇ ਹਨ ਅਤੇ ਕਿਤੇ ਧੂਪ ਧੁਖਾ ਕੇ ਪੂਜਾ ਲਈ ਦੀਪ ਜਗਾਏ ਜਾ ਰਹੇ ਹਨ, ਕਿਤੇ ਅਰਘਦਾਨ ਹੋ ਰਿਹਾ ਹੈ:

ਕਹੂੰ ਕਰਤ ਬ੍ਰਹਮ ਬਿਦਿਆ ਬਿਚਾਰ॥
ਕਹੂੰ ਜੋਗਰੀਤਿ ਕਹੂੰ ਬਿਰਧਿ ਚਾਰਿ॥
ਕਹੂੰ ਕਰਤ ਜੱਛ ਗੰਧਰਵ ਗਾਨ॥
ਕਹੂੰ ਧੂਪ ਦੀਪ ਕਹੂੰ ਅਰਘਦਾਨ॥ (136)

ਅੱਗੇ ਜ਼ਿਕਰ ਹੈ ਕਿ ਕਿਧਰੇ ਪਿਤਰਾਂ ਨਮਿਤ ਕ੍ਰਿਆ-ਕਰਮ ਕੀਤੇ ਜਾ ਰਹੇ ਹਨ (ਹਿੰਦੂ ਸ਼ਾਸਤਰਾਂ ਅਨੁਸਾਰ ਮਰ ਚੁੱਕੇ ਬਜ਼ੁਰਗਾਂ ਦੀ ਗਤੀ ਜਾਂ ਮੁਕਤੀ ਵਾਸਤੇ ਕਈ ਕਿਸਮ ਦੇ ਪਿੰਡ-ਦਾਨ ਅਤੇ ਹੋਰ ਰਸਮਾਂ ਹੋ ਰਹੀਆਂ ਹਨ) ਅਤੇ ਕਿਧਰੇ ਵੇਦਾਂ ਦੀ ਰੀਤ ਨਿਭਾਈ ਜਾ ਰਹੀ ਹੈ। ਕਿਧਰੇ ਨਾਚ ਨੱਚੇ ਜਾ ਰਹੇ ਹਨ ਅਤੇ ਕਿਧਰੇ ਗੀਤ ਗਾਏ ਜਾ ਰਹੇ ਹਨ (ਇਸ਼ਟ ਦੇਵ ਨੂੰ ਰਿਝਾਉਣ ਦੇ ਇਕ ਸਾਧਨ ਵਜੋਂ ਮੰਦਰ ਵਿਚ ਨੱਚਣਾ ਅਤੇ ਗਾਉਣ ਦੀ ਰੀਤ ਵੀ ਰਹੀ ਹੈ)। ਕਿਧਰੇ ਸਿਮਰਤੀਆਂ ਅਤੇ ਸ਼ਾਸਤਰਾਂ 'ਤੇ ਚਰਚਾ ਹੋ ਰਹੀ ਹੈ ਤਾਂ ਕਿਧਰੇ ਉਸ ਪ੍ਰਭੂ ਨੂੰ ਪਾਉਣ ਲਈ ਬਿਨਾ ਕਿਸੇ ਆਸਰੇ ਦੇ ਇੱਕ ਪੈਰ 'ਤੇ ਖੜ੍ਹੇ ਹੋ ਕੇ ਭਗਤੀ:

ਕਹੂੰ ਪਿਤ੍ਰ-ਕਰਮ ਕਹੂੰ ਬੇਦ ਰੀਤਿ॥
ਕਹੂੰ ਨ੍ਰਿਤ-ਨਾਚ ਕਹੂੰ ਗਾਨ-ਗੀਤ॥
ਕਹੂੰ ਕਰਤ ਸਾਸਤ੍ਰ ਸਿੰਮ੍ਰਿਤਿ ਉਚਾਰ॥
ਕਈ ਭਜਤ ਏਕ ਪਗ ਨਿਰਾਧਾਰ॥ (137)

ਕਈ ਦੁਨੀਆਦਾਰੀ ਦੇ ਵੱਸ ਹੋ ਕੇ ਆਪਣੇ ਸਰੀਰੀ-ਮੋਹ ਨਾਲ ਜੁੜੇ ਹੋਏ ਹਨ ਅਤੇ ਕਈ ਘਰਾਂ ਵਿਚ ਰਹਿੰਦੇ ਹਨ ਭਾਵ ਆਪਣੇ ਪਰਿਵਾਰ ਵਿਚ ਗ੍ਰਹਿਸਥ ਜੀਵਨ ਨਿਭਾ ਰਹੇ ਹਨ। ਦੂਸਰੇ ਪਾਸੇ ਕਈ ਉਹ ਹਨ ਜੋ ਪਰਿਵਾਰ ਅਤੇ ਸੰਸਾਰਕ ਜੀਵਨ ਦਾ ਤਿਆਗ ਕਰਕੇ ਦੇਸ-ਦਿਸਾਂਤਰਾਂ ਵਿਚ ਘੁੰਮਦੇ ਫਿਰਦੇ ਹਨ (ਸੰਨਿਆਸ ਆਸ਼ਰਮ ਅਨੁਸਾਰ ਵਿਅਕਤੀ ਨਾ ਸਿਰਫ ਪਰਿਵਾਰਕ ਜੀਵਨ ਦਾ ਤਿਆਗ ਕਰਦਾ ਹੈ ਬਲਕਿ ਸਮਾਜ-ਕਲਿਆਣ ਲਈ ਥਾਂ ਥਾਂ ਭਰਮਣ ਕਰਦਾ ਹੈ)। ਕਈ ਉਸ ਨੂੰ ਪਾਉਣ ਖਾਤਰ ਪਾਣੀ ਵਿਚ ਰਹਿ ਕੇ ਸੀਤ ਜਰ ਰਹੇ ਹਨ ਅਤੇ ਕਈ ਧੂਣੀਆਂ ਤਪਾ ਕੇ ਅੱਗ ਦੀ ਤਪਸ਼ ਆਪਣੇ ਪਿੰਡੇ 'ਤੇ ਸਹਿ ਰਹੇ ਹਨ। ਕਈ ਆਪਣਾ ਚਿਹਰਾ ਹੇਠਾਂ ਉਤੇ ਘੁਮਾ ਕੇ ਪਰਮਾਤਮਾ ਦਾ ਜਾਪ ਕਰਦੇ ਹਨ। ਕਈ ਅਜਿਹੇ ਹਨ ਜੋ ਕਈ ਕਲਪਾਂ ਤੋਂ ਯੋਗ-ਕ੍ਰਿਆਵਾਂ ਕਰ ਰਹੇ ਹਨ ਪਰ ਫਿਰ ਵੀ ਪਰਮਾਤਮਾ ਦਾ ਅੰਤ ਨਹੀਂ ਪਾ ਸਕੇ। ਅਣਗਿਣਤ ਲੋਕ ਵਿਦਿਆ ਰਾਹੀਂ ਗਿਆਨ ਪ੍ਰਾਪਤ ਕਰ ਰਹੇ ਹਨ ਫਿਰ ਵੀ ਉਨ੍ਹਾਂ ਨੂੰ ਪਰਮਾਤਮਾ ਦੀ ਇੱਕ ਝਲਕ ਵੀ ਨਸੀਬ ਨਹੀਂ ਹੁੰਦੀ:

ਕਈ ਜਪਤ ਜੋਗ ਕਲਪੰ ਪ੍ਰਜੰਤ॥
ਨਹੀ ਤਦਪਿ ਤਾਸ ਪਾਇੰ ਤਨਿ ਅੰਤ॥
ਕਈ ਕਰਤ ਕੋਟ ਬਿੱਦਿਆ ਬਿਚਾਰ॥
ਨਹੀ ਤਦਪਿ ਦਿਸਟਿ ਦੇਖੈ ਮੁਰਾਰਿ॥ (139)

ਦਸਮ ਗੁਰੂ ਫਰਮਾਉਂਦੇ ਹਨ ਕਿ ਪ੍ਰੇਮਾ ਭਗਤੀ ਦੇ ਤਾਣ ਤੋਂ ਵਗੈਰ ਪਰਮਾਤਮ-ਅਨੁਭਵ ਸੰਭਵ ਨਹੀਂ ਹੈ ਭਾਵੇਂ ਕਿੰਨੇ ਹੋਮ-ਯੱਗ, ਦਾਨ ਅਤੇ ਹੋਰ ਕਰਮ-ਕਾਂਡ ਕਰਦੇ ਰਹਿਣ। ਪਰਮਾਤਮਾ ਦੇ ਨਾਮ ਵਿਚ ਇੱਕ-ਮਨ, ਇੱਕ-ਚਿੱਤ ਹੋ ਕੇ ਲੀਨ ਹੋਏ ਤੋਂ ਬਿਨਾ ਸਾਰੇ ਧਾਰਮਿਕ ਕਹੇ ਜਾਣ ਵਾਲੇ ਕੀਤੇ ਕਰਮ ਫੋਕਟ ਹਨ, ਵਿਅਰਥ ਅਤੇ ਮਹਿਜ ਦਿਖਾਵਾ ਹਨ:

ਬਿਨੁ ਭਗਤਿ-ਸਕਤਿ ਨਹੀ ਪਰਤ ਪਾਨਿ॥
ਬਹੁ ਕਰਤ ਹੋਮ ਅਰੁ ਜੱਗ ਦਾਨ॥
ਬਿਨੁ ਏਕ ਨਾਮੁ ਇਕ ਚਿੱਤ ਲੀਨ॥
ਫੋਕਟੋ ਸਰਬ ਧਰਮਾ ਬਿਹੀਨ॥ (140)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਉਪਰੋਕਤ ਕਰਮ-ਕਾਂਡਾਂ ਦੀ ਨਿਖੇਧੀ ਕੀਤੀ ਗਈ ਹੈ ਕਿਉਂਕਿ ਉਸ ਦੇ ਨਾਮ ਨਾਲ ਮਨ ਦੇ ਪ੍ਰੇਮ ਰਾਹੀਂ ਜੁੜੇ ਬਿਨਾ ਉਸ ਨੂੰ ਪਾ ਸਕਣਾ ਸੰਭਵ ਨਹੀਂ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਇਨ੍ਹਾਂ ਸਾਰੀਆਂ ਧਾਰਮਿਕ ਕਹੀਆਂ ਜਾਣ ਵਾਲੀਆਂ ਰਸਮਾਂ ਦਾ ਖੋਖਲੇਪਣ ਉਜਾਗਰ ਕਰਕੇ ਅਖੀਰ ਵਿਚ ਗੁਰਮਤਿ ਵਿਚਾਰ ਦਿੰਦੇ ਹਨ ਕਿ ਹੇ ਨਾਨਕ! ਭਗਤ ਜਨਾਂ ਨੂੰ ਸਿਰਫ ਪਰਮਾਤਮਾ ਦੀ ਸਿਫਤਿ-ਸਾਲਾਹ ਦੀ ਤਾਂਘ ਲੱਗੀ ਹੋਈ ਹੈ। ਅਕਾਲ ਪੁਰਖ ਦਾ ਸਦੀਵੀ ਕਾਇਮ ਰਹਿਣ ਵਾਲਾ ਨਾਮ ਹੀ ਉਨ੍ਹਾਂ ਦਾ ਆਸਰਾ ਹੈ। ਉਹ ਸਦਾ ਦਿਨ ਰਾਤ ਅਨੰਦ ਵਿਚ ਰਹਿੰਦੇ ਹਨ ਅਤੇ ਆਪਣੇ ਆਪ ਨੂੰ ਗੁਣਵਾਨ ਲੋਕਾਂ ਦੇ ਪੈਰਾਂ ਦੀ ਖਾਕ ਸਮਝਦੇ ਹਨ ਭਾਵ ਉਨ੍ਹਾਂ ਵਿਚ ਹਲੀਮੀ ਆ ਜਾਂਦੀ ਹੈ (ਧਾਰਮਿਕ ਕਰਮਕਾਂਡ ਮਨੁੱਖ ਅੰਦਰ ਹੰਕਾਰ ਪੈਦਾ ਕਰਦੇ ਹਨ):

ਨਾਨਕ ਭਗਤਾ ਭੁਖ ਸਾਲਾਹਣੁ
ਸਚੁ ਨਾਮੁ ਆਧਾਰੁ॥
ਸਦਾ ਅਨੰਦਿ ਰਹਹਿ ਦਿਨੁ ਰਾਤੀ
ਗੁਣਵੰਤਿਆ ਪਾ ਛਾਰੁ॥ (ਪੰਨਾ 465)

## ਸਿਆਣਿਆਂ ਦਾ ਕਿਹਾ

(1) ਪੰਜਾਬ ਵਿਚ ਪਬਲਿਕ ਸਕੂਲਾਂ ਦੇ ਨਾਂ 'ਤੇ ਕੁੱਝ ਲੋਕ ਮਾਂ ਬੋਲੀ ਪੰਜਾਬੀ ਵਿਰੁਧ ਗੱਦਾਰੀ ਭਰਿਆ ਰੋਲ ਅਦਾ ਕਰ ਰਹੇ ਹਨ।

(2) ਆਜ਼ਾਦੀਏ ਤੇਰੀ ਯਾਦ ਵਿਚ ਜਲ ਜਲ ਕੇ ਸ਼ੋਅਲੇ ਹੋਏ, ਤੂੰ ਉਦੋਂ ਆਵੀਂ ਜਦੋਂ ਬੁਝ ਬੁਝ ਕੇ ਅਸੀਂ ਕੋਲੇ ਹੋਏ।

(3) ਜਿੱਥੇ ਕੋਈ ਬੁਲਾਵੇ ਚਲੇ ਜਾਣਾ ਚਾਹੀਦਾ ਹੈ ਪਰ ਆਪਣੇ ਵਿਚਾਰ ਨਹੀਂ ਛੱਡਣੇ ਚਾਹੀਦੇ।

(4) ਆਜ਼ਾਦੀਪਸੰਦ ਲੇਖਕ ਨੂੰ ਹਰ ਸਟੇਜ 'ਤੇ ਜਾਣਾ ਚਾਹੀਦਾ ਹੈ ਅਤੇ ਉਥੇ ਆਪਣੀ ਗੱਲ ਰੱਖਣੀ ਚਾਹੀਦੀ ਹੈ।

(5) ਸ਼ਾਇਰ ਸੁਰਜੀਤ ਪਾਤਰ ਨੇ ਸੱਚ ਕਿਹਾ ਹੈ, "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ? ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ?"

(6) ਅਸੀਂ ਸੰਸਕਾਰਾਂ ਵਜੋਂ ਪਹਿਲਾਂ ਸਿੱਖ ਹਾਂ, ਇਨਕਲਾਬੀ ਬਾਅਦ ਵਿਚ।

(7) ਸਿੱਖ ਧਰਮ, ਸਿੱਖ ਸਮਾਜ, ਸਿੱਖ ਸਭਿਆਚਾਰ, ਸਿੱਖ ਵਿਰਸਾ ਇਨਕਲਾਬੀ ਹੈ।

(8) ਮੈਨੂੰ ਮੇਰੀ ਮਾਂ ਵਰਗਾ ਪਿਆਰ ਨੀ, ਮਿਲੂ ਕਿਹੜਿਆਂ ਪ੍ਰਦੇਸਾਂ ਤੋਂ ਉਧਾਰ ਨੀ।

(9) ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ, ਕਰੇ 'ਜੋਦੜੀ ਨੀ ਇਕ ਦਾਖਾ ਦਰਵੇਸ।

(10) ਕੋਈ ਵੀ ਇਨਕਲਾਬੀ ਲਹਿਰ, ਅਗਵਾਈ ਕਿਤੋਂ ਵੀ ਲੈ ਸਕਦੀ ਹੈ ਪਰ ਆਪਣੇ ਵਿਰਸੇ ਤੋਂ ਟੁੱਟ ਕੇ ਅਗਾਂਹ ਨਹੀਂ ਵਧ ਸਕਦੀ।

(11) ਹਰ ਤਰ੍ਹਾਂ ਦੀ ਬੇਇਨਸਾਫੀ ਸਿੱਖ ਕੌਮ ਨੂੰ ਗੁਆਰੇ ਦੀ ਕੰਡ ਵਾਂਗ ਲੜਦੀ ਹੈ।

(12) ਜੀਊ ਤੋ ਬਹਾਦਰੋਂ ਕੀ ਤਰਹ, ਡਰਪੋਕ ਕਿਆ ਖਾਕ ਜੀਏਂਗੇ?

(13) ਬਹਾਦਰੀ ਦਿਖਾਉਣ ਦਾ ਵੀ ਕੋਈ ਚਾਂਸ ਹੀ ਹੁੰਦਾ ਹੈ। ਬਹਾਦਰੀ ਅਤੇ ਕਾਇਰਤਾ ਵਿਚਾਲੇ ਵਾਲ ਕੁ ਜਿੰਨਾ ਹੀ ਫਰਕ ਹੈ।

(14) ਮੌਕਾ ਆਉਣ 'ਤੇ ਬਹਾਦਰ ਲੋਕ ਕਾਇਰ ਵੀ ਬਣ ਸਕਦੇ ਹਨ ਤੇ ਕਾਇਰ ਬਹਾਦਰ ਵੀ।

(15) ਸਾਨੂੰ ਡਰਪੋਕ, ਗੱਦਾਰ, ਲਾਈਲੱਗ, ਕਮੀਨੇ, ਧੋਖੇਬਾਜ਼, ਝੂਠੇ, ਫਰੇਬੀ, ਮਤਲਬਪ੍ਰਸਤ, ਲਾਲਚੀ, ਹੰਕਾਰੀ ਲੋਕਾਂ ਤੋਂ ਸਖਤ ਨਫਰਤ ਹੈ।

(16) ਕੁਦਰਤ ਸਾਡੀ ਕਾਇਨਾਤ ਨੂੰ ਸ਼ਿੰਗਾਰਦੀ ਹੈ ਅਤੇ ਮਨੁੱਖ ਆਪਣੇ ਪਰਿਵਾਰ ਨੂੰ, ਆਪਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਨੂੰ।

(17) ਸੂਰਜ ਸਾਨੂੰ ਜੀਵਨ ਵੰਡੇ ਇੱਕੋ ਸਾਰ ਕੁੜੇ, ਦਿੰਦਾ ਹੈ ਇਹ ਸਭ ਤਾਈਂ, ਇੱਕੋ ਜਿੰਨਾ ਪਿਆਰ ਕੁੜੇ।

(18) ਸੁਣ ਵਾਘੇ ਦੀਏ ਲਕੀਰੇ ਨੀ, ਤੈਂ ਕਿੰਨੇ ਹੀ ਦਿਲ ਚੀਰੇ ਨੀ, ਤੂੰ ਨਾਲ ਲਹੂ ਦੇ ਰੰਗੀ ਏਂ, ਤੈਂ ਤੋਂ ਬਹੁਤ ਕਲੀਰੇ ਨੀ।

(19) ਪੰਜਾਬੀ ਭਾਸ਼ਾ ਅਗਲੇ 50 ਸਾਲਾਂ ਵਿਚ ਮਰਨ ਵਾਲੀਆਂ ਭਾਸ਼ਾਵਾਂ ਵਿਚੋਂ ਇੱਕ ਹੈ।

(20) ਜਿਉਂਦੇ ਵਿਅਕਤੀ ਲਈ ਖਤਰਨਾਕ ਹੁੰਦਾ ਹੈ, ਸੋਚਾਂ ਦਾ ਮਰ ਜਾਣਾ।

(21) ਕੱਪਰ ਦੇ ਵਿਚ ਫਾਥੀ ਬੇੜੀ, ਬੇਪਰਵਾਹ ਮੁਹਾਣਾ ਹੈ, ਹੁਣ ਤਾਂ ਪੂਰ ਦੀ ਹਿੰਮਤ ਨੇ ਹੀ ਇਸ ਨੂੰ ਪਾਰ ਲਗਾਣਾ ਹੈ।

(22) ਮਹਿਲ ਬਣੇ ਜਾਂ ਜੇਲ੍ਹ ਬਣੇ, ਮੰਦਿਰ ਉਸਰੇ ਯਾ ਮੈਖ਼ਾਨਾ, ਇੱਟਾਂ ਨੂੰ ਕੀ, ਉਨ੍ਹਾਂ ਨੇ ਤਾਂ ਕੰਧਾਂ ਵਿਚ ਲੱਗ ਜਾਣਾ ਹੈ।

(23) ਜੇ ਖਿਆਲਾਂ 'ਚ ਨਾ ਜਗੇ ਰੌਸ਼ਨੀ ਬਣ ਕੇ, ਕੀ ਲਿਆ ਫਿਰ ਦੋਸਤਾ ਆਦਮੀ ਬਣ ਕੇ।

(24) ਰਾਜਨੀਤੀ ਦੇ ਕੋਸ਼ ਵਿਚ ਤਰਸ, ਦਯਾ ਤੇ ਹਮਦਰਦੀ ਆਦਿ ਸ਼ਬਦ ਨਹੀਂ ਹੁੰਦੇ।

(25) ਮੂੰਹ ਫਫ਼ਾਣੀ ਮਿੱਤਰਤਾ ਵਿਚ ਵੀ ਵਿਛੜ ਦਾ ਖੋਰਾ ਹੁੰਦਾ ਹੈ।

(26) ਅਸੀਂ ਭੋਲੇ ਸਿੱਖ, ਹਿੰਦੂ ਮਿੱਤਰਤਾ ਦੀ ਵਫਾ ਪਾਲਦੇ ਹੀ ਸ਼ਹੀਦ ਹੁੰਦੇ ਰਹੇ, ਲੋਹੜਾ ਸਾਈਂ ਦਾ ਉਨ੍ਹਾਂ ਭੋਰਾ ਵਫਾ ਨਾ ਪਾਲੀ।

(27) ਕਮਜ਼ੋਰਾਂ, ਘੱਟ ਗਿਣਤੀਆਂ ਤੇ ਗੁਲਾਮਾਂ ਨੂੰ ਵਾਰ ਵਾਰ ਕਤਲੇਆਮਾਂ ਦੀ ਹਨੇਰੀ ਵਿਚੋਂ ਲੰਘਣਾ ਪੈਂਦਾ ਹੈ, ਇਸ ਦਾ ਇਕੋ ਇਕ ਇਲਾਜ਼ ਹੈ ਆਪਣਾ ਕੌਮੀ ਘਰ।

(28) ਭੜਥੂ ਪਾਉਣ ਵਾਲੇ ਲਾਭ ਦੀ ਥਾਂ ਵਧੇਰੇ ਨੁਕਸਾਨ ਹੀ ਕਰਦੇ ਹਨ।

(29) ਲੋਕਾਂ ਦੀ ਹਮਦਰਦੀ ਜਿੱਤਣਾ ਤਾਕਤ ਵਧਾਉਣਾ ਹੈ।

(30) ਜੋ ਖਜੂਰ ਨਾ ਖਾਧੀ ਜਾਵੇ ਉਹਦਾ ਛੁਹਾਰਾ ਹੋ ਸਕਦਾ ਹੈ, ਝੁੱਗੀ ਕੱਖਾਂ ਕਾਨਿਆਂ ਦੀ ਦਾ ਕਦੇ ਚੁਬਾਰਾ ਹੋ ਸਕਦਾ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN#978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਕਾਂਤਾ ਅਤੇ ਸ਼ੀਲਾ ਦੋ ਜਣੀਆਂ

***ਸੱਚ ਹੈ ਕਿ ਜਦੋਂ ਦੁਨੀਆਂ 'ਚ ਵਿਸ਼ਵਾਸ ਮੁੱਕ ਗਿਆ ਤਾਂ ਭਗਵਾਨ ਵੀ ਨਹੀਂ ਰਹਿਣਾ। ਆਸਮਾਨ ਤੇ ਧਰਤੀ ਰੱਬ ਦੇ ਆਸਰੇ ਨਹੀਂ, ਵਿਸ਼ਵਾਸ ਦੇ ਆਸਰੇ ਖੜ੍ਹੇ ਹਨ। ਧਰਤੀ ਕੰਬਣ ਲੱਗ ਸਕਦੀ ਹੈ, ਆਸਮਾਨ ਡੋਲ ਸਕਦਾ ਹੈ ਪਰ ਵਿਸ਼ਵਾਸ ਤਿੜਕ ਨਹੀਂ ਰਿਹਾ। ਇਸੇ ਕਰਕੇ ਭੂਚਾਲਾਂ ਦੀ ਮਾਰ ਵੀ ਝੱਲੀ ਜਾ ਰਹੇ ਹਾਂ। ਸਬਰ ਉਦੋਂ ਨਹੀਂ ਆਉਂਦਾ ਜਦੋਂ ਮਾਂ-ਬਾਪ, ਭੈਣ-ਭਰਾਵਾਂ, ਬੀਵੀ-ਬੱਚਿਆਂ ਨੂੰ ਸਿਰਫ਼ 'ਅਸਤ' ਹੀ ਗੰਗਾ ਜਾਂ ਕੀਰਤਪੁਰ ਸਾਹਿਬ ਪਾਉਣ ਨੂੰ ਮਿਲਣ, ਸੰਸਕਾਰ ਉਨ੍ਹਾਂ ਦੀਆਂ ਅੱਖਾਂ ਤੋਂ ਉਹਲੇ ਕਿਸੇ ਹੋਰ ਨੇ ਹੀ ਕਰ ਦਿੱਤਾ ਹੋਵੇ ਪਰ ਜਦੋਂ ਦੀ ਵਿਦੇਸ਼ੀ ਲਾੜਿਆਂ ਦੀ ਮੰਗ ਡਾਲਰਾਂ ਪੌਂਡਾਂ ਤੋਂ ਵੀ ਵੱਡੀ ਹੋ ਗਈ ਹੈ, ਕਈ ਮਾਪਿਆਂ ਨੇ ਧੀਆਂ ਦਾ ਸੰਸਕਾਰ ਤੇ ਹੱਡੀਆਂ ਜਲ ਪ੍ਰਵਾਹ ਕਰਨ ਦੀਆਂ ਰਸਮਾਂ ਡੋਲੀ ਤੋਰਨ ਵੇਲੇ 'ਕੱਠੀਆਂ ਹੀ ਕਰ ਦਿੱਤੀਆਂ ਹਨ। ਮੰਨੋ ਭਾਵੇਂ ਨਾ ਪਰ ਸੱਚਾਈ ਹੈ ਕਿ ਬਹੁ-ਗਿਣਤੀ 'ਚ ਮਨੁੱਖ ਅੰਦਰੋਂ ਵਹਿਮੀ ਹੀ ਹੈ, ਪਰ ਜਿਨ੍ਹਾਂ ਨੇ ਲਾਲਚਵੱਸ ਧੀਆਂ ਨੂੰ ਮਜਬੂਰੀਆਂ ਦੇ ਬੂਹੇ ਥਾਣੀਂ ਧੱਕੇ ਨਾਲ ਲੰਘ ਕੇ ਸੁਆਰਥੀ ਹੋਣ ਦਾ ਵਹਿਮ ਪਾ ਲਿਆ ਹੈ, ਧਰਮ ਰਾਜ ਕਤਾਰ 'ਚੋਂ ਕੱਢ ਕੇ ਸ਼ਾਇਦ ਉਨ੍ਹਾਂ ਦੀ ਵਿਸ਼ੇਸ਼ ਅਦਾਲਤ ਲਗਾਉਣ ਤੋਂ ਕੰਨੀਂ ਨਹੀਂ ਕਤਰਾਏਗਾ। ਸਮਝੌਤੇ ਕਰਨੇ ਪੈ ਜਾਂਦੇ ਨੇ, ਸਮਝੌਤਿਆਂ ਲਈ ਸਰਕਾਰਾਂ ਮਜਬੂਰ ਹੋ ਜਾਂਦੀਆਂ ਹਨ ਪਰ ਬਚਪਨ ਅਤੇ ਜਵਾਨੀ ਨਾਲ ਕੋਈ ਸਮਝੌਤਾ ਹੋ ਨਹੀਂ ਸਕਦਾ। ਕਰੋਗੇ ਤਾਂ ਬਦ-ਦੁਆਵਾਂ ਕੰਨ ਖਿੱਚ ਕੇ ਚਪੇੜਾਂ ਮਾਰਨਗੀਆਂ। ਜਦੋਂ ਦਾ 'ਪੈਸਾ ਅੱਗੇ, ਬੰਦਾ ਪਿੱਛੇ' ਹੋਇਆ ਹੈ, ਇਉਂ ਨਹੀਂ ਲਗਦਾ ਕਿ ਲਾੜਾ ਅੱਗੇ ਹੈ ਤੇ ਬੈਂਡ ਬਾਜਾ ਪਿਛਾਂਹ ਖੌਰੂ ਪਾ ਰਿਹਾ ਹੈ! ਜਿਨ੍ਹਾਂ ਨੇ ਧੀਆਂ ਦੀ ਕੁਰਬਾਨੀ ਦੇ ਕੇ ਵਾਅਦੇ ਪੂਰੇ ਕੀਤੇ ਨੇ, ਪੱਗ ਦਾ ਵਾਸਤਾ ਪਾ ਕੇ ਧੀਆਂ ਨੂੰ ਗ੍ਰਹਿਸਥ 'ਚ ਫਾਹੇ ਲਾਇਆ ਹੈ, ਫਿੱਟ ਲਾਹਣਤ ਹੈ ਜੇ ਉਹ ਵੀ ਸਵਰਗ ਦੀ ਆਸ ਕਰਦੇ ਨੇ। ਅੰਤਰਧਿਆਨ ਹੋ ਕੇ ਦੇਖਿਓ, ਇਹ ਘਟਨਾ ਥੋਡੇ ਨੇੜੇ-ਤੇੜੇ ਹੀ ਵਾਪਰੀ ਹੋਈ ਹੈ।***

ਜਗਨ ਨਾਥ ਅਤੇ ਕੁੰਦਨ ਲਾਲ ਵਿਚ ਸਮਾਨਤਾ ਇਹ ਸੀ ਕਿ ਦੋਵੇਂ ਇਕੋ ਪਿੰਡ ਦੇ ਸਨ। ਉਂਜ ਜਗਨ ਨਾਥ ਨੂੰ ਬਾਣੀਆ ਹੋਣ ਕਰਕੇ ਲਾਲਾ ਜਗਨ ਨਾਥ ਹੀ ਆਖਦੇ ਸਨ ਤੇ ਗਰੀਬ ਗੁਰਬੇ ਵਿਚ ਬਹੁਤੀ ਦੁਆ ਸਲਾਮ ਇਸ ਕਰਕੇ ਸੀ ਕਿ ਉਹ ਪੈਸਿਆਂ ਦਾ ਛੋਟਾ ਮੋਟਾ ਲੈਣ-ਦੇਣ ਦੋ-ਤਿੰਨ ਰੁਪਏ ਸੈਂਕੜੇ ਪ੍ਰਤੀ ਮਹੀਨਾ ਦਿਆ ਕਰਦਾ ਸੀ ਤੇ ਕੁੰਦਨ ਲਾਲ ਹਮਾਤੜ ਝਿਊਰ ਬਰਾਦਰੀ 'ਚੋਂ ਸੀ। ਦੋਵੇਂ ਮੀਆਂ ਬੀਵੀ ਪਿੰਡ 'ਚ ਵਿਆਹ-ਸ਼ਾਦੀਆਂ 'ਤੇ ਭਾਂਡੇ ਮਾਂਜ ਕੇ ਗੁਜ਼ਾਰਾ ਕਰਦੇ। ਕੁੰਦਨ ਕਦੇ ਕਦੇ ਪੰਜ ਸੱਤ ਛਿੱਲੜਾਂ ਨੂੰ ਦਿਹਾੜੀ-ਦੱਪਾ ਕਰ ਲੈਂਦਾ ਪਰ ਪੂਰਾ ਪਿੰਡ ਦੋਹਾਂ ਦੇ 'ਕੱਠੇ ਨਾਂ ਇਸ ਕਰਕੇ ਲੈਂਦਾ ਕਿ ਦੋਹਾਂ ਦੇ ਇੱਕੋ-ਇੱਕ ਪੁੱਤ ਤੇ ਇਕ-ਇਕ ਧੀ ਸੀ। ਦੋਹਾਂ ਦੀਆਂ ਧੀਆਂ ਵੀ ਰੱਜ ਕੇ ਸੁਨੱਖੀਆਂ, ਪੜ੍ਹਦੀਆਂ ਵੀ ਇਕੋ ਜਮਾਤ ਵਿਚ ਸਨ ਤੇ ਪੜ੍ਹਾਈ ਵਿਚ ਵੀ ਦੋਹਾਂ ਦਾ ਮੁਕਾਬਲਾ ਸੀ। ਦਸਵੀਂ ਜਦੋਂ ਉਨ੍ਹਾਂ ਪਿੰਡ ਦੇ ਹੀ ਹਾਈ ਸਕੂਲ 'ਚੋਂ ਪਾਸ ਕੀਤੀ ਤਾਂ ਜਗਨ ਨਾਥ ਦੀ ਧੀ ਕਾਂਤਾ, ਕੁੰਦਨ ਦੀ ਧੀ ਸ਼ੀਲਾ ਤੋਂ ਦਸ ਨੰਬਰ ਪਛੜ ਗਈ ਪਰ ਪਿਆਰ ਦੋਹਾਂ ਕੁੜੀਆਂ ਤੇ ਪਰਿਵਾਰਾਂ ਦਾ ਸੂਈ ਜਿੰਨਾ ਵੀ ਨਾ ਘਟਿਆ।

ਚਾਰ ਕੁ ਕੋਹ ਵਾਟ 'ਤੇ ਜਦੋਂ ਦੋਹਾਂ ਨੇ ਸ਼ਹਿਰ ਵਿਚ ਅਗਲੀ ਪੜ੍ਹਾਈ ਲਈ ਦਾਖਲਾ ਲਿਆ ਤਾਂ ਸ਼ੀਲਾ ਦਾ ਸਾਰਾ ਖਰਚ ਲਾਲਾ ਜਗਨ ਨਾਥ ਨੇ ਦਿੱਤਾ। ਇੰਜ ਪਿਆਰ ਸ਼ਹਿਦ ਦੀ ਥਾਲੀ 'ਚ ਡਿੱਗ ਕੇ ਹੋਰ ਮਿੱਠਾ ਹੋ ਗਿਆ। 'ਉਤਰ ਕਾਟੋ ਮੈਂ ਚੜ੍ਹਾਂ' ਵਾਂਗ ਕਾਂਤਾ ਅਤੇ ਸ਼ੀਲਾ ਦਾ ਮੁਕਾਬਲਾ ਸਿਹਤਮੰਦ ਹੁੰਦਿਆਂ ਬੀ.ਏ. ਦੇ ਦੂਜੇ ਸਾਲ ਤੱਕ ਚਲੇ ਗਿਆ। ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਦੋਵੇਂ ਸਹੇਲੀਆਂ ਇਕੱਠੀਆਂ ਖਾਂਦੀਆਂ-ਪੀਂਦੀਆਂ। ਇਮਤਿਹਾਨ ਮੁੱਕੇ ਤਾਂ ਸ਼ੀਲਾ ਨੇ ਦੱਸਿਆ ਕਿ 'ਕਾਂਤਾ, ਇਸ ਵਾਰ ਮੈਂ ਆਪਣੀ ਬੀਕਾਨੇਰ ਰਹਿੰਦੀ ਭੂਆ ਕੋਲ ਦੋ ਮਹੀਨੇ ਕੱਟ ਕੇ ਆਵਾਂਗੀ।' ਕਾਂਤਾ ਨੇ ਨਿਹੋਰੇ ਨਾਲ ਕਿਹਾ, 'ਮੈਨੂੰ ਨ੍ਹੀਂ ਲਿਜਾ ਸਕਦੀ?' ਅੱਗਿਓ ਸ਼ੀਲਾ ਨੇ ਵੀ ਵਿਅੰਗ 'ਚ ਆਖਿਆ, 'ਚੱਲ ਪੈ, ਜੇ ਭੂਆ ਨਾਲ ਭਾਂਡੇ ਧੁਆਉਣੇ ਪਏ?' ਇੰਜ ਹੱਸਦਿਆਂ ਖੇਡਦਿਆਂ ਸ਼ੀਲਾ ਬੀਕਾਨੇਰ ਚਲੀ ਗਈ।

ਕਾਲਜ ਖੁੱਲ੍ਹਣ ਤੋਂ ਚਾਰ ਕੁ ਦਿਨ ਪਹਿਲਾਂ ਜਦੋਂ ਕੁੰਦਨ ਲਾਲ ਧੀ ਨੂੰ ਲੈਣ ਬੀਕਾਨੇਰ ਗਿਆ ਤਾਂ ਪਾਣੀ-ਧਾਣੀ ਪੀਣ ਤੋਂ ਪਹਿਲਾਂ ਹੀ ਸ਼ੀਲਾ ਨੂੰ ਖ਼ਬਰ ਦੱਸਣ ਲੱਗ ਪਿਆ।

'ਪੁੱਤਰ ਤੇਰੀ ਸਹੇਲੀ ਤਾਂ ਵਿਆਹੀ ਗਈ।'

'ਕਿਹੜੀ ਸਹੇਲੀ ਬਾਪੂ?'

'ਕਿੰਨੀਆਂ ਕੁ ਸਹੇਲੀਆਂ ਸਨ ਤੇਰੀਆਂ? ਲਾਲੇ ਜਗਨ ਨਾਥ ਦੀ ਧੀ ਕਾਂਤਾ?'

'ਬਾਪੂ ਏਡੀ ਛੇਤੀ? ਮੈਨੂੰ ਬਿਨਾਂ ਦੱਸੇ ਤੋਂ ਵਿਆਹ? ਏਨੀ ਕਾਹਦੀ ਕਾਹਲੀ ਪੈ ਗਈ ਕਾਂਤਾ ਨੂੰ?'

'ਪਤਾ ਨਹੀਂ, ਮੈਂ ਵੀ ਘੜੀ ਦੀ ਘੜੀ ਹੀ ਗਿਆ ਸਾਂ। ਦੋ ਕੁ ਦਿਨ 'ਚ ਤਾਂ ਸਾਰਾ ਕੰਮ ਨਿਬੜ ਗਿਆ।'

'ਕਿਉਂ?'

'ਬੰਦਾ ਅਮਰੀਕਾ ਤੋਂ ਆਇਆ ਸੀ।'

'ਬਾਪੂ ਬੰਦਾ ਕਿ ਮੁੰਡਾ?'

'ਇਹ ਸਭ ਕੁਝ ਤੈਨੂੰ ਸਵੇਰੇ ਚੱਲ ਕੇ ਪਿੰਡ ਪਤਾ ਲੱਗ ਜੂ। ਕਮਲੀ ਕੁੜੀ, ਇਹਨੂੰ ਕੀ ਪਤਾ ਅਮਰੀਕਾ ਤੋਂ ਮੁੰਡੇ ਨਹੀਂ ਬੰਦੇ ਆਉਂਦੇ ਨੇ।' ਅੱਧਾ ਵਾਕ ਅੰਦਰੇ ਘੁੱਟਦਿਆਂ ਕੁੰਦਨ ਲਾਲ ਬਾਕੀ ਪਰਿਵਾਰ ਨਾਲ ਰਲ-ਮਿਲ ਗਿਆ।

ਸ਼ੀਲਾ ਦੀ ਇਕ ਤਰ੍ਹਾਂ ਨਾਲ ਨੀਂਦ ਹਰਾਮ ਹੋ ਗਈ। ਰਾਤ ਸਾਰੀ ਉਹ ਬਿਸਤਰੇ 'ਤੇ ਉਸਲਵੱਟੇ ਲੈਂਦੀ ਸੋਚਦੀ ਰਹੀ, 'ਕਾਂਤਾ ਤਾਂ ਆਖਦੀ ਹੁੰਦੀ ਸੀ ਪੀਐਚ.ਡੀ. ਕਰਕੇ ਕਾਲਜ 'ਚ ਪੜ੍ਹਾਇਆ ਕਰੂੰਗੀ। ਵਿਆਹ ਦੋਵੇਂ ਜਾਣੀਆਂ ਇਕੋ ਪਿੰਡ 'ਚ ਕਰਵਾਂਗੀਆਂ। ਇਹ ਕੀ ਸੱਪ ਸੁੰਘ ਗਿਆ? ਮੇਰੀ ਉਡੀਕ ਵੀ ਨਾ ਕਰ ਸਕੀ?' ਸਵੇਰੇ ਲਾਰੀ 'ਚ ਬੈਠਣ ਲੱਗਿਆਂ ਫਿਰ ਪੁੱਛਣ ਲੱਗ ਪਈ, 'ਬਾਪੂ ਕਾਂਤਾ ਨੇ ਮੈਥੋਂ ਬਿਨਾਂ ਹੀ ਵਿਆਹ ਕਰਵਾ ਲਿਆ?'

"ਕਮਲੀਏ ਕੁੜੀਏ, ਜਿੱਦਣ ਤੂੰ ਆਈ ਸੀ, ਚੌਥੇ ਦਿਨ ਤਾਂ ਫੇਰੇ ਦੇ 'ਤੇ। ਅੱਧੀ ਜਗਨ ਨਾਥ ਦੀ ਰਿਸ਼ਤੇਦਾਰੀ ਰਹਿ ਗਈ। ਤੂੰ ਉਨ੍ਹਾਂ ਤੋਂ ਵੀ ਮੂਹਰੇ ਸੀ?"

"ਕੋਈ ਨ੍ਹੀਂ ਮੈਨੂੰ ਮਿਲ ਲੈਣ ਦੇ ਕੇਰਾਂ। ਗਿੱਚੀ ਭੰਨੂੰ ਉਹਦੀ...।" ਤੇ ਉਹਨੇ ਚੁੱਪ-ਗੜੁੱਪ ਜਿਹੀ ਨੇ ਬੀਕਾਨੇਰ ਤੋਂ ਪੰਜਾਬ ਦਾ ਸਫ਼ਰ ਬੜਾ ਔਖਾ ਤੈਅ ਕੀਤਾ। ਘਰ ਪਹੁੰਚ ਕੇ ਲੀੜਿਆਂ ਵਾਲੀ ਗਠੜੀ ਪਰ੍ਹਾਂ ਸੁੱਟ ਕੇ ਭੱਜ ਪਈ ਸ਼ੀਲਾ ਕਾਂਤਾ ਦੇ ਘਰ ਵੱਲ। ਰਾਹ 'ਚ ਉਹਨੂੰ ਦੋਹਾਂ ਦੀ ਪੁਰਾਣੀ ਸਹੇਲੀ ਸਵਿੱਤਰੀ ਟੱਕਰ ਪਈ। ਬੜੀ ਉਤਸੁਕਤਾ ਨਾਲ ਸ਼ੀਲਾ ਨੇ ਉਹਨੂੰ ਬਾਹੋਂ ਫੜ ਕੇ ਪੁੱਛਿਆ, "ਅੜੀਏ ਕਾਂਤਾ ਵਿਆਹੀ ਗਈ?"

"ਨੀ ਛੱਡ ਪਰ੍ਹੇ, ਅਖੇ ਵਿਆਹੀ ਗਈ? ਨੂੜ'ਤੀ ਵਿਚਾਰੀ।" ਦੁਖੀ ਜਿਹੀ ਹੋਈ ਸਵਿੱਤਰੀ ਵੀ ਹੌਲੀ ਦੇਣੀ ਬੋਲੀ।

"ਨੀ ਗੱਲ ਤਾਂ ਦੱਸ ਵਿਚਲੀ?"

"ਏਡੀ ਸੁਨੱਖੀ ਬੁੜ੍ਹੇ ਨਾਲ ਤੋਰ'ਤੀ।"

"ਸੋਹਣਾ ਨ੍ਹੀਂ ਪ੍ਰਾਹੁਣਾ?"

"ਸੁੱਖ ਨਾਲ ਲਾਲਾ ਵਿਆਜ ਦੇ ਸੋਹਣੇ ਪੈਸੇ ਬਣਾਉਂਦਾ ਸੀ। ਕੀ ਮਜਬੂਰੀ ਸੀ ਉਹਦੀ? ਅਮਰੀਕਾ ਦੇ ਲਾਲਚ 'ਚ ਸੁਣਦੇ ਤਾਂ ਸੀ, ਪਰ ਦੇਖਿਆ ਹੁਣ ਐ ਕਿ ਗੱਡੇ ਨਾ' ਕੱਟਾ ਇਉਂ ਬੰਨ੍ਹਿਆ ਜਾਂਦੈ?"

"ਬਾਹਲਾ ਈ ਵੱਡੈ?"

"ਨੀ ਸੁਣ, ਚੌਥੇ ਪੰਜਵੇਂ ਦਿਨ ਮੁਕਲਾਵੇ ਪਿੱਛੋਂ ਆਇਆ ਕੁੜੀਆਂ-ਕੱਤੀਆਂ ਲਈ ਟੂਠੀਆਂ ਛੁਆਰੇ ਤੇ ਛੱਲੇ ਮੁੰਦੀਆਂ ਲੈ ਕੇ ਬੁੱਢਾ ਜੀਜਾ। ਮੈਂ ਵੀ ਨਾਲ ਚਲੇ ਗਈ। ਵਿਆਹ ਵਾਲੇ ਦਿਨ ਤਾਂ ਮੈਂ ਵੀ ਸੀ ਨ੍ਹੀਂ ਇੱਥੇ। ਵਿਹੜੇ 'ਚ ਮੰਜੇ 'ਤੇ ਫੁੱਲਾਂ ਵਾਲੀ ਚਾਦਰ ਉਤੇ ਕੋਈ ਬੈਠਾ ਸੀ ਬੁੱਢ-ਵਲੇਟ ਜਿਹਾ। ਮੈਂ ਕਾਂਤਾ ਨੂੰ ਪੁੱਛ ਬੈਠੀ, 'ਨੀ ਤੇਰਾ ਪ੍ਰਾਹੁਣਾ ਕਿਥੇ ਐ, ਪਿਓ ਨੂੰ ਭੇਜ'ਤਾ ਟੂਠੀਆਂ-ਛੱਲੇ ਦੇ ਕੇ।' ਅੱਗਿਓਂ ਹੀ-ਹੀ ਕਰਕੇ ਆਂਹਦੀ, 'ਇਹ ਮੇਰੇ ਸਿਰ ਦਾ ਸਾਈਂ ਆ। ਅਮਰੀਕਾ ਤੋਂ ਆਇਆ, ਤੂੰ ਬੁੱਢਾ ਦੱਸਦੀ ਐਂ?"

"ਚੱਲ ਸਵਿੱਤਰੀਏ, ਕੋਈ ਨ੍ਹੀਂ ਮੈਂ ਪੁੱਟਦੀ ਆਂ ਗੁੱਤ ਜਾ ਕੇ ਵੱਡੀ ਅਮਰੀਕਾ ਵਾਲੀ ਦੀ।"

ਤੇ ਸ਼ੀਲਾ ਜਾ ਪਹੁੰਚੀ ਲਾਲੇ ਦੇ ਘਰ। ਵਿਹੜੇ 'ਚ ਕਾਂਤਾ ਦੀ 'ਕੱਲੀ ਮਾਂ ਬੈਠੀ ਸੀ। ਸ਼ੀਲਾ ਹਿਰਖ 'ਚ ਕਹਿਣ ਲੱਗੀ, "ਵਿਆਹ ਤੀ ਫੇਰ ਤਾਈ ਕਾਂਤਾ?"

"ਆ ਜਾ ਬਹਿ ਜਾ ਧੀਏ। ਕੁਰਲਾਉਂਦੀ ਤਾਂ ਬਥੇਰਾ ਸੀ ਪਈ ਸ਼ੀਲਾ ਹੈ ਨ੍ਹੀਂ, ਪਰ ਮੁੰਡੇ ਦੀ ਛੁੱਟੀ ਥੋੜ੍ਹੀ ਸੀ। ਦੋ ਕੁ ਹਫ਼ਤੇ ਲਈ ਆਇਆ ਸੀ ਅਮਰੀਕਾ ਤੋਂ।"

"ਕਾਂਤਾ ਕਿਥੇ ਐ ਹੁਣ?"

"ਆ ਜਾਣੈ ਭਲਕੇ, ਪ੍ਰਾਹੁਣੇ ਨੂੰ ਦਿੱਲੀ ਏਅਰਪੋਰਟ 'ਤੇ ਚੜ੍ਹਾਉਣ ਗਈ ਹੋਈ ਆ।"

"ਤਾਈ, ਭਲਾ ਜੀਜਾ ਕੀ ਕਰਦੈ ਉਥੇ?"

"ਆਹ ਹੀ ਜਿਹੜਾ ਆਪਣੇ ਪਿੰਡ ਆਲੇ ਸਰਪੰਚ ਠਾਕੁਰ ਸਿੰਘ ਦਾ ਕਾਰੋਬਾਰ ਐ।"

"ਅੱਛਾ ਟ੍ਰਾਂਸਪੋਰਟ ਆ।"

"ਹਾਂ ਧੀਏ, ਅਮਰੀਕਾ ਦੇ ਭਲਾ ਏਦਾਂ ਦੇ ਮੁੰਡੇ ਲੱਭਦੇ ਆ ਕਿਤੇ?"

"ਕਿੰਨੇ ਟਰੱਕ ਐ ਜੀਜੇ ਕੋਲ?"

"ਇੱਕ।"

"ਤਾਈ ਸਰਪੰਚ ਕੋਲ ਤੀਹ ਟਰੱਕ ਐ। ਟ੍ਰਾਂਸਪੋਰਟਰ ਦੱਸਦੀ ਐ।"

"ਨੀ ਜੇ ਤੈਨੂੰ ਵਿਆਹ 'ਚ ਸੱਦ ਨਾ ਹੋਇਆ ਤਾਂ ਗੁੱਸੇ ਕਿਉਂ ਏਨਾ ਹੋਈ ਜਾਨੀ ਐਂ। ਅਖੇ ਸਰਪੰਚ ਦੇ ਤੀਹ ਟਰੱਕ? ਤੈਨੂੰ ਪਤੈ ਇਕ ਡਾਲਰ ਦੇ ਕਿੰਨੇ ਰੁਪਈਏ ਬਣਦੇ ਐ? ਏਥੇ ਤਾਂ ਇਕ ਵੇਚ ਕੇ ਸਰਪੰਚ ਦੇ ਉਪਰ ਦੀ ਪਾ ਲਊ।"

"ਤਾਈ ਜੇ ਗੁੱਸਾ ਨਾ ਕਰੇਂ ਤਾਂ ਸਾਰਾ ਪਿੰਡ ਦੰਦ ਟੁੱਕਦੈ ਕਿ ਮੁੰਡੇ ਦੀ ਉਮਰ ਬਹੁਤ ਐ। ਪਤਾ ਨ੍ਹੀਂ ਕੀ ਸੋਚ ਕੇ ਵਿਆਹ 'ਤੀ ਲਾਲੇ ਜਗਨ ਨਾਥ ਨੇ ਏਡੀ ਸੁਨੱਖੀ ਧੀ?"

ਪੈ ਗਈ ਬੁੜ੍ਹੀ ਦੇ ਕਾਲਜੇ ਨੂੰ ਅੱਗ। ਭੁੜਕ ਪਈ, "ਪਿੰਡ ਆਲਿਆਂ ਤੋਂ ਮੰਗ ਕੇ ਖਾਨੇ ਆਂ। ਹੋਊਗਾ ਪੰਜ-ਸੱਤ ਸਾਲ ਕਾਂਤਾ ਤੋਂ ਵੱਡਾ। ਧੀ ਵਿਆਹੀ ਤਾਂ ਬੰਦੇ ਨਾਲ ਹੀ ਐ। ਕਿਤੇ ਬਾਂਦਰ ਨਾਲ ਤਾਂ ਨ੍ਹੀਂ ਦੇ'ਤੇ ਫੇਰੇ। ਪਿੰਡ ਆਲਿਆਂ ਦਾ ਢਿੱਡ ਦੁਖਦੈ, ਦੁਖੀ ਜਾਣ ਦੇ।"

"ਤਾਈ, ਸਵਿੱਤਰੀ ਆਂਹਦੀ ਸੀ ਮੁੰਡਾ ਬਾਹਲਾ ਪੱਕੜ ਲਗਦਾ ਸੀ। ਦੰਦ ਤਾਂ ਹੱਸਦੇ ਦੇ ਇਉਂ ਲਗਦੇ ਸੀ ਜਿਵੇਂ ਬੀਅ ਪਕਾਉਣ ਲਈ ਕਰੇਲੇ ਦਾ ਮੂੰਹ ਖੋਲ੍ਹਿਆ ਹੋਵੇ?"

ਬੁੜ੍ਹੀ ਤਾਂ ਹੋਗੀ ਲੀੜਿਓਂ ਬਾਹਰ, "ਨੀ ਸੁਣ ਲੈ ਨੀ ਵੱਡੀਏ ਨੂਰ ਜਹਾਂ। ਤੁਹਾਨੂੰ ਲੋਕਾਂ ਨੂੰ ਕੀ ਪਤੈ ਕਿ ਡਾਲਰਾਂ ਨੂੰ ਹੱਥ ਕਿਵੇਂ ਲਗਦੈ? ਥੋਡਾ ਤਾਂ ਸਾਰੀ ਉਮਰ ਭਾਂਡਿਆਂ 'ਚੋਂ ਹੱਥ ਨ੍ਹੀਂ ਨਿਕਲਣਾ। ਐਵੇਂ ਨਾ ਮੇਰੀ ਧੀ ਦੀ ਮਹਿੰਦੀ ਨੂੰ ਮਜ਼ਾਕ ਕਰਨ ਆਈਂ। ਔਕਾਤ 'ਚ ਰਹੀਦੈ।" ਤੇ ਸ਼ੀਲਾ ਉਤੇ ਜਾਤੀ ਅਭਿਮਾਨ ਦਾ ਪ੍ਰਮਾਣੂ ਅਟੈਕ ਅਸਹਿ ਜਿਹਾ ਹੋ ਗਿਆ।

ਕਾਂਤਾ ਕਈ ਵਾਰ ਉਹਨੂੰ ਫਿਰ ਘਰੇ ਮਿਲਣ ਆਈ, ਪਰ ਸ਼ੀਲਾ ਨੇ ਅਮਰੀਕਾ ਵਾਲਾ ਪਰਦਾ, ਪਰਦਾ ਹੀ ਰਹਿਣ ਦਿੱਤਾ। ਕਾਂਤਾ ਉਹਨੂੰ ਕਈ ਵਾਰ ਆਖਦੀ, "ਸ਼ੀਲਾ ਕੱਠੀਆਂ ਨੇ ਖਾਧੈ। ਜਾ ਕੇ ਤੇਰਾ ਵੀ ਕੁਝ ਸੋਚਾਂਗੀ।" ਪਰ ਅਸਲ 'ਚ ਕਾਂਤਾ ਦੀ ਮਾਂ ਦਾ ਹਮਲਾ ਦੋਹਾਂ ਦੇ ਪਿਆਰ 'ਚ ਲਹੂ ਦਾ ਪਾਣੀ ਬਣਾ ਗਿਆ।

ਸੱਤ-ਅੱਠ ਮਹੀਨੇ ਬਾਅਦ ਕਾਂਤਾ ਅਮਰੀਕਾ ਚਲੇ ਗਈ ਤੇ ਸ਼ੀਲਾ ਪੜ੍ਹਾਈ 'ਚ ਖੁੱਭ ਗਈ। ਵਰ੍ਹੇ ਨਹੀਂ, ਫਿਰ ਦਹਾਕੇ ਬੀਤ ਗਏ। ਪਿੰਡ 'ਚੋਂ ਹੀ ਸ਼ੀਲਾ ਨੂੰ ਪਤਾ ਤਾਂ ਲੱਗ ਗਿਆ ਸੀ ਕਿ ਕਾਂਤਾ ਦੇ ਦੋ ਪੁੱਤਰ ਤਾਂ ਹੋਏ ਹਨ, ਪਰ ਬਾਰਾਂ ਕੁ ਸਾਲ ਪਿੱਛੋਂ ਬੁੱਢਾ ਲੜ ਛੱਡ ਗਿਐ, ਯਾਨਿ ਰੱਬ ਨੂੰ ਪਿਆਰਾ ਹੋ ਗਿਆ।

ਸਮਾਂ ਲੰਘਿਆ ਤਾਂ ਕਿਸੇ ਨੂੰ ਚਿੱਤ-ਚੇਤਾ ਹੀ ਨਹੀਂ ਰਿਹਾ ਕਿ ਕੋਈ ਕਾਂਤਾ ਅਧੇੜ ਉਮਰ ਦੇ ਬੰਦੇ ਨਾਲ ਵਿਆਹ ਕਰਵਾ ਕੇ ਅਮਰੀਕਾ ਗਈ ਸੀ, ਤੇ ਕਾਂਤਾ ਅਤੇ ਸ਼ੀਲਾ ਵੀ ਦੋ ਸਹੇਲੀਆਂ ਹੁੰਦੀਆਂ ਸਨ।

ਪੰਝੀਆਂ ਸਾਲਾਂ ਪਿੱਛੋਂ ਕਾਂਤਾ ਪੁੱਤਰ ਵਿਆਹੁਣ ਆਈ। ਸੁਨੱਖੀ ਨੂੰਹ ਲੱਭ ਗਈ। ਗੱਜ

(ਬਾਕੀ ਸਫਾ 35 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਭਗਤ ਸਿੰਘ ਦੇ ਨਾਂ*

ਸੁਪਨੇ ਤੇਰੇ ਭਗਤ ਸਿਹਾਂ ਹੋ ਗਏ ਚਕਨਾਚੂਰ।
ਨਹੀਂ ਤੇਰੀਆਂ ਆਸਾਂ ਨੂੰ ਏਥੇ ਲੱਗਿਆ ਬੂਰ।
ਏਥੇ ਲੀਰਾਂ ਲੀਰਾਂ ਹੋਈ ਪਈ ਭਾਰਤ ਦੀ ਤਸਵੀਰ।
ਤੇ ਬਦਲੀ ਹਾਲੇ ਤੀਕ ਨਹੀਂ ਲੋਕਾਂ ਦੀ ਤਕਦੀਰ।
ਕੌਣ ਰਾਖੀ ਕਰੂਗਾ ਏਸ ਦੀ ਏਥੇ ਖਾ ਗਏ ਮਾਲੀ ਬਾਗ।
ਤੇਰੇ ਲੋਕੀਂ ਹਾੜ੍ਹੇ ਕੱਢਦੇ ਤੂੰ ਇਕ ਵਾਰੀ ਤਾਂ ਜਾਗ।
ਇਹ ਲੁੱਟ ਕੇ ਖਾ ਗਏ ਦੇਸ਼ ਨੂੰ ਡਾਕੂ, ਚੋਰ ਤੇ ਠੱਗ।
ਮਚੀ ਭ੍ਰਿਸ਼ਟਾਚਾਰ ਦੀ ਹੁਣ ਚੌਹੀਂ ਪਾਸੀਂ ਅੱਗ।
ਕੂੰਜ ਕਾਂਵਾਂ ਨੇ ਘੇਰ ਲਈ ਤੇ ਚਿੜੀ ਮਧੋਲਣ ਬਾਜ਼।
ਇਕ ਵਾਰੀ ਤਾਂ ਵੇਖ ਲੈ ਭਗਤ ਸਿਹਾਂ ਇਹ ਰਾਜ਼।
ਜਨਤਾ ਫਿਰਦੀ ਵਿਲਕਦੀ ਹਾਕਮ ਹੋਏ ਨਿਹਾਲ।
ਤੇਰੀ ਉਸ ਕੁਰਬਾਨੀ ਦਾ ਇਨ੍ਹਾਂ ਕੀਤਾ ਮੰਦੜਾ ਹਾਲ।
ਸੂਰਜ ਭਾਵੇਂ ਨਿੱਤ ਚੜ੍ਹੇ ਪਰ ਘਰ ਮਾੜੇ ਦੇ ਨੇਰ੍ਹ।
ਜਿਹੜੀ ਤੂੰ ਸੀ ਲੋਚਦਾ ਆਈ ਨਹੀਂ ਉਹ ਸਵੇਰ।
ਨਹੀਂ ਚੇਤਰ ਦੇ ਵਿਚ ਬਰਕਤਾਂ ਹੁਣ ਤਪਦੇ ਮਾਘ ਤੇ ਪੋਹ।
ਨਹੀਂ ਹਾਕਮ ਛੱਡਦੇ ਮੁਲਕ ਦੇ ਆਪਣਾ ਪੁੱਤਰ ਮੋਹ।
ਹਕੂਮਤਾਂ ਧਰਮ ਦੇ ਨਾਂ 'ਤੇ ਏਥੇ ਲੱਗੀਆਂ ਹੋਣ।
ਹੁਣ ਤੈਨੂੰ ਚੇਤੇ ਕਰ ਕਰ ਕੇ ਲੋਕੀ ਭੁੱਬੀਂ ਰੋਣ।
ਹਾਰ ਪੁਆ ਕੇ ਥੱਕ ਗਿਆ ਤੇਰਾ ਖੜ੍ਹਾ ਖੜੋਤਾ ਬੁੱਤ।
ਤੇ ਸੱਚੀ ਮਾਂ ਹੁਣ ਜੰਮ ਦਏ ਤੇਰੇ ਜਿਹਾ ਕੋਈ ਪੁੱਤ।
ਏਥੇ ਰੋਹੀ ਬੀਆਬਾਨ ਹੈ ਤੇ ਨਹੀਂ ਸੁਹਾਣੀ ਰੁੱਤ।
ਜਿਨ੍ਹਾਂ ਆਜ਼ਾਦੀ ਖਾ ਲਈ ਆ ਫੇਰ ਉਨ੍ਹਾਂ ਦੇ ਜੁੱਤ।

# ਸਾਰੇ ਜੁਗਾੜ ਸਫ਼ਲ ਨਹੀਂ ਹੁੰਦੇ

## ਧੁੱਪੇ ਬੈਠੀਆਂ ਯਾਦਾਂ

ਜਦੋਂ ਕੋਈ ਦੂਜੇ ਧਰਮ ਵਿਚ ਵਿਆਹ ਕਰਵਾ ਲਵੇ ਤਾਂ ਕਈ ਵਾਰ ਚੌਲ ਵੀ ਉਨੇ ਹੀ ਸੁਆਦ ਲਗਦੇ ਹਨ ਤੇ ਰੋਟੀ ਵੀ ਤੇ ਬੰਦਾ ਦੇਵਤੇ ਅਤੇ ਗੁਰੂ ਨੂੰ ਮੱਥਾ ਟੇਕਣ ਵਿਚ ਝਿਜਕ ਮਹਿਸੂਸ ਨਹੀਂ ਕਰਦਾ। ਉਸਤਾਦ ਵਰਗਾ ਬਣਨ ਦੀ ਸੋਚ ਨਾਲ ਸ਼ਾਗਿਰਦੀ ਕੀਤੀ ਜਾਂਦੀ ਹੈ ਤੇ ਜੇ ਸਭ ਕੁਝ ਕੱਚਾ-ਪਿੱਲਾ ਹੋਵੇ ਤਾਂ ਸ਼ਾਗਿਰਦ ਉਸਤਾਦ ਵਰਗਾ ਤਾਂ ਕੀ, ਆਪਣੇ ਵਰਗਾ



ਵੀ ਨਹੀਂ ਰਹਿੰਦਾ। ਕਈ ਲੋਕ ਦੌੜੇ ਤਾਂ ਇੰਜ ਸਨ ਕਿ ਮਿਲਖਾ ਸਿੰਘ ਦੇ ਅੰਕੜੇ ਵੀ ਮੱਧਮ ਕਰ ਦਿਆਂਗੇ ਪਰ ਜਿੱਤ ਕੱਛੂਕੁੰਮਾ ਹੀ ਗਿਆ।

ਯਮਲੇ ਦੇ ਬੜੇ ਸ਼ਾਗਿਰਦ ਹਨ ਪਰ ਉਸਤਾਦ ਲਾਲ ਚੰਦ ਯਮਲਾ ਜੱਟ ਵਰਗੇ ਉਹਦੇ ਪੁੱਤਰ ਵੀ ਨਹੀਂ ਬਣ ਸਕੇ। ਸਾਡੇ ਬੰਗਿਆਂ ਲਾਗੇ ਇਕ ਪਿੰਡ ਦਾ ਮੁੰਡਾ ਗਾਉਂਦਾ ਸੀ, ਕੁਲਦੀਪ ਮਾਣਕ ਦੀ ਭਗਤੀ ਕਰਨ ਲੱਗ ਪਿਆ। ਛਾਤੀ 'ਤੇ ਅੱਖਰਾਂ ਦਾ ਟੈਟੂ ਖੁਣਵਾ ਲਿਆ, 'ਮੇਰੀ ਜਾਨ ਮਾਣਕ, ਸ਼ਾਨ ਮਾਣਕ ਤੇ ਆਣ ਮਾਣਕ' ਪਰ ਗੀਤ ਪੰਡਿਤ ਜੱਗੀ ਵਰਗੇ ਗਾਉਣ ਲੱਗ ਪਿਆ। ਉਹਨੂੰ ਚੇਤਾ ਹੀ ਭੁੱਲ ਗਿਆ ਕਿ ਜਲੰਧਰ, ਦਿੱਲੀ ਤੇ ਆਗਰੇ ਵਾਲੇ ਰਾਹ 'ਚ ਨਹੀਂ ਆਉਂਦਾ।

ਇਹ ਤਸਵੀਰ ਨਵਾਂ ਸ਼ਹਿਰ ਦੇ ਇਕ ਸਮਾਗਮ ਦੀ ਹੈ। ਲਾਗਲੇ ਪਿੰਡ ਮੁਬਾਰਕਪੁਰ ਦਾ ਮੁੰਡਾ ਦਿਲਾਵਰ ਸਿੰਘ ਗਵੱਈਆ ਬਣ ਕੇ ਦਿਲਸ਼ਾਦ ਅਖ਼ਤਰ ਦੇ ਗਰੁਪ ਵਿਚ ਇੰਗਲੈਂਡ ਟਿਕ ਗਿਆ। ਹੋਟਲ 'ਚ ਨਾਨ ਲਾਹ ਕੇ ਪੌਂਡ ਕਮਾ ਲਏ, ਪਰ ਮੁਕੰਮਲ ਗਵੱਈਆ ਬਣਨ ਦਾ ਕੀੜਾ ਦਿਮਾਗ 'ਚੋਂ ਨਾ ਨਿਕਲਿਆ। ਅੱਠ-ਦਸ ਸਾਲ ਇੰਗਲੈਂਡ ਲਾਉਣ ਪਿਛੋਂ ਵਾਪਸ ਪਰਤ ਕੇ ਮਾਣਕ ਨੂੰ ਉਸਤਾਦ ਬਣਾ ਲਿਆ। ਇਕ ਵੱਡਾ ਸਮਾਗਮ ਕਰਕੇ ਕਿ ਸ਼ਾਇਦ ਮਾਣਕ ਦੇ ਨਾਂ ਨੂੰ ਚੱਲ ਜਾਵੇਗਾ, ਭਰਮ ਪਾਲ ਲਿਆ।

ਪਹਿਲੀ ਰੀਲ ਭਰਵਾਈ, ਨਵਾਂ ਸ਼ਹਿਰ 'ਚ ਮਿੱਤਰਾਂ ਦੋਸਤਾਂ ਨੂੰ ਕਹਿ, ਖਿੱਚ-ਧੂਹ ਕੇ ਸੌ ਕੁ ਵੇਚ ਲਈ। ਪੈਸਾ ਵਾਹਵਾ ਖਰਚ ਲਿਆ। ਅੱਧਾ ਭਾਅ ਟੁੱਟ ਗਿਆ। ਰਹਿੰਦੀ ਫੂਕ ਫਿਰ ਦੂਜੀ ਰੀਲ ਨੇ ਕੱਢ'ਤੀ। ਸਾਰੇ ਚਾਅ ਖਿਲਰ-ਪੱਸਰ ਗਏ। ਬਾਹਾਂ ਲੂਹ ਕੇ ਪਕਾਏ ਨਾਨਾਂ ਦੀ ਕਮਾਈ ਰੀਲ੍ਹਾਂ ਖਾ ਗਈਆਂ। ਹੁਣ ਤੂੰਬੀ ਵੀ ਭੰਨ੍ਹ ਕੇ ਚੁੱਲ੍ਹੇ 'ਚ ਲਾ ਦਿੱਤੀ ਹੈ। ਹਾਰਮੋਨੀਅਮ ਤਾਂ ਨਾ ਸਿੱਖਿਆ ਕਿ ਬਲਕਾਰ ਸਿੱਧੂ ਨੂੰ ਕਿਹੜਾ ਆਉਂਦੈ? ਹੁਣ ਜੱਟਾਂ ਦਾ ਇਹ ਮੁੰਡਾ ਪੋਲਟਰੀ ਫਾਰਮ ਖੋਲ੍ਹ ਕੇ ਸਬਜ਼ੀਆਂ ਬੀਜ ਕੇ ਗੁਜ਼ਾਰਾ ਤਾਂ ਕਰੀ ਜਾਂਦੈ, ਪਰ ਨਾਲ ਹੀ ਕਹੀ ਜਾਂਦੈ-ਗਾਇਕੀ ਦੀ ਖੇਡ 'ਚ ਪਾਂਡਵ ਦਰੋਪਤੀ ਹਾਰ ਗਏ।

ਮੇਰੇ ਨਾਲ ਸੱਜੇ ਪਾਸੇ ਬੈਠਾ ਦਿਲਾਵਰ ਸਿੰਘ ਗਾਇਕ ਦਿਲਾਵਰ ਮੋਤੀ ਬਣਿਆ ਸੀ ਪਰ ਹੁਣ 'ਕੱਲਾ ਦਿਲਾਵਰ ਹੀ ਕਹਾਉਂਦੈ। ਮਾਣਕ ਇਸ ਸਮਾਗਮ ਵਿਚ ਮੁੱਖ ਮਹਿਮਾਨ ਸੀ। ਦਿਲਾਵਰ ਹੁਣ ਲੁਧਿਆਣੇ ਗਿਆ 'ਬਾਈ ਪਾਸ' ਹੋ ਕੇ ਹੀ ਨਿਕਲ ਜਾਂਦੈ। ਚਲੋ, ਖ਼ਾਜ ਤਾਂ ਕਰ ਲੈਣ 'ਚ ਹਰਜ ਨਹੀਂ, ਪਰ ਲੱਤ ਛਿੱਲਣ ਤੋਂ ਬਚਣਾ ਚਾਹੀਦਾ ਹੈ।

-ਐਸ. ਅਸ਼ੋਕ ਭੌਰਾ

## ਗ਼ਦਰ ਦੀਆਂ ਗੱਲਾਂ

# ਪਟਾਕਾ ਪੈ ਗਿਆ

***ਕਾਫ਼ੀ ਅਰਸਾ ਬੀਤ ਗਿਆ ਹੈ। ਬਹੁਤ ਪਹਿਲਾਂ ਮੈਂ ਨਵਾਂ ਜ਼ਮਾਨਾ ਦੇ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਕੋਲੋਂ ਬਾਬੇ ਦੂਲਾ ਸਿੰਘ ਜਲਾਲਦੀਵਾਲਾ ਬਾਰੇ ਪੁੱਛਿਆ ਸੀ ਤੇ ਉਨ੍ਹਾਂ ਨੂੰ ਬਾਬਾ ਜਲਾਲਦੀਵਾਲਾ ਬਾਰੇ ਕੁਝ ਲਿਖਣ ਨੂੰ ਕਿਹਾ ਸੀ। ਕਾਮਰੇਡ ਆਨੰਦ ਦਾ ਜਵਾਬ ਸੀ, ਉਹ ਤਾਂ ਮੇਰਾ ਪੱਕਾ ਯਾਰ ਸੀ। ਪਰ ਉਹ ਉਨ੍ਹਾਂ ਦੀ ਜੀਵਨੀ ਬਾਰੇ ਲੇਖ ਨਾ ਲਿਖ ਸਕੇ। ਉਂਜ ਵਾਅਦਾ ਜ਼ਰੂਰ ਕੀਤਾ ਸੀ ਪਰ ਹੁਣ ਉਨ੍ਹਾਂ ਦੀ ਵਡੇਰੀ ਉਮਰ ਕਰਕੇ ਸ਼ਾਇਦ ਪੂਰਾ ਵੀ ਨਾ ਹੋ ਸਕੇ। ਖੁਸ਼ਕਿਸਮਤੀ ਨੂੰ ਸਾਨੂੰ ਗੁਰਚਰਨ ਸਿੰਘ ਸਹਿੰਸਰਾ ਦਾ ਲਿਖਿਆ ਲੇਖ ਮਿਲ ਗਿਆ ਹੈ-'ਕਦੇ ਉਹ ਵੀ ਦਿਨ ਸਨ'। ਇਹ ਲੇਖ ਬਾਬੇ ਜਲਾਲਦੀਵਾਲਾ ਦੇ ਆਜ਼ਾਦੀ ਲਈ ਘਾਲੀ ਕਰੜੀ ਘਾਲਣਾ ਨੂੰ ਦਰਸਾਉਂਦਾ ਹੈ ਅਤੇ ਇਹ ਵੀ ਕਿ ਕਿਰਤੀ ਪਾਰਟੀ ਦਾ ਭੋਗ ਕਿਸ ਤਰ੍ਹਾਂ ਪਿਆ ਜੋ ਗਦਰੀ ਬਾਬੇ ਭਾਈ ਸੰਤੋਖ ਸਿੰਘ ਦੀ ਦੇਣ ਸੀ। ਇਸ ਲੇਖ ਵਿਚੋਂ ਸਭ ਭਰਮ ਭੁਲੇਖਿਆਂ ਨੂੰ ਦੂਰ ਕਰਦਾ ਜਵਾਬ ਸਮੱਸ਼ਟ ਮਿਲ ਜਾਵੇਗਾ। ਇਹ ਲੇਖ ਇੰਡੋ ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵੱਲੋਂ ਸੈਕਰਾਮੈਂਟੋ ਵਿਚ ਕਰਵਾਏ ਜਾ ਰਹੇ ਗਦਰੀ ਬਾਬਿਆਂ ਦੇ ਮੇਲੇ 'ਤੇ 'ਪੰਜਾਬ ਟਾਈਮਜ਼' ਵਿਚ ਵਿਸ਼ੇਸ਼ ਤੌਰ 'ਤੇ ਛਾਪਿਆ ਜਾ ਰਿਹਾ ਹੈ।***

***-ਕਸ਼ਮੀਰ ਸਿੰਘ ਕਾਂਗਣਾ, 661-331-5651***

'ਬਾਈ ਕੱਚੀ ਮੰਡੀ ਕਿਸ ਲੋਟ ਆ?' ਨੂਰ ਮਹਿਲ ਸਟੇਸ਼ਨ ਤੋਂ ਬਾਹਰ ਚਾਦਰ ਬੰਨ੍ਹੀ ਖਲੋਤੇ ਇਕ ਸਾਈਕਲ ਵਾਲੇ ਤੋਂ ਗੱਡੀਓਂ ਲੱਥੇ ਇਕ ਮੁਸਾਫਰ ਨੇ ਰਾਹ ਪੁੱਛਿਆ।

1942 ਦੇ ਸ਼ੁਰੂ ਸਿਆਲੇ ਦੇ ਇਕ ਦਿਨ ਨਕੋਦਰ ਤੋਂ ਆਈ ਸਾਢੇ ਚਾਰ ਵਜੇ ਵਾਲੀ ਗੱਡੀ ਨੂਰ ਮਹਿਲ ਦੇ ਸਟੇਸ਼ਨ 'ਤੇ ਸਵਾਰੀਆਂ ਲਾਹ ਕੇ ਅਤੇ ਲੈ ਕੇ ਲੁਧਿਆਣੇ ਨੂੰ ਤੁਰ ਗਈ। ਲੱਥੇ ਮੁਸਾਫਰ ਗੇਟ 'ਤੇ ਖੜ੍ਹੇ ਬਾਬੂ ਨੂੰ ਟਿਕਟਾਂ ਦੇ ਕੇ ਆਪੋ-ਆਪਣੇ ਟਿਕਾਣਿਆਂ ਨੂੰ ਚਲ ਪਏ। ਸਭ ਤੋਂ ਅਖੀਰ 'ਤੇ ਪਤਲੇ ਪਤੰਗ ਸਰੀਰ ਦਾ ਲੰਮਾ ਆਦਮੀ ਸੀ। ਉਮਰੋਂ ਪੱਕਾ, ਹੜਬਾਂ ਅੰਦਰ ਵੜੀਆਂ ਹੋਈਆਂ, ਠੋਡੀ ਹੇਠ ਦੋ-ਦੋ ਉਂਗਲਾਂ ਲੰਮੇ ਵਿਰਲੇ ਵਾਲ ਜੋ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਅੰਗਰੇਜ਼ਾਂ ਦੀ ਜਾਲਮ ਸੀ ਆਈ ਡੀ ਦੇ ਦਹਿਕਿਆਂ ਮੋਚਨਿਆਂ ਨਾਲ ਪੱਟ ਕੇ ਵਿਰਲੇ ਕੀਤੇ ਹੋਏ ਸਨ। ਉਹ ਕੁਝ ਚਿਰ ਮੁਸਾਫਰਖਾਨੇ ਵਿਚ ਖਲੋਤਾ ਤੇ ਛੇਤੀ ਤੁਰ ਜਾਣ 'ਤੇ ਸਟੇਸ਼ਨੋਂ ਬਾਹਰ ਨਿਕਲ ਤੁਰਿਆ। ਉਸ ਨੇ ਕਾਲੀ ਧਾਰੀ ਵਾਲੇ ਘਰ ਦੇ ਬਣੇ ਹੋਏ ਖਾਕੀ ਕਪਾਹ ਦੇ ਲੁਧਿਆਣੇ ਦਾ ਸਿੱਧਾ ਪਜ਼ਾਮਾ ਤੇ ਕਮੀਜ਼ ਪਾਏ ਹੋਏ ਸਨ। ਸਿਰ 'ਤੇ ਮਲ ਮਲ ਦੀ ਅਧੋ ਧੋਤੀ ਪੱਗ ਅਮਰੀਕਾ ਦੇ ਸਿੱਖਾਂ ਵਾਂਗ ਬੰਨ੍ਹੀ ਹੋਈ ਸੀ ਤੇ ਖਾਕੀ ਡੱਬੀਆਂ ਵਾਲੇ ਖੇਸ ਦੀ ਬੁਕਲ ਮਾਰੀ ਹੋਈ ਸੀ। ਉਹ ਸ਼ਕਲੋਂ ਤਾਂ ਐਨਾ ਨਹੀਂ ਜਿੰਨਾ ਪਹਿਰਾਵੇ ਤੋਂ ਕੋਈ ਇਸ ਇਲਾਕੇ ਤੋਂ ਓਬੜ ਬੰਦਾ ਲਗਦਾ ਸੀ।

ਸਾਈਕਲ ਵਾਲੇ ਨੇ ਏਥੇ ਖਲੋ ਕੇ ਸਾਰੀਆਂ ਸਵਾਰੀਆਂ ਆਪਣੀਆਂ ਅੱਖਾਂ ਵਿਚ ਦੀ ਕੱਢੀਆਂ ਸਨ, ਉਹ ਸਟੇਸ਼ਨ ਤੋਂ ਚੀਮਿਆਂ ਨੂੰ ਜਾਣ ਵਾਲੀ ਡੰਡੀ 'ਤੇ ਖਲੋਤਾ ਸੀ। ਇਹ ਮੁਸਾਫਰ ਵੀ ਉਸੇ ਦੀ ਤਾਕ ਵਿਚ ਸੀ ਤੇ ਉਸ ਨੇ ਇਸ ਦੇ ਓਬੜਪੁਣੇ ਨੂੰ ਸਟੇਸ਼ਨੋਂ ਨਿਕਲਦਿਆਂ ਹੀ ਤਾੜ ਲਿਆ ਸੀ। ਉਹ ਪਹਿਲਾਂ ਹੀ ਇਸ ਸਵਾਰੀ ਦੇ ਪਹਿਰਾਵੇ ਤੋਂ ਸ਼ੱਕੀ ਸੀ ਤੇ ਹੁਣ ਉਸ ਦੇ ਮਲਵਈ ਬੋਲੀ ਬੋਲਣ ਤੋਂ ਉਹ ਉਸ ਦੇ ਵਧੇਰੇ ਸਿਰ ਹੋ ਗਿਆ। ਉਸ ਨੇ ਪਰਾਏ ਰਾਹੀ ਨੂੰ ਇਸ ਤਰ੍ਹਾਂ ਤਾੜਵੀਆਂ ਅੱਖਾਂ ਨਾਲ ਤੱਕਿਆ ਜਿਸ ਤਰ੍ਹਾਂ ਕਸਾਈ ਬੱਕਰੇ ਨੂੰ ਮੁੱਲ ਲੈਣ ਲੱਗਿਆਂ ਵੇਖਦਾ ਹੈ।

'ਓਹ ਸਾਹਮਣੇ ਆ', ਸਾਈਕਲ ਵਾਲੇ ਨੇ ਲਹਿੰਦੇ ਵੱਲ ਹੱਥ ਕਰਕੇ ਫਰਲਾਂਗ ਦੀ ਵਿੱਥ ਉਤੇ ਇਕ ਛੋਟੀ ਜਿਹੀ ਬਸਤੀ ਵਿਖਾਈ।

'ਬੰਨੂ ਭੋਲਾ ਸਿੰਘ ਚੀਮੇ ਦੀ ਦੁਕਾਨ ਦਾ ਪਤਾ?' ਮਲਵਈ ਨੇ ਫਿਰ ਪੁੱਛਿਆ।

'ਹਾਂ! ਚਲੋ ਮੈਂ ਵੀ ਉਥੇ ਜਾਣਾ, ਸਾਈਕਲ ਵਾਲਾ ਰਾਹੀ ਨੂੰ ਲੈ ਕੇ ਤੁਰ ਪਿਆ।

ਉਹ ਪੰਜਾਂ ਮਿੰਟਾਂ ਵਿਚ ਮੰਡੀ ਪਹੁੰਚ ਗਏ। ਪਤਾ ਲੱਗਾ ਕਿ ਭੋਲਾ ਸਿੰਘ ਪਿੰਡ ਗਿਆ ਹੋਇਆ ਸੀ। ਉਥੋਂ ਭੋਲਾ ਸਿੰਘ ਦਾ ਪਿੰਡ, ਵੱਡਾ ਚੀਮਾ ਦੋ ਮੀਲ ਸੀ। ਸਾਈਕਲ ਵਾਲਾ ਉਸ ਨੂੰ ਚੀਮਿਆਂ ਦੇ ਰਾਹ ਪਾ ਕੇ ਆਪ ਨੂਰ ਮਹਿਲ ਨੂੰ ਚਲਾ ਗਿਆ।

ਰਾਹੀ ਜਦ ਚੀਮਿਆਂ ਦੀ ਨਿਆਈਂ ਵਿਚ ਪਹੁੰਚਾ ਤਾਂ ਉਸ ਨੂੰ ਪੰਜਾਂ ਚਹੁੰ ਸਾਈਕਲ ਵਾਲਿਆਂ ਨੇ ਘੇਰ ਕੇ ਜੱਫਾ ਮਾਰ ਲਿਆ ਤੇ ਹੱਥਕੜੀਆਂ ਲਾ ਲਈਆਂ। ਉਹ ਰਾਹ ਦੱਸਣ ਵਾਲਾ ਬੰਦਾ ਵੀ ਇਨ੍ਹਾਂ ਨਾਲ ਸੀ।

ਅਗਲੇ ਦਿਨ ਦੇ ਅਖਬਾਰਾਂ ਵਿਚ ਖਬਰ ਛਪ ਗਈ ਕਿ 'ਇਕ ਬੜੇ ਖਤਰਨਾਕ ਕਮਿਊਨਿਸਟ ਵਰਕਰ ਨੂੰ ਚੀਮਿਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਪਾਸੋਂ ਸਾਢੇ ਅੱਠ ਹਜ਼ਾਰ ਰੁਪਿਆ ਬਰਾਮਦ ਹੋਇਆ ਹੈ।

ਉਹ ਵਰਕਰ ਦੂਲਾ ਸਿੰਘ ਜਲਾਲਦੀਵਾਲਾ ਸੀ।

ਅੰਗਰੇਜ਼ ਸਰਕਾਰ ਨੂੰ ਬਿੜਕ ਸੀ ਕਿ ਚੀਮਾ ਸਾਡਾ ਲੁਕਵਾਂ ਮਾਇਕ ਓਟ ਵਾਲਾ ਘੋਰਨਾ ਸੀ, ਜਿਥੇ ਸਾਡੇ ਪੈਸੇ ਪਏ ਰਹਿੰਦੇ ਸਨ। ਇਸ ਲਈ ਪੁਲਿਸ ਨੇ ਸਾਡਾ ਉਥੇ ਆਉਣ-ਜਾਣ ਤੇ ਲੁਕਵੇਂ ਵਰਕਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਨੂਰ ਮਹਿਲ ਦੇ ਸਟੇਸ਼ਨ 'ਤੇ ਤਾਂਗਿਆਂ ਵਾਲੇ ਅੱਡੇ ਅਤੇ ਚੀਮੇ ਪਿੰਡ ਅੰਦਰ ਸੀ. ਆਈ. ਡੀ. ਦੇ ਸੂਹੇ ਛੱਡੇ ਹੋਏ ਸਨ। ਇਹ ਸਾਈਕਲ ਵਾਲਾ ਸੀ. ਆਈ. ਡੀ. ਦਾ ਸੂਹਾ ਸੀ, ਜਿਸ ਨੂੰ ਦੂਲਾ ਸਿੰਘ ਵੱਜ ਗਿਆ।

ਇਸ ਘੋਰਨੇ ਅਤੇ ਇਸ 'ਤੇ ਸੀ. ਆਈ. ਡੀ. ਦੀ ਤਾੜ ਦਾ ਸਾਡੀ ਲੀਡਰਸ਼ਿਪ ਵਿਚੋਂ ਥੋੜੇ ਬੰਦਿਆਂ ਨੂੰ ਪਤਾ ਸੀ। ਅਸੀਂ ਪਤੇ ਵਾਲੇ ਲੋਕ ਹਮੇਸ਼ਾ ਰਾਤ ਬਰਾਤੇ ਜਾਂ ਵੇਲੇ ਕੁਵੇਲੇ ਲੁਕ ਛਿਪ ਕੇ ਉਥੇ ਜਾਂਦੇ ਸਾਂ। ਉਸ ਵੇਲੇ ਕੰਮ ਦੇ ਰੁਝੇਵਿਆਂ ਕਾਰਨ ਦੂਲਾ ਸਿੰਘ ਵਰਗੇ ਸਿਧੜ ਬੰਦੇ ਨੂੰ ਉਥੇ ਭੇਜਣਾ ਪਿਆ ਜੋ ਭਾਵੇਂ ਬੜਾ ਇਮਾਨਦਾਰ, ਆਗਿਆਕਾਰ ਤੇ ਪਰਤਿਆਇਆ ਹੋਇਆ ਹਾਠਾ ਵਰਕਰ ਸੀ ਪਰ ਸੀ. ਆਈ. ਡੀ. ਦੀਆਂ ਊਤ ਘਤੂਤੀਆਂ ਤੋਂ ਅਨਜਾਣ ਸੀ।

ਇਸ ਦਾ ਨਤੀਜਾ ਇਹ ਮਿਲਿਆ ਕਿ ਅਸੀਂ ਨਾ ਕੇਵਲ ਇਕ ਵਰਕਰ ਹੀ ਗੁਆ ਲਿਆ ਸਗੋਂ ਆਪਣੇ ਫੰਡ ਦੀ ਬਹੁਤ ਵੱਡੀ ਰਕਮ ਤੋਂ ਹੱਥ ਧੋ ਬੈਠੇ।

***

ਦੂਲਾ ਸਿੰਘ ਪਨਾਮਾ ਵਿਚ, ਹਿੰਦੁਸਤਾਨ ਗਦਰ ਪਾਰਟੀ ਦਾ ਲੀਡਰ ਸੀ। ਉਥੋਂ ਉਹ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਮਾਸਕੋ ਗਿਆ ਤੇ ਇਨਕਲਾਬੀ ਕੰਮ ਕਾਰ ਤੇ ਮਾਰਕਸੀ ਸਿਧਾਂਤ ਦੀ ਸਿੱਖਿਆ ਲੈ ਕੇ 1936 ਵਿਚ ਆਇਆ। ਉਹ ਉਸੇ ਸਾਲ ਦੀਵਾਲੀ ਵਾਲੇ ਦਿਨ ਗ੍ਰਿਫ਼ਤਾਰ ਹੋ ਗਿਆ ਤੇ ਹਿੰਦ ਰੱਖਿਆ ਦੇ ਕਾਨੂੰਨ ਹੇਠ ਲਾਹੌਰ ਸ਼ਾਹੀ ਕਿਲ੍ਹੇ ਵਿਚ ਤਿੰਨ ਮਹੀਨੇ ਲਈ ਸੀ. ਆਈ. ਡੀ. ਦੇ ਬੁਰਛਿਆਂ ਨੇ ਉਸ ਤੋਂ ਹਿੰਦੁਸਤਾਨ ਗਦਰ ਪਾਰਟੀ ਦੀਆਂ ਬਾਹਰਲੇ ਦੇਸ਼ ਮਾਸਕੋ, ਯੂਰਪ ਤੇ ਹਿੰਦੁਸਤਾਨ ਅੰਦਰ ਕਰਨੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੇ ਪਾਰਟੀ ਦੇ ਦੇਸ਼ ਵਿਚ ਚਲ ਰਹੇ ਖੁਫੀਆ ਕੰਮ ਦੇ ਅਲੋਪ ਵਰਕਰਾਂ ਬਾਰੇ ਭੇਤ ਲੈਣ ਲਈ ਜੋ ਵੀ ਤਸੀਹੇ ਦਿੱਤੇ ਜਾ ਸਕਦੇ ਸਨ, ਦੂਲਾ ਸਿੰਘ ਨੂੰ ਦਿੱਤੇ।

ਗਲ ਦੂਪੜ ਤਾਂ ਇਹੋ ਜਿਹੇ ਕਸਾਈ ਘਰਾਂ ਵਿਚ ਖੋਤੇ ਚੜ੍ਹੀ ਗੱਲ ਹੁੰਦੀ ਹੈ। ਪਹਿਲਾਂ ਤਾਂ ਉਸ ਨੂੰ ਗੁੱਝੀ ਮਾਰ ਦੀ ਤੌਣੀ ਲਾ ਕੇ ਉਸ ਦੀਆਂ ਵੱਖੀਆਂ ਅੰਦਰ ਪਾ ਦਿੱਤੀਆਂ, ਡੌਲੇ ਤੇ ਪੱਟ ਅੰਬਾ ਦਿੱਤੇ, ਫੇਰ ਅਰਕਾਂ, ਗੋਡੇ, ਸਕਤੰਜ ਤੇ ਗਿੱਟੇ ਸੋਟੀਆਂ ਮਾਰ ਮਾਰ ਸੁਜਾਏ। ਜਦ ਉਹ ਇਸ ਮਾਰ ਕੁਟਾਈ ਨਾਲ ਕੁਝ ਵੀ ਦੇਹ ਦਿਵਾਲ ਨਾ ਹੋਇਆ ਤਾਂ ਉਸ ਨੂੰ ਭੁੰਜੇ ਲੰਮਾ ਪਾ ਕੇ ਉਸ ਦੀਆਂ ਤਲੀਆਂ 'ਤੇ ਮੰਜੇ ਦੇ ਪਾਵੇ ਰੱਖੇ ਤੇ ਉਤੇ ਦੋ-ਦੋ ਤਿੰਨ-ਤਿੰਨ ਸਿਪਾਹੀ ਬਿਠਾ ਦਿੱਤੇ। ਚਿਮਟਿਆਂ ਨਾਲ ਉਸ ਦੇ ਪਿੰਡੇ ਤੇ ਚੂੰਡੀਆਂ ਵੱਢ ਕੇ ਉਂਗਲਾਂ ਵਿਚ ਪਿਨਸਲਾਂ ਦੇ ਕੇ ਘੁੱਟਦੇ ਰਹੇ। ਮੋਚਨਿਆਂ ਨਾਲ ਉਸ ਦੇ ਮੁੱਛਾਂ, ਦਾਹੜੀ ਤੇ ਚੜਿਆਂ ਦੇ ਵਾਲ ਪੁੱਟੇ ਗਏ। ਕਈ ਦਿਨ ਖੜੀ ਹੱਥਕੜੀ ਲਾ ਕੇ ਭੁੱਖੇ ਭਾਣੇ ਨੂੰ ਬੂਹੇ ਦੇ ਜੰਗਲੇ ਨਾਲ ਟੰਗ ਛੱਡਿਆ, ਪੈਰਾਂ ਦੀਆਂ ਤਲੀਆਂ ਤੇ ਬਿਜਲੀਆਂ ਲਾ ਲਾ ਡੱਡੂਆਂ ਵਾਂਗ ਟਪਾਇਆ, ਬਰਫ 'ਤੇ ਲਿਟਾਇਆ ਤੇ ਕਈ ਰਾਤਾਂ ਉਤੋੜਿਤੀ ਜਗਰਾਤੇ ਰੱਖਿਆ। ਜਦ ਇਹ ਸਭ ਜ਼ੁਲਮ ਜਬਰ ਦੂਲਾ ਸਿੰਘ ਪਾਸੋਂ ਕੁਝ ਨਾ ਪੁੱਛ ਸਕੇ ਅਤੇ ਤਿੰਨ ਮਹੀਨੇ ਪੂਰੇ ਹੋਣ 'ਤੇ ਆਏ ਤਾਂ ਪਿੰਡੋਂ ਉਸ ਦੇ ਪੁੱਤਰ ਨੂੰ ਲੈ ਆਏ। ਉਸ ਨੂੰ ਦੂਲਾ ਸਿੰਘ ਦੀ ਹਵਾਲਾਤੀ ਕੋਠੜੀ ਲਾਗੇ ਅੱਖਾਂ ਤੋਂ ਪਰੋਖੇ ਪਰ ਕੰਨਾਂ ਦੀ ਮਾਰ ਹੇਠ ਰੱਖ ਕੇ ਮਾਰਿਆ ਕੁੱਟਿਆ ਤੇ ਉਸ ਤੋਂ ਪਾਹਰਿਆ ਦੁਹਾਈ ਕਰਵਾਈ ਗਈ ਪਰ ਅਸ਼ਕੇ ਜਾਈਏ ਦੂਲਾ ਸਿੰਘ ਦੇ, ਜਿਸ ਨੇ ਕੱਖ ਨਾ ਦੱਸਿਆ।

ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਇਹ ਕਸਾਈ ਜੋ ਕਹਿਰ ਕਮਾ ਸਕਦੇ ਸਨ, ਦੂਲਾ ਸਿੰਘ ਨਾਲ ਕਮਾਇਆ, ਜੋ ਮਾਰ ਵੀ ਉਹ ਮਾਰ ਸਕਦੇ ਸਨ ਮਾਰੀ, ਜੋ ਜ਼ੁਲਮ ਵੀ ਉਹ ਕਰ ਸਕਦੇ ਸਨ ਕੀਤੇ ਪਰ ਦੂਲਾ ਸਿੰਘ ਉਨ੍ਹਾਂ ਤੋਂ ਸਿੱਧਾ ਨਾ ਹੋਇਆ। ਅਖੀਰ ਉਸ ਨੂੰ ਆਪਣੇ ਪਿੰਡ ਜਲਾਲਦੀਵਾਲ ਬੰਦ ਕਰ ਦਿੱਤਾ ਗਿਆ, ਜਿਥੇ ਉਹ ਸਾਲ ਭਰ ਜੂਹਬੰਦ ਰਿਹਾ।

ਗਦਰ ਪਾਰਟੀ ਦੇ ਬਾਹਰੋਂ ਆਏ ਜਾਂ ਇੱਥੋਂ ਦੀਆਂ ਇਨਕਲਾਬੀ ਪਾਰਟੀਆਂ ਦੇ 'ਖ਼ਤਰਨਾਕ' ਬੰਦੇ ਤੇ ਸਾਡੇ ਇੱਥੋਂ ਫੜ੍ਹੇ ਜਾਂਦੇ ਆਪਣੇ ਵਰਕਰਾਂ ਅਤੇ ਲੀਡਰਾਂ ਵਿਚੋਂ ਸਭ ਤੋਂ ਜ਼ਿਆਦਾ ਮਾਰ ਦੂਲਾ ਸਿੰਘ ਨੇ ਖਾਧੀ ਤੇ ਤਸੀਹੇ ਝੱਲੇ, ਉਸ ਨੂੰ ਹਿੰਦੁਸਤਾਨ ਭਰ ਦੀ ਸੀ. ਆਈ. ਡੀ. ਦੇ ਘੈਂਟ ਕਸਾਈ ਵੀ ਸਿੱਧਿਆਂ ਨਾ ਕਰ ਸਕੇ।

ਪਰ ਹੁਣ ਸਾਡੀ ਸਾਰੀ ਲੀਡਰਸ਼ਿਪ ਫੜੀ ਜਾ ਚੁੱਕੀ ਸੀ। ਅਸੀਂ ਦੋ ਤਿੰਨ ਦੂਸਰੀ ਤੇ ਕੁਝ ਤੀਸਰੀ ਤਹਿ ਦੇ ਵਰਕਰ ਹੀ ਆਗੂ ਰਹਿ ਗਏ ਸਾਂ, ਜੋ ਪਾਰਟੀ ਦਾ ਕੰਮ ਰੇਹੜੀ ਜਾਂਦੇ ਸਾਂ। ਸਾਡੇ ਵਿਚੋਂ ਬਾਹਲੇ ਸੀ. ਆਈ. ਡੀ. ਨਾਲ ਸਿਝਣ ਵਿਚ ਐਨੇ ਤਾਕ ਨਹੀਂ ਸਨ, ਜਿੰਨਾ ਹੋਣਾ ਚਾਹੀਦਾ ਸੀ। ਕਈ ਤਾਂ ਅਜੇ ਨਵੇਂ ਤਾਰੂ ਸਨ, ਜੋ ਲੀਡਰਾਂ ਦੀ ਥੁੜ ਕਰਕੇ ਪਾਰਟੀ ਦੀਆਂ ਉਤਲੀਆਂ ਥਾਂਵਾਂ 'ਤੇ ਆ ਗਏ ਸਨ ਤੇ ਜਿਨ੍ਹਾਂ ਦੀ ਇਸ ਨਾਤਜਰਬਾਕਾਰੀ ਤੇ ਕਚਿਆਈ ਨੇ ਦੂਲਾ ਸਿੰਘ ਵਰਗੇ ਭੋਲੇ ਪੰਛੀ ਨੂੰ ਅਣਜਾਤੇ ਗੈਰ ਇਲਾਕੇ ਵਿਚ ਭੇਜ ਕੇ ਸੀ. ਆਈ. ਡੀ. ਦਾ ਦਾਅ ਲਵਾ ਦਿੱਤਾ।



ਬਾਬਾ ਦੂਲਾ ਸਿੰਘ ਜਲਾਲਦੀਵਾਲ

ਉਸ ਨੂੰ ਫਿਰ ਸ਼ਾਹੀ ਕਿਲ੍ਹੇ ਵਿਚ ਲਿਜਾਇਆ ਗਿਆ।

ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਗੁਰਦੁਆਰਾ ਡੇਹਰਾ ਸਾਹਿਬ ਲਾਗਲੇ ਦਰਵਾਜ਼ੇ ਥਾਣੀਂ ਲਾਂਘਾ ਰੱਖਿਆ ਹੋਇਆ ਸੀ। ਕਿਲ੍ਹੇ ਦੇ ਬਾਕੀ ਦਰਵਾਜ਼ੇ ਹਮੇਸ਼ਾ ਬੰਦ ਰਹਿੰਦੇ ਸਨ। ਦਰਵਾਜ਼ੇ ਤੋਂ ਪੱਕੀ ਸੜਕ ਅੰਦਰ ਵੜਦਿਆਂ ਹੀ ਪਾਟ ਕੇ ਦੋ ਹੋ ਜਾਂਦੀ ਸੀ। ਇਕ ਖੱਬੇ ਹੱਥ ਤੇ ਦੂਸਰੀ ਸੱਜੇ ਹੱਥ ਚੜ੍ਹਾਈ ਚੜ੍ਹਨ ਲੱਗ ਪੈਂਦੀਆਂ ਸਨ। ਸੱਜੇ ਵਾਲੀ ਸੜਕ 'ਤੇ ਦੋ ਫਰਲਾਂਗ ਜਾ ਕੇ ਕਿਲ੍ਹੇ ਦੀ ਉਤਲੀ ਪੱਧਰ ਤੋਂ ਵੀਹ ਕਰਮਾਂ ਹੇਠਾਂ ਸੱਜੇ ਹੱਥ ਬਹੁਤ ਹੀ ਉਚੀ ਵਲਗਣ ਵਾਲੀ ਇਕ ਵੱਡੀ ਸਾਰੀ ਹਵੇਲੀ ਸੀ, ਜਿਸ ਦੇ ਬਾਹਰਲੇ ਬੂਹੇ ਦਾ ਲੋਹੇ ਦੀ ਮੋਟੀ ਚਾਦਰ ਵਾਲਾ ਫਾਟਕ ਅੱਠ ਫੁੱਟ ਉਚਾ ਤੇ ਬਾਰਾਂ ਫੁੱਟ ਚੌੜਾ ਸੀ।

ਅੰਦਰ ਵਾਹਵਾ ਖੁੱਲ੍ਹਾ ਵਿਹੜਾ ਸੀ ਜਿਸ ਵਿਚ ਫਾਟਕੋਂ ਹਟਵਾਂ ਇਕ ਦੋ ਮੰਜ਼ਲਾ ਮਕਾਨ ਸੀ। ਇਸ ਮਕਾਨ ਦੇ ਸੱਜੇ ਹੱਥ ਨੂੰ ਅਗਲਾ ਵਿਹੜਾ ਤੰਗ ਹੋ ਕੇ ਮਕਾਨ ਦੇ ਪਿਛਵਾੜੇ ਇਕ ਹੋਰ ਵਿਹੜੇ ਨਾਲ ਜਾ ਰਲਦਾ ਸੀ। ਅਗਲੇ ਵਿਹੜੇ ਵਿਚੋਂ ਬਾਹਰਲੇ ਫਾਟਕ ਨੂੰ ਸਾਹਮਣੀਆਂ ਪੌੜੀਆਂ ਮਕਾਨ ਦੀ ਉਤਲੀ ਮੰਜ਼ਲ ਨੂੰ ਜਾਂਦੀਆਂ ਸਨ, ਜਿਥੋਂ ਸਾਂਝੇ ਦਰ ਦੇ ਦੋ ਵੱਡੇ ਹਾਲ ਅਤੇ ਆਲੇ-ਦੁਆਲੇ ਕਈ ਕਮਰੇ ਸਨ, ਜੋ ਸੀ. ਆਈ. ਡੀ. ਦੇ ਸਟਾਫ ਦੇ ਦਫਤਰਾਂ ਦਾ ਕਮ ਦਿੰਦੇ ਤੇ ਫੜ ਕੇ ਲਿਆਂਦੇ ਇਨਕਲਾਬੀਆਂ ਨੂੰ ਇੱਥੇ ਹੀ ਕੁੱਟਿਆ, ਮਾਰਿਆ ਤੇ ਕੋਹਿਆ ਜਾਂਦਾ ਸੀ।

1924 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਰੁਧ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਦੀ ਸਾਜ਼ਿਸ਼ ਦੇ ਦੋਸ਼ ਵਿਚ ਮੁਕੱਦਮਾ ਇਸੇ ਮਕਾਨ ਵਿਚ ਚਲਦਾ ਰਿਹਾ। ਹੁਣ ਇਹ ਪੰਜਾਬ ਦੀ ਸੀ. ਆਈ. ਡੀ. ਦੀ ਸਿਆਸੀ ਬਰਾਂਚ ਦਾ ਤਫਤੀਸ਼ੀ ਕੇਂਦਰ (ਕਸਾਈ ਘਰ) ਸੀ, ਜਿਥੇ ਨਿਰੇ ਪੰਜਾਬ ਦੇ ਹੀ ਨਹੀਂ, ਸਗੋਂ ਸਾਰੇ ਹਿੰਦੁਸਤਾਨ ਦੇ 'ਸਿੱਧੇ' ਨਾ ਹੋ ਸਕੇ ਇਨਕਲਾਬੀਆਂ ਨੂੰ 'ਸਿੱਧੇ' ਕਰਨ ਲਈ, ਦੁਨੀਆਂ ਭਰ ਦਾ ਜ਼ੁਲਮ ਜਬਰ ਉਨ੍ਹਾਂ 'ਤੇ ਕੀਤਾ ਜਾਂਦਾ।

ਇਸ ਵੱਡੇ ਮਕਾਨ ਦੀਆਂ ਅਗਲਾਂ-ਬਗਲਾਂ ਵਿਚ ਬਣੀਆਂ ਕੋਠੜੀਆਂ ਤੇ ਕਿਲ੍ਹੇ ਦੀ ਫਾਸੀਲ ਵਿਚਲੀ ਸੁਰੰਗ ਵਿਚ ਇੱਟਾਂ ਦੇ ਪੜਦੇ ਲਾ ਲਾ ਕੇ ਬਣਾਈਆਂ ਹੋਈਆਂ ਕੋਠੜੀਆਂ ਵਿਚ ਸਿੱਧੇ ਕਰਨ ਗੋਚਰੇ ਇਨਕਲਾਬੀਆਂ ਨੂੰ ਤਾੜਿਆ ਜਾਂਦਾ। ਇਨ੍ਹਾਂ ਕਾਲ ਕੋਠੜੀਆਂ ਵਿਚ ਦਿਨੇ ਹੀ ਹਨੇਰਾ ਰਹਿੰਦਾ ਸੀ ਤੇ ਰਾਤ ਨੂੰ ਬਿਜਲੀ ਦੀ ਬੱਤੀ ਦੀ ਲੋਅ ਤੇ ਜੇ ਦਰਵਾਜ਼ਾ ਬੰਦ ਹੋਵੇ, ਜੋ ਬਾਹਲਾ ਬੰਦ ਹੀ ਰੱਖਿਆ ਜਾਂਦਾ ਸੀ, ਤਾਂ ਸੁਰਮੇਦਾਨੀ ਵਰਗੇ ਨਿੱਕੇ ਜਿਹੇ ਰੋਸ਼ਨਦਾਨ ਥਾਣੀਂ ਬਾਹਰੋਂ ਮਾੜੀ ਮਾੜੀ ਲੋਅ ਆਉਂਦੀ ਰਹਿੰਦੀ। ਹਵਾ ਆਉਣ ਨੂੰ ਕੋਈ ਬਾਰੀ ਨਹੀਂ ਸੀ। ਇਸ ਕਾਰਨ ਰਾਤੀਂ ਤਾਂ ਕੀ ਦਿਨੇ ਵੀ ਮੱਛਰ ਸਰੀਰ ਦੀਆਂ ਨੰਗੀਆਂ ਥਾਂਵਾਂ ਤੇ ਭਾਅ ਦੀ ਬਣਾ ਛੱਡਦਾ। ਟੱਟੀ-ਪੇਸ਼ਾਬ ਲਈ ਅੰਦਰੇ ਹੀ ਪਤਰੋ ਰੱਖੇ ਹੁੰਦੇ ਸਨ, ਜਿਸ ਕਾਰਨ ਚੌਤੇ ਪਹਿਰ ਬੋਅ ਆਉਂਦੀ ਰਹਿੰਦੀ। ਇਹ ਕਾਲ ਕੋਠੜੀਆਂ ਅਜਿਹੇ ਢੰਗ ਨਾਲ ਬਣਾਈਆਂ ਹੋਈਆਂ ਸਨ ਕਿ ਇਕ ਅੰਦਰੋਂ ਦੂਸਰੀ ਦਾ ਬੂਹਾ ਨਹੀਂ ਸੀ ਦਿਸਦਾ, ਜਿਸ ਕਰਕੇ ਕਿਸੇ ਬੰਦੀ ਨੂੰ ਪਤਾ ਨਹੀਂ ਸੀ ਲੱਗਦਾ ਕਿ ਦੂਸਰੀ ਕੋਠੜੀ ਵਿਚ ਕੌਣ ਸੀ। ਹਰ ਕੋਠੀ ਦਾ ਵੱਖਰਾ ਸੰਤਰੀ ਹੁੰਦਾ ਸੀ, ਜੋ ਹਮੇਸ਼ਾ ਕੋਠੜੀ ਅੱਗੇ ਖੜਾ ਰਹਿੰਦਾ। ਹਵੇਲੀ ਦੇ ਬਾਹਰਲੇ ਵੱਡੇ ਫਾਟਕ ਤੇ ਦੋ ਰਫਲਾਂ ਵਾਲੇ ਪੁਲਿਸ ਸਿਪਾਹੀ ਤੇ ਇਕ ਪਿਸਤੌਲ ਵਾਲਾ ਹਵਾਲਦਾਰ ਰਾਤ-ਦਿਨ ਪਹਿਰਾ ਦਿੰਦੇ ਸਨ ਤੇ ਸੀ. ਆਈ. ਡੀ. ਦੇ ਉਤਲੇ ਅਫਸਰਾਂ ਦੇ ਲਿਖਤੀ ਪਰਚੇ ਤੋਂ ਬਗੈਰ ਅੰਦਰਲੇ ਸਟਾਫ ਤੋਂ ਬਾਹਰਾ ਕੋਈ ਆਦਮੀ ਦਰਵਾਜ਼ਾ ਨਹੀਂ ਸੀ ਲੰਘ ਸਕਦਾ। ਪੰਜਾਬ ਦੀ ਪੁਲਿਸ ਵਿਚੋਂ ਅਤਿ ਹੈਂਸਿਆਰੇ, ਬੇਕਿਰਕ ਤੇ ਨਿਰਦਈ ਬੁਰਛੇ ਏਥੇ ਰੱਖੇ ਹੋਏ ਸਨ, ਜੋ ਆਪਣੇ ਸਕੇ ਪਿਓ ਦਾ ਵੀ ਲਿਹਾਜ਼ ਨਹੀਂ ਸਨ ਕਰਨ ਜਾਣਦੇ।

***

ਇਸ ਵਾਰ ਸੀ.ਆਈ.ਡੀ. ਨੇ ਦੂਲਾ ਸਿੰਘ ਨਾਲ ਬੜੀ ਚਾਲਾਕੀ ਖੇਡੀ। ਉਨ੍ਹਾਂ ਨੂੰ ਪਤਾ ਸੀ ਕਿ ਨਿਰਾ ਮਾਰ ਕੁੱਟ ਨਾਲ ਉਸ ਪਾਸੋਂ ਕੁਝ ਨਹੀਂ ਲਿਆ ਜਾਣਾ। ਇਸ ਲਈ ਉਨ੍ਹਾਂ ਨੇ ਉਸ ਦੀ ਸਾਦਗੀ ਤੇ ਸਿਧੜਤਾ ਤੋਂ ਫਾਇਦਾ ਉਠਾਉਣ ਦਾ ਪਲੈਨ ਬਣਾਇਆ। ਇਸ ਪਲੈਨ ਅਨੁਸਾਰ ਸੀ.ਆਈ.ਡੀ. ਦੇ ਇਕ ਹਵਾਲਦਾਰ ਹੰਸ ਰਾਜ ਨੇ ਦੂਲਾ ਸਿੰਘ ਨਾਲ ਹੇਜ ਜਤਾਉਣਾ ਆਰੰਭ ਦਿੱਤਾ।

ਉਨ੍ਹਾਂ ਨੇ ਦੂਲਾ ਸਿੰਘ ਨੂੰ ਧੋਖੇ ਵਿਚ ਰੱਖਣ ਲਈ ਹਫਤੇ ਵਿਚ ਦੋ ਤਿੰਨ ਵਾਰ ਜ਼ਰੂਰ ਮਾਰਨਾ ਕੁਟਣਾ। ਪਹਿਲੇ ਹਫ਼ਤੇ ਹੀ ਇਕ ਦਿਨ ਜਦ ਉਸ ਨੂੰ ਮਾਰ ਕੁਟ ਕੇ ਕਾਲ ਕੋਠੜੀ ਵਿਚ ਸੁਟ ਗਏ ਤਾਂ ਸੰਤਰੀ, ਕਿਧਰੇ ਚਲਾ ਗਿਆ। ਹੰਸ ਰਾਜ ਚੋਰਾਂ ਵਾਂਗ ਡਰਦਾ ਡਰਦਾ ਦੂਲਾ ਸਿੰਘ ਦੀ ਕੋਠੜੀ ਦੇ ਜੰਗਲੇ ਨਾਲ ਜਾ ਲੱਗਾ ਤੇ ਉਸ ਨੇ ਸੀ.ਆਈ.ਡੀ. ਦੇ ਅਫ਼ਸਰਾਂ ਤੇ ਮਾਰ ਕੁਟਾਈ ਕਰਨ ਵਾਲੇ ਥਾਣੇਦਾਰ ਗੁਰਦਿੱਤ ਸਿੰਘ ਨੂੰ ਇਸ ਤਰ੍ਹਾਂ ਹੌਲੀ ਹੌਲੀ ਗਾਲ੍ਹਾਂ ਦਿੱਤੀਆਂ ਤੇ ਦੂਲਾ ਸਿੰਘ ਨਾਲ ਹਮਦਰਦੀ ਪ੍ਰਗਟ ਕੀਤੀ ਕਿ ਤੀਸਰਾ ਕੰਨ ਨਾ ਸੁਣ ਸਕੇ। ਉਹ ਇਸ ਤਰ੍ਹਾਂ ਕਰਦਾ ਕਰਦਾ ਵਿਚੋਂ ਬਿੜਕਾਂ ਲੈਣ ਲੱਗ ਪੈਂਦਾ ਕਿ ਮਤਾ ਕੋਈ ਆਉਂਦਾ ਹੋਵੇ। ਦੋ ਕੁ ਮਿੰਟ ਇੰਜ ਕਰਦਿਆਂ ਕਰਦਿਆਂ ਉਹ ਬੁਲ੍ਹਾਂ ਵਿਚ 'ਸੰਤਰੀ ਆ ਗਿਆ' ਆਖ ਕੇ ਖਿਸਕਦਾ ਹੋਇਆ। ਹੁਣ ਉਹ 'ਸੰਤਰੀ' ਦਾ ਅੱਗਾ ਪਿੱਛਾ ਵੇਖ ਕੇ' ਨਿੱਤ ਆਉਣ ਲੱਗ ਪਿਆ। ਕਈ ਵਾਰ ਉਸ ਨੇ ਸੰਤਰੀ ਦੇ ਖਲੋਤਿਆਂ ਹੀ ਉਸ ਦੀ ਪਿੱਠ ਤੋਂ ਹੋ ਕੇ ਦੂਰੋਂ ਲੰਘਦੇ ਲੰਘਦੇ ਨੇ ਉਂਗਲਾਂ ਖੜੀਆਂ ਕਰਕੇ ਦਸ ਜਾਣਾ ਕਿ 'ਅੱਜ ਐਨੇ ਅਫ਼ਸਰ ਆਉਣਗੇ' ਜਾਂ 'ਅੱਜ ਮਾਰ ਪੈਣੀ ਹੈ ਕਿ ਨਹੀਂ' ਤੇ ਦੂਲਾ ਸਿੰਘ ਨਾਲ ਉਹੋ ਬੀਤਣੀ ਜਿਸ ਦਾ ਹੰਸ ਰਾਜ ਨੇ ਇਸ਼ਾਰਾ ਕੀਤਾ ਹੋਣਾ। ਇਸ ਤਰ੍ਹਾਂ ਉਸ ਹਰਾਮੀ ਨੇ ਦੂਲਾ ਸਿੰਘ ਨੂੰ ਪਤਿਆ ਲਿਆ।

ਇਸ ਪਤੀਜ 'ਤੇ ਇਕ ਦਿਨ ਦੂਲਾ ਸਿੰਘ ਨੇ ਉਸ ਦੇ ਹੱਥ ਵਿਚ ਰੁੱਕਾ ਲਿਖ ਕੇ ਕੋਟ ਸੋਧੇ ਜਾਗੀਰ ਸਿੰਘ ਖਾਸ ਭੇਜ ਦਿੱਤਾ।

'ਇਹ ਆਪਣਾ ਖਾਸ ਆਦਮੀ ਸੀ। ਇਸ 'ਤੇ ਪੂਰਾ ਭਰੋਸਾ ਕਰਨਾ। ਇਸ ਰਾਹੀਂ ਮੇਰੇ ਨਾਲ ਗੰਢੀ ਰੱਖਣੀ। ਮੇਰੇ ਪਾਸੋਂ ਫੜਿਆ ਗਿਆ ਰੁਪਇਆ ਮੈਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਦੱਸਿਆ ਹੈ।'

ਜਾਗੀਰ ਸਿੰਘ ਨੇ ਉਸ ਰੁਕੇ ਦੀ ਪਹੁੰਚ ਲਿਖ ਦਿੱਤੀ। ਹੰਸ ਰਾਜ ਨੇ ਰੁੱਕੇ ਦਾ ਜਵਾਬ ਲੈਣ ਲਈ ਲਾਹੌਰ ਬਦਾਮੀ ਬਾਗ ਲਾਗੇ ਮਿੰਟੋ ਪਾਰਕ ਵਿਚ ਤੀਸਰੇ ਦਿਨ ਸਵੇਰੇ ਦਸ ਵਜੇ ਮਿਲਣ ਦਾ ਜਾਗੀਰ ਸਿੰਘ ਨਾਲ ਪਕ ਪਕਾ ਲਿਆ। ਜਾਗੀਰ ਸਿੰਘ ਨੇ ਉਹ ਰੁੱਕਾ ਲਾਹੌਰ ਲੁਕਵੇਂ ਹੈਡਕਵਾਟਰ ਵਿਚ ਜਾ ਕੇ ਪਾਰਟੀ ਹੈਡਾਂ ਨੂੰ ਦੇ ਦਿੱਤਾ ਤੇ ਉਨ੍ਹਾਂ ਪਾਸੋਂ ਜਵਾਬ ਲੈ ਕੇ ਤੀਸਰੇ ਦਿਨ ਹੰਸ ਰਾਜ ਨੂੰ ਪੁਚਾ ਦਿੱਤਾ।

ਇਸੇ ਤਰ੍ਹਾਂ ਸੀ.ਆਈ.ਡੀ. ਦਾ ਸਾਡੀ ਸ਼ਾਹ ਰਗ 'ਤੇ ਹੱਥ ਪੈ ਗਿਆ। ਜਾਗੀਰ ਸਿੰਘ ਸਾਡੀਆਂ ਠਾਹਰਾਂ ਤੇ ਪੈਸੇ ਧੇਲੇ ਦੇ ਕੰਮਾਂ ਦੀ ਕੁੰਜੀ ਸੀ ਤੇ ਉਸ ਦਾ ਹੈਡਕਵਾਰਟਰ ਨਾਲ ਸਿੱਧਾ ਸਬੰਧ ਸੀ। ਸੀ.ਆਈ.ਡੀ. ਨੇ ਜਾਗੀਰ ਸਿੰਘ ਦੀ ਲੁਕਵੀਂ ਨਿਗਰਾਨੀ ਕਰਕੇ ਸਾਡੇ ਹੈਡਕਵਾਰਟਰ ਦੀ ਵੀ ਨਿਗਰਾਨੀ ਆਰੰਭ ਦਿੱਤੀ।

ਜਾਗੀਰ ਸਿੰਘ ਨੂੰ ਤਾਂ ਪਹਿਲੇ ਦਿਨ ਹੀ ਖੁੜਕ ਗਈ ਸੀ ਕਿ ਮਤਾ ਧੋਖਾ ਹੋਵੇ। ਹੰਸ ਰਾਜ ਨਾਲ ਅਗਲੀਆਂ ਦੋਹਾਂ-ਤਿੰਨਾਂ ਮਿਲਣੀਆਂ ਵਿਚ ਤਾਂ ਉਹ ਪੂਰਾ ਰਲ ਗਿਆ ਸੀ, ਜਿਨ੍ਹਾਂ ਵਿਚ ਹੰਸ ਰਾਜ ਨੇ ਦੂਲਾ ਸਿੰਘ ਤੋਂ ਕਾਬਲ ਤੋਂ ਆਏ ਪੈਸਿਆਂ ਤੇ ਹਥਿਆਰਾਂ ਨੂੰ ਲੁਕਾ ਕੇ ਤੇ ਸੰਭਾਲ ਕੇ ਰੱਖਣ ਦਾ ਸੁਨੇਹਾ ਬਾਰ ਬਾਰ ਲਿਆ ਕੇ ਦਿੱਤਾ। ਪਰ ਹੈਡਕਵਾਟਰੀਏ ਨਾ ਮੰਨੇ। ਉਹ ਨਵੇਂ ਬਟੇਰੇ ਹੋਣ ਕਰ ਕੇ ਸੀ. ਆਈ. ਡੀ. ਦੀਆਂ ਚਤਰਾਈਆਂ ਤੋਂ ਐਨੇ ਵਾਕਿਫ ਨਹੀਂ ਸਨ। ਉਹ ਦੂਲਾ ਸਿੰਘ ਦੀ ਇਸ ਮੂਰਖ ਫਾਹੀ ਨੂੰ ਬੜਾ ਵੱਡਾ ਇਨਕਲਾਬੀ ਕਾਰਨਾਮਾ ਆਖਦੇ ਰਹੇ ਸਨ ਤੇ ਉਨ੍ਹਾਂ ਨੇ ਜਾਗੀਰ ਸਿੰਘ ਨੂੰ ਹੰਸ ਰਾਜ ਨਾਲ ਸਬੰਧ ਜੋੜੀ ਰੱਖਣ ਦਾ ਹੁਕਮ ਦੇਈ ਰੱਖਿਆ।

ਇਕ ਦਿਨ ਦੂਲਾ ਸਿੰਘ ਦਾ ਸੁਨੇਹਾ ਆਇਆ ਕਿ 'ਬਹੁਤ ਹੀ ਜ਼ਰੂਰੀ ਗੱਲਾਂ ਕਰਨੀਆਂ ਹਨ, ਮੈਨੂੰ ਕਿਲ੍ਹੇ ਵਿਚ ਆ ਕੇ ਮਿਲੋ। ਇਸ ਦਾ ਬੰਦੋਬਸਤ ਹੰਸ ਰਾਜ ਕਰ ਦੇਵੇਗਾ।' ਇਸ ਤੇ ਹੈਡਕਵਾਟਰ ਵਿਚ ਵਿਚਾਰਾਂ ਹੋਣ ਲੱਗ ਪਈਆਂ।

ਇਸ ਸਮੇਂ ਭਗਤ ਰਾਮ ਤਲਵਾੜ ਤੇ ਮੈਂ ਸਰਹੱਦੋਂ ਆ ਗਏ। ਮੈਂ ਉਸ ਨੂੰ ਸਰਹੱਦ ਵਿਚ ਹੀ ਮਿਲ ਪਿਆ ਸਾਂ ਤੇ ਅਸੀਂ ਮਰਦਾਨ ਤੋਂ ਇਕੱਠੇ ਹੀ ਆਏ ਸਾਂ।

ਸਾਨੂੰ ਦੂਲਾ ਸਿੰਘ ਨਾਲ ਕਿਲ੍ਹੇ ਅੰਦਰ ਕੀਤੀ ਜਾ ਰਹੀ ਚਿੱਠੀ ਚਪੱਠੀ ਦਾ ਪਤਾ ਲੱਗਾ। ਅਸਾਂ ਦੋਹਾਂ ਨੇ ਇਸ ਨੂੰ ਧੋਖਾ ਕਰਾਰ ਦਿੱਤਾ ਤੇ ਮੁਲਾਕਾਤ ਵਾਸਤੇ ਜਾਣ ਤੋਂ ਰੁਕ ਜਾਣ ਲਈ ਆਖਿਆ। ਅਸਾਂ ਹੈਡਕਵਾਟਰ ਬਦਲ ਦੇਣ ਤੇ ਕਿਸੇ ਦੂਸਰੇ ਸ਼ਹਿਰ ਲੈ ਜਾਣ ਦੀ ਵੀ ਸਲਾਹ ਦਿੱਤੀ। ਜਾਗੀਰ ਸਿੰਘ ਦਾ ਸ਼ੱਕ ਸਾਡੀ ਰਾਏ ਨਾਲ ਰਲ ਕੇ ਯਕੀਨ ਹੋ ਗਿਆ ਤੇ ਉਹ ਵੀ ਸੀ. ਆਈ. ਡੀ. ਨਾਲ ਪੈ ਗਈ ਹੋਈ ਇਹ ਗੰਢ ਤੋੜਨ ਲਈ ਆਖਣ ਲੱਗ ਪਿਆ।

ਭਗਤ ਰਾਮ ਇਸ ਵਾਰੀ ਜਰਮਨ ਦੂਤਾਵਾਸ ਪਾਸੋਂ ਕਾਫ਼ੀ ਰੁਪਏ ਲਿਆਇਆ ਸੀ। 500 ਤਾਂ ਸੋਨੇ ਦੇ ਪੌਂਡ (ਸਾਵਰਨ) ਸਨ ਤੇ ਸੱਠ ਹਜ਼ਾਰ ਰੁਪਏ ਦੇ ਸੌ-ਸੌ ਪੌਂਡ ਵਾਲੇ ਨੋਟ। ਉਸ ਵੇਲੇ ਕਾਗਜ਼ੀ ਨੋਟ ਪੰਦਰਾਂ ਰੁਪਇਆਂ ਦਾ ਸੀ। ਹੁਣ ਸਭ ਤੋਂ ਵੱਡਾ ਕੰਮ ਆਏ ਪੈਸੇ ਦੀ ਸੰਭਾਲ ਕਰਨਾ ਤੇ ਪੌਂਡਾਂ ਨੂੰ ਤੁੜਵਾਉਣਾ ਸੀ। ਜੰਗ ਦੇ ਦਿਨ ਕਰਕੇ ਜਾਸੂਸ ਖਰੀਦੇ ਜਾਣ ਦੇ ਡਰ ਤੋਂ ਅੰਗਰੇਜ਼ੀ ਸਰਕਾਰ ਨੇ ਪੌਂਡਾਂ ਦੇ ਪੈਸੇ ਨਾਲ ਵਟਾਂਦਰੇ ਤੇ ਬੰਦਸ਼ਾਂ ਲਾ ਦਿੱਤੀਆਂ ਸਨ। ਪੌਂਡਾਂ ਵਾਲਿਆਂ ਨੂੰ ਆਪਣੇ ਪੌਂਡਾਂ ਦੀ ਗਿਣਤੀ ਤੇ ਇਨ੍ਹਾਂ ਦੀ ਪ੍ਰਾਪਤੀ ਦਾ ਸੋਮਾ ਲਿਖ ਕੇ ਰਿਜ਼ਰਵ ਬੈਂਕ, ਜਾਂ ਇਮਪੀਰੀਅਲ ਬੈਂਕ ਤੇ ਜਾਂ ਸਰਕਾਰੀ ਖਜ਼ਾਨੇ ਵਿਚ ਦੇਣਾ ਪੈਂਦਾ ਸੀ। ਇਸ ਤਰ੍ਹਾਂ ਲਿਖ ਕੇ ਦਿੱਤੇ ਹੋਏ ਪੌਂਡ ਹੀ ਵੱਟਾ ਖਾ ਸਕਦੇ ਸਨ, ਹੋਰ ਨਹੀਂ। ਸਰਮਾਇਦਾਰੀ ਪ੍ਰਬੰਧ ਵਿਚ ਰੁਪਏ ਦੀ ਤੋਰ 'ਤੇ ਭਾਵੇਂ ਕਿੰਨੇ ਸਖ਼ਤ ਕਾਨੂੰਨ ਜਾਂ ਰੂਲ ਜੜੇ ਹੋਏ ਹੋਣ, ਉਹ ਇਨ੍ਹਾਂ ਵਿਚਲੀ ਮੋਰੀਆਂ ਕਰਕੇ ਲੰਘ ਜਾਂਦਾ ਹੈ। ਅੱਗੇ ਅਸੀਂ ਇਕ ਵਾਰ ਕਈ ਹਜ਼ਾਰ ਦੇ ਪੌਂਡੀ ਨੋਟ ਬੰਬਈ ਤੋਂ ਬਲੈਕ ਵਿਚ ਤੁੜਵਾ ਕੇ ਲਿਆਏ ਸੀ, ਜਿਨ੍ਹਾਂ ਵਿਚੋਂ ਸਾਢੇ ਅੱਠ ਹਜ਼ਾਰ ਦੂਲਾ ਸਿੰਘ ਫੜਵਾ ਬੈਠਾ ਸੀ।

ਇਹ ਕੰਮ ਸੋਢੀ ਮਹਿੰਦਰ ਸਿੰਘ ਕਰਵਾ ਕੇ ਲਿਆਇਆ ਸੀ। ਹੁਣ ਵੀ ਅਸਾਂ ਸੋਢੀ ਮਹਿੰਦਰ ਸਿੰਘ ਨੂੰ ਹੀ ਇਸ ਕੰਮ ਲਈ ਬੰਬਈ ਭੇਜਿਆ। ਸੀ. ਆਈ. ਡੀ. ਨੇ ਸੋਢੀ ਨੂੰ ਬੰਬਈ ਜਾਂਦਿਆਂ ਦਿੱਲੀ ਰੇਲਵੇ ਪਲੇਟਫਾਰਮ ਤੇ ਗੱਡੀਓਂ ਉਤਰਦਿਆਂ ਹੀ ਫੜ ਲਿਆ। ਸੋਢੀ ਨੇ ਬੰਬਈ ਵਿਚ ਚੈਕਿੰਗ ਤੋਂ ਬਚਣ ਲਈ ਦਿੱਲੀ ਤੋਂ ਬੰਬਈ ਦਾ ਟਿਕਟ ਲੈਣਾ ਸੀ। ਹੁਣ ਸੋਢੀ ਵੀ ਗਿਆ ਤੇ ਸੱਠ ਹਜ਼ਾਰ ਰੁਪਇਆ ਵੀ।

ਸੀ. ਆਈ. ਡੀ. ਪਹਿਲੇ ਦਿਨ ਤੋਂ ਹੀ ਜਾਗੀਰ ਸਿੰਘ ਦਾ ਚੋਰੀ ਚੋਰੀ ਪਿੱਛਾ ਕਰਨ ਲੱਗ

(ਬਾਕੀ ਸਫ਼ਾ 35 'ਤੇ)

# ਦਿੱਲੀ ਉਪਰ ਸਿੰਘਾਂ ਦੇ ਪੰਦਰਾਂ ਹੱਲੇ

**ਇਤਿਹਾਸ ਦੇ ਝਰੋਖੇ 'ਚੋਂ**

(1765 ਤੋਂ 1787 ਤੱਕ ਦਲ ਖ਼ਾਲਸਾ ਨੇ ਦਿੱਲੀ ਉਪਰ ਪੰਦਰਾਂ ਹਮਲੇ ਕੀਤੇ। ਮੁਗਲਾਂ ਦੀ ਇਸ ਸ਼ਾਨਾਂਮੱਤੀ ਰਾਜਧਾਨੀ ਦੀ ਕਿਸਮਤ ਵਿਚ ਕੁਦਰਤ ਨੇ ਜਿਵੇਂ ਮਿਥ ਕੇ ਲਿਖ ਦਿੱਤਾ ਹੋਵੇ ਕਿ ਵਿਆਪਕ ਤਬਾਹੀ ਅੱਧੀ ਸਦੀ ਲਈ (1737-1788) ਕਰਨੀ ਹੀ ਕਰਨੀ ਹੈ। ਇਸ ਭਿਆਨਕ ਕਤਲੋਗਾਰਤ ਦੀ ਸ਼ੁਰੂਆਤ 1737 ਵਿਚ ਬਾਜੀਰਾਓ ਦੇ ਹਮਲੇ ਨਾਲ ਹੋਈ ਤੇ ਸਿੰਘਾਸਨ ਉਪਰ ਇੱਕ ਤੋਂ ਬਾਅਦ ਇੱਕ ਕੁਲ ਨੌਂ ਹੁਕਮਰਾਨ

ਲੇਖਕ: ਡਾ. ਹਰੀ ਰਾਮ ਗੁਪਤਾ
ਅਨੁ: ਹਰਪਾਲ ਸਿੰਘ ਪੰਨੂ

ਆਪੋ-ਆਪਣੇ ਦਾਅਵੇ ਜਤਾ ਕੇ ਤੁਰਦੇ ਹੋਏ। ਮਰਾਠਿਆਂ ਨੇ ਹੱਲੇ ਬੋਲੇ, ਅਹਿਮਦਸ਼ਾਹ ਤੇ ਨਾਦਰਸ਼ਾਹ ਨੇ ਲੁੱਟਾਂ ਮਚਾਈਆਂ, ਤੁਰਕ ਆਏ, ਬਲੋਚ ਆਏ, ਜਾਟ, ਗੁੱਜਰ ਤੇ ਸਿੱਖ ਹਮਲਾਵਰ ਆਏ। ਇਸ ਰੰਗਮੰਚ ਉਪਰ ਅਖੀਰਲਾ ਪਾਤਰ 1787 ਈ. ਵਿਚ ਗੁਲਾਮ ਕਾਦਰ ਰੋਹੇਲਾ ਆਪਣਾ ਰੋਲ ਨਿਭਾ ਕੇ ਗਿਆ। ਤੇਹਰਵੀਂ ਪੰਜਾਬ ਹਿਸਟਰੀ ਕਾਨਫਰੰਸ ਵਾਸਤੇ ਡਾ. ਹਰੀ ਰਾਮ ਗੁਪਤਾ ਇਹ ਖੋਜ ਪੱਤਰ ਤਿਆਰ ਕਰਕੇ ਲਿਆਏ ਤੇ ਪੰਜਾਬੀ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਚ ਨਾਮਵਰ ਇਤਿਹਾਸਕਾਰਾਂ ਨੂੰ 28 ਮਈ 1979 ਨੂੰ ਪੜ੍ਹ ਕੇ ਸੁਣਾਇਆ। ਇਸ ਲੇਖਕ ਨੇ ਇਕ ਇਕ ਘਟਨਾ ਅਤੇ ਤਰੀਕ ਵਾਸਤੇ ਦਰਜਨਾਂ ਭਰੋਸੇਯੋਗ ਹਵਾਲੇ ਦਿੱਤੇ। ਆਓ ਦੇਖੀਏ ਇਸ ਸ਼ਹਿਰ ਨੇ ਕੀ ਕੁੱਝ ਦੇਖਿਆ -ਅਨੁ)

ਸ਼ਾਹੀ ਪਰਿਵਾਰ: ਦੋ ਬਾਦਸ਼ਾਹ ਕਤਲ ਕੀਤੇ ਗਏ ਤੇ ਇਕ ਦੀ ਕੁੱਟਮਾਰ ਕਰਨ ਪਿਛੋਂ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ। ਬਾਦਸ਼ਾਹ ਦੀ ਪਤਨੀ ਜੋ ਦੂਜੇ ਬਾਦਸ਼ਾਹ ਦੀ ਮਾਂ ਵੀ ਸੀ, ਫੜ ਲਈ ਗਈ। ਪਹਿਲੋਂ ਇਸ ਮਹਾਰਾਣੀ ਦੀਆਂ ਅੱਖਾਂ ਕੱਢੀਆਂ ਗਈਆਂ ਫਿਰ ਕਤਲ ਕੀਤੀ ਗਈ। ਲਗਾਤਾਰ ਕਈ ਕਈ ਦਿਨ ਭੁੱਖਣ-ਭਾਣੀਆਂ ਰੱਖੀਆਂ ਗਈਆਂ ਰਾਣੀਆਂ, ਭੁੱਖੇ ਸ਼ਹਿਜ਼ਾਦੇ ਤੇ ਸ਼ਹਿਜ਼ਾਦੀਆਂ ਨਜ਼ਰਬੰਦੀ ਵਿਚੋਂ ਭੱਜ ਕੇ ਗਲੀਆਂ ਵਿਚ ਰੋਟੀ ਮੰਗਦੇ ਦੇਖੇ ਗਏ। ਝਿਊਰੀਆਂ ਤੋਂ ਮੰਗੇ ਕੱਪੜੇ ਪਹਿਨ ਕੇ ਛੁਪਦੀਆਂ ਹੋਈਆਂ ਦੋ ਰਾਣੀਆਂ ਦਿੱਲੀ ਵਿਚੋਂ ਜਾਨ ਬਚਾ ਕੇ ਭੱਜੀਆਂ। ਤਿੰਨ ਸੌ ਪੰਜਾਹ ਰਾਣੀਆਂ, ਰਾਜਕੁਮਾਰੀਆਂ ਅਤੇ ਹਜ਼ਾਰਾਂ ਹੋਰ ਔਰਤਾਂ ਨੂੰ ਅਲਫ ਨੰਗੀਆਂ ਕਰਕੇ ਮਰਾਠਾ ਸਿਪਾਹੀਆਂ ਨੇ ਸ਼ਰੇਆਮ ਬਲਾਤਕਾਰ ਕੀਤੇ।

ਹੋਰ ਉਚ ਅਧਿਕਾਰੀ: ਮੀਰ ਬਖਸ਼ੀ (ਰੱਖਿਆ ਮੰਤਰੀ ਅਤੇ ਫੌਜਾਂ ਦਾ ਕਮਾਂਡਰ ਇਨ-ਚੀਫ) ਦੀਆਂ ਸੁੰਦਰ ਔਰਤਾਂ ਅਤੇ ਕੁਆਰੀਆਂ ਬੇਟੀਆਂ ਨੂੰ ਧੂਹ ਕੇ ਨਾਦਿਰਸ਼ਾਹ ਆਪਣੇ ਹਰਮ ਵਿਚ ਜ਼ਬਰਦਸਤੀ ਲੈ ਗਿਆ। ਉਚ ਅਧਿਕਾਰੀਆਂ ਤੋਂ ਪੈਸਾ ਪੈਸਾ ਨਚੋੜਿਆ। ਉਰਦੂ ਸ਼ਾਇਰ ਸਉਦਾ ਜੋ ਉਦੋਂ ਦਿੱਲੀ ਵਿਚ ਰਹਿੰਦਾ ਸੀ, ਲਿਖਦਾ ਹੈ, ਗੋਦ ਵਿਚ ਗੁਲਾਬੀ ਗੱਲ੍ਹਾਂ ਵਾਲੇ ਬੱਚੇ ਚੁੱਕੀ, ਘੁੰਡ ਕੱਢੀ ਅਫਸਰਾਂ ਦੀਆਂ ਧੀਆਂ ਆਪਣੀ ਜੁਆਨੀ ਅਤੇ ਸੁੰਦਰਤਾ ਵੇਚਣ ਲਈ ਦਿੱਲੀ ਦੀਆਂ ਗਲੀਆਂ ਵਿਚ ਨਿਕਲ ਤੁਰੀਆਂ ਸਨ।

ਆਮ ਲੋਕ: ਅਫਗਾਨ, ਤੁਰਕ, ਕੁਰਦ ਅਤੇ ਮੁਗਲ ਹਮਲਾਵਰ ਆਉਂਦੇ। ਮਹੀਨਿਆਂ ਬੱਧੀ ਲੋਕਾਂ ਦੇ ਘਰਾਂ ਵਿਚ ਵੜੇ ਰਹਿੰਦੇ, ਗ੍ਰਹਿਸਥੀਆਂ ਦੀ ਹੱਤਕ ਕਰਦੇ। ਆਮ ਪਬਲਿਕ ਨੂੰ ਹਰੇਕ ਹਮਲਾਵਰ ਦੋਹੀਂ ਹੱਥੀਂ ਲੁੱਟਦਾ।

ਸਿੱਖਾਂ ਦਾ ਦਿੱਲੀ ਨਾਲ ਵਾਹ

ਜਨਵਰੀ 1765: 14 ਜਨਵਰੀ 1764 ਨੂੰ ਸਿੱਖਾਂ ਨੇ ਸਰਹਿੰਦ ਫੇਰ ਜਿੱਤ ਲਿਆ। ਹੁਣ ਉਨ੍ਹਾਂ ਅਧੀਨ ਰਕਬੇ ਦੀਆਂ ਹੱਦਾਂ ਕਰਨਾਲ ਤੋਂ ਅੱਗੇ ਪਾਣੀਪਤ ਨੂੰ ਜਾ ਲੱਗੀਆਂ। ਉਨ੍ਹਾਂ ਲਈ ਦਿੱਲੀ ਹੁਣ ਦੂਰ ਨਾ ਰਹੀ। ਦਸੰਬਰ 1763 ਵਿਚ ਭਰਤਪੁਰ ਦਾ ਬਹਾਦਰ ਜਾਟ ਰਾਜਾ ਸੂਰਜ ਮੱਲ, ਨਜੀਬ-ਉਦ-ਦੌਲਾ ਨਾਲ ਦਿੱਲੀ ਵਿਚ ਲੜਦਾ ਹੋਇਆ ਮਾਰਿਆ ਗਿਆ ਸੀ। ਉਸ ਦੇ ਪੁੱਤਰ ਜਵਾਹਰ ਮੱਲ (ਪਿਛੋਂ ਜਵਾਹਰ ਸਿੰਘ ਅਖਵਾਇਆ) ਨੇ ਪਿਤਾ ਦੀ ਮੌਤ ਦਾ ਬਦਲਾ ਲੈਣ ਦਾ ਨਿਸ਼ਚਾ ਕੀਤਾ। ਜਾਟਾਂ ਤੋਂ ਇਲਾਵਾ ਸੈਨਾ ਵਿਚ ਮਰਾਠੇ ਵੀ ਭਰਤੀ ਕੀਤੇ। ਉਸ ਦੀ ਇੱਛਾ ਸੀ ਕਿ ਸਿੱਖ ਵੀ ਉਸ ਦੀ ਸੈਨਾ ਵਿਚ ਹੋਣ। ਜਨਵਰੀ 1765 ਦੇ ਅਰੰਭ ਵਿਚ ਸਿੱਖਾਂ ਦੀ ਇਕ ਤਕੜੀ ਫੌਜੀ ਟੁਕੜੀ ਦਿੱਲੀ ਦੇ ਉਤਰ ਵਲ 16 ਮੀਲ ਦੇ ਫਾਸਲੇ ਤੇ ਬਰਾੜੀ ਦਰਵਾਜ਼ੇ ਪਾਸ ਬੈਠੀ ਸੀ। ਜਵਾਹਰ ਮੱਲ ਨੇ ਇਨ੍ਹਾਂ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਤੇ ਹਾਥੀ ਉਪਰ ਜਮਨਾ ਪਾਰ ਕਰਕੇ ਸਿੱਖਾਂ ਨੂੰ ਮਿਲਣ ਆਇਆ। ਨਜ਼ਦੀਕ ਪੁੱਜਣ ਤੇ ਸਿੱਖਾਂ ਨੇ ਮਹਾਵਤ ਨੂੰ ਕਿਹਾ, ਹਾਥੀ ਰੋਕ। ਜਵਾਹਰ ਮੱਲ ਦੇ ਪਿਛੇ ਪਿਛੇ ਉਸ ਦਾ ਇਕ ਦਰਬਾਨ ਹੁੱਕਾ ਚੁੱਕੀ ਤੁਰਿਆ ਆਉਂਦਾ ਦੇਖ ਕੇ ਸਿੱਖ ਖਿਝ ਗਏ ਸਨ ਇਸ ਲਈ ਇਸ ਮੁਲਾਜ਼ਮ ਦੀ ਬੇਇਜ਼ਤੀ ਕਰਕੇ ਭਜਾ ਦਿੱਤਾ। ਹਾਥੀ ਤੋਂ ਉਤਾਰ ਕੇ ਜਵਾਹਰ ਮੱਲ ਨੂੰ ਪੈਦਲ ਤੋਰ ਕੇ ਲਿਜਾਇਆ ਗਿਆ ਜਿਥੇ ਸੌ ਸਰਦਾਰਾਂ ਦੀ ਸਭਾ ਜੁੜੀ ਹੋਈ ਸੀ। ਜਵਾਹਰ ਮੱਲ ਨਾਲ ਗੱਲਬਾਤ ਤੈਅ ਕਰਨ ਤੋਂ ਪਹਿਲੋਂ ਸਿੰਘਾਂ ਨੇ ਇਹ ਅਰਦਾਸ ਕੀਤੀ, ਸੂਰਜ ਮੱਲ ਦਾ ਪੁੱਤਰ ਜਵਾਹਰ ਸਿੰਘ ਖਾਲਸਾ ਜੀਉ ਦੀ ਸ਼ਰਣ ਵਿਚ ਆਇਆ ਹੈ ਤੇ ਗੁਰੂ ਨਾਨਕ ਸਾਹਿਬ ਦਾ ਸਿੱਖ ਬਣ ਗਿਆ ਹੈ। ਉਹ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣਾ ਚਾਹੁੰਦਾ ਹੈ। ਹੇ ਵਾਹਿਗੁਰੂ ਸੱਚੇ ਪਾਤਸ਼ਾਹ ਸਾਡੀ ਮਦਦ ਕਰ।

ਜਵਾਹਰ ਸਿੰਘ ਬਾਰਾਂ ਹਜ਼ਾਰ ਸਿੱਖ ਸੈਨਿਕ ਲੈ ਗਿਆ। ਉਨ੍ਹਾਂ ਨੇ ਦਿੱਲੀ ਉਪਰ ਉਤਰ ਵਾਲੇ ਪਾਸਿਉਂ ਹਮਲਾ ਕਰਨਾ ਸੀ। ਉਨ੍ਹਾਂ ਨੂੰ ਕਿਹਾ ਗਿਆ ਕਿ ਪੱਛਮ ਵਾਲੇ ਪਾਸੇ ਨਜੀਬ-ਉਦ-ਦੌਲਾ ਦੇ ਸਭ ਕਿਲ੍ਹੇ ਉਜਾੜ ਦਿਉ ਤਾਂ ਕਿ ਉਸ ਪਾਸਿਉਂ ਸ਼ਹਿਰ ਵਿਚ ਰਾਸ਼ਣ ਨਾ ਪੁੱਜ ਸਕੇ ਪਰ ਬਾਬਾ ਆਲਾ ਸਿੰਘ ਨੇ ਭੋਲਾ ਸਿੰਘ ਦੀ ਕਮਾਨ ਹੇਠ ਇਕ ਹਜ਼ਾਰ ਸਿਪਾਹੀ ਨਜੀਬ ਦੀ ਮਦਦ ਵਾਸਤੇ ਘੱਲੇ। 9 ਜਨਵਰੀ 1765 ਨੂੰ ਇਹ ਖਬਰ ਫੈਲ ਗਈ ਕਿ ਜਵਾਹਰ ਸਿੰਘ ਪਾਸੋਂ ਨਜੀਬ-ਉਦ-ਦੌਲਾ ਹਾਰ ਗਿਆ ਹੈ। ਨਜੀਬ ਲਾਲ-ਕਿਲੇ ਵਿਚ ਜਾ ਵੜਿਆ ਤੇ ਜਵਾਹਰ ਸਿੰਘ ਨੇ ਸ਼ਹਿਰ ਤੇ ਕਬਜ਼ਾ ਕਰ ਲਿਆ। ਪੁਰਾਣੀ ਸਬਜ਼ੀ ਮੰਡੀ ਲਾਗੇ ਨਖਾਸ ਮੰਡੀ (ਪਸ਼ੂਆਂ ਦੀ ਮੰਡੀ) ਹੋਇਆ ਕਰਦੀ ਸੀ। ਇਥੇ ਸਿੱਖਾਂ ਨੇ ਬੜੀ ਜਬਰਦਸਤ ਜੰਗ ਲੜੀ।

ਘੋੜਿਆਂ 'ਤੇ ਸਵਾਰ ਹੋ ਕੇ ਸਿੱਖ ਹਰ ਸਵੇਰ ਦਰਿਆ ਕਿਨਾਰੇ ਯਾਕੂਬ ਅਲੀ ਖਾਂ ਦੇ ਦਰਵਾਜੇ ਲਾਗਲੇ ਘਰਾਂ ਉਪਰ ਹੱਲਾ ਕਰਦੇ। ਜਿਨ੍ਹਾਂ ਇਲਾਕਿਆਂ ਉਪਰ ਵਾਰ ਵਾਰ ਹੱਲੇ ਹੋਏ, ਉਨ੍ਹਾਂ ਵਿਚ ਹਫੀਜ਼-ਉਦ-ਦੀਨ ਖਾਨ ਤੇ ਨਮਕੀਨ ਦੀਆਂ ਇਮਾਰਤਾਂ, ਬਾਦਲਪੁਰਾ ਅਤੇ ਇਸ ਦੇ ਨਾਲ ਲਗਦੇ ਮੁਹੱਲੇ ਸ਼ਾਮਲ ਸਨ। ਉਨ੍ਹਾਂ ਦੀ ਇੱਛਾ ਦਿੱਲੀ ਦੀਆਂ ਕੰਧਾਂ ਤੱਕ ਪੁੱਜਣ ਦੀ ਸੀ। ਨਜੀਬ ਨੇ ਵੱਖ ਵੱਖ ਟਿਕਾਣਿਆਂ 'ਤੇ ਆਪਣੇ ਸੈਨਿਕ ਤੈਨਾਤ ਕੀਤੇ। ਰੋਹੇਲਿਆਂ ਨੇ ਤੋੜੇਦਾਰ ਬੰਦੂਕਾਂ ਨਾਲ ਸਿੱਖਾਂ 'ਤੇ ਹਮਲੇ ਕੀਤੇ। ਨਜੀਬ ਦਾ ਹੁਕਮ ਸੀ ਕਿ ਜਿਥੇ ਕਿਤੇ ਸਿੱਖ ਟੁਕੜੀ ਦੇਖੋ, ਤੋਪਾਂ ਦੇ ਗੋਲੇ ਦਾਗੋ।

ਅਪਰੈਲ 1766: ਪਾਣੀਪੱਤ ਤੋਂ ਨਜੀਬ ਦੀਆਂ ਜਗੀਰਾਂ ਉਜਾੜਦੇ ਸਿੱਖ ਦਿੱਲੀ ਤੱਕ ਪੁੱਜ ਗਏ। ਪੰਦਰਾਂ ਅਪਰੈਲ 1766 ਨੂੰ ਰਾਜਧਾਨੀ ਦੇ ਅਫਸਰ ਇਨਚਾਰਜ ਅਫਜ਼ਲ ਖਾਨ ਨੇ ਢੋਲ ਵਜਾ ਕੇ ਖਤਰੇ ਦਾ ਐਲਾਨ ਕਰਦਿਆਂ ਫੁਰਮਾਨ ਜਾਰੀ ਕੀਤਾ ਕਿ ਕਾਲਕਾ ਦੇਵੀ ਦੀ ਯਾਤਰਾ ਵਾਸਤੇ ਦਿੱਲੀ ਵਿਚੋਂ ਕੋਈ ਬੰਦਾ ਬਾਹਰ ਨਾ ਨਿਕਲੇ। ਓਖਲਾਘਾਟ ਤੋਂ 17 ਅਪਰੈਲ ਨੂੰ ਸਿੱਖਾਂ ਨੇ ਕੂਚ ਕੀਤਾ ਤੇ ਪਟਪੜ-ਗੰਜ ਬਾਜ਼ਾਰ ਵਿਚੋਂ ਚਾਵਲ ਤੇ ਖੰਡ ਲੁੱਟ ਲਈ। ਸ਼ੇਖ ਮੁਹੰਮਦ ਪਾਸੋਂ ਊਠ ਅਤੇ ਬਲਦ ਖੋਹ ਲਏ। ਅਫਜ਼ਲਖਾਨ ਨੇ ਇੱਕ ਸਿੱਖ ਕਤਲ ਕਰ ਦਿੱਤਾ।


ਜਨਵਰੀ 1770: ਪਾਣੀਪਤ ਵਲੋਂ ਹੱਲੇ ਬੋਲਦੇ ਉਜਾੜਾ ਕਰਦੇ ਸਿੱਖ 10 ਜਨਵਰੀ 1770 ਨੂੰ ਦਿੱਲੀ ਪੁੱਜੇ ਪਰ ਇਸ ਵਾਰ ਜ਼ਾਬਿਤਾ ਖਾਨ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਆਗਰੇ ਵਿਚਲਾ ਫਰਾਂਸੀਸੀ ਮਿਸ਼ਨਰੀ ਫਾਦਰ ਪੀਅਰੀ ਵੇਂਦਲ ਲਿਖਦਾ ਹੈ, ਦਿੱਲੀ ਦਾ ਆਲਾ ਦੁਆਲਾ ਹਥਿਆਰਾਂ ਦੀ ਲਪੇਟ ਵਿਚ ਹੈ। ਸਿੱਖ ਦਿੱਲੀ ਲਾਗਲੇ ਇਲਾਕਿਆਂ ਨੂੰ ਲੁੱਟਣ ਵਿਚ ਮਗਨ ਹਨ...।

ਜਨਵਰੀ 1774: ਅੱਪਰ ਬਾਰੀ ਦੁਆਬ ਦੇ ਇਲਾਕਿਆਂ ਨੂੰ ਲੁੱਟਦੇ ਹੋਏ ਸਿੱਖ ਜਨਵਰੀ 1774 ਵਿਚ ਫਿਰ ਦਿੱਲੀ ਜਾ ਪੁੱਜੇ। 18 ਜਨਵਰੀ 1774 ਵਿਚ ਅੱਧੀ ਰਾਤ ਤੱਕ ਉਹ ਸ਼ਾਹਦਰਾ ਲੁੱਟਦੇ ਰਹੇ। ਪੰਜਾਹ ਮੁੰਡਿਆਂ ਨੂੰ ਬੰਦੀ ਬਣਾਇਆ। ਦਿਨ ਚੜ੍ਹਨ ਵਿਚ ਅੱਧਾ ਪਹਿਰ ਬਾਕੀ ਸੀ, ਜਦੋਂ ਉਹ ਚਲੇ ਗਏ।

ਅਕਤੂਬਰ 1774: ਸ਼ਾਹਜਹਾਨਾਬਾਦ ਦੇ ਪੜੋਸ ਵਿਚ ਸਿੱਖ ਸੈਨਾਵਾਂ ਲਗਾਤਾਰ ਗੂੰਜਦੀਆਂ ਰਹੀਆਂ।

ਜੁਲਾਈ 1775: ਪੰਦਰਾਂ ਜੁਲਾਈ 1775 ਨੂੰ ਸਿੱਖਾਂ ਨੇ ਪਹਾੜਗੰਜ ਅਤੇ ਜੈਸਿੰਘਪੁਰੇ ਦਾ ਇਲਾਕਾ ਅੱਗ ਲਾ ਕੇ ਤਬਾਹ ਕਰ ਦਿੱਤਾ। ਸ਼ਾਹੀ ਫੌਜਾਂ ਨੇ ਕੁਝ ਮੁਕਾਬਲਾ ਕੀਤਾ। ਦੋਵਾਂ ਪਾਸਿਆਂ ਦੇ ਸੱਠ ਬੰਦੇ ਮਾਰੇ ਗਏ।

ਅਕਤੂਬਰ-ਨਵੰਬਰ 1776: ਇਸ ਮਹੀਨੇ ਮੁਗਲ ਸਲਤਨਤ ਦੇ ਪ੍ਰਧਾਨ ਮੰਤਰੀ ਨਜਾਜ਼ ਖਾਨ ਨੇ ਮੇਜਰ ਹਾਉਨੇ ਨੂੰ ਲਿਖਿਆ, ਸਿੱਖ ਦਿੱਲੀ ਦੇ ਅੰਦਰ ਅਤੇ ਆਲੇ ਦੁਆਲੇ ਲਗਾਤਾਰ ਗੜਬੜ ਮਚਾ ਰਹੇ ਹਨ।



ਮਾਰਚ ਅਪਰੈਲ 1778: ਤਹਿਮਸ ਖਾਨ ਮਿਸਕੀਨ 200 ਤੁਰਕ ਘੋੜਸਵਾਰਾਂ ਦਾ ਕਾਫਲਾ ਲੈ ਕੇ ਸਿੱਖਾਂ ਨੂੰ ਭਜਾਉਣ ਗਿਆ ਕਿਉਂਕਿ ਖਬਰ ਪੁੱਜੀ ਸੀ ਕਿ ਸਿੱਖ ਹਮਲਾਵਰ ਡਾਕੇ ਮਾਰ ਰਹੇ ਹਨ। ਮਿਸਕੀਨ ਲਿਖਦਾ ਹੈ, ਦੱਸੀ ਗਈ ਵਾਰਦਾਤ ਵਾਲੀ ਥਾਂ ਸ਼ਾਹਜਹਾਨਾਬਾਦ ਤੋਂ 12 ਕਿਲੋਮੀਟਰ ਦੂਰ ਹੈ। ਜਦੋਂ ਮੈਂ ਫੋਰਸ ਲੈ ਕੇ ਪੁੱਜਾ ਤਾਂ ਦੇਖਿਆ ਕਿ ਕੇਵਲ ਦੋ ਸਿੱਖ ਪਿੰਡ ਵਿਚੋਂ ਉਗਰਾਹੀ ਕਰ ਰਹੇ ਸਨ। ਮੇਰੇ ਪੁੱਜਣ ਉਪਰੰਤ ਉਹ ਨੱਠ ਗਏ।

ਸਤੰਬਰ-ਅਕਤੂਬਰ 1778: "ਸਤੰਬਰ ਦੇ ਮਹੀਨੇ ਉਹ ਫਿਰ ਦਿੱਲੀ ਵਿਚ ਘੁਸ ਗਏ ਤੇ ਨਵੰਬਰ ਤਕ ਗੈਰਕਾਨੂੰਨੀ ਕਾਰਵਾਈਆਂ ਵਿਚ ਲੱਗੇ ਰਹੇ।" ਇਹ ਤੱਥ ਸ਼ਾਹੀ ਰਿਕਾਰਡ ਦੇ ਡਾਇਰੀ ਨਵੀਸ ਦਾ ਅੰਕਿਤ ਕੀਤਾ ਹੋਇਆ ਹੈ।

23 ਸਤੰਬਰ 1778: ਸਾਹਿਬ ਸਿੰਘ ਅਤੇ ਹੋਰ ਸਿੱਖ ਸਰਦਾਰ ਸ਼ਾਲੀਮਾਰ ਬਾਗ ਵਿਚ ਆ ਗਏ ਸਨ। ਅਬਦੁਲ ਅਹਿਦ ਦੇ ਲਫਟੈਣ ਬਹਿਰਾਮ ਕੁਲੀ ਖਾਨ ਨੇ ਉਨ੍ਹਾਂ ਦੀ ਸੇਵਾ ਲੰਗਰ ਪ੍ਰਸ਼ਾਦ ਛਕਾ ਕੇ ਕੀਤੀ। ਨਜੀਬ-ਉਦ-ਦੌਲਾ ਦਾ ਬੇਟਾ ਮੱਲੂ ਖਾਨ ਸਿੱਖਾਂ ਨੂੰ ਨਾਲ ਲੈ ਕੇ ਸ਼ਹਿਰ ਦੇ ਅੰਦਰ ਆਇਆ।

ਸਤੰਬਰ 26, 1778: ਯਾਕੂਬ ਅਲੀ ਖਾਨ ਦੇ ਬਾਗ ਵਿਚ ਅਬਦੁਲ ਅਹਿਦ ਖਾਨ ਸਿੱਖਾਂ ਨਾਲ ਮੁਲਾਕਾਤ ਕਰਨ ਲਈ ਆਇਆ। ਸਿੱਖਾਂ ਨੇ ਉਸ ਨੂੰ ਤੀਰ ਅਤੇ ਘੋੜੇ ਭੇਟ ਕੀਤੇ ਜਿਸ ਦੇ ਬਦਲੇ ਅਬਦੁਲ ਅਹਿਦ ਖਾਨ ਨੇ ਉਨ੍ਹਾਂ ਦਾ ਭਾਰੀ ਮਾਣ ਸਨਮਾਨ ਕੀਤਾ।

ਅਕਤੂਬਰ 1, 1778: "ਇਹ ਦੁਸਹਿਰੇ ਦਾ ਦਿਨ ਸੀ। ਘੋੜਿਆਂ ਤੇ ਸਵਾਰ ਹੋ ਕੇ ਸਿੱਖ ਰਕਾਬਗੰਜ ਨਜ਼ਦੀਕ ਗੁਰੂ ਦੇ ਬੰਗਲੇ ਚਲੇ ਗਏ। ਉਥੇ ਉਨ੍ਹਾਂ ਨੇ ਪਹਿਲਾਂ ਇਕ ਮਸਜਿਦ ਢਾਹੀ ਫਿਰ ਖੇਤ ਉਜਾੜ ਦਿੱਤੇ।" ਇਹੀ ਰੋਜ਼ਨਾਮਚਾ ਲਿਖਣ ਵਾਲਾ ਅੱਗੇ ਜਾ ਕੇ ਲਿਖਦਾ ਹੈ, "ਅੱਲਾਹ ਦੇ ਨਾਮ ਜੱਹਾਦ ਤੋਂ ਇਹ ਲੋਕ ਗੁਰੂ ਦੇ ਨਾਮ ਜੱਹਾਦ ਕਰਨਾ ਸਿੱਖ ਗਏ ਹਨ।" ਅਬਦੁਲ ਅਹਿਦ ਖਾਨ ਦੇ ਖਰਚੇ 'ਤੇ ਸਿੱਖ ਇਕ ਮਹੀਨਾ ਦਿੱਲੀ ਵਿਚ ਰਹੇ ਅਤੇ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਉਸਾਰੀ ਕੀਤੀ।

ਜਨਵਰੀ-ਅਪਰੈਲ 1779: ਜਨਵਰੀ 1779 ਵਿਚ ਦਿੱਲੀ ਦੇ ਚੌਗਿਰਦੇ ਵਿਚ ਉਹ ਫਿਰ ਦਿੱਸਣ ਲੱਗ ਪਏ। ਬਾਦਸ਼ਾਹ ਘਬਰਾ ਗਿਆ। ਉਸ ਦਾ ਪ੍ਰਧਾਨ ਮੰਤਰੀ ਨਜ਼ਫ ਖਾਨ ਅਲਵਰ ਗਿਆ ਹੋਇਆ ਸੀ। ਤੁਰੰਤ ਉਸ ਨੂੰ ਵਾਪਸ ਆਉਣ ਦਾ ਹੁਕਮ ਦਿੱਤਾ। ਨਜ਼ਫ ਖਾਨ ਨੇ ਰਾਜੇ ਨਾਲ ਅੱਠ ਲੱਖ ਰੁਪਿਆ ਦੇ ਕੇ ਗੱਲ ਮੁਕਾਉਣੀ ਚਾਹੀ। ਤਿੰਨ ਲੱਖ ਤਾਂ ਉਸੇ ਵਕਤ ਦੇ ਦਿੱਤੇ ਗਏ। ਸਿੱਖਾਂ ਨਾਲ ਅਮਨ ਦੀ ਸੰਧੀ ਬਾਬਤ ਵਿਚਾਰ ਵਟਾਂਦਰਾ ਹੋਇਆ। ਸਿੱਖ ਮੰਨ ਗਏ ਕਿ ਉਹ ਮੇਰਠ ਜ਼ਿਲ੍ਹੇ ਉਪਰ ਹਮਲੇ ਨਹੀਂ ਕਰਨਗੇ।

ਅਪਰੈਲ 1781: ਬਾਰਾਂ ਅਪਰੈਲ 1781 ਨੂੰ ਸਿੱਖਾਂ ਨੇ ਦਿੱਲੀ ਤੋਂ 32 ਕਿਲੋਮੀਟਰ ਉਤਰ ਵੱਲ ਬਾਗਪਤ ਨੂੰ ਥੇਹ ਕਰ ਦਿੱਤਾ। ਫਿਰ ਦਿੱਲੀ ਤੋਂ 21 ਕਿਲੋਮੀਟਰ ਉਤਰ ਵਲ ਗਏ। ਨਜ਼ਫ ਖਾਨ ਨੇ ਰਾਮ ਰਤਨ ਨੂੰ ਵੱਡੀਆਂ ਤੋਪਾਂ ਵਿਚ ਗੋਲੇ ਫਿੱਟ ਕਰਨ ਨੂੰ ਕਿਹਾ। 16 ਅਪਰੈਲ ਨੂੰ ਸਿੱਖਾਂ ਨੇ ਸ਼ਾਹਦਰੇ ਅਤੇ ਪਟਪੜਗੰਜ ਉਪਰ ਹੱਲਾ ਬੋਲ ਦਿੱਤਾ। ਇਥੋਂ ਦੇ ਵਸਨੀਕ ਘਰੋਂ ਬੇਘਰ ਹੋ ਕੇ ਭੱਜ ਗਏ। ਦਿੱਲੀ ਤੋਂ ਰੇਵਾੜੀ 30 ਕਿਲੋਮੀਟਰ ਦੀ ਦੂਰੀ ਤੱਕ ਲੋਕ ਦਹਿਲੇ ਫਿਰਦੇ ਸਨ।

ਬਾਦਸ਼ਾਹ ਨੇ ਆਪਣੇ ਸੇਵਾਦਾਰ ਕੱਲੂ ਰਾਹੀਂ ਨਜਫਖਾਨ ਪਾਸ ਫੁੱਲਾਂ ਦੀ ਟੋਕਰੀ ਭੇਜੀ ਅਤੇ ਇਸ ਵਜ਼ੀਰ ਨੂੰ ਕਿਹਾ ਕਿ ਸਿੱਖਾਂ ਨੂੰ ਕਾਬੂ ਕਰੇ। ਨਜਫਖਾਨ ਨੇ ਮੁਰਤਜ਼ਾ ਖਾਨ ਅਤੇ ਗਾਜ਼ੀ ਖਾਨ ਦੀਆਂ ਫੌਜਾਂ ਦਾ ਮੁਆਇਨਾ ਕੀਤਾ ਜਿਹੜੀਆਂ ਜਮਨਾ ਕਿਨਾਰੇ ਦਿੱਲੀ ਦੀ ਰੱਖਿਆ ਹਿਤ ਤੈਨਾਤ ਸਨ। ਗਾਜ਼ੀ ਖਾਨ ਪਾਸ 2500 ਘੋੜ ਸਵਾਰ ਤੇ ਇਕ ਹਜ਼ਾਰ ਪੈਦਲ ਸਨ। ਇਹ ਸਾਰੇ ਸਿੱਖਾਂ ਉਪਰ ਝਪਟਣ ਲਈ ਤਿਆਰ ਬਰ ਤਿਆਰ ਸਨ। ਸੂਰਜ ਛਿਪਣ ਵਿਚ ਘੰਟਾ ਕੁ ਰਹਿੰਦਾ ਸੀ ਕਿ ਨਜ਼ਫ ਖਾਨ ਹਾਥੀ 'ਤੇ ਸਵਾਰ ਹੋ ਕੇ ਦਰਿਆ ਦੇ ਕਿਨਾਰੇ ਘੁੰਮਦਾ ਫਿਰਦਾ ਰਿਹਾ ਜਿਵੇਂ ਕੋਈ ਸ਼ਾਮ ਦੀ ਸੈਰ ਕਰਦਾ ਹੋਵੇ।

ਮਾਰਚ 1783: ਅੱਠ ਮਾਰਚ 1783 ਨੂੰ 40 ਹਜ਼ਾਰ ਸਿੱਖ ਸੈਨਿਕ ਜਮਨਾ ਦੇ ਬਰਾੜੀ ਘਾਟ ਉਪਰ ਪੁੱਜ ਗਏ ਜੋ ਦਿੱਲੀ ਦੇ ਉਤਰ ਵੱਲ 16 ਕਿਲੋਮੀਟਰ ਦੂਰ ਹੈ। ਇਸ ਥਾਂ ਨੂੰ ਆਪਣਾ ਬੇਸ ਬਣਾ ਕੇ ਉਨ੍ਹਾਂ ਨੇ ਸਬਜ਼ੀ ਮੰਡੀ ਦੇ ਮਲਕਾਗੰਜ ਇਲਾਕੇ ਉਪਰ ਹੱਲਾ ਬੋਲ ਦਿੱਤਾ। ਇਹ ਇਲਾਕੇ ਉਜਾੜ ਕੇ ਅੱਗਾਂ ਲਾ ਦਿੱਤੀਆਂ ਗਈਆਂ। ਮੁਗਲਪੁਰੇ ਦੇ ਬੜੇ ਲੋਕ ਮਰੇ। ਕਿਲ੍ਹਾ ਮਾਹਤਾਬਪੁਰ ਨੇੜੇ ਸ਼ਹਿਜ਼ਾਦਾ ਮਿਰਜ਼ਾ ਸ਼ਿਕੋਹ ਨੇ ਉਨ੍ਹਾਂ ਨੂੰ ਰੋਕਣਾ ਚਾਹਿਆ ਪਰ ਉਸ ਨੂੰ ਹਾਰ ਹੋਈ ਤੇ ਉਹ ਭੱਜ ਗਿਆ। ਸਿੱਖਾਂ ਨੇ ਅਜਮੇਰੀ ਗੇਟ ਤੋੜ ਲਿਆ ਤੇ 9 ਮਾਰਚ ਨੂੰ ਹੌਜ਼ਗਾਜ਼ੀ ਲੁੱਟ ਲਿਆ। ਸ਼ਹਿਰ ਦੇ ਲੋਕਾਂ ਨੇ ਲਾਲ ਕਿਲੇ ਅੰਦਰ ਘੁਸ ਕੇ ਪਨਾਹ ਲਈ। ਸਿੱਖਾਂ ਨੇ ਕਿਲ੍ਹੇ ਉਪਰ ਹਮਲਾ ਕਰ ਦਿੱਤਾ ਤੇ 11 ਮਾਰਚ ਨੂੰ ਕਿਲ੍ਹੇ ਅੰਦਰ ਦਾਖਲ ਹੋ ਗਏ। ਉਨ੍ਹਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖਤ ਉਪਰ ਬਿਰਾਜਮਾਨ ਕਰਕੇ ਉਸ ਨੂੰ ਬਾਦਸ਼ਾਹ ਸਿੰਘ ਦਾ ਖਿਤਾਬ ਦਿੱਤਾ। ਜੱਸਾ ਸਿੰਘ ਰਾਮਗੜ੍ਹੀਏ ਨੇ ਉਸ ਨੂੰ ਵੰਗਾਰਿਆ ਤਦ ਉਹ ਪਿਛੇ ਹਟ ਗਿਆ ਅਤੇ ਬਾਦਸ਼ਾਹ ਵਜੋਂ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ। ਰਾਮਗੜ੍ਹੀਏ ਨੇ ਚਾਰ ਤੋਪਾਂ ਉਪਰ ਕਬਜ਼ਾ ਕੀਤਾ ਤੇ ਇਕ ਪੱਥਰ ਦੀ ਵੱਡੀ ਸਾਰੀ ਸਲੈਬ ਉਪਰ ਮੱਲ ਮਾਰ ਲਈ। ਬਾਦਸ਼ਾਹ ਨੇ ਸਿੱਖਾਂ ਨਾਲ ਸੰਧੀ ਕਰ ਲਈ ਜਿਸ ਤਹਿਤ ਜਥੇਦਾਰ ਬਘੇਲ ਸਿੰਘ ਨੂੰ ਸੱਤ ਇਤਿਹਾਸਕ ਗੁਰਦੁਆਰੇ ਉਸਾਰਨ ਦੀ ਆਗਿਆ ਮਿਲੀ। ਦਿੱਲੀ ਵਿਖੇ ਸਿੱਖਾਂ ਨੇ ਆਪਣੇ ਨੁਮਾਇੰਦੇ ਚੁੰਗੀ ਉਗਰਾਹੁਣ ਲਈ ਅਤੇ ਸਰਕਾਰ ਦੀਆਂ ਜ਼ਮੀਨਾਂ ਤੋਂ ਮਾਲੀਆ ਉਗਰਾਹੁਣ ਲਈ ਨਿਯੁਕਤ ਕਰ ਦਿੱਤੇ।

ਜੁਲਾਈ 1787: ਤੇਈ ਜੁਲਾਈ ਨੂੰ ਸਿੱਖਾਂ ਨੇ ਫਿਰ ਸ਼ਾਹਦਰੇ ਹੱਲਾ ਬੋਲ ਦਿੱਤਾ।

ਅਗਸਤ 1787: ਤੇਈ ਅਗਸਤ 1787 ਨੂੰ ਗੁਲਾਮ ਕਾਦਰ ਅਤੇ ਸਿੱਖਾਂ ਨੇ ਸ਼ਾਹੀ ਸੈਨਾ ਤੇ ਹਮਲਾ ਕਰਕੇ ਉਨ੍ਹਾਂ ਨੂੰ ਹਰਾ ਦਿੱਤਾ। ਮਰਾਠਾ ਸਰਦਾਰ ਮਾਧੋ ਰਾਓ ਫਾਲਕੇ ਨੂੰ ਸ਼ਾਹਦਰੇ ਇਨ੍ਹਾਂ ਸਿੱਖਾਂ ਨੂੰ ਰੋਕਣ ਲਈ ਭੇਜਿਆ ਗਿਆ। ਇਸ ਜੰਗ ਵਿਚ ਬਹੁਤ ਵੱਡੀ ਗਿਣਤੀ ਵਿਚ ਸੈਨਿਕ ਦਰਿਆ ਵਿਚ ਡੁੱਬ ਮਰੇ, ਕਾਫੀ ਮਰੇ ਤੇ ਜ਼ਖਮੀ ਹੋਏ।

ਸ਼ਾਹ ਨਿਜ਼ਾਮ-ਉਦ-ਦੀਨ ਅਤੇ ਦੇਸ਼ਮੁਖ, ਦੀਵਾਨਿ-ਖਾਸ ਵਿਚੋਂ ਇਹ ਦ੍ਰਿਸ਼ ਦੇਖ ਰਹੇ ਸਨ। ਉਹ ਦੋਵੇਂ ਦਰਿਆ ਦੇ ਕਿਨਾਰੇ 'ਤੇ ਆਏ ਅਤੇ ਦੋ ਘੰਟੇ ਸਿੱਖਾਂ ਉਪਰ ਬੰਦੂਕਾਂ ਅਤੇ ਤੋਪਾਂ ਦੇ ਗੋਲਿਆਂ ਦੀ ਬੌਛਾੜ ਕੀਤੀ। ਸਿੱਖ ਜਦੋਂ ਉਨ੍ਹਾਂ ਦੇ ਆਹਮੋ-ਸਾਹਮਣੇ ਆ ਗਏ ਤਾਂ ਸ਼ਾਹੀ ਫੌਜਾਂ ਅਮਨੀਸ਼ਨ ਅਤੇ ਧਨ ਦੇ ਗੱਡੇ ਲੱਦੇ ਲਦਾਏ ਛੱਡ ਕੇ ਭੱਜ ਗਈਆਂ। ਇਹ ਸਾਰਾ ਸਾਮਾਨ ਲੁੱਟ ਲਿਆ ਗਿਆ। ਫਾਲਕੇ ਨੇ ਆਪਣੇ ਆਪ ਨੂੰ ਸ਼ਾਹਦਰੇ ਦੇ ਕਿਲੇ ਵਿਚ ਬੰਦ ਕਰਕੇ ਆਪਣੇ ਆਦਮੀ ਸਿੱਖਾਂ ਪਾਸ ਭੇਜ ਕੇ ਆਤਮ ਸਮਰਪਣ ਕਰ ਦਿੱਤਾ। ਰਾਤੋ ਰਾਤ 500 ਮਰਾਠਾ ਘੋੜਸਵਾਰਾਂ ਨੂੰ ਨਾਲ ਲੈ ਕੇ ਦਿੱਲੀ ਵਿਚੋਂ ਭੱਜ ਨਿਕਲਿਆ ਅਤੇ ਬੱਲਭਗੜ੍ਹ ਦੇ ਰਾਹ ਪੈ ਗਿਆ। ਜਾਨ ਬਚਾਉਣ ਵਾਸਤੇ ਸ਼ਾਹ ਨਿਜ਼ਾਮ-ਉਦ-ਦੀਨ ਵੀ ਸ਼ਹਿਰ ਛੱਡ ਕੇ ਨੱਠਿਆ ਪਰ ਇਨ੍ਹਾਂ ਸਭਨਾਂ ਦਾ ਲਕਾ ਤੁਕਾ, ਸਾਜ਼ੋ ਸਾਮਾਨ ਰਸਤੇ ਵਿਚ ਹੀ ਲੁੱਟ ਲਿਆ ਗਿਆ।

ਸਮਕਾਲੀ ਹਾਲਾਤ ਉਪਰ ਟਿੱਪਣੀ: ਪਾਠਕ ਸਹਿਮਤ ਹੋਣਗੇ ਕਿ ਉਪਰ ਲਿਖਤ ਸਾਰੇ ਵੇਰਵਿਆ ਵਿਚੋਂ ਸਿੱਖਾਂ ਦਾ ਰਿਕਾਰਡ ਦੋ ਪੱਖਾਂ ਤੋਂ ਉਤਮ ਰਿਹਾ। ਪਹਿਲੀ ਗੱਲ ਤਾਂ ਇਹ ਕੀ ਉਨ੍ਹਾਂ ਨੇ ਆਪਣੇ ਫੜੇ ਹੋਏ ਬੰਦੀ ਦੁਸ਼ਮਣਾਂ ਨੂੰ ਤਸੀਹੇ ਦੇ ਦੇ ਕੇ ਇਹ ਨਹੀਂ ਪੁੱਛਿਆ ਕਿ ਖਜ਼ਾਨੇ ਦੱਸੋ ਕਿਥੇ ਦੱਬੇ ਹੋਏ ਹਨ। ਦੂਜਾ ਉਨ੍ਹਾਂ ਨੇ ਔਰਤਾਂ ਨਾਲ ਬਲਸਲੂਕੀ ਨਹੀਂ ਕੀਤੀ। ਉਨ੍ਹਾਂ ਨੇ ਮਰਦਾਂ ਵਾਂਗ ਹਮਲੇ ਕੀਤੇ, ਦੈਤਾਂ ਵਾਂਗ ਨਹੀਂ। ਸਾਡੇ ਪਾਸ ਉਸ ਵੇਲੇ ਦੇ ਫਾਰਸੀ ਰਿਕਾਰਡ ਮੌਜੂਦ ਹਨ ਜਿਹੜੇ ਮੁਸਲਮਾਨਾਂ ਨੇ ਲਿਖੇ। ਮਰਾਠਿਆਂ ਦੀਆਂ ਲਿਖਤਾਂ ਮਿਲਦੀਆਂ ਹਨ। ਦਿੱਲੀ ਜਾਂ ਕਿਸੇ ਵੀ ਹੋਰ ਥਾਂ 'ਤੇ ਇਕ ਵੀ ਉਦਾਹਰਣ ਅਜਿਹੀ ਨਹੀਂ ਲੱਭੀ ਕਿ ਸਿੱਖਾਂ ਨੇ ਕਿਸੇ ਔਰਤ ਵੱਲ ਉਂਗਲ ਚੁੱਕੀ ਹੋਵੇ।

ਕਵੀ ਸਉਦਾ ਦੇ ਬਿਰਤਾਂਤ: ਪ੍ਰਸਿੱਧ ਉਰਦੂ ਸ਼ਾਇਰ ਮੁਹੰਮਦ ਰਫੀ ਅਹਿਮਦ ਸਉਦਾ ਦਿੱਲੀ ਵਿਚ ਹੀ ਜੰਮਿਆਂ ਪਲਿਆ। ਉਹ 1760 ਤੱਕ ਦਿੱਲੀ ਵਿਚ ਰਹਿੰਦਾ ਰਿਹਾ ਪਰ ਫਿਰ ਸੁਰੱਖਿਆ ਕਾਰਨਾਂ ਕਰਕੇ ਲਖਨਊ ਜਾ ਵਸਿਆ। ਉਸ ਦੀਆਂ ਰਚਨਾਵਾਂ ਵਿਚੋਂ ਸਾਨੂੰ ਉਸ ਵਕਤ ਦੇ ਸਿਆਸੀ, ਪ੍ਰਸ਼ਾਸਨਿਕ ਤੇ ਆਮ ਸਮਾਜਕ ਹਾਲਾਤ ਦਾ ਪਤਾ ਲਗਦਾ ਹੈ। ਉਸ ਦੀ ਲੰਮੀ ਨਜ਼ਮ ਸ਼ਹਿਰੇ ਆਸ਼ੋਬ (ਦੁਖਗ੍ਰਸਤ ਸ਼ਹਿਰ) ਤਾਂ ਦਿੱਲੀ ਦੀ ਸ਼ਾਹੀ ਜ਼ਿੰਦਗੀ ਬਾਰੇ ਹੀ ਹੈ। ਉਹ ਲਿਖਦਾ ਹੈ,

ਜੇ ਕੋਈ ਮੁਲਾਕਾਤੀ ਇਨ੍ਹਾਂ ਨੂੰ ਮਿਲਣ ਜਾਵੇ ਤਾਂ ਉਹ ਤਦ ਮਿਲਣਗੇ ਜੇ ਉਨ੍ਹਾਂ ਦਾ ਮਿਲਣ ਦਾ ਮੂਡ ਹੋਵੇਗਾ। ਆਉਣ ਵਾਲਾ ਬੰਦਾ ਜੇ ਸਿਆਸਤ ਬਾਰੇ ਕੁੱਝ ਕਹੇ ਜਾਂ ਪੁੱਛੇ ਤਾਂ ਉਹ ਪਿੱਠ ਕਰਕੇ ਖਲੋ ਜਾਂਦੇ ਹਨ ਤੇ ਆਖਦੇ ਹਨ ਕਿ ਕੋਈ ਹੋਰ ਗੱਲ ਕਰੋ:

ਖ਼ੁਦਾ ਕੇ ਵਾਸਤੇ ਭਾਈ
ਕੁਛ ਔਰ ਬਾਤੇਂ ਬੋਲ।

ਅਮੀਰ ਤਬਕਾ: ਅਮੀਰ ਤਬਕੇ ਦੀ ਹਾਲਤ ਕਵੀ ਨੇ ਇਉਂ ਦਰਸਾਈ ਹੈ, ਹਥਿਆਰਬੰਦ ਹੋ ਕੇ ਸ਼ਾਨ ਨਾਲ ਉਹ ਘਰੋਂ ਬਾਹਰ ਨਹੀਂ ਨਿਕਲਦੇ। ਉਨ੍ਹਾਂ ਦੀ ਇਕ ਕੱਛ ਵਿਚ ਡੰਡਾ ਹੁੰਦਾ ਹੈ ਤੇ ਦੂਜੇ ਹੱਥ ਵਿਚ ਮੰਗਣ ਵਾਲਾ ਠੂਠਾ ਫੜਿਆ ਹੁੰਦਾ ਹੈ,

ਬਗਲ ਬੀਚ ਤੋ ਸੋਟਾ,
ਹੈ ਹਾਥ ਮੇਂ ਕਚਕੋਲ।

ਚੋਰ: ਸ਼ਾਇਰ ਦੱਸਦਾ ਹੈ ਕਿ ਰਾਜਧਾਨੀ ਵਿਚ ਚੋਰੀ ਆਮ ਸੀ। ਗਲੀਆਂ ਤੇ ਸ਼ਾਹਰਾਹ ਚੋਰਾਂ ਨਾਲ ਭਰੇ ਪਏ ਹਨ। ਬਸ ਦਿਨ ਛਿਪਦਿਆਂ ਹੀ ਉਹ ਆ ਦਰਸ਼ਨ ਦਿੰਦੇ ਹਨ ਤੇ ਸਵੇਰ ਹੋਣ ਤੱਕ ਆਪਣਾ ਖ਼ੂਬ ਕਾਰੋਬਾਰ ਕਰਦੇ ਹਨ।

(ਬਾਕੀ ਸਫਾ 33 'ਤੇ)

# ਕੰਵਲ ਦਾ ਸਾਹਿਤਕ-ਸਿਆਸੀ ਪ੍ਰਵਚਨੀ 'ਮਾਇਆਜਾਲ'

*ਕੁਝ ਹਫਤੇ ਪਹਿਲਾਂ ਜਦੋਂ ਅਸੀਂ ਨਾਵਲਕਾਰ ਜਸਵੰਤ ਸਿੰਘ ਕੰਵਲ ਬਾਰੇ ਪ੍ਰਿੰ. ਸਰਵਣ ਸਿੰਘ ਦਾ ਲੇਖ ਛਾਪਿਆ ਸੀ ਤਾਂ ਕੁਝ ਪਾਠਕਾਂ ਨੇ ਮੰਗ ਕੀਤੀ ਸੀ ਕਿ ਕੰਵਲ ਵਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੀ ਚਿੱਠੀ ਮੁੜ ਛਾਪੀ ਜਾਵੇ। ਇਸ ਚਿੱਠੀ ਦੇ ਨਾਲ ਹੀ ਅਸੀਂ ਸੀਨੀਅਰ ਪੱਤਰਕਾਰ ਜਤਿੰਦਰ ਪਨੂੰ ਦਾ ਪ੍ਰਤੀਕਰਮ ਵੀ ਛਾਪਿਆ ਸੀ। ਉਸੇ ਗੱਲ ਨੂੰ ਚਿੰਤਕ ਅਤੇ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ ਹੈ। ਕੰਵਲ ਬਾਰੇ ਬੱਲ ਦਾ ਇਹ ਲੇਖ ਇਸ ਕਰਕੇ ਵੀ ਅਨੋਖਾ ਅਤੇ ਦਿਲਚਸਪ ਹੈ ਕਿ ਇਸ ਵਿਚ ਇਕ ਵੱਖਰੇ ਹੀ ਕੰਵਲ ਦੇ ਦਰਸ਼ਨ ਹੁੰਦੇ ਹਨ। ਆਪਣੀਆਂ ਹੋਰ ਲਿਖਤਾਂ ਵਾਂਗ ਬੱਲ ਨੇ ਇਸ ਲੇਖ ਵਿਚ ਵੀ ਸਿਰੇ ਦਾ ਬਿਰਤਾਂਤ ਜੋੜਨ ਦਾ ਯਤਨ ਕੀਤਾ ਹੈ। ਇਸ ਲੇਖ ਦਾ ਸੰਪਾਦਨ ਕਰਦਿਆਂ ਮੈਨੂੰ ਡਾ. ਰਘਬੀਰ ਸਿੰਘ (ਸਿਰਜਣਾ) ਵੱਲੋਂ ਚਿਰ ਪਹਿਲਾਂ ਕੰਵਲ ਦੇ ਨਾਵਲਾਂ ਬਾਰੇ ਲਿਖੇ ਲੇਖ ਦਾ ਚੇਤਾ ਆ ਗਿਆ। ਉਸ ਲੇਖ ਵਿਚ ਡਾ. ਸਿਰਜਣਾ ਨੇ ਦਲੀਲਾਂ ਸਹਿਤ ਦੱਸਿਆ ਸੀ ਕਿ ਕੰਵਲ ਦਾ ਪ੍ਰਗਤੀਵਾਦੀ ਸਾਹਿਤ ਨਾਲ ਲੈਣਾ-ਦੇਣਾ ਬਹੁਤ ਓਪਰੀ ਕਿਸਮ ਦਾ ਸੀ; ਕਿ ਉਸ ਦੇ ਨਾਵਲਾਂ ਦੇ ਪਾਤਰ ਜਗੀਰੂ ਢਾਂਚੇ ਦੇ ਹੱਕ ਵਿਚ ਹੀ ਭੁਗਤੀ ਜਾਂਦੇ ਹਨ। ਕੰਵਲ ਨੂੰ ਗਹਿਰਾਈ ਨਾਲ ਵਾਚਦਿਆਂ ਹੋਰ ਗੱਲਾਂ ਦੀਆਂ ਤੰਦਾਂ ਜੁੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਦਰਅਸਲ ਕੰਵਲ ਦੀਆਂ ਲਿਖਤਾਂ ਨੂੰ ਡੀਕੋਡ ਕਰਨ ਲਈ ਹੁਣ ਸਮੁੱਚੇ ਵਰਤਾਰੇ ਨੂੰ ਗੌਲਣਾ ਪਵੇਗਾ। ਇਸ ਵਿਚਾਰ-ਚਰਚਾ ਰਾਹੀਂ 'ਪੰਜਾਬ ਟਾਈਮਜ਼' ਇਹੀ ਕੁਝ ਗੱਲਾਂ ਪਾਠਕਾਂ ਨਾਲ ਕਰਨ ਲਈ ਅਹੁਲ ਰਿਹਾ ਹੈ। ਇਨ੍ਹਾਂ ਗੱਲਾਂ ਨਾਲ ਪੰਜਾਬ ਅਤੇ ਪੰਜਾਬੀਆਂ ਦੀਆਂ ਗੱਲਾਂ ਬਹੁਤ ਗਹਿਰੀਆਂ ਜੁੜੀਆਂ ਹੋਈਆਂ ਹਨ। -ਸੰਪਾਦਕ*

'ਪੰਜਾਬ ਟਾਈਮਜ਼' ਵਿਚ ਚਾਹੇ ਜਰਾ ਦੇਰ ਨਾਲ ਹੀ ਸਹੀ ਪ੍ਰੰਤੂ ਸ. ਜਸਵੰਤ ਸਿੰਘ ਕੰਵਲ ਦੇ ਰਚਨਾ ਅਮਲ ਅਤੇ ਉਸ ਦੀ ਵਿਚਾਰਧਾਰਾ ਬਾਰੇ ਬੜੀ ਮਹੱਤਵਪੂਰਨ ਚਰਚਾ ਸ਼ੁਰੂ ਹੋਈ ਹੈ। ਪੰਜਾਬ ਟਾਈਮਜ਼ ਦੇ ਕੁਝ ਹਿਤੈਸ਼ੀਆਂ ਦੇ ਇਸਰਾਰ 'ਤੇ ਸਖਤ ਝਿਜਕ ਦੇ ਬਾਵਜੂਦ ਕੰਵਲ ਬਾਈ ਦੀਆਂ ਮੁਢਲੀਆਂ ਲਿਖਤਾਂ ਦਾ ਪੁਰਾਣਾ ਪ੍ਰਸ਼ੰਸਕ ਹੋਣ ਦੇ ਨਾਤੇ ਮੈਂ ਪਾਠਕਾਂ ਨਾਲ ਆਪਣੇ ਪੁਰਾਣੇ ਉਤਸ਼ਾਹ ਅਤੇ ਬਾਅਦ ਦੇ ਸਮਿਆਂ ਦੀ ਨਿਰਾਸ਼ਾ ਦੇ ਕੁਝ ਤਰਦੇ ਤਰਦੇ ਪ੍ਰਭਾਵ ਸਾਂਝੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।


ਸਭ ਤੋਂ ਪਹਿਲਾਂ ਤਾਂ ਮੈਂ ਇਹ ਇਕਬਾਲ ਕਰਨਾ ਚਾਹਾਂਗਾ ਕਿ 10ਵੀਂ ਜਮਾਤ ਵਿਚ ਪੜ੍ਹਦਿਆਂ ਜਾਂ ਕਾਲਜ ਦੇ ਮੁੱਢਲੇ ਵਰ੍ਹਿਆਂ ਦੌਰਾਨ ਕੰਵਲ ਸਾਹਿਬ ਦੀਆਂ ਸ਼ੁਰੂਆਤੀ ਸਮੇਂ ਦੀਆਂ ਕਿਰਤਾਂ- ਖਾਸ ਕਰਕੇ 'ਪਾਲੀ', 'ਰਾਤ ਬਾਕੀ ਹੈ' ਅਤੇ 'ਪੂਰਨਮਾਸ਼ੀ' ਤੋਂ ਮੈਂ ਵੀ ਉਵੇਂ ਹੀ ਪੂਰੀ ਤਰ੍ਹਾਂ ਮੋਹਿਆ ਗਿਆ ਸਾਂ ਜਿਵੇਂ ਕਿ ਕੰਵਲ ਦੇ ਹੋਰ ਹਜ਼ਾਰਾਂ, ਲੱਖਾਂ ਪਾਠਕ। ਮੈਨੂੰ 45-46 ਵਰ੍ਹੇ ਪਹਿਲਾਂ ਦੇ ਉਹ ਪਲ ਕਿਸੇ ਹੁਣੇ ਜਿਹੇ ਦੇ ਅਹਿਸਾਸ ਵਾਂਗ ਯਾਦ ਹਨ ਜਦੋਂ 'ਪੂਰਨਮਾਸ਼ੀ' ਨਾਵਲ ਪੜ੍ਹਦਿਆਂ ਮੇਰੀ ਅੰਤਰ-ਆਤਮਾ ਕਿਸੇ ਅਗੰਮੀ ਜਲਧਾਰਾ ਵਿਚ ਕੁੰਚਨ ਇਸ਼ਨਾਨ ਕਰ ਲੈਣ ਵਾਂਗ ਧੋਤੀ ਗਈ ਸੀ ਅਤੇ ਮੈਨੂੰ ਕਿਸੇ ਪਵਿੱਤਰ ਦਹਿਲ ਜਿਹੇ ਨੇ ਘੇਰ ਲਿਆ ਸੀ ਕਿ ਨਾਵਲ ਖਤਮ ਹੋ ਜਾਣ ਤੋਂ ਬਾਅਦ ਜੀਵਿਆ ਕਿੰਜ ਜਾਵੇਗਾ! ਮੈਨੂੰ ਇਹ ਵੀ ਯਾਦ ਨਹੀਂ ਕਿ ਮੈਂ 'ਰਾਤ ਬਾਕੀ ਹੈ' ਨਾਵਲ ਕਿੰਨੀ ਕੁ ਵਾਰ ਖਰੀਦਿਆ ਅਤੇ ਕਿੰਨੇ ਕੁ ਲੋਕਾਂ ਨੂੰ ਪੜ੍ਹਨ ਲਈ ਪ੍ਰੇਰਿਆ। ਕਿਸੇ ਸਾਹਿਤਕ ਕਿਰਤ ਨੂੰ ਪੜ੍ਹ ਕੇ ਉੱਦਾਤ ਜਿਹਾ ਅਨੁਭਵ ਪਹਿਲੀ ਵਾਰ ਮੈਨੂੰ ਇਸ ਨਾਵਲ ਦੇ ਪਾਠ ਨਾਲ ਹੀ ਹੋਇਆ ਸੀ।

ਇਨ੍ਹਾਂ ਨਾਵਲਾਂ ਦੀ ਪੜ੍ਹਤ ਤੋਂ ਤਕੜੀਆਂ ਉਮੀਦਾਂ ਉਪਜੀਆਂ ਸਨ ਕਿ ਆਪਣੀਆਂ ਅਗਲੀਆਂ ਕਿਰਤਾਂ ਵਿਚ ਕੰਵਲ ਬਾਈ ਹੋਰ ਵੱਡੀਆਂ ਕਲਾਤਮਕ ਅਤੇ ਸੁਹਜਾਤਮਕ ਸਿਖਰਾਂ ਨੂੰ ਛੂੰਹਦੇ ਚਲੇ ਜਾਣਗੇ। ਪ੍ਰੰਤੂ ਮਨ ਵਿਚ ਬੇਹੱਦ ਨਿਰਾਸ਼ਾ ਉਸ ਸਮੇਂ ਹੋਈ ਜਦੋਂ ਕਲਾਤਮਕ ਪ੍ਰਤਿਭਾ ਦੀ ਸਿਖਰ ਦੇ ਆਪਣੇ ਦੌਰ ਵਿਚ ਉਨ੍ਹਾਂ ਨੇ 'ਮਿੱਤਰ ਪਿਆਰੇ ਨੂੰ' ਨਾਂ ਦਾ ਵੱਡ ਅਕਾਰੀ ਨਾਵਲ ਲਿਖ ਮਾਰਿਆ। ਇਤਿਹਾਸਕ, ਸਮਾਜਿਕ, ਮਨੋਵਿਗਿਆਨਕ ਸੂਝ ਤੋਂ ਕੋਰਾ ਉਹ ਨਾਵਲ ਸਿਰੇ ਦਾ ਸਪਾਟ ਸੀ। ਹੋਰ ਤਾਂ ਹੋਰ ਇਸ ਨਾਵਲ ਤੋਂ ਕਈ ਵਰ੍ਹੇ ਪਿੱਛੋਂ ਆ ਕੇ 'ਪੁੰਨਿਆਂ ਦਾ ਚਾਨਣ' ਸਿਰਲੇਖ ਹੇਠ ਛਪੀ ਕੰਵਲ ਦੀ ਸਵੈਜੀਵਨੀ, ਜਿਸ ਤੋਂ ਪਾਠਕਾਂ ਨੂੰ ਬਹੁਤ ਉਮੀਦਾਂ ਸਨ, ਵੀ ਅਜਿਹੇ ਦੋਸ਼ਾਂ ਤੋਂ ਖਾਲੀ ਨਹੀਂ ਹੈ।

ਇੰਨੇ ਵਰ੍ਹਿਆਂ ਬਾਅਦ 'ਮਿੱਤਰ ਪਿਆਰੇ ਨੂੰ' ਨਾਵਲ ਬਾਰੇ ਗੱਲ ਕਰਦਿਆਂ ਮੈਨੂੰ ਉਨ੍ਹਾਂ ਕੁ ਦਿਨਾਂ ਵਿਚ ਮਹਾਨ ਅੰਗਰੇਜ਼ ਮਾਰਕਸੀ ਚਿੰਤਕ ਰੈਲਫ ਫਾਕਸ ਦੀਆਂ ਆਪਣੀ ਹੀ ਭਾਸ਼ਾ ਦੇ ਮਹਾਨ ਨਾਵਲਕਾਰ ਡੀ. ਐਚ. ਲਾਰੰਸ ਬਾਰੇ ਲਿਖੀਆਂ ਸਤਰਾਂ ਯਾਦ ਆ ਰਹੀਆਂ ਹਨ। ਰੈਲਫ ਫਾਕਸ ਦੇ ਨਿਰਣੇ ਅਨੁਸਾਰ ਲਾਰੰਸ 'ਸੰਨਜ ਐਂਡ ਲਵਰਜ਼' ਅਤੇ 'ਰੇਨਬੋ' ਨਾਂ ਦੇ ਆਪਣੇ ਮੁਢਲੇ ਨਾਵਲਾਂ ਵਿਚ ਤਾਂ ਹਰ ਪਹਿਲੂ ਤੋਂ ਕਮਾਲ ਸੀ ਪ੍ਰੰਤੂ ਉਸ ਤੋਂ ਬਾਅਦ ਦੀਆਂ ਕਿਰਤਾਂ ਵਿਚ 'ਭਾਸ਼ਾ' ਨਾਲ ਖਿਲਵਾੜ ਤੋਂ ਵੱਧ ਕੁਝ ਵੀ ਨਹੀਂ ਸੀ। ਰੈਲਫ ਫਾਕਸ ਉਹ ਸੂਰਬੀਰ ਚਿੰਤਕ ਅਤੇ ਮਹਾਨ ਕਲਾ ਆਲੋਚਕ ਸੀ ਜਿਸ ਦਾ ਦ੍ਰਿੜ ਵਿਸ਼ਵਾਸ ਸੀ ਕਿ ਸਾਹਿਤ ਸਿਰਜਣ ਅਤੇ ਮਾਨਵੀ ਸੁਤੰਤਰਤਾ ਲਈ ਸੰਗਰਾਮ ਨੂੰ ਕੱਤਈ ਤੌਰ 'ਤੇ ਅਲੱਗ ਨਹੀਂ ਕੀਤਾ ਜਾ ਸਕਦਾ ਅਤੇ ਆਪਣੇ ਇਸੇ ਅਕੀਦੇ ਤਹਿਤ ਹੀ ਉਸ ਨੇ ਸਪੇਨੀ ਖਾਨਾਜੰਗੀ ਦੌਰਾਨ ਰਿਪਬਲੀਕਨ ਪਾਲੇ ਵਿਚ ਸ਼ਰੀਕ ਹੋ ਕੇ ਫਾਸ਼ੀ ਧਿਰਾਂ ਵਿਰੁਧ ਲੜਦਿਆਂ ਆਪਣੀ ਅਤਿ ਕੀਮਤੀ ਜਿੰਦ ਦੀ ਸ਼ਹਾਦਤ ਦੇ ਦਿੱਤੀ ਸੀ।

ਰੈਲਫ ਫਾਕਸ ਦੀਆਂ ਅੰਤਰ ਦ੍ਰਿਸ਼ਟੀਆਂ ਅਤੇ ਉਨ੍ਹਾਂ ਦੇ ਪ੍ਰਤੀਬਧ ਜੀਵਨ ਪ੍ਰਤੀ ਸਤਿਕਾਰ ਦੇ ਬਾਵਜੂਦ ਮੈਂ ਲਾਰੰਸ ਬਾਰੇ ਉਨ੍ਹਾਂ ਦੇ ਅਜਿਹੇ ਸਖਤ ਨਿਰਣੇ ਨਾਲ ਸਹਿਮਤ ਨਹੀਂ। ਮੈਨੂੰ ਲਾਰੰਸ ਦੇ ਅਗਲੇ 'ਵਿਮੈਨ ਇਨ ਲਵ' ਅਤੇ 'ਲੇਡੀ ਚੈਟਰਲੀਜ ਲਵਰ' ਨਾਂ ਦੇ ਨਾਵਲ ਵੀ ਕਰਤਾਰੀ ਕਲਾਤਮਕ ਪ੍ਰਤਿਭਾ ਦੀ ਪੈਦਾਇਸ਼ ਲੱਗੇ ਸਨ ਤੇ ਅੱਜ ਵੀ ਉਨ੍ਹਾਂ ਦੇ ਕਲਾਤਮਕ ਜਲੌਅ ਬਾਰੇ ਮੇਰੀ ਰਾਈ ਬਦਲੀ ਨਹੀਂ ਹੈ।

ਪਾਠਕ ਮੁਆਫ ਕਰਨ ਪਰ ਰੈਲਫ ਫਾਕਸ ਅਤੇ ਲਾਰੰਸ ਦੀ ਕਹਾਣੀ ਮੈਂ ਮਹਿਜ਼ ਉਨ੍ਹਾਂ ਨਾਲ ਇਹ ਗੱਲ ਸਾਂਝੀ ਕਰਨ ਲਈ ਸੁਣਾਈ ਹੈ ਕਿ ਲਾਰੰਸ ਬਾਰੇ ਰੈਲਫ ਫਾਕਸ ਦਾ ਨਿਰਣਾ ਸਹੀ ਹੋਵੇ ਜਾਂ ਨਾ, ਮੇਰੀ ਜਾਚੇ ਮੁਢਲੇ ਨਾਵਲਾਂ ਤੋਂ ਬਾਅਦ ਦੇ ਸਮੇਂ 'ਚ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ, ਖਾਸ ਕਰਕੇ 'ਲਹੂ ਦੀ ਲੋਅ' ਤੋਂ ਬਾਅਦ ਪਿਛਲੇ 30-35 ਵਰ੍ਹਿਆਂ ਤੋਂ ਉਨ੍ਹਾਂ ਵਲੋਂ ਸਾਹਿਤ ਰਚਨਾ ਦੇ ਖੇਤਰ ਵਿਚ ਕੀਤੀ ਗਈ ਸਾਰੀ ਘਾਲ ਕਮਾਈ ਬਹੁਤ ਹੀ ਨੀਰਸ ਕਿਸਮ ਦੀ ਬੇਸਿਰ ਪੈਰ ਅਤੇ ਸਿਰੇ ਦੀ ਭਾਵੁਕ ਗੈਰ-ਜ਼ਿੰਮੇਵਾਰਾਨਾ ਕਲਮ-ਘਸਾਈ ਤੋਂ ਵਧ ਕੇ ਕੁਝ ਵੀ ਨਹੀਂ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਸਾਡਾ ਵੱਡਾ ਭਾਈ ਪ੍ਰਿੰਸੀਪਲ ਸਰਵਣ ਸਿੰਘ ਕੰਵਲ ਦੀ ਦਿਲਚਸਪ ਅਤੇ ਬਹੁਪੱਖੀ ਸ਼ਖਸੀਅਤ ਬਾਰੇ ਪੂਰਨ ਉਤਸ਼ਾਹੀ ਵੇਗ ਨਾਲ ਜਾਣਕਾਰੀ ਦਿੰਦਿਆਂ ਉਸ ਦੇ ਸ਼ੁਰੂਆਤੀ ਨਾਵਲਾਂ ਦਾ ਤਾਂ ਜਾਇਜ ਰੂਪ ਵਿਚ ਹੀ ਬੜੇ




ਸਤਿਕਾਰ ਨਾਲ ਜ਼ਿਕਰ ਕਰਦਾ ਹੈ ਜਦੋਂ ਕਿ ਉਸ ਦੇ ਮਗਰਲੇ ਦੌਰ ਦੀਆਂ ਰਚਨਾਵਾਂ ਵਿਚੋਂ ਬਿਨਾਂ ਕਿਸੇ ਟਿੱਪਣੀ ਦੇ ਇਕ-ਦੋ ਹਵਾਲੇ ਪੇਸ਼ ਕਰਦਿਆਂ ਬੜੀ ਹੀ ਸ਼ਾਇਸਤਗੀ ਨਾਲ ਇਹ ਕਹਿੰਦਿਆਂ ਟਾਟਾ ਕਰਕੇ ਜਲਦੀ ਨਾਲ ਅਗਾਂਹ ਨਿਕਲ ਜਾਂਦਾ ਪ੍ਰਤੀਤ ਹੁੰਦਾ ਹੈ ਕਿ ਆਪਣੇ ਮਿੱਤਰ ਪਿਆਰੇ ਅਤੇ 'ਰਹਿਨੁਮਾ' ਦੀਆਂ ਇਸ ਦੌਰ ਦੀਆਂ ਬਾਹਲੀਆਂ ਲਿਖਤਾਂ ਉਸ ਨੇ ਪੜ੍ਹੀਆਂ ਹੀ ਨਹੀਂ ਹਨ।

ਪਾਠਕਾਂ ਨੂੰ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੰਵਲ ਹੋਰਾਂ ਦੀ ਦੂਸਰੀ ਬੀਵੀ, ਭੈਣ ਜਸਵੰਤ ਗਿੱਲ ਦੀ ਸ਼ਖਸੀਅਤ ਦੀ ਸਵੱਛਤਾ ਪ੍ਰਤੀ ਸਾਡੇ ਮਨ ਅੰਦਰ ਸਿਹਤ ਵਿਗਿਆਨ ਬਾਰੇ ਉਨ੍ਹਾਂ ਦੇ ਮੁਢਲੇ ਲੇਖ ਪੜ੍ਹਨ ਦੇ ਦਿਨਾਂ ਤੋਂ ਹੀ ਵਿਸ਼ੇਸ਼ ਮੋਹ ਅਤੇ ਸਤਿਕਾਰ ਸੀ। ਪੰਜਾਬੀ ਯੂਨੀਵਰਸਿਟੀ 'ਚ ਸਿਹਤ ਅਧਿਐਨ ਵਿਭਾਗ ਦੇ ਪਿਛਲੇ ਮੁਖੀ ਅਤੇ ਆਪਣੇ ਅਜੀਜ ਗੁਰਨਾਇਬ ਸਿੰਘ ਤੋਂ ਮਿਲੀ ਜਾਣਕਾਰੀ ਤੋਂ ਕੰਵਲ ਸਾਹਿਬ ਦੀ 'ਪੁੰਨਿਆ ਦਾ ਚਾਨਣ' ਸਿਰਲੇਖ ਹੇਠਲੀ ਸਵੈਜੀਵਨੀ ਛਪ ਕੇ ਆਉਣ ਤੋਂ ਪਹਿਲਾਂ ਹੀ ਸਾਨੂੰ ਪਤਾ ਲੱਗ ਗਿਆ ਸੀ ਕਿ ਭੈਣ ਜਸਵੰਤ ਗਿੱਲ ਨਾਲ ਆਪਣੀ ਅਦਭੁਤ ਮੁਹੱਬਤ ਅਤੇ ਪਰੀਨੁਮਾ ਵਿਆਹ ਦੀ ਕਹਾਣੀ ਆਪਣੇ ਲੱਖਾਂ ਪਾਠਕਾਂ ਅੱਗੇ ਨਸ਼ਰ ਕਰਨ ਖਾਤਰ ਹੀ ਉਹ ਆਪਣੀ ਇਸ ਅਜ਼ੀਮ ਮੁਹੱਬਤ ਦੀ ਵਿਥਿਆ ਕਹਿਣ ਜਾ ਰਹੇ ਹਨ। ਗੁਰਨਾਇਬ ਹੋਰਾਂ ਦੇ ਵਿਭਾਗ ਨਾਲ ਇਸ ਪੁਸਤਕ ਦਾ ਕੰਟਰੈਕਟ ਸਿਰੇ ਕਿਉਂ ਨਾ ਲੱਗਾ, ਇਸ ਬਾਰੇ ਕੋਈ ਨਾਵਲਨੁਮਾ ਕਿਤਾਬ ਤਾਂ ਉਹ ਖੁਦ ਹੀ ਲਿਖਣ ਦਾ ਮਨ ਬਣਾਈ ਫਿਰਦਾ ਹੈ, ਮੈਨੂੰ ਹਾਲ ਦੀ ਘੜੀ ਕੇਵਲ ਇਤਨਾ ਦੱਸਣ ਦੀ ਇਜਾਜਤ ਦਿੱਤੀ ਜਾਵੇ ਕਿ ਸਾਲ 2000 'ਚ ਲਾਹੌਰ ਬੁੱਕ ਸ਼ਾਪ ਵਾਲਿਆਂ ਵਲੋਂ ਕਿਤਾਬ ਛਾਪ ਦੇਣ ਦੀ ਸੋਅ ਲੱਗਦੇ ਸਾਰ ਮੈਂ ਉਚੇਚੇ ਤੌਰ 'ਤੇ ਪੌਣੇ ਕੁ ਚਾਰ ਸੌ ਸਫੇ ਦੀ ਇਹ ਪੁਸਤਕ ਯੂਨੀਵਰਸਿਟੀ ਕੈਂਪਸ ਅੰਦਰ ਬੁੱਕ ਸ਼ਾਪ ਵਾਲੇ ਆਪਣੇ ਬਜ਼ੁਰਗ ਮਿੱਤਰ ਮਦਾਨ ਸਾਹਿਬ ਰਾਹੀਂ ਮੰਗਵਾ ਕੇ ਉਨ੍ਹੀਂ ਦਿਨੀਂ ਆਪਣੀਆਂ ਕਈ ਤਰ੍ਹਾਂ ਦੀਆਂ ਮਾਨਸਿਕ ਕਸ਼ੀਦਗੀਆਂ ਦੇ ਬਾਵਜੂਦ ਦੋ-ਤਿੰਨਾਂ ਬੈਠਕਾਂ ਅੰਦਰ ਮੁਕਾ ਕੇ ਹੀ ਸਾਹ ਲਿਆ ਸੀ।

ਕੰਵਲ ਸਾਹਿਬ ਆਪਣੀ ਇਹ ਵਿਥਿਆ ਕਹਿੰਦਿਆਂ ਬਹੁਤ ਹੀ ਦਿਲਚਸਪ ਵੇਰਵੇ ਨਾਲ ਦੱਸਦੇ ਹਨ ਕਿ ਕਿੰਜ ਸੰਨ '47 ਦੇ ਭਿਆਨਕ ਬਟਵਾਰੇ ਤੋਂ ਤੁਰੰਤ ਪਿੱਛੋਂ ਪੰਜਾਬ ਦੇ ਦੰਤਕਥਾਈ ਅਕਾਰ ਦੇ ਮਹਾਨ ਕਮਿਊਨਿਸਟ ਆਗੂ ਤੇਜਾ ਸਿੰਘ ਸੁਤੰਤਰ ਦੀ ਲਾਲ ਕਮਿਊਨਿਸਟ ਪਾਰਟੀ ਦੀ ਸੁਯੋਗ ਅਗਵਾਈ ਹੇਠ ਚਲੀ ਪੈਪਸੂ ਮੁਜਾਰਾ ਲਹਿਰ ਦੀ ਪ੍ਰੇਰਨਾ ਤਹਿਤ ਉਨ੍ਹਾਂ ਵਲੋਂ ਆਪਣੀ ਚੜ੍ਹਦੀ ਉਮਰੇ ਲਿਖੇ ਗਏ 'ਰਾਤ ਬਾਕੀ ਹੈ' ਨਾਂ ਦੇ ਸਸ਼ਕਤ ਰੁਮਾਂਟਿਕ ਨਾਵਲੀ ਬਿਰਤਾਂਤ ਨੇ ਪੰਜਾਬ ਦੇ ਹਜ਼ਾਰਾਂ ਮੁੰਡਿਆਂ ਦੇ ਮਨਾਂ ਨੂੰ ਹੀ ਨਹੀਂ ਸੀ ਮੋਹਿਆ ਸਗੋਂ ਘਰਾਂ 'ਚੋਂ ਖੱਗ ਕੇ ਇਨਕਲਾਬੀ ਰਾਹਾਂ 'ਤੇ ਤੋਰਿਆ। ਇਹੋ ਨਾਵਲ ਪੜ੍ਹ ਕੇ ਪੜ੍ਹੇ ਲਿਖੇ ਅਤੇ ਸਭਿਅਕ ਘਰਾਣੇ ਦੀ ਜੰਮਪਲ ਡਾਕਟਰੀ ਦੀ ਪੜ੍ਹਾਈ ਕਰਕੇ ਨਵੀਂ ਨਵੀਂ ਨੌਕਰੀ 'ਤੇ ਲੱਗੀ ਬਹੁਤ ਹੀ ਜਹੀਨ ਅਤੇ ਅੰਤਾਂ ਦੀ ਮਨਮੋਹਕ ਸ਼ਖਸੀਅਤ ਵਾਲੀ ਜਸਵੰਤ ਗਿੱਲ ਵੀ ਇਸ ਵਿਥਿਆ ਦੀ ਨਾਇਕਾ ਦੇ ਮੋਹ ਵਿਚ ਫਾਹੀ ਗਈ ਸੀ ਬਲਕਿ ਕਮਲੀ ਹੀ ਹੋ ਗਈ ਸੀ। ਇਹ ਅਲੱਗ ਬਾਤ ਹੈ ਕਿ ਅਗਲੇ 12 ਵਰ੍ਹਿਆਂ ਤਕ ਆਪਣੇ ਮਨ ਦੀ ਮਲਿਕਾ ਨੂੰ ਵਿਆਹ ਕੇ ਆਪਣੇ ਪਿੰਡ ਢੁੱਡੀਕੇ ਲਿਆ ਵਸਾਉਣ ਤੋਂ ਪਹਿਲਾਂ ਬਾਬਿਆਂ ਨੇ ਆਪਣੀ ਇਸ ਲਾਸਾਨੀ ਪ੍ਰਾਪਤੀ ਦੀ ਸੁੰਧਕ ਤੱਕ ਵੀ ਬਾਹਰ ਨਹੀਂ ਨਿਕਲਣ ਦਿੱਤੀ ਸੀ।

ਸੋ ਇਹ ਗੱਲ ਤਾਂ 'ਪੁੰਨਿਆ ਦਾ ਚਾਨਣ' ਪੜ੍ਹ ਕੇ ਹੀ ਪਤਾ ਲੱਗੀ ਕਿ 'ਰਾਤ ਬਾਕੀ ਹੈ' ਦੀ ਪੜ੍ਹਤ ਦਾ ਜਾਦੂ ਕੇਹੇ ਗੁਲ ਖਿੜ੍ਹਾ ਗਿਆ ਸੀ। ਇੰਨੀ ਗੱਲ ਤਾਂ ਅਸਾਂ ਸੁਣੀ ਹੋਈ ਸੀ ਕਿ ਬਲਰਾਜ ਸਾਹਨੀ ਨੇ ਇਹ ਨਾਵਲ ਦੱਖਣ ਵੱਲ ਕਿਧਰੇ ਆਪਣੀ ਕਿਸੇ ਫਿਲਮ ਦੀ ਸ਼ੂਟਿੰਗ ਦੌਰਾਨ ਪੜ੍ਹਿਆ ਸੀ ਅਤੇ ਇਸ ਦੇ ਰੁਮਾਂਟਿਕ ਤ੍ਰਾਸਦਿਕ ਬਿਰਤਾਂਤ ਦੇ ਕੀਲੇ ਉਹ ਸ਼ੂਟਿੰਗ ਵਿਚਾਲੇ ਛੱਡ ਕੇ ਹੀ ਸਿੱਧੇ ਢੁੱਡੀਕੇ ਚਲੇ ਆਏ ਸਨ ਅਤੇ ਕੰਵਲ ਸਾਹਿਬ ਦੀ ਸ਼ਖਸੀਅਤ ਜਾਂ ਕਲਾ ਮੂਹਰੇ ਅੱਗੇ ਸਦਾ ਸਦਾ ਲਈ ਸਮਰਪਿਤ ਹੋ ਗਏ ਸਨ।

ਹੁਣ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ 'ਪੁੰਨਿਆ ਦਾ ਚਾਨਣ' ਦੇ 2009 'ਚ ਛਪੇ ਦੂਸਰੇ ਐਡੀਸ਼ਨ ਦੀ ਜੋ ਕਾਪੀ ਮੇਰੇ ਕੋਲ ਹੈ। ਉਸ ਦੇ ਅਰੰਭ ਵਿਚ 'ਨਹੀਂ ਲੱਭਣੇ ਲਾਲ ਗਵਾਚੇ' ਉਨਵਾਨ ਹੇਠ ਡਾ. ਜਸਵੰਤ ਗਿੱਲ ਦੀ ਤਸਵੀਰ ਸੁਸ਼ੋਭਿਤ ਹੈ। ਤਸਵੀਰ ਦੇ ਹੇਠਾਂ

"ਕੋਈ ਜਾਣੇ ਨਾ ਜਾਣੇ...ਪਰ ਮੈਂ ਤਾਂ ਚੰਨੋ ਤੇਰੀ ਪੂਜਾ ਕੀਤੀ ਹੈ, ਸਿਮਰਨ ਜਾਰੀ ਹੈ। -ਤੇਰਾ ਕੰਵਲ" ਸ਼ਬਦਾਂ ਵਾਲੀ ਕੈਪਸ਼ਨ ਅੰਕਿਤ ਹੈ।

ਨਿਰਸੰਦੇਹ ਤਸਵੀਰ ਵਿਚ ਡਾ. ਜਸਵੰਤ ਗਿੱਲ ਦੇ ਚਿਹਰੇ 'ਤੇ ਅੰਤਾਂ ਦੀ ਉੱਦਾਤ ਸਾਦਗੀ ਅਤੇ ਕਲਾਸੀਕਲ ਕਿਸਮ ਦਾ ਸੁਹੱਪਣ ਨੁਮਾਇਆ ਰੂਪ ਵਿਚ ਡੁੱਲ੍ਹ ਡੁੱਲ੍ਹ ਪੈਂਦਾ ਨਜ਼ਰ ਆਉਂਦਾ ਹੈ।

ਡਾ. ਜਸਵੰਤ ਗਿੱਲ ਜਾਂ ਬਲਰਾਜ ਸਾਹਨੀ ਵਰਗੀਆਂ ਪਵਿਤਰ ਹਸਤੀਆਂ ਦੀ 'ਰਾਤ ਬਾਕੀ ਹੈ' ਪੜ੍ਹ ਕੇ ਜਸਵੰਤ ਸਿੰਘ ਕੰਵਲ ਦੇ ਬਿਰਤਾਂਤ ਤੋਂ ਕੁਰਬਾਨ ਜਾਣ ਵਾਲੀ ਤਿਆਰ ਹੋਣ ਦੀ ਤਾਂਘ ਭਲੇ ਹੀ ਸਮਝ ਆਉਂਦੀ ਹੈ। ਕਾਰਨ ਇਹ ਵੀ ਹੈ ਕਿ ਅਜਿਹੀ ਤਾਂਘ ਮੇਰੇ ਆਪਣੇ ਕਾਲਜੀ ਦਿਨਾਂ ਦੇ ਸਮੇਂ ਦੇ ਜਜ਼ਬਾਤ ਨਾਲ ਵੀ ਮੇਲ ਖਾਂਦੀ ਹੈ। ਪ੍ਰੰਤੂ ਮੁਆਫ ਕਰਨਾ ਇਹ ਗੱਲ ਮੇਰੇ ਲਈ 'ਬਾਰਾਮੂਡਾ ਦੀ ਤਿਕੋਣ' ਜਾਂ ਮਿਸਰ ਦੇ ਪਿਰਾਮਿਡਾਂ ਤੋਂ ਵੀ ਵੱਧ ਭੇਦ ਭਰੀ ਹੈ ਕਿ ਅਜਿਹੀਆਂ ਉੱਦਾਤ ਹਸਤੀਆਂ ਕੰਵਲ ਬਾਈ ਜੀ ਦੇ ਜੀਵਨ ਦੇ ਦੂਸਰੇ ਅੱਧ ਦੇ ਸਾਲਾਂ ਦੇ ਅਤਿ ਨੀਰਸ ਅਮਲ ਅਤੇ ਖੋਖਲੇ, ਉਕਤਾਊ ਬਿਰਤਾਂਤ ਦੇ ਬਾਵਜੂਦ ਕਿਸ ਰਹੱਸਮਈ ਸ਼ਕਤੀ ਦੇ ਆਸਰੇ ਉਨ੍ਹਾਂ ਦੀ ਗ੍ਰਿਫਤ ਵਿਚ ਸਕੂਨ ਭਾਲਦੀਆਂ ਬੈਠੀਆਂ ਰਹਿੰਦੀਆਂ।

'ਪੁੰਨਿਆ ਦਾ ਚਾਨਣ' ਅਤਿ ਦੀ ਨੀਰਸ ਅਤੇ ਅਕਾਊ ਸਵੈਜੀਵਨੀ ਹੈ। ਇਸ ਪੁਸਤਕ ਦੇ ਇਕ ਇਕ ਕਾਂਡ ਦਾ ਵਿਸ਼ਲੇਸ਼ਣ ਕਰਕੇ ਇਸ ਤੱਥ ਨੂੰ ਪਰਤਿਆਇਆ ਜਾ ਸਕਦਾ ਹੈ। ਪ੍ਰੰਤੂ ਸੁਤੇ ਹੀ ਮੈਨੂੰ 'ਚਾਨਣ' ਦਾ 12 ਕਾਂਡ ਯਾਦ ਆ ਰਿਹਾ ਹੈ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਬੰਬਈ ਵਿਚ ਕਿਸੇ ਸਾਲਾਨਾ ਇਜਲਾਸ ਦਾ ਮੌਕਾ ਹੈ। ਕੰਵਲ ਸਾਹਿਬ ਭੈਣ ਜਸਵੰਤ ਗਿੱਲ ਦੇ ਨਾਲ ਸਮਾਗਮ ਵਿਚ ਸ਼ਰੀਕ ਹੋਣ ਲਈ ਪਹੁੰਚਦੇ ਹਨ। ਸਮਾਗਮ ਦੇ ਪਹਿਲੇ ਦਿਨ ਦੀ ਕਾਰਵਾਈ ਤੋਂ ਪਿੱਛੋਂ ਬਲਰਾਜ ਸਾਹਨੀ ਕੰਵਲ ਸਾਹਿਬ ਦੀ




ਕਿਸੇ ਅਤਿ ਮਨਮੋਹਕ ਅਤੇ ਜਾਦੂਈ ਸ਼ਖਸੀਅਤ ਵਾਲੀ ਅਮੀਰ ਮਹਿਲਾ ਫੈਨ ਨਾਲ ਉਨ੍ਹਾਂ ਦਾ ਤੁਆਰਫ ਕਰਵਾਉਂਦੇ ਹਨ। 'ਮੇਰੀ ਵਿਥਿਆ' ਵਿਚ ਇਹ ਅਦਭੁਤ ਹੁਸੀਨਾ ਅੰਗਰੇਜੀ ਨਾਵਲ ਪੜ੍ਹਨ ਦੀ ਲਗਨ ਨਾਲ ਓਤਪੋਤ ਦੱਸੀ ਗਈ ਹੈ। ਵਿਥਿਆ ਅਨੁਸਾਰ ਬਲਰਾਜ ਸਾਹਨੀ ਨੇ ਹੀ ਉਸ ਔਰਤ ਨੂੰ ਅੰਗਰੇਜੀ ਨਾਵਲ ਦਾ ਖਹਿੜਾ ਛੱਡ ਕੇ ਪੰਜਾਬੀ ਨਾਵਲਾਂ ਦਾ ਜਾਇਕਾ ਵੇਖਣ ਲਈ ਪ੍ਰੇਰਿਆ ਸੀ। ਪੰਜਾਬੀ ਵਿਚ ਨਾਵਲ ਲਿਖੇ ਹੋਏ ਸੁਣ ਕੇ ਪਹਿਲਾਂ ਤਾਂ ਉਹ ਔਰਤ ਹੈਰਾਨ ਹੁੰਦੀ ਹੈ, ਫਿਰ ਸਾਹਨੀ ਹੋਰਾਂ ਦੀ ਸਿਫਾਰਸ਼ ਤੇ (ਸਾਡੀ ਜਾਚੇ) ਕੰਵਲ ਸਾਹਿਬ ਦਾ ਸਿਰੇ ਦਾ ਨਿਕੰਮਾ ਨਾਵਲ 'ਮਿੱਤਰ ਪਿਆਰੇ ਨੂੰ' ਪੜ੍ਹ ਕੇ ਉਹ ਔਰਤ ਵੀ ਕੰਵਲ ਸਾਹਿਬ ਦੀ ਸ਼ਖਸੀਅਤ 'ਤੇ ਫਿਦਾ ਹੋ ਗਈ। ਇਸ ਘਟਨਾ ਦਾ ਬਿਰਤਾਂਤ ਅਜਿਹੇ ਕੁਚੱਜੇ ਅੰਦਾਜ਼ ਵਿਚ ਕੀਤਾ ਗਿਆ ਹੈ ਕਿ ਇਸ ਨੂੰ ਪੜ੍ਹਦਿਆਂ ਕੈਅ ਜਿਹੀ ਆਉਣ ਲੱਗ ਜਾਂਦੀ ਹੈ। ਬੜਾ ਚੰਗਾ ਹੁੰਦਾ ਜੇ ਕੰਵਲ ਬਾਈ ਜੀ ਨੇ ਆਪਣੀ ਇਸ ਬੇਲੱਜ਼ਤ ਗਾਥਾ ਵਾਲੇ ਕਾਂਡ ਦਾ ਸਿਰਲੇਖ 'ਪੁੰਨਿਆ ਦੇ

## ਵਿਚਾਰ-ਚਰਚਾ

ਚਾਨਣ 'ਚ ਕਚਿਆਣ' ਰੱਖ ਲਿਆ ਹੁੰਦਾ।

ਜੈਕੂਲਿਨ ਫਰਾਸਵਾ ਦੀ 'ਲਾਈਫ ਵਿਦ ਪਿਕਾਸੋ', ਰੋਮੋਲਾ ਦੀ ਆਪਣੇ ਦੰਤ-ਕਥਾਈ ਡਾਂਸਰ ਪਤੀ ਨਾਲ ਸਵੈਜੀਵਨੀ 'ਨਜਿੰਸਕੀ', ਆਈਸਾਡੋਰਾ ਡੰਕਨ ਦੀ 'ਮਾਈ ਲਾਈਫ', ਰੋਜਰ ਵਾਦਿਮ ਦੀ ਸਵੈਜੀਵਨੀ, ਦੁਨੀਆਂ ਦੇ ਸਭ ਤੋਂ ਪ੍ਰਤਿਭਾਸ਼ਾਲੀ ਡੈਂਡੀ ਕੈਸਾਨੋਵਾ ਦੀ ਸਵੈਜੀਵਨੀ, ਜੀਨ ਜੈਕ ਰੂਸੋ ਦੀ 'ਮੇਰੀਆਂ ਆਪ ਬੀਤੀਆਂ', ਅੰਮ੍ਰਿਤਾ ਸ਼ੇਰਗਿੱਲ ਦੀਆਂ ਚਿੱਠੀਆਂ ਅਤੇ ਹੋਰ ਪਤਾ ਨਹੀਂ ਕੀ-ਕੀ ਕੁਝ ਜ਼ਿਹਨ ਵਿਚ ਉਭਰ ਰਿਹਾ ਹੈ। ਇਨ੍ਹਾਂ ਸਭ ਪੁਸਤਕਾਂ 'ਚ ਅਜਿਹੀ ਜਾਨ ਹੈ, ਅਜਿਹੀ ਪ੍ਰਮਾਣਿਕਤਾ ਹੈ ਕਿ ਖੁਦ-ਬਖੁਦ ਸਤਿਕਾਰ ਨਾਲ ਸਿਰ ਝੁਕ ਜਾਂਦਾ ਹੈ। ਅਫਸੋਸ ਦੀ ਗੱਲ ਹੈ ਕਿ 'ਪੁੰਨਿਆ ਦੇ ਚਾਨਣ' ਵਿਚ ਆਤਮਾ 'ਚ ਛੇਕ ਪਾ ਜਾਣ ਦੀ ਸਮਰਥਾ ਵਾਲੀ ਕਿਧਰੇ ਵੀ ਕੋਈ ਅਜਿਹੀ ਲੀਕ ਨਹੀਂ ਹੈ।

ਕੰਵਲ ਸਾਹਿਬ ਪੁਸਤਕ ਦੇ ਪਹਿਲੇ ਹੀ ਕਾਂਡ ਵਿਚ ਇਹ ਗਾਥਾ ਲਿਖਣ ਦੇ ਸਬੱਬ ਬਾਰੇ ਦੱਸਦੇ ਹਨ ਕਿ ਪੰਜਾਬੀ 'ਵਰਸਿਟੀ ਦਾ ਪੰਜਾਬੀ ਵਿਭਾਗ ਕਈ ਸਾਲ ਤੋਂ ਸਵੈਜੀਵਨੀ ਲਿਖਣ ਬਾਰੇ ਉਨ੍ਹਾਂ ਉਪਰ ਜ਼ੋਰ ਪਾ ਰਿਹਾ ਸੀ। ਪੁਸਤਕ ਦੇ ਪੰਨਾ 11 ਦੇ ਇਸ ਆਖਰੀ ਪੈਰੇ ਵਿਚ ਹੀ ਅਗਾਂਹ ਕੰਵਲ ਬਾਈ ਦਾ ਟਰੇਡ ਮਾਰਕਾ ਕਲਿਆਣ ਸ਼ੁਰੂ ਹੋ ਜਾਂਦਾ ਹੈ। ਅਖੇ, "ਆਪਣੇ ਅਨਾੜੀ ਅਤੇ ਬੇਸਮਝ ਗਵਾਰ ਪੁਰਖਿਆਂ ਨੂੰ ਕੀ ਕਹੀਏ? ਪੰਜਾਬ ਦੀ ਬਚੀ ਖੁਚੀ ਵਿਰਾਸਤ ਅੰਗਰੇਜ਼ ਤਾਂ ਸਾਨੂੰ ਦਿੰਦਾ ਸੀ ਪਰ ਸਮੇਂ ਦੇ ਆਗੂ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਬੇਹੇ ਪਾਣੀ ਵਿਚ ਬਹਿ ਗਏ। ਉਨ੍ਹਾਂ ਦੀ ਬੇਅਕਲੀ ਤੇ ਦੂਰਦਰਸ਼ਤਾ ਦੀ ਅਣਹੋਂਦ ਨੇ ਤਿਆਰ ਖੀਰ ਉਤੇ ਸੁਆਹ ਧੂੜ ਦਿੱਤੀ। ਪੰਜਾਬ ਦੀ ਗੈਰਤ ਤੇ ਸਿੱਖਾਂ ਦੀ ਕੁਰਬਾਨੀ ਨੇ ਮੱਥੇ ਤੇ ਹੱਥ ਮਾਰਦਿਆਂ ਪੁਕਾਰਿਆ:ਉਖਲ ਪੁੱਤ ਨਾ ਜੰਮਦੀ, ਧੀ ਅੰਨ੍ਹੀ ਚੰਗੀ।"

ਅਖੇ, "ਲਾਹੌਰ ਦੇ ਫਿਰਕੂ ਮਹਾਸ਼ਾ ਪ੍ਰੈਸ ਨੇ ਮਾਸਟਰ ਤਾਰਾ ਸਿੰਘ ਨੂੰ ਅਜਿਹੀ ਫੂਕ ਛਕਾਈ ਕਿ ਸਿੱਖ ਕੌਮ ਦਾ ਬਲੈਡਰ ਹੀ ਪਾੜ ਕੇ ਰੱਖ ਦਿੱਤਾ। ਮਹਾਤਮਾ ਨਹੀਂ, ਠੱਗ ਗਾਂਧੀ ਨੇ ਕੁਰਬਾਨੀ ਲੈਣ ਲਈ ਸਿੱਖਾਂ ਦੀ ਪ੍ਰਸ਼ੰਸਾ ਅਸਮਾਨੇ ਚਾੜ੍ਹ ਛੱਡੀ।"

***

"ਸਿੱਖਾਂ ਦੀ ਆਨ-ਸ਼ਾਨ ਕੁਰਬਾਨੀ ਤੇ ਬਹਾਦਰੀ ਇਸ ਅਕਾਲੀ ਲੀਡਰਸ਼ਿਪ ਹੱਥੋਂ ਮਿੱਟੀ ਵਿਚ ਰੁਲ ਕੇ ਰਹਿ ਗਈ। (ਤਾਰੀਖੀ ਮੱਲਾਂ ਮਾਰਨ ਵਾਲੀ ਅਣਖੀਲੀ ਸਿੱਖ ਕੌਮ ਬ੍ਰਾਹਮਣਵਾਦ ਦੀ ਗੁਮਾਸ਼ਤਾ ਹੋ ਗਈ। ਇਕ ਅੱਖੀਂ ਡਿੱਠੀ ਮਿਸਾਲ ਮੁਹਾਲੀ ਵਿਚ ਕਾਂਗਰਸ ਦਾ ਆਲ ਇੰਡੀਆ ਅਜਲਾਸ ਸੀ। ਇੰਦਰਾ ਦੇ ਪੁੱਤ ਸੰਜੇ ਦੇ ਗੱਡੀ ਚੜ੍ਹਨ ਸਮੇਂ ਇਕ ਪੈਰੋਂ ਚਪਲ ਲਹਿ ਕੇ ਭੁੰਜੇ ਡਿੱਗ ਪਈ। ਗਿਆਨੀ ਜੈਲ ਸਿੰਘ ਨੇ ਤੁਰੰਤ ਚੱਪਲ ਚੁੱਕ ਕੇ ਮੁੰਡੇ ਦੇ ਪੈਰੀਂ ਪਾ ਦਿੱਤੀ। ਇਹ ਦ੍ਰਿਸ਼ ਦਾਸ ਨੇ ਮੁਹਾਲੀ ਸੈਸ਼ਨ ਸਮੇਂ ਅੱਖੀਂ ਡਿੱਠਾ ਸੀ।"

ਇਸ ਕਿਸਮ ਦੀ ਊਲ ਜਲੂਲ ਨਾਲ ਵਿਥਿਆ ਦਾ ਆਗਾਜ਼ ਕਰਦਿਆਂ ਅੱਗੋਂ ਜਾ ਕੇ ਕੰਵਲ ਸਾਹਿਬ ਲੜਾਈ-ਝਗੜਿਆਂ ਅਤੇ ਆਪਸੀ ਕਤਲਾਂ ਵਿਚ ਸ਼ਕਤੀ ਗਵਾ ਰਹੇ ਆਪਣੇ ਪਿੰਡ ਢੁਡੀਕੇ ਨੂੰ ਆਪਣੀ ਰਹਿਨੁਮਾਈ ਹੇਠ ਅਨੇਕਾਂ ਉਸਾਰੂ ਪ੍ਰਾਜੈਕਟਾਂ ਵੱਲ ਪ੍ਰੇਰਿਤ ਹੁੰਦਿਆਂ ਦਿਖਾਉਂਦੇ ਹਨ। ਸ਼ੁਕਰ ਖੁਦਾ ਦਾ ਕਿ ਜਲਦੀ ਹੀ ਬਾਅਦ ਪਾਠਕ ਬੇਲੋੜਾ ਬਿਰਤਾਂਤ ਪੜ੍ਹਨ ਤੋਂ ਉਸ ਵਕਤ ਮੁਕਤੀ ਪਾ ਲੈਂਦਾ ਹੈ ਜਦੋਂ 30 ਪੰਨਿਆਂ ਤੱਕ ਆਉਂਦਿਆਂ-ਆਉਂਦਿਆਂ ਸਾਡੀ ਕਥਾ ਦਾ ਨਾਇਕ ਕਥਾ ਦੀ ਨਾਇਕਾ ਨਾਲ ਜੁੜਨ ਦੇ ਸਬੱਬ ਦੀ ਕਹਾਣੀ ਛੋਹ ਲੈਂਦਾ ਹੈ:

"ਜਦੋਂ ਮੇਰੀ ਤੇ ਜਸਵੰਤ ਗਿੱਲ ਦੀ ਅੜਿਕਣ-ਮੜਿਕਣ ਚਿੱਠੀ ਪੱਤਰ ਰਾਹੀਂ ਚਲ ਰਹੀ ਸੀ ਕਿ ਲਾਜਪਤ ਰਾਏ ਕਮੇਟੀ ਦੇ ਅਗਜ਼ੈਕਟਿਵ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਆਣ ਪਈ।" ਤੇ ਫਿਰ ਉਸੇ ਮੀਟਿੰਗ ਪਿੱਛੋਂ ਸ਼ਾਮ ਨੂੰ ਉਹ ਸੂਰਜਪੁਰ ਫੈਕਟਰੀ ਜਿੱਥੇ ਭੈਣ ਜਸਵੰਤ ਗਿੱਲ ਬਤੌਰ ਡਾਕਟਰ ਤਾਇਨਾਤ ਸੀ, ਜਾ ਉਤਾਰਾ ਕਰਦੇ ਹਨ।

ਨਾਇਕ ਦੀ ਪਹਿਲੀ ਯਾਤਰਾ ਆਪਣੇ ਉਦੇਸ਼

ਵਿਚ ਕਾਮਯਾਬ ਨਹੀਂ ਹੁੰਦੀ। ਡਾ. ਜਸਵੰਤ ਗਿੱਲ ਉਸ ਦਿਨ ਘਰ ਹਾਜ਼ਰ ਨਹੀਂ ਹੈ। ਲੇਖਕ ਵਾਪਸ ਪਿੰਡ ਪਰਤ ਕੇ ਮੋਗਾ ਸ਼ਹਿਰ ਵਿਚ ਆਪਣੇ ਪਰਮ ਮਿੱਤਰ ਸ. ਸਹਿਦੇਵ ਪਾਸ ਨਾਵਲ ਪੜ੍ਹਨ ਪਿਛੋਂ ਡਾ. ਜਸਵੰਤ ਗਿੱਲ ਵਲੋਂ ਲਿਖੀ ਚਿੱਠੀ ਕਾਰਨ ਪੈਦਾ ਹੋਈ ਬੇਚੈਨੀ ਸਾਂਝੀ ਕਰਨ ਲਈ ਪਹੁੰਚਦਾ ਹੈ।

ਸ. ਸਹਿਦੇਵ ਬਹੁਤ ਹੀ ਨਿਰਮਲ ਅਤੇ ਪਿਆਰਾ ਇਨਸਾਨ ਸੀ। ਪਾਠਕ ਸੋਚਦਾ ਹੈ ਕਿ ਉਸ ਨੂੰ ਇਸ ਵਿਖਿਆਨ ਦੇ ਬਹਾਨੇ ਉਸ ਪਵਿੱਤਰ ਆਤਮਾ ਬਾਰੇ ਜਾਣਨ ਨੂੰ ਕੁਝ ਮਿਲੇਗਾ ਪ੍ਰੰਤੂ ਇਸ ਪੱਖੋਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਵਿਖਿਆ ਦੇ ਦੂਸਰੇ ਕਾਂਡ ਦੇ ਦੂਸਰੇ ਪੰਨੇ ਤਕ ਜਾਂਦਿਆਂ ਸਾਡਾ ਨਾਇਕ ਨਵੀਂ ਦਿੱਲੀ ਪਹੁੰਚਦਾ ਹੈ ਅਤੇ ਐਨ ਪਰੀ ਕਹਾਣੀਆਂ ਵਾਂਗ ਨਵਯੁੱਗ ਪ੍ਰੈਸ ਵਾਲੇ ਭਾਪਾ ਪ੍ਰੀਤਮ ਸਿੰਘ ਅਤੇ ਉਘੇ ਹਾਸਰਸ ਲੇਖਕ ਪਿਆਰਾ ਸਿੰਘ ਦਾਤਾ, ਉਸ ਨੂੰ ਡਾ. ਜਸਵੰਤ ਗਿੱਲ ਦੀ ਉਨਾਂ ਵਿਚ ਦਿਲਚਸਪੀ ਬਾਰੇ ਇਤਲਾਹ ਦੇਣ ਲਈ ਉਡੀਕ ਰਹੇ ਹੁੰਦੇ ਹਨ।

ਨਿਸ਼ਚੇ ਹੀ ਅਜਿਹੀ ਡਰਾਮਈ ਸ਼ੁਰੂਆਤ ਨਾਲ ਪਾਠਕ ਦੇ ਮਨ ਵਿਚ ਪੰਜਾਬੀ ਸਾਹਿਤ ਜਗਤ ਦੀ ਸਭ ਤੋਂ ਅਲੋਕਾਰੀ ਪ੍ਰੇਮ ਕਹਾਣੀ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ। ਡਾ. ਜਸਵੰਤ ਗਿੱਲ ਦੀ ਸ਼ਖਸੀਅਤ ਵਿਚ ਅਜਿਹੀਆਂ ਸਭੇ ਸੰਭਾਵਨਾਵਾਂ ਮੌਜੂਦ ਸਨ ਕਿ ਪਾਠਕ ਦੇ ਮਨ ਮੰਦਰ ਉਪਜੀ ਅਜਿਹੀ ਤਮੰਨਾ ਪੂਰੀ ਹੋਵੇ ਪਰ ਦੁਰਭਾਗਵਸ ਅਜਿਹਾ ਹੁੰਦਾ ਨਹੀਂ ਹੈ। ਕੰਵਲ ਬਾਈ ਦਾ ਨੀਰਸ ਬਿਰਤਾਂਤ ਮੁਹੱਬਤ ਦੀ ਇਸ ਕਹਾਣੀ ਨੂੰ ਇਕ ਤਰ੍ਹਾਂ ਨਾਲ ਸਾਹ ਸੱਤਹੀਣ ਹੀ ਬਣਾ ਦਿੰਦਾ ਹੈ। ਆਪਣੀ ਮੁਹੱਬਤ ਦੇ ਨੀਰਸ ਹਾਲ ਪੰਜਾਬ ਦੀ ਅਜ਼ੀਮ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੇ ਵੀ ਲਿਖੇ ਸਨ ਪ੍ਰੰਤੂ ਸਾਡੀ ਜਾਚੇ ਕੰਵਲ ਬਾਈ ਇਸ ਮਾਮਲੇ ਵਿਚ ਉਸ ਨੂੰ ਵੀ ਬਹੁਤ ਪਿਛੇ ਛੱਡ ਜਾਂਦੇ ਹਨ। ਇਸ ਮਾਮਲੇ ਵਿਚ ਅਨੇਕਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਪ੍ਰੰਤੂ ਮੇਰਾ ਵਿਸ਼ਵਾਸ ਹੈ ਕਿ ਇਸ ਉਦੇਸ਼ ਲਈ ਪਹਿਲਾਂ ਬੰਬਈ ਵਾਲੀ ਘਟਨਾ ਦਾ ਵਿਸਥਾਰ ਦਸਿਆ ਹੀ ਕਾਫੀ ਹੈ। ਡਾ. ਜਸਵੰਤ ਗਿੱਲ ਦਾ ਤ੍ਰਾਸਦਿਕ ਅੰਤ ਨਿਸ਼ਚੇ ਹੀ ਪਾਠਕ ਨੂੰ ਬੇਹਦ ਪ੍ਰੇਸ਼ਾਨ ਕਰਦਾ ਹੈ। ਬੇਹਤਰ ਹੁੰਦਾ ਕੰਵਲ ਬਾਈ ਜੇ ਇਸ ਦੇ ਨਾਲ ਹੀ ਪੁਸਤਕ ਦਾ ਅੰਤ ਕਰ ਦਿੰਦਾ।

ਗਾਥਾ ਦੇ 45ਵੇਂ ਕਾਂਡ ਵਿਚ ਇੰਗਲੈਂਡ ਦੇ ਕਿਸੇ ਗੁਰੂ ਘਰ ਵਿਚ ਲੇਖਕ ਪੰਜਾਬੀਆਂ/ਸਿੱਖਾਂ ਦੀ ਹਸਤੀ-ਹੋਣੀ ਨੂੰ ਦਰਪੇਸ਼ ਖਤਰਿਆਂ ਬਾਰੇ ਆਪਣੇ ਲੰਮੇ ਰਵਾਇਤੀ ਭਾਸ਼ਣ ਨਾਲ ਸਾਹਮਣੇ ਆਉਂਦਾ ਹੈ ਅਤੇ ਪੱਛਮੀ ਦੇਸ਼ਾਂ ਵਿਚ ਮੌਜਾਂ ਲੁੱਟ ਰਹੇ ਭਰਾਵਾਂ ਨੂੰ ਨਸੀਹਤਾਂ ਦਿੰਦਾ ਹੈ,

"ਪਿਆਰੇ ਖਾਲਸਾ ਜੀ, ਚੌਥਾ ਹਮਲਾ ਤੁਹਾਡੇ ਉਤੇ ਤੁਹਾਨੂੰ ਕਮਾਊ ਸਿੱਖੋ, ਪੰਜਾਬੋਂ ਬਾਹਰ ਧੱਕ ਕੇ ਚੁੱਪਚਾਪ ਕੀਤਾ ਜਾ ਰਿਹਾ ਹੈ ਤਾਂ ਜੋ ਯੂ.ਪੀ. ਅਤੇ ਬਿਹਾਰ ਦੇ ਭਈਆਂ ਨੂੰ ਤੁਹਾਡੇ ਥਾਂ ਪੰਜਾਬ ਵਿਚ ਵਸਾਇਆ ਜਾ ਸਕੇ ਅਤੇ ਤੁਹਾਨੂੰ ਖੁਦ ਨੂੰ 'ਬੁੱਧੂ ਬਣਾ ਕੇ' ਡਾਲਰਾਂ ਅਤੇ ਪੌਂਡਾਂ ਦੇ ਲਾਲਚ ਵਿਚ ਪ੍ਰਦੇਸਾਂ 'ਚ ਵਗਾਰੀ ਬਣਾ ਕੇ ਗੁਲਾਮੀ ਤੇ ਨਰਕ ਦੀ ਜ਼ਿੰਦਗੀ ਵੱਲ ਧੱਕਿਆ ਜਾਵੇ।"

ਜੋ ਵੀ ਹੈ 'ਪੁੰਨਿਆ ਦਾ ਚਾਨਣ' ਪੜ੍ਹ ਕੇ ਪਾਠਕ ਡਾ. ਜਸਵੰਤ ਗਿੱਲ ਦੇ ਜੇਰੇ ਤੋਂ ਧੰਨ ਹੋ ਜਾਂਦਾ ਹੈ ਕਿ ਗਾਥਾ ਦੇ ਨਾਇਕ ਦੇ ਜੀਵਨ ਦੇ ਅਤਿ ਨੀਰਸ ਬਿਰਤਾਂਤ ਦੇ ਬਾਵਜੂਦ ਉਸ ਦੀ ਆਸਥਾ ਕਾਹਦੇ ਆਸਰੇ ਆਖਰ ਬਣੀ ਰਹਿੰਦੀ ਹੈ।

ਕੰਵਲ ਦੀ ਕਲਾਤਮਕ ਵਿਚਾਰਧਾਰਕ ਕਾਰਗਰਦਗੀ ਬਾਰੇ ਅੱਗੇ ਵੱਲ ਤੁਰਨ ਤੋਂ ਪਹਿਲਾਂ ਬੇਹਤਰ ਹੈ ਕਿ ਪਾਠਕਾਂ ਨਾਲ 'ਮਿੱਤਰ ਪਿਆਰੇ ਨੂੰ' ਬਾਰੇ ਕੁਝ ਹੋਰ ਪ੍ਰਭਾਵ ਸਾਂਝੇ ਕਰ ਲਏ ਜਾਣ। ਨਾਵਲ ਦੀ ਕਹਾਣੀ ਪ੍ਰਕਾਸ਼ (ਪਾਸ਼ੀ) ਅਤੇ ਹਰਦੀਪ ਦੀ ਤ੍ਰਾਸਦਿਕ ਮੁਹੱਬਤ ਦੇ ਗਿਰਦ ਘੁੰਮਦੀ ਹੈ। ਕਹਿਣ ਨੂੰ ਕੰਵਲ ਨੇ ਪੰਜਾਬੀ ਸਭਿਆਚਾਰਕ ਵਿਰਸੇ ਦੀਆਂ ਜੜ੍ਹਾਂ 'ਚ ਪਏ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸੱਸੀ-ਪੁੰਨੂੰ ਦੀਆਂ ਮਹਾਨ ਤ੍ਰਾਸਦਿਕ ਕਥਾਵਾਂ ਦੇ ਸ਼ਕਤੀਸ਼ਾਲੀ ਪ੍ਰਤੀਰੂਪ ਉਪਰ ਹੀ ਆਪਣੇ ਨਾਵਲੀ ਬਿਰਤਾਂਤ ਦੀ ਉਸਾਰੀ ਕੀਤੀ ਹੈ। ਪਹਿਲੀ ਨਜ਼ਰੇ ਉਸ ਮੁਹੱਬਤ ਅਤੇ ਵਕਤ ਦੀਆਂ ਸਮਾਜਕ ਕਦਰਾਂ ਦੀਆਂ ਰੁਕਾਵਟਾਂ ਕਾਰਨ ਭਿਆਨਕ ਤ੍ਰਾਸਦੀਆਂ ਵਿਚ ਬਦਲ ਜਾਣ ਦੀਆਂ ਇਹ ਲਾਜਵਾਬ ਕਥਾਵਾਂ ਤਾਂ ਹੈਨ ਹੀ, ਸਾਡੇ ਮਹਾਨ ਵਿਰਸੇ ਦੀ ਇਹ ਜਿੰਦ ਤੇ ਜਾਨ ਵੀ ਹਨ। 'ਮਿੱਤਰ ਪਿਆਰੇ ਨੂੰ' ਵਿਚ ਵੀ ਪ੍ਰਕਾਸ਼ ਤੇ ਹਰਦੀਪ ਅਚਾਨਕ ਕਿਧਰੇ ਮਿਲਦੇ ਹਨ ਅਤੇ ਸਦਾ ਸਦਾ ਲਈ ਇਕ ਦੂਜੇ ਨੂੰ ਦਿਲ ਦੇ ਬੈਠਦੇ ਹਨ। ਫਰਕ ਕੰਵਲ ਨੇ ਇੰਨਾ ਕੁ ਪਾਇਆ ਹੈ ਕਿ ਹੀਰ ਦੀ ਕਥਾ ਦੇ ਉਲਟ ਇਥੇ ਚਾਚਾ ਹੀਰ ਦਾ ਨਹੀਂ ਬਲਕਿ ਹਰਦੀਪ ਦਾ ਮਾਮਾ ਕੈਦੋਂ ਵਾਲੀ ਭੂਮਿਕਾ ਨਿਭਾਉਂਦਾ ਹੈ। ਨਾਵਲ ਵਿਚ ਰੋਣ-ਧੋਣ ਤਾਂ ਬਥੇਰਾ ਹੈ ਪ੍ਰੰਤੂ ਕਿਸੇ ਸਿੱਕੇਬੰਦ ਤ੍ਰਾਸਦੀ ਵਾਲੀ ਸੁਹਜਾਤਮਕ ਸ਼ਾਨ ਕਿਧਰੇ ਨਹੀਂ ਹੈ। ਬਹੁਤ ਹੀ ਨੀਰਸ ਮੈਲੋਡਰਾਮਾ ਉਸਾਰਿਆ ਹੈ ਸਾਡੇ ਇਸ ਕਥਿਤ ਦਿਓ ਕਦ ਨਾਵਲਕਾਰ ਨੇ।

ਨਮੂਨੇ ਵਜੋਂ ਪਾਠਕਾਂ ਨਾਲ ਨਾਵਲ ਦੇ ਦੂਸਰੇ-ਤੀਸਰੇ ਕਾਂਡ ਵਿਚੋਂ ਕੁਝ ਸਤਰਾਂ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ,

"ਹਰਦੀਪ ਦੂਸਰੀ ਜਾਂ ਸ਼ਾਇਦ ਤੀਸਰੀ ਵਾਰ ਪ੍ਰਕਾਸ਼ ਦੇ ਮਾਪਿਆਂ ਦੇ ਘਰੇ ਜਾਂਦਾ ਹੈ। ਮਾਂ ਜਾਂ ਮਾਸੀ ਦੇ ਕਹਿਣ 'ਤੇ ਪ੍ਰਕਾਸ਼ ਚਾਂਈਂ ਚਾਂਈਂ ਉਸ ਲਈ ਚਾਹ ਬਣਾਉਂਦੀ ਹੈ। ਰੱਬ ਜਾਣੇ ਕਿਉਂ ਹਰਦੀਪ ਦੋ ਚਾਰ ਘੁੱਟ ਭਰ ਕੇ ਚਾਹ ਦਾ ਗਿਲਾਸ ਵਿਚਾਲੇ ਛੱਡ ਦਿੰਦਾ ਹੈ। ਮਾਸੀ ਪ੍ਰਕਾਸ਼ ਨੂੰ ਪਿੱਛੇ ਛੱਡੀ ਚਾਹ ਪੀਣ ਲਈ ਕਹਿੰਦੀ ਹੈ, ਪਾਸ਼ੋ ਚੁੱਕ ਚਾਹ ਪੀ ਲੈ, ਵੀਰਾਂ ਦੀ ਜੂਠ ਨਹੀਂ ਹੁੰਦੀ।

ਮੈਂ ਚਾਹ ਤੁਹਾਡੇ ਅਗੋਂ ਚੁੱਕ ਲਈ ਅਤੇ ਰਸੋਈ ਵਿਚ ਜਾ ਕੇ ਬੂਹਾ ਢੋ ਲਿਆ। ਸ਼ਾਇਦ ਤੁਸੀਂ ਸਮਝਿਆ ਹੋਵੇ ਮੈਂ ਚਾਹ ਡੋਲ੍ਹ ਦਿਤੀ, ਪੀਤੀ ਨਹੀਂ। ਪਰ ਤੁਹਾਡੀ ਬਚੀ ਚਾਹ ਮੈਂ ਅੱਧੀ ਅੱਧੀ ਘੁੱਟ ਕਰਕੇ ਪੀ ਰਹੀ ਸਾਂ, ਮਤੇ ਛੇਤੀ ਮੁਕ ਜਾਵੇ। ਮੁੜ ਜ਼ਿੰਦਗੀ ਭਰ ਮੈਂ ਤਰਸਦੀ ਰਹੀ, ਕਦੀ ਤੁਹਾਡੀ ਬਚਦੀ ਚਾਹ ਪੀ ਸਕਾਂ ਪਰ ਏਨੀ ਰਿਆਇਤ ਦੇਣ ਲਈ ਤੁਸੀਂ ਤਿਆਰ ਨਾ ਹੋਏ।"

ਇਸ ਕਿਸਮ ਦੀ ਬੇਜ਼ਾਇਕਾ ਅਤੇ ਬੇਜ਼ੌਂਕ ਸਮੱਗਰੀ ਦੀ ਨਾਵਲ ਵਿਚ ਇੰਨੀ ਜਿਆਦਾ ਭਰਤੀ ਹੈ ਕਿ ਪੜ੍ਹਨ ਵਾਲੇ ਦੀ ਨਾਂਹ ਹੋ ਜਾਂਦੀ ਹੈ, ਆਦਮੀ ਅੱਲਾ ਅੱਲਾ ਕਰ ਉਠਦਾ ਹੈ।

ਗੱਲ ਆਪਾਂ ਹੀਰ ਦੇ ਪ੍ਰਤੀਰੂਪ ਦੀ ਕਰ ਰਹੇ ਸਾਂ। ਹੀਰ ਦਾ ਧਿਆਨ ਧਰਦਿਆਂ ਹੀ ਸਿਮਰਤੀ ਵਿਚ ਵਾਰਸ ਦੀ ਇਸ ਅਮਰ ਕਥਾ ਦੀਆਂ ਅਨੇਕਾਂ ਸਤਰਾਂ ਉਭਰਨ ਲੱਗ ਜਾਂਦੀਆਂ ਹਨ,

ਕੂਕਾਂ ਮਾਰਦੀ ਮਾਰਦੀ ਪਕੜ ਛਮਕਾਂ
ਪਰੀ ਆਦਮੀ 'ਤੇ ਕਹਿਰਵਾਨ ਹੋਈ
ਰਾਂਝੇ ਉਠ ਕੇ ਆਖਿਆ ਵਾਹ ਸੱਜਣ
ਹੀਰ ਹੱਸ ਕੇ ਤੇ ਮਿਹਰਵਾਨ ਹੋਈ।

ਮੇਰਾ ਗਵਾਂਢੀ ਮਿੱਤਰ ਹੈ ਪ੍ਰਕਾਸ਼ ਪ੍ਰਭਾਕਰ। ਭਾਸ਼ਾ ਦੀਆਂ ਕਰਤਾਰੀ ਸੰਭਾਵਨਾਵਾਂ ਦੀ ਜੋ ਬਾਰੀਕ ਸੂਝ ਉਸ ਨੂੰ ਹੈ, ਸ਼ਾਇਦ ਕਿਸੇ ਵਿਰਲੇ ਟਾਂਵੇਂ ਨੂੰ ਹੀ ਹੋਵੇ। ਉਸ ਦੀ ਕਵਿਤਾ ਦੀ ਇਕ ਸਤਰ ਹੈ:

"ਯੁੱਗਾਂ ਤੀਕਣ ਬਣਿਆ ਰਹਿਸੀ
ਇਕ ਅਹਿਸਾਸ ਸਿਰਜਿਆ ਸੋਹਣਾ।"

ਕਲਾ ਰਾਹੀਂ ਸੋਹਣਾ ਅਹਿਸਾਸ ਸਿਰਜਣ ਦੇ ਤਸੱਵਰ ਤੋਂ ਮੇਰੇ ਜ਼ਿਹਨ ਵਿਚ ਪੰਜਾਬੀ ਦੇ ਸ਼ਾਇਰੇ-ਆਜ਼ਮ ਗੁਰਦੀਪ ਦੇਹਰਾਦੂਨ ਦੀ ਕਿਸੇ ਗਜ਼ਲ ਦਾ ਸ਼ਿਅਰ ਉਭਰ ਆਇਆ ਹੈ,

ਸਿਰ 'ਤੇ ਹੁਮਾਂ ਦੀ ਛਾਂ ਪਈ ਜਾਂਦੇ ਫਕੀਰ ਦੇ
ਬਾਰੀ 'ਚ ਝੁਕ ਕੇ ਦੇਖਦੀ ਫੁੱਲਾਂ ਦੀ ਡਾਲ ਸੀ

(ਹੁਮਾਂ ਉਹ ਪੰਛੀ, ਜੇਕਰ ਕਿਸੇ ਦੇ ਸਿਰ ਤੋਂ ਲੰਘ ਜਾਵੇ ਤਾਂ ਉਹ ਬੰਦਾ ਬਾਦਸ਼ਾਹ ਬਣ ਜਾਂਦਾ ਹੈ)

ਗੁਰਦੀਪ ਨੇ ਆਪਣੀ ਸਾਰੀ ਜ਼ਿੰਦਗੀ ਗਜ਼ਲਾਂ ਰਾਹੀਂ ਸੋਹਣੇ ਅਹਿਸਾਸ ਸਿਰਜਣ ਦੇ ਲੇਖੇ ਹੀ ਲਗਾਈ ਹੈ।

ਸੋ, ਵਾਰਸ ਨੇ ਜਾਨ ਖਿਚ ਧੂਹ ਲੈਣ ਵਾਲੇ ਜਿਸ ਪਵਿੱਤਰ ਅਹਿਸਾਸ ਨਾਲ ਹੀਰ ਦੇ ਹਾਸੇ ਅਤੇ ਉਸ ਦੀ ਮਿਹਰਬਾਨੀ ਨੂੰ ਚਿਤਰਿਆ ਹੈ, ਕੌਣ ਨਹੀਂ ਉਸ ਦੇ ਕਦਮਾਂ 'ਚ ਨਮੋ ਕਰਨਾ ਚਾਹੇਗਾ? ਵਾਰਸ ਤਾਂ ਧੰਨ ਹੈ-ਸਾਡੇ ਸਮਿਆਂ ਦੇ ਸਭ ਤੋਂ ਲਾਡਲੇ ਪੰਜਾਬੀ ਸ਼ਾਇਰ ਪਾਸ਼ ਨੇ,

ਛੰਨੀ ਵੀ ਲੋਕੜਿਓ ਛੰਨੀ
ਰੱਬ ਦੇਵੇ ਵੇ ਵੀਰਾ ਤੈਨੂੰ ਬੰਨੀ।

ਨਾਂ ਦੀ ਕਵਿਤਾ ਜਦੋਂ ਲਿਖੀ ਤਾਂ ਮੈਨੂੰ ਯਾਦ ਹੀ ਨਹੀਂ ਹੈ ਕਿ ਕਿੰਨੇ ਦਿਨ ਸਿਰ ਇਸ ਸ਼ਾਇਰ ਦੀ ਅਜ਼ਮਤ ਲਈ ਝੁਕਿਆ ਰਿਹਾ ਸੀ। ਆਪਣੀ ਅਕੀਦਤ ਅਨੁਸਾਰ ਸੁਨੇਹਾ ਸਿਰਜਣ ਲਈ ਆਪਣੇ ਵਿਰਾਸਤੀ ਲੋਕ ਗੀਤ ਦੀਆਂ ਸਤਰਾਂ ਨੂੰ ਕੇਹੀ ਸ਼ਿੱਦਤ ਨਾਲ ਰੂਪਾਂਤਰਿਤ ਕਰ ਲਿਆ ਸੀ ਸਾਡੇ ਮਹਾਨ ਪਾਸ਼ ਨੇ।

*(ਚਲਦਾ)*

# ਗੁਰਦੁਆਰੇ, ਸੰਗਤਾਂ ਅਤੇ ਸਾਦਗੀ

ਗੁਰਦੁਆਰੇ, ਸੰਗਤਾਂ ਅਤੇ ਸਾਦਗੀ

ਅੱਜ ਇਕੱਲੇ ਪੰਜਾਬ ਜਾਂ ਇੰਡੀਆ ਵਿਚ ਹੀ ਨਹੀਂ, ਬਲਕਿ ਸੰਸਾਰ ਭਰ ਵਿਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਗੁਰੂ ਸਿੱਖ ਪਹੁੰਚ ਗਏ ਹਨ, ਉਥੇ ਹੀ ਗੁਰੂਘਰ ਵੀ ਬਣ ਚੁੱਕੇ ਹਨ। ਹਰ ਗੁਰਦੁਆਰੇ ਵਿਚ ਬੇਸ਼ੁਮਾਰ ਸੰਗਤਾਂ ਦੀ ਹਾਜ਼ਰੀ ਵੀ ਹੁੰਦੀ ਹੈ ਅਤੇ ਕੀਰਤਨ ਤੇ ਕਥਾ ਦੇ ਪ੍ਰਵਾਹ ਵੀ ਚਲਦੇ ਰਹਿੰਦੇ ਹਨ। ਕਲਜੁੱਗ ਦੇ ਇਸ ਘੋਰ ਅਤਿਅੰਤ ਸੜਦੇ ਹੋਏ ਅਤੇ ਤਪਸ਼ ਭਰੇ ਮਾਹੌਲ ਵਿਚ ਸਾਡੇ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ:916-687-3536**

ਮਨਾਂ ਨੂੰ ਠੰਢ ਪਾਉਣ ਲਈ ਕੇਵਲ ਤੇ ਕੇਵਲ ਗੁਰਬਾਣੀ ਅਤੇ ਸ਼ਬਦ ਗੁਰੂ ਹੀ ਸਾਡਾ ਸਹਾਰਾ ਬਣ ਸਕਦਾ ਹੈ। ਸਤਿਗੁਰ ਦੇ ਦੱਸੇ ਹੋਏ ਮਾਰਗ 'ਤੇ ਚੱਲ ਕੇ ਹੀ ਅਸੀਂ ਆਪਣੇ ਜੀਵਨ ਨੂੰ ਸਕਾਰਥਾ ਕਰ ਸਕਦੇ ਹਾਂ ਪਰ ਜਿਸ ਸਹਿਜ ਭਾਵ ਜਾਂ ਸਤਿਕਾਰ ਨਾਲ ਸਿੱਖ ਨੂੰ ਗੁਰੂਘਰ ਜਾਣਾ ਚਾਹੀਦਾ ਹੈ ਜਾਂ ਗੁਰੂ ਕੋਲ ਜਾ ਕੇ ਬੈਠਣਾ ਚਾਹੀਦਾ ਹੈ, ਕੀ ਅਸੀਂ ਉਸੇ ਤਰ੍ਹਾਂ ਹੀ ਕਰਦੇ ਹਾਂ? ਜਾਂ ਮਹਿਜ਼ ਇਕ ਰਸਮ ਦੇ ਤੌਰ 'ਤੇ ਪਿਕਨਿਕ ਜਾਂ ਆਪਣਾ ਵੀਕਐਂਡ ਮਨਾਉਣ ਲਈ ਹੀ ਉਥੇ ਜਾਂਦੇ ਹਾਂ? ਆਓ ਜ਼ਰਾ ਥੋੜ੍ਹੀ ਜਿਹੀ ਵਿਚਾਰ ਕਰ ਲਈਏ!

ਅੱਜ ਦੇ ਵਿਚਾਰ ਦਾ ਵਿਸ਼ਾ ਮੇਰੀਆਂ ਸਤਿਕਾਰਯੋਗ ਬੀਬੀਆਂ ਅਤੇ ਭੈਣਾਂ ਨਾਲ ਸਬੰਧ ਰੱਖਦਾ ਹੈ। ਔਰਤਾਂ ਨਾਲ ਹਰ ਯੁਗ ਵਿਚ ਹੀ ਅਨਿਆਂ ਅਤੇ ਜ਼ੋਰ-ਜਬਰ ਹੁੰਦਾ ਰਿਹਾ ਹੈ। ਔਰਤ ਦਾ ਜਗਤ ਜਨਨੀ, ਪ੍ਰਕਿਰਤੀ, ਧਰਤੀ ਅਤੇ ਮਮਤਾ ਦੇ ਬਹੁਤ ਸਾਰੇ ਨਾਂਵਾਂ ਨਾਲ ਸਤਿਕਾਰ ਹੁੰਦਾ ਹੈ। ਅੱਜ ਹਰ ਮੁਹਾਜ਼ 'ਤੇ ਔਰਤ, ਮਰਦ ਦੇ ਨਾਲ ਬਰਾਬਰ ਵੀ ਆ ਕੇ ਖੜ੍ਹੀ ਹੈ, ਫਿਰ ਵੀ ਉਹ ਅਸੁਰੱਖਿਅਤ ਕਿਉਂ ਹੈ? ਬਹੁਤ ਥਾਂਵਾਂ 'ਤੇ ਉਸ ਨਾਲ ਸ਼ੋਸ਼ਣ ਕਿਉਂ ਹੋ ਰਿਹਾ ਹੈ? ਔਰਤ ਆਪਣੇ ਲਈ ਆਪ ਕਿਥੇ ਤੇ ਕਿਵੇਂ ਗਲਤ ਹੈ? ਅੱਜ ਫੈਸ਼ਨ ਦਾ ਠਾਠਾਂ ਮਾਰਦਾ ਸਮੁੰਦਰ ਸਾਡੀ ਸਭਿਅਤਾ ਨੂੰ ਨਿਗਲਦਾ ਜਾ ਰਿਹਾ ਹੈ। ਮਰਦਾਂ ਦੇ ਪਹਿਰਾਵੇ ਵਿਚ ਤਾਂ ਕਦੀ ਕੋਈ ਬਹੁਤੀ ਤਬਦੀਲੀ ਆਉਂਦੀ ਹੀ ਨਹੀਂ-ਪੈਂਟ, ਕਮੀਜ਼ ਤੇ ਜਾਂ ਫਿਰ ਸਾਦਾ ਪਜਾਮਾ-ਕੁੜਤਾ, ਪਰ ਹਰ ਤੀਜੇ ਦਿਨ ਔਰਤਾਂ ਦੇ ਪਹਿਰਾਵੇ ਦੇ ਰੰਗ-ਢੰਗ ਗਿਰਗਿਟ ਵਾਂਗ ਬਦਲਦੇ ਰਹਿੰਦੇ ਹਨ। ਜਿਥੇ ਰੋਜ਼ ਕੱਪੜਿਆਂ ਦੇ ਸਟਾਈਲ ਬਦਲਦੇ ਹਨ, ਉਥੇ ਗਹਿਣਿਆਂ ਦੇ ਫੈਸ਼ਨ ਅਤੇ ਡਿਜ਼ਾਇਨ ਵੀ। ਇਸ ਸਭ ਕੁਝ ਲਈ ਕਿਸੇ ਹੱਦ ਤੱਕ ਤਾਂ ਟੀ.ਵੀ. ਚੈਨਲ ਵੀ ਜ਼ਿੰਮੇਵਾਰ ਹਨ। ਬਿਜ਼ਨੈਸ ਕਰਨ ਵਾਲੇ ਲੋਕ ਤਾਂ ਆਪਣੇ ਬਿਜ਼ਨੈਸ ਕਰ ਰਹੇ ਹਨ ਪਰ ਸਾਡੇ ਅੰਦਰ ਫੈਸ਼ਨ ਦਾ ਜੋ ਭੂਤ ਵੜ ਕੇ ਬੈਠ ਗਿਆ ਹੈ, ਉਸ ਨੇ ਸਾਡੀ ਸੋਚਣ ਅਤੇ ਸਮਝਣ ਦੀ ਸ਼ਕਤੀ ਨੂੰ ਜਿੰਦਰੇ ਮਾਰ ਦਿੱਤੇ ਹਨ। ਅਸੀਂ ਇਹ ਵੀ ਭੁੱਲ ਬੈਠੇ ਹਾਂ ਕਿ ਸਾਡਾ ਕਿਸ ਵੇਲੇ ਅਤੇ ਕਿਸ ਥਾਂ 'ਤੇ ਕਿਹੋ ਜਿਹੋ ਪਹਿਰਾਵਾ ਹੋਣਾ ਚਾਹੀਦਾ ਹੈ!

ਆਓ ਜ਼ਰਾ ਦੇਖੀਏ ਅਤੇ ਸੋਚੀਏ ਕਿ ਕੀ ਵਾਕਿਆ ਹੀ ਅਸੀਂ ਜਦੋਂ ਗੁਰਦੁਆਰੇ ਜਾਂਦੇ ਹਾਂ ਤਾਂ ਸਤਿਸੰਗੀ ਬਣ ਕੇ ਜਾਂਦੇ ਹਾਂ, ਜਾਂ ਆਪਣੇ ਤਨ ਦੇ ਪਹਿਰਾਵੇ ਅਤੇ ਗਹਿਣਿਆਂ ਦੀ ਨੁਮਾਇਸ਼ ਕਰਨ ਲਈ ਹੀ ਜਾਂਦੇ ਹਾਂ?

ਗੁਰੂ ਕ੍ਰਿਪਾ ਸਦਕਾ ਮੈਂ ਬਚਪਨ ਤੋਂ ਹੀ ਗੁਰੂਘਰ ਨਾਲ ਜੁੜੀ ਹੋਈ ਹਾਂ ਅਤੇ ਉਸ ਸਮੇਂ ਜੋ ਸੰਗਤਾਂ ਗੁਰੂਘਰ ਆਉਂਦੀਆਂ ਹੁੰਦੀਆਂ ਸਨ, ਉਨ੍ਹਾਂ ਦੀ ਸਾਦਗੀ ਅਤੇ ਰਹਿਣੀ-ਬਹਿਣੀ ਨੂੰ ਦੇਖਦਿਆਂ ਹੀ ਅਦਬ ਨਾਲ ਸਿਰ ਝੁਕ ਜਾਂਦਾ ਸੀ। ਸਤਿਸੰਗੀ ਬਜ਼ੁਰਗਾਂ ਅਤੇ ਵੀਰਾਂ ਦੇ ਚਿੱਟੇ ਕੁੜਤੇ ਪਜਾਮੇ ਪਾਏ ਹੋਣੇ ਅਤੇ ਬੀਬੀਆਂ ਦੇ ਗਲ ਚਿੱਟੇ ਜਾਂ ਫਿਰ ਬੇਹੱਦ ਸਾਦੇ ਸੂਟ ਹੁੰਦੇ ਸਨ। ਜਦੋਂ ਗੁਰੂਘਰ ਵਿਚ ਦੀਵਾਨ ਸਮੇਂ ਸੰਗਤਾਂ ਸਜਦੀਆਂ ਤਾਂ ਇਵੇਂ ਭਾਸਣਾ ਜਿਵੇਂ ਅਸੀਂ ਸੱਚਖੰਡ ਵਿਖੇ ਗੁਰੂ ਨਾਨਕ ਦੇਵ ਜੀ ਦੀ ਗੋਦ ਵਿਚ ਬੈਠੇ ਹੋਈਏ। ਮੰਨਿਆ ਕਿ ਉਦੋਂ ਲੋਕ ਗਰੀਬ ਸਨ ਪਰ ਉਦੋਂ ਲੋਕ ਸਾਦਗੀ ਦਾ ਜੀਵਨ ਜਿਉਂਦੇ ਸਨ। ਅੱਜ ਜੇ ਗੁਰੂ ਦੀ ਮਿਹਰ ਸਦਕਾ ਅਸੀਂ ਤਰੱਕੀ ਕੀਤੀ ਹੈ ਤੇ ਅਮੀਰ ਹੋ ਗਏ ਹਾਂ ਤਾਂ ਇਹ ਵੀ ਰੱਬ ਦੀ ਕ੍ਰਿਪਾ ਹੈ। ਹੁਣ ਜੇ ਅਸੀਂ ਨਿਗ੍ਹਾ ਮਾਰੀਏ ਕਿ ਅਸੀਂ ਇੱਥੇ ਗੁਰੂਘਰਾਂ ਵਿਚ ਕਿੰਨੀ ਕੁ ਸਾਦਗੀ ਵਰਤਾਈ ਹੈ ਤਾਂ ਮਾਯੂਸੀ ਹੀ ਹੁੰਦੀ ਹੈ। ਬਹੁਤ ਸਾਰੇ ਸਤਿਸੰਗੀ ਵੀਰਾਂ, ਬਜ਼ੁਰਗਾਂ ਅਤੇ ਵੱਡੀ ਉਮਰ ਦੀਆਂ ਬੀਬੀਆਂ ਦੇ ਵੀ ਫੋਨ ਆਉਂਦੇ ਹਨ, ਉਹ ਇਸ ਬਾਰੇ ਖੁੱਲ੍ਹ ਕੇ ਵਿਚਾਰ ਵੀ ਕਰਦੇ ਹਨ ਅਤੇ ਨਾਲ ਹੀ ਫਿਕਰ ਵੀ ਪ੍ਰਗਟ ਕਰਦੇ ਹਨ ਕਿ ਗੁਰੂ ਦੀਆਂ ਸੰਗਤਾਂ ਜਦ ਗੁਰੂਘਰ ਵਿਚ ਹਾਜ਼ਰੀ ਭਰਨ ਤਾਂ ਉਸ ਵੇਲੇ ਸਾਦਗੀ ਜਰੂਰੀ ਹੈ। ਪਰ ਅੱਜ ਕੱਲ੍ਹ ਜਿੰਨਾ ਫੈਸ਼ਨ ਗੁਰੂਘਰਾਂ ਵਿਚ ਦੇਖਣ ਨੂੰ ਮਿਲਦਾ ਹੈ, ਉਹ ਸ਼ਾਇਦ ਸਾਨੂੰ ਸਤਿਸੰਗ ਨਾਲ ਤਾਂ ਬਿਲਕੁਲ ਹੀ ਨਹੀਂ ਜੋੜਦਾ। ਰੰਗ-ਬਰੰਗੇ ਸਿਲਮ-ਸਿਤਾਰਿਆਂ ਨਾਲ ਭਰੇ ਹੋਏ ਸੂਟ, ਮੈਚ ਕਰਦੀਆਂ ਚੂੜੀਆਂ ਨਾਲ ਭਰੀਆਂ ਹੋਈਆਂ ਬਾਹਵਾਂ, ਹੱਦੋਂ ਵੱਧ ਗਹਿਣਿਆਂ ਨਾਲ ਲੱਦੇ ਜਿਸਮ ਅਤੇ ਉਪਰੋਂ ਲੋੜੋਂ ਵੱਧ ਕੀਤਾ ਮੇਅਕੱਪ, ਇਹ ਸਭ ਸਾਡੀਆਂ ਮਨੋਬਿਰਤੀਆਂ ਨੂੰ ਜੋੜਦਾ ਨਹੀਂ, ਤੋੜਦਾ ਹੈ।

ਜੇ ਬੀਬੀਆਂ ਭੈਣਾਂ ਵਿਆਹਾਂ-ਸ਼ਾਦੀਆਂ ਤੋਂ ਬਾਅਦ ਪਾਰਟੀਆਂ 'ਤੇ ਸਜ-ਧਜ ਕੇ ਜਾਣ ਤਾਂ ਉਸ ਦਾ ਨਜ਼ਾਰਾ ਬੜਾ ਅੱਛਾ ਹੀ ਹੋਵੇਗਾ। ਸਤਿਗੁਰਾਂ ਦੇ ਦਰਬਾਰ ਦੇ ਅੰਦਰ ਤਾਂ ਸਾਦਗੀ ਅਤੇ ਸੇਵਾ ਸਿਮਰਨ ਦਾ ਹੀ ਲਾਹਾ ਲੈਣਾ ਚਾਹੀਦਾ ਹੈ। ਗੁਰਬਾਣੀ ਦੇ ਪਵਿੱਤਰ ਸ਼ਬਦ ਦੀਆਂ ਪੰਕਤੀਆਂ ਹਨ, "ਕਲ ਜੁਗ ਮਹਿ ਕੀਰਤਨ ਪਰਧਾਨਾ॥ ਗੁਰਮੁਖ ਜਪੀਐ ਲਾਇ ਧਿਆਨਾ॥" ਸੋ, ਮੇਰੀ ਸਭ ਸੰਗਤਾਂ, ਖਾਸ ਕਰ ਬੀਬੀਆਂ ਨੂੰ, ਦੋਵੇਂ ਹੱਥ ਜੋੜ ਕੇ ਬੇਨਤੀ ਹੈ ਕਿ ਆਓ! ਅਸੀਂ ਸਾਰੇ ਮਿਲ ਕੇ ਸਾਦਗੀ ਅਤੇ ਸਵੱਛਤਾ ਨਾਲ ਜੁੜੀਏ। ਜਦੋਂ ਵੀ ਸਾਨੂੰ ਗੁਰੂਘਰ ਜਾਣ ਦਾ ਮੌਕਾ ਮਿਲੇ, ਸਾਦਗੀ ਤੇ ਸਹਿਜ ਅਵਸਥਾ ਵਿਚ ਹੀ ਗੁਰੂ ਦੀ ਗੋਦ ਦਾ ਨਿੱਘ ਮਾਣੀਏ। ਫੈਸ਼ਨ ਅਤੇ ਗਹਿਣਿਆਂ ਦੀ ਬੇਲੋੜੀ ਨੁਮਾਇਸ਼ ਬੰਦ ਕਰਕੇ ਗੁਰੂਘਰਾਂ ਅੰਦਰ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਕਿ ਸਾਡਾ ਮਨ ਗੁਰੂ ਚਰਨਾਂ ਨਾਲ ਜੁੜੇ ਅਤੇ ਦੂਜਿਆਂ ਦੀ ਬਿਰਤੀ ਭੰਗ ਨਾ ਹੋਵੇ। ਇਹ ਵੀ ਦੇਖਿਆ ਹੈ ਕਿ ਬੀਬੀਆਂ ਵਾਲੇ ਪਾਸੇ ਗੱਲਾਂ ਦਾ ਦੌਰ ਚੱਲਦਾ ਹੀ ਰਹਿੰਦਾ ਹੈ। ਸਿਆਣੀ ਉਮਰ ਦੀਆਂ ਬੀਬੀਆਂ ਜਵਾਨ ਬੀਬੀਆਂ ਨੂੰ ਵਾਰ ਵਾਰ ਚੁੱਪ ਵੀ ਕਰਾਉਂਦੀਆਂ ਹਨ। ਮੈਂ ਪਿੱਛੇ ਜਿਹੇ ਇਕ-ਦੋ ਵਾਰੀ ਕੀਰਤਨ ਤੋਂ ਬਾਅਦ ਸਿਆਣੀਆਂ ਬੀਬੀਆਂ ਨੂੰ ਪੁੱਛਿਆ ਕਿ ਤੁਹਾਡੇ ਕੋਲ ਬੈਠੀਆਂ ਭੈਣਾਂ ਕੀ ਗੱਲਾਂ ਕਰਦੀਆਂ ਹਨ, ਤਾਂ ਜਵਾਬ ਮਿਲੇ-ਹੋਰ ਇਨ੍ਹਾਂ ਨੇ ਕੀ ਕਰਨਾ ਹੈ, ਬੱਸ ਆਪਣੇ ਸੂਟਾਂ ਤੇ ਗਹਿਣਿਆਂ ਦੀ ਹੀ ਚਰਚਾ ਕਰਦੀਆਂ ਹਨ। ਆਪ ਤਾਂ ਕੁਝ ਸੁਣਿਆ ਨਹੀਂ, ਕੋਲ ਬੈਠਿਆਂ ਨੂੰ ਵੀ ਦੁਖੀ ਕਰਦੀਆਂ ਹਨ।

ਹਰ ਸ਼ਖਸ ਕੋਲ ਆ ਗਏ ਆਈ ਫੋਨ ਵੀ ਗੁਰੂ ਘਰ ਜੁੜੇ ਦੀਵਾਨ ਵਿਚ ਕਈ ਵਾਰ ਬਹੁਤ ਵਿਘਨ ਪਾਉਂਦੇ ਹਨ। ਇਕ ਦਿਨ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੋ ਰਹੀ ਸੀ। ਕਿਸੇ ਨੌਜਵਾਨ ਦਾ ਟੈਲੀਫੋਨ ਖੜਕ ਪਿਆ। ਪਹਿਲਾਂ ਤਾਂ ਇਕ ਭੈੜੇ ਜਿਹੇ ਗੀਤ ਦੀ ਆਵਾਜ਼ ਸੁਣਾਈ ਦਿੱਤੀ, ਨੌਜਵਾਨ ਨੇ ਫਟਾ-ਫਟ ਫੋਨ ਔਨ ਕੀਤਾ, ਤੇ ਬੋਲਿਆ, "ਓਇ ਯਾਰ, ਤੁਸੀਂ ਦਸ ਮਿੰਟ ਮੇਰੀ ਵੇਟ ਨਹੀਂ ਕਰ ਸਕਦੇ? ਬੱਸ, ਮੈਂ ਤੁਰਨ ਹੀ ਲੱਗਾ ਹਾਂ।" ਲਓ ਜੀ, ਸਾਰੀ ਸੰਗਤ ਅਰਦਾਸ ਵੱਲੋਂ ਹਟ ਕੇ ਫੋਨ ਨਾਲ ਜੁੜ ਗਈ ਤੇ ਜੋ ਸਭ ਤੋਂ ਮਾੜਾ ਹੋਇਆ, ਉਹ ਇਹ ਕਿ ਭਾਈ ਸਾਹਿਬ ਵੀ ਉਖੜ ਗਏ ਤੇ ਪਤਾ ਨਾ ਲੱਗੇ, ਉਹ ਕਿੱਥੇ ਕੁ ਸਨ। ਕੋਲੋਂ ਕਿਸੇ ਕਰਮਾਂ ਵਾਲੇ ਨੇ ਯਾਦ ਕਰਵਾਇਆ ਤਾਂ ਗੱਲ ਅੱਗੇ ਤੁਰੀ। ਸੋ, ਕ੍ਰਿਪਾ ਕਰਕੇ ਸੰਗਤ ਇਸ ਪਾਸੇ ਵੀ ਜ਼ਰੂਰ ਧਿਆਨ ਦੇਵੇ। ਮੇਰੀ ਫਿਰ ਭੈਣਾਂ ਨੂੰ ਬੇਨਤੀ ਹੈ ਕਿ ਮੇਲਿਆਂ ਅਤੇ ਪਾਰਟੀਆਂ 'ਤੇ ਰੱਜ ਕੇ ਹਾਰ-ਸ਼ਿੰਗਾਰ ਕਰੋ, ਪਰ ਸਤਿਗੁਰਾਂ ਦੇ ਦਰਬਾਰ ਵਿਚ ਆਪਾਂ ਨਿਰਮਾਣ ਸੇਵਾਦਾਰ ਬਣ ਕੇ ਹੀ ਜਾਈਏ।

# ਦਿੱਲੀ ਉਪਰ ਸਿੰਘਾਂ ਦੇ ਪੰਦਰਾਂ ਹੱਲੇ

*(ਸਫਾ 31 ਦੀ ਬਾਕੀ)*

ਸ਼ਾਮ ਸੇ ਸੁਬਹ ਤੱਕ ਯਹੀ ਹੈ ਸ਼ੋਰ।
ਦੌੜੀਓ ਗਠੜੀ ਲੇ ਉੜਾ ਹੈ ਚੋਰ।
ਆਂਖ ਤੋ ਕਿਸ ਬਸ਼ਰ ਕੀ ਲਗੇ ਹੈ।
ਚੋਰੋਂ ਕੇ ਡਰ ਸੇ ਫਿਤਨਾ ਜਗੇ ਹੈ।

ਫੌਲਾਦ ਖਾਨ ਸ਼ਹਿਰ ਦਾ ਕੋਤਵਾਲ ਸੀ। ਕੋਤਵਾਲ ਦਾ ਰੁਤਬਾ ਸੁਪਰਡੰਟ ਪੁਲੀਸ ਅਤੇ ਸਿਟੀ ਮੈਜਿਸਟਰੇਟ ਦੋਵਾਂ ਦਾ ਹੁੰਦਾ ਸੀ। ਉਹ ਪੱਚੀ ਸਾਲ ਕੋਤਵਾਲ ਰਿਹਾ। ਲੋਕ ਜਦੋਂ ਆਪਣੇ ਆਪਣੇ ਨੁਕਸਾਨ ਦੀ ਰਪਟ ਲਿਖਵਾਉਣ ਉਸ ਪਾਸ ਜਾਂਦੇ ਤਦ ਉਹ ਆਖਦਾ,

ਕਿਸਕੋ ਮਾਰੂੰ ਮੈਂ ਕਿਸਕੋ ਦੂੰ ਗਾਲੀ।
ਚੋਰੀ ਕਰਨੇ ਸੇ ਕੌਨ ਹੈ ਖਾਲੀ।

ਸਿਪਾਹੀਆਂ ਦੇ ਘੋੜੇ: ਸਾਉਦਾ ਨੇ ਲੰਮੀ ਨਜ਼ਮ ਘੋੜਿਆਂ ਦੀ ਹਾਲਤ ਬਾਬਤ ਲਿਖ ਰੱਖੀ ਹੈ। ਗੱਲ ਮੁਕਾਉਂਦਾ ਹੋਇਆ ਕਵੀ ਕਹਿੰਦਾ ਹੈ ਕਿ ਆਮ ਲੋਕ ਤਾਂ ਸ਼ਾਹੀ ਫੌਜੀਆਂ ਦੇ ਘੋੜਿਆਂ ਨੂੰ ਦੇਖ ਕੇ ਰਾਜ਼ੀ ਨਹੀਂ, ਹਾਂ ਮੋਚੀ ਜ਼ਰੂਰ ਉਨ੍ਹਾਂ ਵਲ ਅਕਸਰ ਧਿਆਨ ਮਾਰਦੇ ਹਨ,

ਕਸਬ ਪੂਛਤਾ ਹੈ ਮੁਝੇ,
ਕਬ ਮਰੇਂਗੇ ਯਾਰ।
ਉਮੀਦਵਾਰ ਹਮ ਭੀ ਹੈਂ,
ਕਹਿਤੇ ਹੈਂ ਯੂੰ ਚਮਾਰ।

(ਘੋੜੇ ਨੇ ਕਿਸੇ ਨੂੰ ਆਪਣੇ ਵੱਲ ਪ੍ਰਸ਼ੰਸਾ ਭਰੀਆਂ ਅੱਖਾਂ ਨਾਲ ਦੇਖਦਿਆਂ ਪੁੱਛ ਲਿਆ ਕਿ ਭਾਈ ਸਾਹਿਬ ਕੀ ਕਾਰੋਬਾਰ ਕਰਦੇ ਹੁੰਦੇ ਹੋ। ਉਤਰ ਮਿਲਿਆ ਕਿ ਹੁਣ ਤੇਰਾ ਕਦਰਦਾਨ ਕੇਵਲ ਮੈਂ ਹੀ ਬਚਿਆ ਹਾਂ, ਲੋਕ ਮੈਨੂੰ ਜੋ ਮਰਜ਼ੀ ਕਹਿੰਦੇ ਰਹਿਣ।)

**ਨੋਟ:** ਉਪਰੋਕਤ ਪੇਪਰ ਪੜ੍ਹੇ ਜਾਣ ਪਿਛੋਂ ਜਦੋਂ ਪ੍ਰਸ਼ਨ-ਉਤਰ ਸੈਸ਼ਨ ਚਾਲੂ ਹੋਇਆ ਤਾਂ ਡਾ. ਐਸ.ਕੇ. ਬਜਾਜ ਨੇ ਪੁੱਛਿਆ, "ਗੁਪਤਾ ਜੀ ਜਿਹੋ ਜਿਹੀ ਤਸਵੀਰ ਤੁਸੀਂ ਸਿੱਖਾਂ ਦੀ ਖਿੱਚੀ ਹੈ ਇਹ ਮੰਨਣਯੋਗ ਨਹੀਂ। ਕਹਾਵਤ ਹੈ ਜੰਗ ਅਤੇ ਪਿਆਰ ਵਿਚ ਸਭ ਜਾਇਜ਼ ਹੁੰਦਾ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਸਿੱਖਾਂ ਨੇ ਔਰਤਾਂ ਵੱਲ ਆਪਣੀ ਨਜ਼ਰ ਮੈਲੀ ਨਹੀਂ ਕੀਤੀ ਜਾਂ ਬੱਚੇ ਬੁੱਢੇ ਨਾ ਮਾਰੇ ਹੋਣ।"

ਡਾ. ਗੁਪਤਾ ਨੇ ਕਿਹਾ, ਮੈਂ ਇਹ ਉਨ੍ਹਾਂ ਸਿੱਖਾਂ ਦੇ ਬਿਰਤਾਂਤ ਲਿਖੇ ਹਨ ਜਿਹੜੇ ਦਸਮ ਪਾਤਸ਼ਾਹ ਹਜ਼ੂਰ ਨੂੰ ਜਾਣ ਗਏ ਸਨ, ਸਮਝ ਗਏ ਸਨ। ਇਕ ਮੌਕੇ ਕੁਝ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ ਸੀ, "ਜੀ ਮੁਗਲ ਬੱਚਿਆਂ ਬਜ਼ੁਰਗਾਂ ਨੂੰ ਕਤਲ ਕਰਨੋਂ ਅਤੇ ਔਰਤਾਂ ਦੀ ਬੇਪਤੀ ਕਰਨੋਂ ਨਹੀਂ ਝਿਜਕਦੇ। ਅਸੀਂ ਵੀ ਜੇ ਅਜਿਹਾ ਹੀ ਬਦਲਾ ਲਵਾਂਗੇ ਤਦ ਉਨ੍ਹਾਂ ਦੀ ਸੁਰਤ ਟਿਕਾਣੇ ਆਵੇਗੀ। ਅਸੀਂ ਇਹੋ ਕੁਝ ਕਰਾਂਗੇ।" ਗੁਰੂ ਜੀ ਨੇ ਮਨ੍ਹਾਂ ਕਰਦਿਆਂ ਕਿਹਾ ਸੀ, "ਮੋਹਿ ਨੀਚਨ ਕੀ ਰੀਸ ਨਹੀਂ ਹੈ" ਅਤੇ "ਹਮ ਲੇ ਜਾਵਹੁੰ ਪੰਥ ਉਚੇਰੇ।" ਇਹ ਉਨ੍ਹਾਂ ਸਿੱਖਾਂ ਦੀਆਂ ਕਹਾਣੀਆਂ ਹਨ ਜਿਹੜੇ ਗੁਰੂ ਜੀ ਦੀ ਮਨਸ਼ਾ ਅਨੁਸਾਰ ਉਚੇ ਮੰਡਲਾਂ ਵਿਚ ਚਲੇ ਗਏ ਸਨ। ਉਨ੍ਹਾਂ ਨੇ ਇਕ ਵੀ ਅਨੈਤਕ ਹਰਕਤ ਨਹੀਂ ਕੀਤੀ। ਜਿੰਨੀਆਂ ਗਵਾਹੀਆਂ/ਹਵਾਲੇ ਪ੍ਰਾਪਤ ਹੋਏ ਹਨ ਉਹ ਤਾਂ ਸਿੱਖਾਂ ਦੇ ਲਿਖੇ ਹੋਏ ਨਹੀਂ, ਮੁਸਲਮਾਨਾਂ ਦੇ ਹਨ ਜਾਂ ਅੰਗਰੇਜ਼ਾਂ ਦੇ, ਜਾਂ ਮਰਾਠਿਆਂ ਆਦਿਕ ਦੇ ਜੋ ਸਿੱਖਾਂ ਦੇ ਨਾ ਮਿੱਤਰ ਸਨ ਨਾ ਹਮਦਰਦ। ਫਿਰ ਕਿਵੇਂ ਆਖੀਏ ਕਿ ਉਹ ਯੋਧੇ ਉਚ ਇਖ਼ਲਾਕ ਦੇ ਨਹੀਂ ਸਨ।

## ਰਾਜ ਔਰੰਗੇ ਦਾ...

ਮੌਲਵੀਆ ਦੀ ਥਾਂ ਸਾਧਾਂ ਨੇ
ਅੱਜ ਚੋਲੇ ਪਾਏ ਆ।
ਸਿੱਖ ਕੌਮ ਦੇ ਰਾਖੇ ਸਾਰੇ ਖੂੰਜੇ ਲਾਏ ਆ।
ਉਥੇ ਚਲਦੀ ਤਾਨਾਸ਼ਾਹੀ
ਫ਼ਰਕ ਨੀ ਚੰਗੇ ਮੰਦੇ ਦਾ।
ਮੇਰੇ ਵਤਨ ਦੇ ਵਿਚ ਚਲਦਾ
ਅੱਜ ਵੀ ਰਾਜ ਔਰੰਗੇ ਦਾ।

ਮਾਰੋ ਜਾਂ ਸੂਲੀ 'ਤੇ ਟੰਗੋ
ਇਹ ਸੋਚਾਂ ਸਰਕਾਰ ਦੀਆਂ।
ਮੁਰਦੇ ਤੋਂ ਰਿਸ਼ਵਤ ਭਾਲਣ
ਬਾਤਾਂ ਕਿਰਦਾਰ ਦੀਆਂ।
ਬੜਾ ਮੁੱਲ ਤਾਰਨਾ ਪੈਂਦਾ
ਵਿਚ ਗਰੀਬੀ ਪੰਗੇ ਦਾ। ਅੱਜ ਵੀ...
ਕੌਮ ਦੇ ਜਥੇਦਾਰ ਅਖਵਾਉਂਦੇ
ਦਿਨ-ਦੀਵੀਂ ਕਤਲ ਕਰਾਉਂਦੇ।
ਜੇ ਕਿਰਤੀ ਕਰੇ ਮੁਜਹਾਰਾ
ਦੇਖੋ, ਪੁਲਸੀਆਂ ਤੋਂ ਕਟਵਾਉਂਦੇ।
ਬੰਦਾ ਸਾਹ ਨ੍ਹੀਂ ਪੂਰੇ ਕਰਦਾ
ਅੱਜ ਦੇ ਲੀਡਰਾਂ ਡੰਗੇ ਦਾ। ਅੱਜ ਵੀ...

ਸਾਥੋ ਖ਼ੋਹ ਕੇ ਸਾਰਾ ਪੈਸਾ
ਵਿਚ ਵਿਦੇਸ਼ਾਂ ਲੈ ਗਏ ਆ।
ਲੋਕੋ ਪੰਜ ਦਰਿਆ ਦੀ ਧਰਤੀ
ਅੱਜ ਨਸ਼ੇ 'ਚ ਵਹਿ ਗਈ ਆ।
ਨਾ ਮਿਲਣਾ ਬਿਰੋਵਾਲੀਆ ਢਿੱਲੋਂ
ਸੁਖ ਲੰਗੜੇ ਨੂੰ ਡੰਡੇ ਦਾ। ਅੱਜ ਵੀ...


***-ਢਿੱਲੋਂ ਬਿਰੋਵਾਲੀਆ***
***ਫੋਨ:916-904-9511***

ਪਾਕਿਸਤਾਨੀ ਉਰਦੂ ਕਹਾਣੀ

# ਪਿੰਜਰੇ 'ਚ ਪਾਲੀ ਹੋਈ ਗੱਲ

*ਮਜ਼ਹਰ ਉਲ ਇਸਲਾਮ ਇਕ ਬਿਲਕੁਲ ਨਿਵੇਕਲਾ ਲੇਖਕ ਹੈ। ਉਹ ਬਹੁਤੇ ਲੇਖਕਾਂ ਵਾਂਗ ਆਪਣੀ ਮਸ਼ਹੂਰੀ ਲਈ ਕੋਈ ਤਰੱਦਦ ਨਹੀਂ ਕਰਦਾ। ਬੱਸ, ਆਪਣਾ ਕੰਮ ਕਰੀ ਜਾਂਦਾ ਹੈ। ਇਹ ਇਕ ਲਿਹਾਜ਼ ਨਾਲ ਕੋਈ ਵੈਰਾਗ ਹੀ ਹੈ ਜਿਹੜਾ ਉਹਨੇ ਆਪਣੀ ਮਰਜ਼ੀ ਨਾਲ ਵਿਹਾਜਿਆ ਹੋਇਆ ਹੈ। ਉਹ ਦਰਅਸਲ ਆਪਣੀਆਂ ਰਚਨਾਵਾਂ ਰਾਹੀਂ ਆਪਣੇ ਪਾਠਕਾਂ ਨਾਲ ਗੱਲਾਂ ਕਰਦਾ ਹੈ। ਉਹਦੀ ਕੋਈ ਵੀ ਰਚਨਾ ਪੜ੍ਹ ਕੇ ਤੁਸੀਂ ਪਹਿਲਾਂ ਵਰਗੇ ਨਹੀਂ ਰਹਿੰਦੇ। ਤੁਹਾਡੇ ਅੰਦਰ ਕੁਝ ਨਾ ਕੁਝ ਪਣਪਦਾ, ਭੁਰਦਾ, ਜੁੜਦਾ ਹੈ। ਇਹੀ ਮਜ਼ਹਰ ਦੀ ਖਾਸੀਅਤ ਹੈ। ਜਦੋਂ ਉਹਦਾ ਪਹਿਲਾ ਕਹਾਣੀ ਸੰਗ੍ਰਿਹਿ 'ਘੋੜੋਂ ਕੇ ਸ਼ਹਿਰ ਮੇਂ ਅਕੇਲਾ ਆਦਮੀ' ਆਇਆ ਤਾਂ ਸਾਹਿਤ ਦੇ ਆਲੋਚਕ ਦੇਖਦੇ ਹੀ ਰਹਿ ਗਏ। ਫਿਰ ਤਾਂ ਚੱਲ ਸੋ ਚੱਲ। ਇਸ ਤੋਂ ਬਾਅਦ 'ਗੁੜੀਆ ਕੀ ਆਂਖ ਸੇ ਸ਼ਹਿਰ ਕੋ ਦੇਖੋ', 'ਖਤ ਮੇਂ ਪੋਸਟ ਕੀ ਹੂਈ ਦੁਪਹਿਰ' ਅਤੇ 'ਬਾਤੋਂ ਕੀ ਬਾਰਿਸ਼ ਮੇਂ ਭੀਗਤੀ ਲੜਕੀ' ਕਿਤਾਬਾਂ ਛਪੀਆਂ। ਉਹਦਾ ਪਹਿਲਾ ਨਾਵਲ 'ਮੁਹੱਬਤ ਮੁਰਦਾ ਫੂਲੋਂ ਕੀ ਸਿੰਫਨੀ' ਮਾਨੋ ਪਾਣੀ ਵਿਚ ਸੁੱਟਿਆ ਗਿਆ ਪੱਥਰ ਸੀ ਜਿਸ ਨੇ ਵਾਹਵਾ ਚਰਚਾ ਛੇੜੀ। ਇਸ ਦੀਆਂ ਧੁੰਮਾਂ ਦੇਸ਼-ਵਿਦੇਸ਼ ਵਿਚ ਪਈਆਂ। 2006 ਵਿਚ ਕ੍ਰਿਸਟੋਫਰ ਸ਼ੈਕਲ ਨੇ ਉਹਦੀਆਂ 30 ਤੋਂ ਵੀ ਵੱਧ ਕਹਾਣੀਆਂ ਦਾ ਤਰਜਮਾ ਕਰਕੇ ਕਿਤਾਬ 'ਦ ਸੀਜ਼ਨ ਆਫ ਲਵ, ਬਿਟਰ ਅਲਮੰਡਸ ਐਂਡ ਡੀਲੇਅਡ ਰੇਨਜ਼' ਛਪਵਾਈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਹਦੀ ਕਹਾਣੀ 'ਪਿੰਜਰੇ 'ਚ ਪਾਲੀ ਹੋਈ ਗੱਲ' ਛਾਪੀ ਜਾ ਰਹੀ ਹੈ। ਇਸ ਸੂਖਮ ਕਹਾਣੀ ਵਿਚ ਉਹ ਪਾਠਕ ਨੂੰ ਆਪਣੇ ਸਭਿਆਚਾਰ ਦੀਆਂ ਪਰਤਾਂ ਨਾਲ ਘੁੱਟ ਕੇ ਪਾਈ ਜੱਫੀ ਵਾਂਗ ਜੋੜ ਲੈਂਦਾ ਹੈ। ਕਹਾਣੀ ਪੜ੍ਹਦਿਆਂ ਜਾਪਦਾ ਹੈ ਜਿਵੇਂ ਸਾਰਾ ਕੁਝ ਤੁਹਾਡੇ ਆਲੇ-ਦੁਆਲੇ ਵਾਪਰ ਰਿਹਾ ਹੈ। -ਸੰਪਾਦਕ*

ਉਹ ਹੁਣ ਬੁੱਢਾ ਹੋ ਗਿਆ ਹੈ ਤੇ ਆਪਣੀ ਬੰਦੂਕ ਵੇਚਣੀ ਚਾਹੁੰਦਾ ਹੈ...ਬੰਦੂਕ ਦੀ ਜ਼ਿਆਦਾ ਕੀਮਤ ਵੀ ਨਹੀਂ ਮੰਗਦਾ ਪਰ ਚਾਹੁੰਦਾ ਹੈ ਕਿ ਆਪਣੀ ਬੰਦੂਕ ਕਿਸੇ ਅਜਿਹੇ ਆਦਮੀ ਨੂੰ ਵੇਚੇ ਜਿਹੜਾ ਇਸ ਨਾਲ ਓਨੀ ਹੀ ਮੁਹੱਬਤ ਕਰੇ, ਜਿੰਨੀ ਉਹ ਆਪ ਕਰਦਾ ਹੈ। ਪਿਛਲੀ ਜੁਮੇਰਾਤ ਨੂੰ ਜਦ ਉਹ ਪੂਰੇ 80 ਵਰ੍ਹਿਆਂ ਦਾ ਹੋ ਗਿਆ ਤਾਂ ਉਹਦੀ ਬੇਚੈਨੀ ਵਧਣ ਲੱਗ ਪਈ। ਉਹਦੀ ਮਲਕੀਅਤ ਵਿਚ ਸਭ ਤੋਂ ਵੱਧ ਕੀਮਤੀ ਚੀਜ਼ ਬੰਦੂਕ ਹੀ ਹੈ ਜਿਸ ਨੂੰ ਉਹ ਛੇਤੀ ਤੋਂ ਛੇਤੀ ਵੇਚ ਦੇਣਾ ਚਾਹੁੰਦਾ ਹੈ।



**ਮਜ਼ਹਰ-ਉਲ-ਇਸਲਾਮ**

ਬੰਦੂਕ ਦਾ ਫਿਕਰ ਉਹਨੂੰ ਅੰਦਰੇ-ਅੰਦਰ ਖਾ ਰਿਹਾ ਹੈ...ਤੇ ਉਸ ਦੀ ਹਾਲਤ ਉਸ ਬੁੱਢੇ ਵਰਗੀ ਹੋ ਗਈ ਹੈ ਜਿਸ ਦੀ ਮੁਟਿਆਰ ਕੁਆਰੀ ਧੀ ਘਰ ਬੈਠੀ ਹੋਵੇ, ਤੇ ਕੋਈ ਯੋਗ ਵਰ ਲੱਭ ਹੀ ਨਾ ਰਿਹਾ ਹੋਵੇ। ਉਹ ਆਪਣੀ ਬੰਦੂਕ ਮੁਫ਼ਤ ਵਿਚ ਨਹੀਂ ਦੇਣਾ ਚਾਹੁੰਦਾ, ਤੇ ਕਿਸੇ ਮੋਟੀ ਰਕਮ ਦੀ ਮੰਗ ਵੀ ਨਹੀਂ ਕਰ ਰਿਹਾ...ਬੱਸ! ਕਿਸੇ ਅਜਿਹੇ ਆਦਮੀ ਦੀ ਭਾਲ ਵਿਚ ਹੈ ਜਿਹੜਾ ਇਸ ਬੰਦੂਕ ਨਾਲ ਮੁਹੱਬਤ ਕਰਨ ਦੇ ਨਾਲ ਨਾਲ ਇਸ ਦੀ ਹਿਫਾਜ਼ਤ ਵੀ ਕਰ ਸਕਦਾ ਹੋਵੇ।

ਕਈ ਲੋਕ ਬੁੱਢੇ ਕੋਲ ਆਏ ਪਰ ਬੰਦੂਕ ਦਾ ਸੌਦਾ ਨਹੀਂ ਹੋ ਸਕਿਆ ਕਿਉਂਕਿ ਆਪਣੀ ਬੰਦੂਕ ਦੇ ਨਵੇਂ ਮਾਲਿਕ ਦੇ ਰੂਪ ਵਿਚ ਕੋਈ ਵੀ ਬੁੱਢੇ ਨੂੰ ਪਸੰਦ ਨਹੀਂ ਆਇਆ, ਉਸ ਨੇ ਹਰ ਬੰਦੇ ਵਿਚ ਕੋਈ ਨਾ ਕੋਈ ਖੋਟ ਕੱਢ ਦਿੱਤਾ ਸੀ।

ਉਸ ਦਿਨ ਜਿਹੜਾ ਆਦਮੀ ਬੰਦੂਕ ਖਰੀਦਣ ਆਇਆ, ਉਹਦੀ ਉਮਰ ਲਗਭਗ 50 ਸਾਲ ਸੀ। ਬੁੱਢੇ ਨੇ ਉਹਨੂੰ ਬੰਦੂਕ ਵੇਚਣ ਤੋਂ ਇਸ ਲਈ ਨਾਂਹ ਕਰ ਦਿੱਤੀ ਕਿ ਉਹਦੇ ਖ਼ਿਆਲ ਵਿਚ ਜਿਹੜਾ ਆਦਮੀ ਪੰਜਾਹਾਂ ਦਾ ਹੋ ਚੁੱਕਿਆ ਹੈ, ਉਹ ਲੰਮੇ ਸਮੇਂ ਤਕ ਬੰਦੂਕ ਦਾ ਸਾਥ ਨਹੀਂ ਦੇ ਸਕਦਾ, ਤੇ ਬੰਦੂਕ ਵਾਸਤੇ ਲੰਮੀ ਉਮਰ ਵਾਲਾ ਆਦਮੀ ਚਾਹੀਦਾ ਸੀ।

ਫਿਰ ਇਕ ਕੱਦਾਵਰ, ਖ਼ੂਬਸੂਰਤ ਤੇ ਸਿਹਤਮੰਦ ਨੌਜਵਾਨ ਬੰਦੂਕ ਖਰੀਦਣ ਲਈ ਆਇਆ ਤਾਂ ਬੁੱਢੇ ਨੇ ਉਹਨੂੰ ਪੁੱਛਿਆ, "ਤੂੰ ਬੰਦੂਕ ਕਿਉਂ ਖਰੀਦਣੀ ਚਾਹੁੰਦਾ ਏਂ ਬਈ?"

"ਹਿਫਾਜ਼ਤ ਲਈ।" ਨੌਜਵਾਨ ਨੇ ਬੁੱਢੇ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਕੀਹਦੀ ਹਿਫਾਜ਼ਤ ਲਈ? ਆਪਣੀ, ਆਪਣੇ ਮਾਲ ਦੀ ਜਾਂ...?" ਇੰਨਾ ਕਹਿ ਕੇ ਬੁੱਢਾ ਚੁੱਪ ਹੋ ਗਿਆ ਜਿਵੇਂ ਅੱਗੇ ਨੌਜਵਾਨ ਆਪ ਹੀ ਸਮਝ ਗਿਆ ਹੋਵੇ।

"ਆਪਣੀ, ਆਪਣੇ ਮਾਲ ਦੀ ਤੇ ਹਰ ਉਸ ਚੀਜ਼ ਦੀ...।" ਨੌਜਵਾਨ ਨੇ ਵੀ ਗੱਲ ਅਧੂਰੀ ਛੱਡ ਦਿੱਤੀ ਜਿਵੇਂ ਅਗਲੀ ਗੱਲ ਆਪੇ ਹੀ ਬੁੱਢੇ ਨੂੰ ਸਮਝ ਆ ਜਾਵੇਗੀ।

"ਪਰ ਬੰਦੂਕ ਦੀ ਹਿਫਾਜ਼ਤ ਕੌਣ ਕਰੇਗਾ?" ਬੁੱਢੇ ਨੇ ਪੁੱਛਿਆ।

ਤੇ ਫਿਰ ਉਹਦੀ ਗੱਲ ਲੰਮੀ ਹੁੰਦੀ ਗਈ, "ਪੁੱਤਰ ਬੰਦੂਕ ਸਿਰਫ ਉਨ੍ਹਾਂ ਦੀ ਹਿਫਾਜ਼ਤ ਕਰਦੀ ਏ, ਜਿਹੜੇ ਇਸ ਦੀ ਹਿਫਾਜ਼ਤ ਕਰਨੀ ਜਾਣਦੇ ਹੋਣ। ਅਸਲਾ ਹਰ ਬੰਦੇ ਦੇ ਹੱਥ ਵਿਚ ਕਾਰਆਮਦ ਸਿੱਧ ਨਹੀਂ ਹੁੰਦਾ। ਬੰਦੂਕ ਤਾਕਤ ਏ, ਤੇ ਇਹਦੇ ਲਈ ਬੇਪਨਾਹ ਤਾਕਤਵਰ ਆਦਮੀ ਦੀ ਲੋੜ ਹੁੰਦੀ ਏ।" ਫਿਰ ਉਹਨੇ ਉਹ ਗੱਲ ਕਹੀ ਜਿਹੜੀ ਪਹਿਲਾਂ ਵੀ ਕਈ ਲੋਕਾਂ ਨੂੰ ਕਹੀ ਸੀ, "ਦੇਖ ਪੁੱਤਰ! ਇਹ ਬੰਦੂਕ ਮੈਂ ਵੀਹ ਸਾਲ ਦੀ ਉਮਰ ਵਿਚ ਸ਼ਿਕਾਰ ਖੇਡਣ ਲਈ ਖ਼ਰੀਦੀ ਸੀ ਪਰ ਪਿੱਛੋਂ ਲਾਇਸੰਸ ਵਿਚ 'ਆਪਣੀ ਹਿਫਾਜ਼ਤ ਲਈ ਹੈ' ਵੀ ਦਰਜ ਕਰਵਾਉਣਾ ਪਿਆ। ਪਿਛਲੇ ਸੱਠਾਂ ਸਾਲਾਂ ਤੋਂ ਇਹ ਮੇਰੀ ਸਾਥਣ ਤੇ ਗ਼ਮਖ਼ਾਰ ਰਹੀ ਹੈ। ਤੂੰ ਨੌਜਵਾਨ ਜ਼ਰੂਰ ਏਂ ਪਰ ਬੰਦੂਕ ਰੱਖਣ ਲਈ ਇਸ ਤੋਂ ਬਿਨਾਂ ਵੀ ਕਈ ਕੁਝ ਚਾਹੀਦਾ ਹੁੰਦੈ।"

ਕੁਝ ਦਿਨਾਂ ਪਿੱਛੋਂ ਇਕ ਹੋਰ ਨੌਜਵਾਨ ਬੁੱਢੇ ਦੀ ਬੰਦੂਕ ਖਰੀਦਣ ਆਇਆ ਤਾਂ ਉਹਨੇ ਕਿਹਾ, "ਮੈਨੂੰ ਪਤਾ ਏ ਕਿ ਤੈਨੂੰ ਬੰਦੂਕ ਰੱਖਣ ਦਾ ਬੜਾ ਸ਼ੌਕ ਹੈ ਪਰ ਪੁੱਤਰ, ਸ਼ੌਕ ਖਾਤਰ ਖਰੀਦੀ ਹੋਈ ਬੰਦੂਕ ਦਾ ਨਿਸ਼ਾਨਾ ਠੀਕ ਨਹੀਂ ਬੈਠਦਾ ਹੁੰਦਾ। ਜਿੰਨੇ ਪੈਸੇ ਤੂੰ ਇਸ ਬੰਦੂਕ ਉਤੇ ਖਰਚਣਾ ਚਾਹੁੰਦਾ ਏਂ, ਓਨਿਆਂ ਦਾ ਸੂਟ ਬਣਵਾ ਲੈ। ਸੂਟ ਪਾਵੇਂਗਾ ਤਾਂ ਤੇਰੀ ਖ਼ੂਬਸੂਰਤੀ ਹੋਰ ਵੀ ਵਧ ਜਾਏਗੀ, ਤੇ ਤੇਰੇ ਕੀਮਤੀ ਕੱਪੜੇ ਦੇਖ ਕੇ ਸਮਾਜ ਆਪੇ ਹੀ ਤੇਰੀ ਹਿਫਾਜ਼ਤ ਕਰੇਗਾ।"

ਫਿਰ ਇਕ ਹੋਰ ਆਦਮੀ ਬੁੱਢੇ ਤੋਂ ਬੰਦੂਕ ਖਰੀਦਣ ਆਇਆ ਜਿਸ ਕੋਲ ਪਹਿਲਾਂ ਵੀ ਬੰਦੂਕ ਸੀ। ਉਹ ਮੰਨਿਆ ਹੋਇਆ ਸ਼ਿਕਾਰੀ ਸੀ, ਤੇ ਉਸ ਦਾ ਨਿਸ਼ਾਨਾ ਵੀ ਖਾਸਾ ਪੱਕਾ ਸੀ ਪਰ ਬੁੱਢੇ ਨੇ ਉਸ ਨੂੰ ਇਹ ਕਹਿ ਕੇ ਬੰਦੂਕ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਦੋ ਬੰਦੂਕਾਂ ਰੱਖਣ ਵਾਲੇ ਦੀ ਇਕ ਬੰਦੂਕ ਹਮੇਸ਼ਾ ਦੁਸ਼ਮਣ ਦੇ ਕੰਮ ਆਉਂਦੀ ਹੈ। ਬੁੱਢੇ ਦੀ ਗੱਲ ਸੁਣ ਕੇ ਉਸ ਆਦਮੀ ਨੇ ਦੱਸਿਆ ਕਿ 'ਪਹਿਲੀ ਬੰਦੂਕ ਬਾਰਾਂ ਬੋਰ ਦੀ ਹੈ। ਬਹੁਤੀ ਦੂਰ ਤੱਕ ਮਾਰ ਵੀ ਨਹੀਂ ਕਰਦੀ...ਬੁੱਢੇ ਦੀ ਬੰਦੂਕ ਸੈਵਨ ਐਮ.ਐਮ. ਦੀ ਹੈ, ਤੇ ਖਾਸੀ ਦੂਰ ਤੱਕ ਮਾਰ ਵੀ ਕਰਦੀ ਹੈ। ਇਸ ਦੀ ਗੋਲੀ ਵੀ ਪੱਕੀ ਹੁੰਦੀ ਹੈ, ਇਸ ਲਈ ਇਸ ਕਿਸਮ ਦੀ ਬੰਦੂਕ ਦੀ ਮੈਨੂੰ ਸਖ਼ਤ ਲੋੜ ਹੈ।' ਉਹਦੀ ਗੱਲ ਸੁਣ ਕੇ ਬੁੱਢੇ ਦੇ ਸਾਹਾਂ ਦੀ ਗਤੀ ਤੇਜ਼ ਹੋਣ ਲੱਗੀ। ਉਹ ਕੁਝ ਕਹਿ ਵੀ ਰਿਹਾ ਸੀ, ਤੇ ਬੰਦੂਕ ਲੈਣ ਦੀ ਗਰਜ ਨਾਲ ਆਇਆ ਆਦਮੀ ਤੇ ਉਸ ਦੇ ਨਾਲ ਵਾਲਾ ਆਦਮੀ ਬੁੱਢੇ ਦੇ ਮੂੰਹ ਵੱਲ ਦੇਖਣ ਲੱਗੇ। ਬੁੜਬੁੜ ਕਰਦਾ ਹੋਇਆ ਬੁੱਢਾ ਬਿੰਦ ਦਾ ਬਿੰਦ ਚੁੱਪ ਹੋ ਜਾਂਦਾ, ਤੇ ਫੇਰ ਕਾਹਲੀ-ਕਾਹਲੀ ਬੁੜਬੁੜ ਕਰਨ ਲੱਗ ਪੈਂਦਾ...ਇੰਜ ਲੱਗਦਾ ਸੀ ਜਿਵੇਂ ਕੋਈ ਖਾਲੀ ਬੰਦੂਕ ਦੇ ਘੋੜੇ ਨੂੰ ਵਾਰੀ-ਵਾਰੀ ਨੱਪ ਰਿਹਾ ਹੋਵੇ। ਫਿਰ ਬੁੱਢੇ ਦੀਆਂ ਗੱਲਾਂ ਵਿਚੋਂ ਤਾਜ਼ੇ ਚੱਲੇ ਕਾਰਤੂਸ ਵਰਗੀ ਗੰਧ ਆਉਣ ਲੱਗ ਪਈ ਸੀ।

ਉਹ ਬੰਦੂਕ ਖਰੀਦਣ ਆਏ ਆਦਮੀਆਂ ਨੂੰ ਕਹਿ ਰਿਹਾ ਸੀ, "ਦੂਰ ਤੱਕ ਮਾਰ ਕਰਨ ਵਾਲੀ ਬੰਦੂਕ ਨੂੰ ਹਰ ਕੋਈ ਨਹੀਂ ਚਲਾ ਸਕਦਾ। ਤੂੰ ਬਾਰਾਂ ਬੋਰ ਦੀ ਕੱਚੀਆਂ ਗੋਲੀਆਂ, ਮੇਰਾ ਭਾਵ ਏ ਕਾਰਤੂਸਾਂ ਵਾਲੀ ਬੰਦੂਕ ਚਲਾਉਣ ਦਾ ਆਦੀ ਏਂ...ਇਸ ਲਈ ਸ਼ਾਇਦ ਤੈਨੂੰ ਇਲਮ ਨਹੀਂ ਕਿ ਇਹ ਦੂਰ ਤੱਕ ਮਾਰ ਕਰਨ ਵਾਲੇ ਹੱਥਾਂ ਵਿਚ ਹੀ ਠੀਕ ਰਹਿੰਦੀ ਏ ਪਰ ਮੈਂ ਸਿਫਾਰਸ਼ੀ ਹੱਥਾਂ ਦੀ ਗੱਲ ਨਹੀਂ ਕਰਦਾ ਪਿਆ, ਉਨ੍ਹਾਂ ਦੀ ਗੱਲ ਕਰ ਰਿਹਾਂ ਜਿਨ੍ਹਾਂ ਦੀ ਦਿੱਖ ਜਵਾਨ ਪਰ ਤਜਰਬਾ ਬੁੱਢਾ ਹੁੰਦਾ ਏ।" ਇਹ ਕਹਿ ਕੇ ਬੁੱਢਾ ਚੁੱਪ ਹੋ ਗਿਆ।

ਸਾਰਿਆਂ ਨੇ ਉਹਦੇ ਮੂੰਹ ਵੱਲ ਦੇਖਿਆ ਜਿਹੜਾ ਬਿਲਕੁਲ ਕਿਸੇ ਭਰੀ ਹੋਈ ਬੰਦੂਕ ਜਿਹਾ ਲੱਗ ਰਿਹਾ ਸੀ। ਨੱਕ ਘੋੜੇ ਵਾਂਗ ਤਣਿਆ ਹੋਇਆ ਸੀ, ਤੇ ਅੱਖਾਂ ਕਿਸੇ ਦੁਨਾਲੀ ਵਾਂਗ ਨਿਸ਼ਾਨਾ ਸਿੰਨ੍ਹੀ ਖੜ੍ਹੀਆਂ ਸਨ। ਯਕਦਮ ਬੁੱਢਾ ਫਿਰ ਬੋਲਿਆ ਤਾਂ ਇੰਜ ਲੱਗਿਆ ਜਿਵੇਂ ਕਿਸੇ ਨੇ ਬੰਦੂਕ ਵਿਚ ਗੋਲੀ ਪਾ ਕੇ ਉਸ ਨੂੰ ਤਾਣ ਲਿਆ ਹੋਵੇ। ਉਹ ਕਹਿ ਰਿਹਾ ਸੀ, "ਮੈਂ ਆਪਣੀ ਇਹ ਬੰਦੂਕ ਤੁਹਾਨੂੰ ਕਿੰਜ ਦੇ ਦਿਆਂ ਜਿਨ੍ਹਾਂ ਦੇ ਮੂੰਹ ਨੂੰ ਖ਼ੂਨ ਲੱਗਿਆ ਹੋਇਆ ਏ? ਇਹ ਉਹ ਬੰਦੂਕ ਨਹੀਂ ਜਿਹੜੀ ਜ਼ਾਲਮ ਦੇ ਹੱਥ ਵਿਚ ਖੇਡਦੀ ਏ...ਇਹ ਮੇਰੀ ਬੰਦੂਕ ਏ, ਇਸ ਦੇ ਦਸਤੇ ਨਾਲ ਸ਼ੇਰ ਦੀ ਦਹਾੜ ਬੱਝੀ ਹੋਈ ਏ; ਉਸ ਸ਼ੇਰ ਦੀ ਦਹਾੜ ਨਹੀਂ ਜਿਹੜਾ ਜੰਗਲ ਦਾ ਬਾਦਸ਼ਾਹ ਕਹਾਉਂਦਾ ਏ, ਬਲਕਿ ਉਸ ਸ਼ੇਰ ਦੀ ਦਹਾੜ ਜਿਹੜਾ ਛੋਟੇ ਜਾਨਵਰਾਂ ਨਾਲ ਰਲ ਕੇ ਇਕੋ ਘਾਟ ਪਾਣੀ ਪੀ ਲੈਂਦਾ ਏ, ਤੇ ਉਨ੍ਹਾਂ ਦੀ ਹਿਫਾਜ਼ਤ ਕਰਦਾ ਏ।" ਬੁੱਢੇ ਦੀਆਂ ਗੱਲਾਂ ਵਿਚੋਂ ਬਾਰੂਦ ਦੀ ਬੂ ਫੈਲਣ ਲੱਗੀ। ਉਹ ਕਹਿ ਰਿਹਾ ਸੀ, "ਮੇਰੀ ਬੰਦੂਕ ਦੀ ਨਾਲ ਉਤੇ ਉਸ ਭੀੜ ਦੇ ਨਾਅਰੇ ਚਿਪਕੇ ਹੋਏ ਨੇ ਜਿਹੜੀ ਦੂਜੀਆਂ ਬੰਦੂਕਾਂ ਦੀਆਂ ਗੋਲੀਆਂ ਨਾਲ ਲੀਰੋ-ਲੀਰ ਕਰ ਦਿੱਤੀ ਗਈ...ਹੁਣ ਤੁਸੀਂ ਆਪ ਹੀ ਦੱਸੋ ਮੈਂ ਆਪਣੀ ਇਹ ਬੰਦੂਕ ਤੁਹਾਨੂੰ ਕਿਵੇਂ ਦੇ ਦਿਆਂ?"

ਇਸ ਗੱਲ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਇਕ ਹੋਰ ਆਦਮੀ ਬੰਦੂਕ ਖਰੀਦਣ ਬੁੱਢੇ ਕੋਲ ਆਇਆ ਤਾਂ ਉਸ ਪਹਿਲਾ ਸਵਾਲ ਕੀਤਾ, "ਤੇਰੇ ਕੋਲ ਲਾਇਸੰਸ ਹੈ?"

ਉਸ ਆਦਮੀ ਨੇ ਬੜੇ ਧੀਰਜ ਨਾਲ ਕਿਹਾ, "ਬੰਦੂਕ ਦਾ ਸੌਦਾ ਹੋ ਗਿਆ ਤਾਂ ਲਾਇਸੰਸ ਦੀ ਗੱਲ ਵੀ ਹੋ ਜਾਏਗੀ, ਤੁਸੀਂ ਆਪਣੀ ਬੰਦੂਕ...।"

ਅਜੇ ਉਹਨੇ ਇੰਨਾ ਹੀ ਕਿਹਾ ਸੀ ਕਿ ਬੁੱਢੇ ਨੇ ਉਹਦੀ ਗੱਲ ਟੁੱਕੀ, "ਮੇਰੇ ਕੋਲ ਉਹ ਬੰਦੂਕ ਏ ਜਿਹੜੀ ਤੂੰ ਕਦੀ ਸੱਚਮੁੱਚ ਤਾਂ ਕੀ, ਸੁਪਨੇ ਵਿਚ ਵੀ ਨਹੀਂ ਦੇਖੀ ਹੋਣੀ। ਇਹ ਬੜੀ ਤਜਰਬੇਕਾਰ ਬੰਦੂਕ ਏ, ਤੇ ਤੂੰ... ਖ਼ੈਰ! ਸੁਣ, ਇਕ ਬੰਦੂਕ ਆਦਮੀ ਦੇ ਹੱਥ ਵਿਚ ਹੁੰਦੀ ਏ, ਤੇ ਦੂਜੀ ਦਿਮਾਗ਼ ਵਿਚ ਫਿੱਟ ਹੁੰਦੀ ਏ; ਤੇ ਨਿਸ਼ਾਨਾ ਉਦੋਂ ਹੀ ਫਿੱਟ ਬੈਠਦਾ ਏ ਜਦੋਂ ਦਿਮਾਗ਼ ਵਾਲੀ ਬੰਦੂਕ ਤੇ ਹੱਥ ਵਾਲੀ ਬੰਦੂਕ ਇਕੋ ਸਮੇਂ ਚੱਲਣ ਪਰ ਤੁਸੀਂ ਲੋਕ ਹੱਥ ਵਾਲੀ ਬੰਦੂਕ ਨੂੰ ਦਿਮਾਗ਼ ਵਾਲੀ ਬੰਦੂਕ ਨਾਲੋਂ ਪਹਿਲਾਂ ਹੀ ਚਲਾ ਦਿੰਦੇ ਓ ਜਿਸ ਲਈ ਤੂੰ ਮੇਰੀ ਬੰਦੂਕ ਦੀ ਕੀਮਤ ਤਾਂ ਦੇ ਸਕਦਾ ਏਂ ਪਰ ਇਸ ਦੇ ਹੌਸਲੇ ਦੀ ਤਲਬ ਨੂੰ ਨਹੀਂ ਮਿਟਾ ਸਕਦਾ।"

ਫਿਰ ਕਈ ਲੋਕ ਆਏ ਪਰ ਬੁੱਢੇ ਤੋਂ ਬੰਦੂਕ ਨਾ ਖਰੀਦ ਸਕੇ। ਵੱਡੇ ਸ਼ਿਕਾਰੀਆਂ ਤੇ ਬੰਦੂਕ ਦੇ ਮਾਹਿਰਾਂ ਨੇ ਵੀ ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਕੋਈ ਵੀ ਬੁੱਢੇ ਦੀ ਪਰਖ ਉਤੇ ਪੂਰਾ ਨਾ ਉਤਰਿਆ। ਸ਼ਹਿਰ ਵਿਚ ਥਾਂ-ਥਾਂ ਬੁੱਢੇ ਦੀ ਬੰਦੂਕ ਦੇ ਚਰਚੇ ਸਨ...ਤੇ ਬੁੱਢਾ ਵੀ ਇਹਨੂੰ ਵੇਚਣ ਲਈ ਪਹਿਲਾਂ ਨਾਲੋਂ ਵਧੇਰੇ ਬੇਚੈਨ ਨਜ਼ਰ ਆਉਂਦਾ ਸੀ।

ਫਿਰ ਇਕ ਦਿਨ ਪਤਾ ਲੱਗਿਆ, ਬੁੱਢਾ ਮਰ ਗਿਆ ਹੈ। ਸ਼ਹਿਰ ਦੇ ਕੋਨੇ-ਕੋਨੇ ਤੋਂ ਲੋਕ ਉਹਦੇ ਜਨਾਜ਼ੇ ਵਿਚ ਸ਼ਾਮਲ ਹੋਣ ਲਈ ਆਏ। ਉਨ੍ਹਾਂ ਵਿਚ ਉਹ ਲੋਕ ਵੀ ਸਨ ਜਿਹੜੇ ਉਸ ਤੋਂ ਬੰਦੂਕ ਖਰੀਦਣ ਆਏ ਸਨ, ਤੇ ਉਹ ਵੀ ਜਿਨ੍ਹਾਂ ਨੇ ਬੁੱਢੇ ਦੀਆਂ ਸਿਰਫ ਗੱਲਾਂ ਹੀ ਸੁਣੀਆਂ ਸਨ। ਕੋਈ ਉਸ ਬੰਦੂਕ ਉਤੇ ਕਬਜ਼ਾ ਕਰਨ ਬਾਰੇ ਸੋਚ ਰਿਹਾ ਸੀ; ਕਿਸੇ ਦੇ ਮਨ ਵਿਚ ਅਫ਼ਸੋਸ ਦੀ ਧੁੰਦ ਛਾਈ ਹੋਈ ਸੀ।

ਤੇ ਉਸੇ ਸ਼ਾਮ...

ਬਹੁਤ ਸਾਰੇ ਲੋਕ ਬੁੱਢੇ ਦੇ ਘਰ ਅਫ਼ਸੋਸ ਕਰਨ ਆਏ ਬੈਠੇ ਸਨ। ਉਹਦੇ ਇਕ ਪੁਰਾਣੇ ਸਾਥੀ ਨੇ ਜੇਬ ਵਿਚੋਂ ਕਾਗਜ਼ ਕੱਢਿਆ ਅਤੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਬੋਲਿਆ, "ਬੁੱਢੇ ਦੀ ਇੱਛਾ ਸੀ ਕਿ ਉਸ ਦੀ ਬੰਦੂਕ ਉਸ ਦੇ ਜਿਉਂਦੇ-ਜਿਉਂਦੇ ਹੀ ਸੁਰੱਖਿਅਤ ਹੱਥਾਂ ਵਿਚ ਚਲੀ ਜਾਏ ਪਰ ਉਹ ਇੰਜ ਨਾ ਕਰ ਸਕਿਆ। ਜ਼ਿੰਦਗੀ ਨੇ ਉਹਨੂੰ ਮੋਹਲਤ ਹੀ ਨਹੀਂ ਦਿੱਤੀ। ਮਰਨ ਤੋਂ ਕੁਝ ਚਿਰ ਪਹਿਲਾਂ ਉਹਨੇ ਵਸੀਅਤ ਲਿਖੀ ਸੀ...ਮੈਂ ਤੁਹਾਨੂੰ ਸੁਣਾ ਦਿੰਦਾ ਵਾਂ।" ਫਿਰ ਉਹਨੇ ਕਾਗਜ਼ ਦੀਆਂ ਤਹਿਆਂ ਖੋਲ੍ਹੀਆਂ ਤੇ ਪੜ੍ਹਨ ਲੱਗਾ,

"ਮੈਂ ਆਪਣੀ ਵਿਰਾਸਤ ਵਿਚ ਇਕ ਬੰਦੂਕ ਤੇ ਇਕ ਪਿੰਜਰਾ ਛੱਡ ਕੇ ਜਾ ਰਿਹਾਂ। ਪਿੰਜਰਾ ਭਾਵੇਂ ਖਾਲੀ ਨਜ਼ਰ ਆਉਂਦਾ ਹੈ ਪਰ ਇਹ ਖਾਲੀ ਨਹੀਂ...ਇਸ ਵਿਚ ਇਕ ਪਰਿੰਦਾ ਵੀ ਹੈ। ਸਾਰੇ ਇਸ ਪਿੰਜਰੇ ਨੂੰ ਦੇਖ ਕੇ ਖਾਲੀ ਕਹਿਣਗੇ...ਪਰ ਜਿਸ ਆਦਮੀ ਨੂੰ ਪਿੰਜਰੇ ਵਿਚ ਪਰਿੰਦਾ ਨਜ਼ਰ ਆ ਜਾਵੇ, ਉਹਨੂੰ ਹੀ ਇਹ ਪਿੰਜਰਾ ਦੇ ਦਿੱਤਾ ਜਾਵੇ। ਮੇਰੀ ਮੌਤ ਤੋਂ ਬਾਅਦ ਮੇਰੀ ਬੰਦੂਕ ਸ਼ਹਿਰ ਦੇ ਉਨ੍ਹਾਂ ਵਿਦਵਾਨਾਂ ਨੂੰ ਸੌਂਪ ਦਿੱਤੀ ਜਾਵੇ ਜਿਨ੍ਹਾਂ ਦੀਆਂ ਅੱਖਾਂ ਵਿਚ ਸੱਚ ਸਾਕਾਰ ਦਿਸਦਾ ਹੋਵੇ ਤਾਂ ਕਿ ਉਹ ਮੇਰੀ ਇਹ ਬੰਦੂਕ ਉਨ੍ਹਾਂ ਲੋਕਾਂ ਨੂੰ ਦੇਣ ਜਿਨ੍ਹਾਂ ਦੇ ਪੱਲੇ ਦੀ ਗੱਲ ਨੂੰ ਕੋਈ ਖੋਲ੍ਹ ਕੇ ਲੈ ਗਿਆ ਹੈ, ਤੇ ਹੁਣ ਉਨ੍ਹਾਂ ਦੇ ਲੂੰ-ਲੂੰ ਵਿਚੋਂ ਬੰਦੂਕ ਦੀ ਤਲਾਸ਼ ਦੀ ਮਹਿਕ ਆਉਂਦੀ ਹੈ।"

ਵਸੀਅਤ ਪੜ੍ਹ ਕੇ ਬੁੱਢੇ ਦਾ ਸਾਥੀ ਕਾਗਜ਼ ਤਹਿ ਕਰਕੇ ਜੇਬ ਵਿਚ ਪਾਉਂਦਾ ਹੋਇਆ ਉਠ ਖੜ੍ਹਾ ਹੋਇਆ, ਤੇ ਘਰ ਦੇ ਅੰਦਰਲੇ ਦਰਵਾਜ਼ੇ ਕੋਲ ਜਾ ਕੇ ਕੁੰਡਾ ਖੜਕਾਉਣ ਲੱਗ ਪਿਆ। ਅੰਦਰੋਂ ਬੁੱਢੇ ਦੀ ਘਰਵਾਲੀ ਬਾਹਰ ਆਈ ਤਾਂ ਉਸ ਨੇ ਉਹਨੂੰ ਕਿਹਾ, "ਮਿਹਰਬਾਨੀ ਕਰਕੇ ਬੁੱਢੇ ਦੀ ਬੰਦੂਕ ਲਿਆ ਦਿਓ ਤਾਂ ਕਿ ਵਸੀਅਤ ਅਨੁਸਾਰ ਉਹ ਸ਼ਹਿਰ ਦੇ ਲੋਕਾਂ ਨੂੰ ਦੇ ਦਿੱਤੀ ਜਾਵੇ।"

ਬੁੱਢੇ ਦੀ ਘਰਵਾਲੀ ਹੈਰਾਨੀ ਨਾਲ ਪੁੱਛਣ ਲੱਗੀ, "ਕਿਹੜੀ ਬੰਦੂਕ! ਉਸ ਕੋਲ ਕੋਈ ਬੰਦੂਕ ਨਹੀਂ ਸੀ। ਉਹ ਤਾਂ ਆਪ ਸਾਰੀ ਉਮਰ ਬੰਦੂਕ ਖਰੀਦਣ ਵਾਸਤੇ ਤਰਸਦਾ ਰਿਹਾ ਏ।"

***ਅਨੁਵਾਦ: ਮਹਿੰਦਰ ਬੇਦੀ, ਜੈਤੋ***

# ਈਸ਼ਾਨਾ

**ਰਾਠੇਸ਼ਵਰ ਸਿੰਘ 'ਸੂਰਾਪੁਰੀ'***

ਮੈਂ ਕਦੀ ਕਦੀ ਉਸ ਤੋਂ ਤੰਗ ਜਿਹਾ ਆ ਜਾਂਦਾ ਹਾਂ। ਨਹੀਂ-ਨਹੀਂ ਤੰਗ ਵੀ ਨਹੀਂ, ਐਵੇਂ ਖਿਝ ਜਿਹੀ ਆ ਜਾਂਦੀ ਏ ਕਿਸੇ ਵੇਲੇ। ਜਦੋਂ ਵੀ ਉਸ ਨੇ ਕੋਈ ਗੱਲ ਆਖਣੀ ਹੁੰਦੀ ਏ, ਕਦੀ ਵੇਲਾ-ਕੁਵੇਲਾ ਨਹੀਂ ਦੇਖਦੀ। ਆਦਮੀ ਸੁੱਤਾ ਪਿਆ ਹੋਵੇ ਜਾਂ ਫਿਰ ਕਿਸੇ ਖਾਸ ਕੰਮ 'ਚ ਰੁੱਝਿਆ ਹੋਇਆ, ਓਹਦੀ ਜਾਣੇ ਬਲਾ! ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਬਸ-ਉਸ ਦੀ ਗੱਲ ਸੁਣਨੀ ਹੀ ਪੈਂਦੀ ਏ। ਪਰ ਹੁਣ ਤਾਂ ਮੈਂ ਆਦੀ ਹੋ ਗਿਆ ਹਾਂ। ਮੇਰੇ ਗਲ਼ ਦੁਆਲੇ ਆਪਣੀਆਂ ਬਾਹਵਾਂ ਵਲ਼ ਕੇ ਮੋਹ ਭਰੀਆਂ ਅੱਖਾਂ ਨਾਲ, ਜਦ ਉਹ ਮੁਸ਼ਕਣੀ-ਮੁਸ਼ਕਣੀ ਮੇਰੇ ਵਲ ਤਕਦੀ ਏ, ਮੈਨੂੰ ਤਾਂ ਆਪਣਾ-ਆਪ ਵੀ ਭੁੱਲ ਜਾਂਦੈ। ਹੁਣ ਮੈਂ ਉਸ ਤੋਂ ਜੁਦਾ ਨਹੀਂ ਰਹਿ ਸਕਦਾ।

ਹਾਂ ਜੀ! ਇਹ ਤਾਂ ਵਾਹ ਪਿਆ ਜਾਣੇ ਜਾਂ ਰਾਹ ਪਿਆ। ਗੱਲਾਂ ਕਰਨੀਆਂ ਬੜੀਆਂ ਸੌਖੀਆਂ ਹੁੰਦੀਆਂ ਨੇ। ਇਹ ਜੋ ਹੈ ਨਾ! ਖੱਬੇ ਪਾਸੇ ਧੜਕ ਰਿਹੈ, ਅਥਰੇ ਘੋੜੇ ਵਾਂਗ ਜਦੋਂ ਬੇ-ਵਸ ਹੋ ਜਾਂਦੈ, ਫੇਰ ਮੋੜਿਆਂ ਮੁੜਦਾ ਨਹੀਂ। ਐਵੇਂ ਤਾਂ ਨ੍ਹੀਂ ਆਪਣਾ ਮੁਲਕ ਛੱਡ ਕੇ ਕੋਈ ਆ ਜਾਂਦਾ ਪਰਾਏ ਥਾਂ? ਕੋਈ-ਨਾ-ਕੋਈ ਖਿਚ ਤਾਂ ਜ਼ਰੂਰ ਹੁੰਦੀ ਏ! ਮੈਂ ਕੀ ਦੱਸਾਂ? ਹੌਲੀ-ਹੌਲੀ ਤੁਸੀਂ ਆਪ ਹੀ ਸਮਝ ਜਾਓਗੇ, ਮੈਨੂੰ ਕਿਸ ਨੇ ਧੂ ਪਾਈ ਹੋਵੇਗੀ? ਤੇ ਜੇ ਮੈਂ ਹੁਣ ਆ ਹੀ ਗਿਆਂ, ਉਸ ਨੂੰ ਭਰਪੂਰ ਲਾਡ ਲਡਾਉਣਾ ਮੇਰਾ ਫਰਜ਼ ਏ ਅਤੇ ਉਸ ਦਾ ਹੱਕ ਵੀ।

ਉਹ ਮੈਨੂੰ ਜਿੰਨਾ ਪਿਆਰ ਕਰਦੀ ਏ ਉਸ ਨੂੰ ਮਾਪਣ ਦਾ ਕੋਈ ਪੈਮਾਨਾ ਨਹੀਂ ਏ। ਇਸ ਬਾਰੇ ਤਾਂ ਸ਼ਾਇਦ ਕੋਈ ਵੀ ਸਹੀ ਮੁਲੰਕਣ ਨਹੀਂ ਕਰ ਸਕਦਾ! ਜਿਹੜਾ ਪਿਆਰ ਮਾਨਸਿਕ ਸੰਤੁਸ਼ਟੀ ਦੇਣ ਵਾਲਾ ਹੋਵੇ, ਜਿਸ ਪਿਆਰੇ ਨੂੰ ਦੇਖਿਆਂ,



ਉਸ ਦੇ ਮਸਤਕ 'ਤੇ ਮੋਹ ਦਾ ਦੀਵਾ ਬਲ਼ਦਾ ਨਜ਼ਰ ਆਵੇ, ਜਿਸ ਨੂੰ ਮਿਲਿਆਂ ਰੂਹ ਸਰਸ਼ਾਰ ਹੋ ਜਾਵੇ, ਜਿਸ ਨੂੰ ਸਪਰਸ਼ ਕੀਤਿਆਂ ਅਪਣੱਤ ਦਾ ਅਹਿਸਾਸ ਹੋਵੇ, ਉਹ ਪਿਆਰ ਨਿਰਸੰਦੇਹ ਕਿਸੇ ਲਈ ਨਾਜ਼ੀਰ ਤੋਹਫਾ ਹੁੰਦਾ ਏ। ਉਸ ਤੋਂ ਅਜਿਹਾ ਪਿਆਰ ਪਾ ਕੇ ਮੇਰੇ ਮਨ ਨੂੰ ਸਦਾ ਹੀ ਸਕੂਨ ਤੇ ਸਰੂਰ ਜਿਹਾ ਮਿਲਦਾ ਹੈ।

ਜਦੋਂ ਕਦੀ ਮੈਂ ਉਸ ਨਾਲ, ਪਾਰਕ ਵਿਚ ਘੁੰਮਣ ਜਾਂਦਾ ਹਾਂ, ਤਾਂ ਲੋਕ ਆਨੇ-ਬਹਾਨੇ ਸਾਨੂੰ ਬੁਲਾਉਣ ਦਾ ਯਤਨ ਕਰਦੇ ਹਨ। ਪਿਆਰੀ ਜਿਹੀ ਦਿਖ, ਮਟਕ-ਮਟਕ ਕੇ ਤੁਰਨਾ ਤੇ ਭੋਲ਼ੀ ਜਿਹੀ ਮੁਸਕਰਾਹਟ ਸਭ ਦਾ ਧਿਆਨ ਮੱਲੋ-ਮੱਲੀ ਆਪਣੇ ਵਲ ਖਿੱਚ ਲੈਂਦੀ ਏ। ਪਰ ਉਹ ਆਮ-ਖਾਸ ਨਾਲ ਬੋਲ ਕੇ ਰਾਜ਼ੀ ਘੱਟ ਹੀ ਏ। ਅਸੀਂ ਪਾਰਕ ਦੀ ਕਿਸੇ ਨੁੱਕਰੇ, ਆਸੇ-ਪਾਸੇ ਦੀ ਭੀੜ ਤੋਂ ਕੁੱਝ ਫ਼ਾਸਲੇ 'ਤੇ, ਆਪਣੀ ਹੀ ਮਸਤੀ ਵਿਚ ਖੋ ਜਾਂਦੇ ਹਾਂ। ਘੁੰਮਣ-ਫਿਰਨ ਆਏ ਹੋਰ ਬੱਚਿਆਂ ਨਾਲ ਹੱਸਦੇ, ਖੇਡਦੇ, ਹਾਏ-ਹੈਲੋ ਕਰਦੇ, ਪੀਂਘਾਂ ਦੇ ਹੁਲਾਰੇ ਲੈਂਦੇ, ਸੂਰਜ ਦੀ ਟਿੱਕੀ ਦਰਖਤਾਂ ਓਹਲੇ ਹੋ ਜਾਣ ਤੋਂ ਪਹਿਲਾਂ ਹੀ ਘਰ ਪਰਤ ਆਉਂਦੇ ਹਾਂ।

ਜਦੋਂ ਪਿਆਰ ਹੱਦਾਂ-ਬੰਨੇ ਟੱਪ ਕੇ ਆਫਰੇ ਦਰਿਆ ਵਾਂਗ ਆਪਣੇ ਹੀ ਕਿਨਾਰੇ ਖੋਰਨ ਲੱਗ ਜਾਏ ਤਾਂ ਜੀਅ ਉਕਤਾ ਵੀ ਜਾਂਦਾ ਏ। ਇੰਜ ਮੇਰੇ ਨਾਲ ਵੀ ਹੋਇਆ ਏ ਕਈ ਵਾਰੀ। ਬੰਦੇ ਨੂੰ ਹੋਰ ਵੀ ਬੜੇ ਕੰਮ ਹੁੰਦੇ ਨੇ ਕਰਨ ਵਾਲੇ! ਹਰ ਵੇਲੇ ਐਵੇਂ ਚੁੰਬੜੇ ਰਹਿਣਾ, ਆਪਣੀ ਹੀ ਜਿਦ ਪੁਗਾਉਣੀ ਭਲਾ ਕੀ ਦਸਤੂਰ ਹੋਇਆ? ਗੁੱਸਾ ਵੀ ਆਉਂਦਾ ਏ ਕਦੀ-ਕਦੀ। ਪਰ ਪਤਾ ਨਹੀਂ ਫਿਰ ਕਿਉਂ ਹਰ ਵਾਰ ਮੈਂ ਉਸ ਦੇ ਅੱਗੇ ਹਾਰ ਮਨ ਲੈਂਦਾਂ? ਤੇ ਹਥਲੇ ਕੰਮ ਛੱਡ ਕੇ ਉਸ ਨੂੰ ਕਲ੍ਹਾਵੇ 'ਚ ਲੈ ਲੈਂਦਾ ਹਾਂ।

ਮੈਨੂੰ ਭਰਮਾਉਣਾ ਉਹ ਚੰਗੀ ਤਰ੍ਹਾਂ ਜਾਣਦੀ ਏ। ਜਦੋਂ ਕੋਈ ਖਾਸ ਸ਼ੈਅ ਲੈਣ ਲਈ ਉਸ ਦਾ ਮਨ ਮਚਲਣ ਲੱਗੇ। ਠੁਮਕ-ਠੁਮਕ ਕਰਦੀ ਮੇਰੇ ਕੋਲ਼ ਆ ਕੇ, ਜਿਸ ਤਰ੍ਹਾਂ ਸਵਾਲੀਆ ਨਜ਼ਰਾਂ ਨਾਲ ਮੇਰੇ ਵਲ ਤੱਕਦੀ ਹੈ, ਮੈ ਨਾਂਹ ਕਿਵੇਂ ਕਰ ਸਕਦਾਂ? ਮੇਰਾ ਦਿਲ ਇੰਨਾ ਕਠੋਰ ਨਹੀਂ। ਮੇਰੀ ਇਸੇ ਕਮਜ਼ੋਰੀ ਦਾ ਉਹ ਅਕਸਰ ਫਾਇਦਾ ਉਠਾ ਲੈਂਦੀ ਏ।

ਚੰਦ 'ਤੇ ਪਏ ਦਾਗ਼ ਵਾਂਗ ਉਸ ਦੇ ਚਿਹਰੇ 'ਤੇ ਉਦਾਸੀ ਦਾ ਪਰਛਾਂਵਾਂ ਮੈਥੋਂ ਦੇਖਿਆ ਨਹੀਂ ਜਾਂਦਾ। ਮੇਰਾ ਦਿਲ ਘਟਣ ਜਿਹਾ ਲੱਗ ਜਾਂਦੈ। ਲਫਜ਼ੀ ਹਮਦਰਦੀ ਜਤਾਉਣ ਨਾਲ, ਜਦੋਂ ਗੱਲ ਬਣਦੀ ਨਾ ਦਿਸੇ ਤਾਂ ਪਿਆਰ ਨਾਲ ਗਲ਼ੇ ਲਗਾ ਕੇ ਇਕ ਬੋਸਾ ਉਸ ਦੀ ਗਲ੍ਹ ਤੇ ਥਾਪ ਦਿੰਦਾ

(ਬਾਕੀ ਅਗਲੇ ਸਫੇ 'ਤੇ)

# ਈਸ਼ਾਨਾ

*(ਪਿਛਲੇ ਸਫੇ ਤੋਂ ਜਾਰੀ)*

ਹਾਂ। ਉਹ ਘੜੀ ਬੜੀ ਔਖੀ ਹੁੰਦੀ ਏ, ਜਦੋਂ ਉਸ ਤੋਂ ਨਿੱਖੜਨਾ ਪੈਂਦਾ ਹੈ। ਕੰਮ ਕੀਤਿਆਂ ਬਿਨਾਂ ਦੁਨੀਆਂਦਾਰੀ ਵੀ ਤਾਂ ਨਹੀਂ ਨਾ ਚਲਦੀ? ਮਜਬੂਰੀ ਹੁੰਦੀ ਏ ਪਰ ਉਸ ਨੂੰ ਕੌਣ ਸਮਝਾਵੇ! ਕਈ ਵਾਰੀ ਤਾਂ ਅਤਿ ਪਿਆਰ ਦਾ ਪ੍ਰਗਟਾਵਾ ਵੀ ਸਿਰਦਰਦੀ ਹੀ ਬਣ ਜਾਂਦਾ ਏ।

ਮਨਮਰਜ਼ੀ ਕਰਨੀ ਉਸ ਦਾ ਸੁਭਾਅ ਹੈ ਅਤੇ ਨਵੀਆਂ-ਨਵੀਆਂ ਚੀਜ਼ਾਂ ਖਰੀਦਣਾ ਉਸ ਦਾ ਸ਼ੌਕ ਪਰ ਇੰਝ ਦਾ ਸ਼ੌਕ, ਕਦੀ ਕਿਸੇ ਨੂੰ ਮਹਿੰਗਾ ਲੱਗਿਐ? ਤੇ ਫੇਰ ਸਾਨੂੰ ਵੀ ਕਿਉਂ ਲੱਗੇ? ਆਖਿਰ ਉਸ ਦਾ ਹੱਕ ਹੀ ਤਾਂ ਬਣਦੈ। ਉਹ ਪਿਆਰ ਵੀ ਤਾਂ ਬੜਾ ਕਰਦੀ ਏ ਨਾ।

ਆਪਣੇ ਘਰ ਇਕ ਥਾਲੀ 'ਚ ਖਾਂਦਿਆਂ ਉਸ ਦਾ ਮੇਰੇ ਮੂੰਹ 'ਚ ਬੁਰਕੀਆਂ ਪਾਉਣਾ ਭਾਵੇਂ ਕਿੰਨਾ ਵੀ ਚੰਗਾ ਲੱਗਦਾ ਹੋਵੇ ਪਰ ਹਰ ਜਗ੍ਹਾ ਤਾਂ ਨਹੀਂ ਨਾ ਸੋਭਦਾ? ਇਹੋ ਗੱਲ ਹੈ ਜਿਹੜੀ ਮੈਂ ਉਸ ਦੇ ਖਾਨੇ ਨਹੀਂ ਪਾ ਸਕਿਆ। ਬਸ ਆਪਣੀ ਜ਼ਿਦ 'ਤੇ ਅੜੀ ਉਹ ਰੋਣਹਾਕੀ ਹੋ ਜਾਂਦੀ ਏ।

ਫੋਟੋ ਖਿਚਵਾਉਣ ਦਾ ਉਸ ਨੂੰ ਸ਼ੌਕ ਘੱਟ ਅਤੇ ਖਿੱਚਣ ਵਾਲੇ ਨੂੰ ਇਹ ਲੱਤ ਜ਼ਿਆਦਾ ਏ? ਉਸ ਦੀਆਂ ਫੋਟੋਆਂ ਦੀ ਸੈਂਚਰੀ ਪੂਰੀ ਹੋ ਚੁੱਕੀ ਏ, ਹਾਲੀ ਹੋਰ ਵੀ ਖਿੱਚਣੀਆਂ ਜਾਰੀ ਹਨ। ਫੋਟੋਗ੍ਰਾਫੀ ਨਾਲ ਉਸ ਦਾ ਐਨਾ ਲਗਾਓ ਤਾਂ ਨਹੀਂ ਹੈ। ਫਿਰ ਵੀ ਵੱਖੋ-ਵੱਖਰੇ ਪੋਜ਼ ਬਣਾਉਣੇ ਉਸ ਨੂੰ ਖ਼ੂਬ ਆਉਂਦੇ ਨੇ।

ਹਾਲੀ, ਮੈਂ ਉਸ ਦੀਆਂ ਅਦਾਵਾਂ ਦੀ ਗੱਲ ਨਹੀਂ ਕੀਤੀ। ਕਿਤੇ ਇਕ ਹੋਵੇ ਤਾਂ ਕਰਾਂ! ਉਂਜ ਅਦਾਵਾਂ ਤਾਂ ਬਸ ਮਾਣੀਆਂ ਹੀ ਜਾਂਦੀਆਂ ਨੇ। ਕਲਮ ਨਾਲ ਲਿਖੀਆਂ ਨਹੀਂ ਜਾ ਸਕਦੀਆਂ। ਉਸ ਦੀਆਂ ਚੰਚਲ ਅਦਾਵਾਂ ਦੇ ਰੰਗ-ਢੰਗ ਬਸ ਨਿਰਾਲੇ ਹੀ ਹੁੰਦੇ ਨੇ। ਸ਼ਰਾਰਤ ਕਰਨੀ ਤਾਂ ਮਨੁੱਖੀ ਮਨ ਦਾ ਚੁਲਬੁਲ੍ਹਾਪਨ ਹੈ ਹੀ। ਪਰ ਬੇ-ਢੰਗੀ ਤੇ ਬੇ-ਮੌਕੀ ਸ਼ਰਾਰਤ ਨਾਲ ਨੁਕਸਾਨ ਵੀ ਹੋ ਸਕਦੈ, ਇਹ ਸਮਝਣਾ ਉਸ ਨੂੰ ਜ਼ਰੂਰੀ ਨਹੀਂ ਜਾਪਦਾ। ਹਰ ਕਿਸੇ ਦੇ ਖਾਨੇ ਇਹ ਗੱਲ ਪਾਉਣੀ ਸੌਖੀ ਵੀ ਨਹੀਂ ਹੁੰਦੀ। ਜਿਸ ਦੀ ਗੱਲ ਮੈਂ ਕਰ ਰਿਹਾਂ ਉਹ ਸ਼ਰਾਰਤੀ ਤਾਂ ਨਹੀਂ ਏ, ਪਰ ਕਦੀ-ਕਦੀ ਸ਼ਰਾਰਤ ਕਰਨ ਦਾ ਝੱਲ ਜ਼ਰੂਰ ਉਠਦੈ ਤੇ ਉਹ ਝੱਲ ਮੇਰੇ ਬੇ-ਜ਼ੁਬਾਨ ਲੈਪ-ਟੌਪ ਨੂੰ ਹੀ ਝੱਲਣਾ ਪੈਂਦਾ ਏ ਜਿਸ ਵਿਚੋਂ ਸਦਾ ਹੀ ਕੁਝ ਨਾ ਕੁਝ ਗਵਾਚ ਜਾਣ ਦਾ ਡਰ ਬਣਿਆ ਰਹਿੰਦੈ। ਜਦੋਂ ਮੈਂ ਕਦੀ ਕੰਮ 'ਚ ਰੁਝਿਆ ਹੋਵਾਂ ਤਾਂ ਇਹ ਉਸ ਦੀ ਕੀਤੀ ਅਣਦੇਖੀ ਦਾ ਹੀ ਪ੍ਰਤੀਕਰਮ ਹੁੰਦਾ ਹੈ। ਬੰਦਾ ਵਿਚਾਰਾ ਕੀ ਕਰੇ! ਹਰ ਵੇਲੇ ਚਾਪਲੂਸੀ ਤਾਂ ਨਹੀਂ ਨਾ ਕਰ ਹੁੰਦੀ?

ਨਹਾਉਣ ਦੀ ਬੜੀ ਸ਼ੌਕੀਨ ਏ, ਪਰ ਅਵੱਲੀ ਕਿਸਮ ਦੀ। ਇੰਜ ਤਾਂ ਕੋਈ-ਕੋਈ ਹੀ ਕਰਦਾ ਹੋਵੇਗਾ। ਗੁਸਲਖਾਨੇ ਦੇ ਟੱਬ ਵਿਚ ਬਾਲਟੀ ਰੱਖ ਕੇ ਟੂਟੀ ਤੋਂ ਪਾਣੀ ਲੈ ਕੇ, ਮੱਘ ਨਾਲ ਪਾ ਕੇ ਨਹਾਉਣਾ ਕੀ ਤੁਹਾਨੂੰ ਚੰਗਾ ਲੱਗੇਗਾ? ਜੀ ਹਾਂ! ਉਹ ਇੰਜ ਹੀ ਕਰਦੀ ਏ ਰੋਜ਼ਾਨਾ। ਜਿਹੜਾ ਇਨਸਾਨ ਅਪਣੀ ਹੀ ਮਰਜ਼ੀ ਦਾ ਮਾਲਕ ਹੋਵੇ ਉਸ ਨੂੰ ਸਮਝਾਵੇ ਭਲਾ ਕੌਣ!


ਮੈਨੂੰ ਲਿਖਣ-ਪੜ੍ਹਨ ਦਾ ਸ਼ੌਕ ਏ। ਆਦਮੀਆਂ ਦਾ ਇਹ ਸ਼ੌਕ ਉਂਜ ਤਾਂ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ। ਆਪਣੀ ਕਾਰ ਵਿਚ ਚਾਲੀ-ਪੰਜਾਹ ਡਾਲਰ ਦਾ ਪਟਰੌਲ ਪਵਾ ਕੇ, ਦੂਰ-ਦੁਰਾਡੇ ਸਿਰਫ ਇਕ ਕਵਿਤਾ ਜਾਂ ਕਹਾਣੀ ਹੀ ਪੜ੍ਹਨ ਜਾਣਾ ਭਲਾ ਕੀ ਸ਼ੌਕ ਹੋਇਆ? ਇਸ ਸ਼ੌਕ ਨੂੰ ਅਕਸਰ ਜ਼ਨਾਨੀਆਂ, ਆਦਮੀਆਂ ਨੂੰ ਪਿਆ ਮਾੜਾ ਭੁਸ ਹੀ ਆਖਣਗੀਆਂ। ਅਜਿਹੇ ਮੌਕੇ ਉਸ ਦੇ ਨਟਖਟ ਜਿਹੇ ਵਤੀਰੇ ਤੋਂ ਮੈਂ ਬੇਚੈਨੀ ਮਹਿਸੂਸ ਕਰਦਾ ਹਾਂ। ਕਈ ਵਾਰ ਤਾਂ ਸਾਡਾ ਝਗੜਾ ਵੀ ਹੋ ਜਾਂਦੈ। ਮੈਨੂੰ ਇਕਾਂਤ ਚਾਹੀਦੀ ਹੁੰਦੀ ਏ, ਪੜ੍ਹਨ ਲਈ ਤੇ ਉਸ ਨੂੰ ਬੰਦਾ ਚਾਹੀਦਾ ਹੁੰਦੈ, ਗੱਲਾਂ ਕਰਨ ਲਈ। ਹੱਲ ਕੋਈ ਨ੍ਹੀਂ ਲੱਭਦਾ। ਕੀ ਕੋਈ ਕਰੇ 'ਤੇ ਕੀ ਨਾ ਕਰੇ!

ਘਰ ਦੀਆਂ ਗੱਲਾਂ ਕਰਨ ਨੂੰ ਕੀਹਦਾ ਜੀ ਕਰਦੈ, ਬਸ ਹੋ ਜਾਂਦੀਆਂ ਨੇ ਐਵੇਂ ਕਦੀ-ਕਦੀ। ਹੁਣ ਜਦੋਂ ਤੁਹਾਡੇ ਸਾਹਮਣੇ ਆਪਣੇ ਦਿਲ ਦਾ ਹਾਲ ਦਸ ਰਿਹਾਂ ਤਾਂ ਕਈ ਮੇਰੇ ਜਾਣੂ ਸੱਜਣ ਸੋਚਦੇ ਜ਼ਰੂਰ ਹੋਣਗੇ, ਬਈ ਪਹਿਲਾਂ ਤਾਂ ਕਦੇ ਗੱਲ ਨ੍ਹੀਂ ਕੀਤੀ। ਕਦੀ ਮਿਲਾਇਆ ਵੀ ਨਹੀਂ ਉਸ ਸ਼ਖ਼ਸ ਨਾਲ? ਇਤਨੇ ਵੀ ਮਾਯੂਸ ਹੋਣ ਦੀ ਲੋੜ ਕਾਹਦੀ ਏ? ਕਦੀ ਫੁਰਸਤ ਮਿਲੇ ਤਾਂ ਆ ਜਾਣਾ ਸਾਡੇ ਘਰ। ਤੁਹਾਨੂੰ ਜ਼ਰੂਰ ਮਿਲਾਉਣਾ ਚਾਹਾਂਗਾ ਆਪਣੀ ਬਹੁਤ ਹੀ ਪਿਆਰੀ ਤੇ ਚੰਚਲ ਜਿਹੀ, ਮੇਰੀ ਦੋ ਸਾਲ ਦੀ ਪੋਤੀ 'ਈਸ਼ਾਨਾ' ਨਾਲ।

*ਫੋਨ: (916)-969-9337

# ਅਖੌਤੀ ਸਾਧਾਂ ਦੇ ਵਿਛਾਏ ਜਾਲ ਤੋਂ ਬਚੋ!

ਜਦੋਂ ਮੈਂ ਹਾਈ ਸਕੂਲ ਵਿਚ ਸੀ, ਮੇਰਾ ਛੋਟਾ ਭਰਾ ਦਿਲਬਾਗ ਸਿੰਘ ਮਿਡਲ ਵਿਚ ਪੜ੍ਹਦਾ ਸੀ। ਗਰਮੀਆਂ ਦੇ ਦਿਨ ਸਨ। ਅਸੀਂ ਦੋਵੇਂ ਭਰਾ ਘਰ ਟਾਹਲੀ ਦੀ ਛਾਂਵੇਂ ਮੰਜਾ ਡਾਹ ਕੇ ਬੈਠੇ ਸਾਂ। ਅਸੀਂ ਦੋਵੇਂ ਭਰਾ ਗੱਲਾਂ ਕਰਦੇ ਕਰਦੇ ਸੌਂ ਗਏ। ਕੁਝ ਚਿਰ ਬਾਅਦ ਆਵਾਜ਼ ਆਈ। ਅਸੀਂ ਦੋਵੇਂ ਆਵਾਜ਼ ਸੁਣ ਕੇ ਉਠ ਗਏ। ਦੇਖਿਆ



**ਜਸਮਿੱਤਰ ਸਿੰਘ ਮੁਜ਼ੱਫਰਪੁਰ**
**ਫੋਨ:908-472-5367**

ਕਿ ਗੋਲ ਪੱਗਾਂ ਤੇ ਚਿੱਟੇ ਚੋਲੇ ਪਾਈ ਦੋ ਸੱਜਣ ਜਿਨ੍ਹਾਂ ਖੜ੍ਹੇ ਸਨ, ਇਕ ਕਹਿ ਰਿਹਾ ਸੀ ਕਿ ਇਹ ਹਵੇਲੀ ਬਾਬੇ ਅੱਛਰ ਸਿੰਘ ਦੀ ਸੀ। ਇਕ ਹਵੇਲੀ ਬਾਬੇ ਖਜਾਨ ਸਿੰਘ ਦੀ ਸੀ। ਹੁਣ ਇਸ ਹਵੇਲੀ ਦੀ ਸੇਵਾ ਹਰੀ ਸਿੰਘ ਕਰ ਰਹੇ ਸਨ। ਉਨ੍ਹਾਂ ਦੀ ਆਵਾਜ਼ ਸੁਣ ਕੇ ਮੈਂ ਅਤੇ ਮੇਰਾ ਭਰਾ ਚੱਕਰ ਵਿਚ ਪੈ ਗਏ। ਅਸੀਂ ਸੋਚਿਆ ਕਿ ਇਹ ਸਾਡੇ ਦਾਦੇ ਅਤੇ ਪੜਦਾਦੇ ਦਾ ਨਾਂ ਕਿਵੇਂ ਜਾਣਦਾ ਹੈ!

ਅਸੀਂ ਉਨ੍ਹਾਂ ਨੂੰ ਘਰ ਦੇ ਉਪਰ ਦੇ ਹਿੱਸੇ 'ਤੇ ਲੈ ਗਏ। ਬਰਾਂਡੇ ਵਿਚ ਕਣਕ ਖੁੱਲ੍ਹੀ ਪਈ ਸੀ। ਉਨ੍ਹਾਂ ਨੂੰ ਬਰਾਂਡੇ ਵਿਚ ਮੰਜੀ 'ਤੇ ਬਿਠਾ ਆਪ ਉਨ੍ਹਾਂ ਅੱਗੇ ਹੱਥ ਜੋੜ ਕੇ ਬੈਠ ਗਏ। ਸਾਡੀ ਮਾਂ ਵੀ ਆਪਣੇ ਪੁੱਤਰਾਂ ਖਾਤਰ ਹੱਥ ਜੋੜ ਕੇ ਸਾਡੇ ਨਾਲ ਹੀ ਬੈਠ ਗਈ। ਸਾਡੀ ਮਾਂ ਦਾ ਪਹਿਲਾ ਸਵਾਲ ਸੀ: ਬਾਬਾ ਜੀ, ਮੇਰੇ ਪੁੱਤਰ ਵਲੈਤ ਚਲੇ ਜਾਣਗੇ? ਸਾਡੀ ਵੱਡੀ ਭੈਣ ਇੰਗਲੈਂਡ ਰਹਿੰਦੀ ਸੀ। ਸਾਡੀ ਮਾਂ ਨੂੰ ਸਿਰਫ਼ ਵਲੈਤ ਦਾ ਹੀ ਪਤਾ ਸੀ।

ਬਾਬਾ ਕਹਿਣ ਲੱਗਾ, "ਮਾਤਾ ਤੇਰੇ ਦੋਵੇਂ ਪੁੱਤਰਾਂ ਦੇ ਨਸੀਬਾਂ ਵਿਚ ਬਾਹਰ ਦੇ ਮੁਲਕਾਂ ਦਾ ਸਫ਼ਰ ਲਿਖਿਆ ਹੋਇਆ ਹੈ ਪਰ ਇਕ ਮੁਸ਼ਕਲ ਆ ਰਹੀ ਹੈ।" ਮਾਂ ਕਹਿਣ ਲੱਗੀ, ਬਾਬਾ ਜੀ ਕੋਈ ਉਪਾਅ ਕਰੋ। ਬਾਬਾ ਕਹਿਣ ਲੱਗਾ, "ਉਹ ਸਭ ਮੈਂ ਆਪੇ ਹੀ ਕਰਾਂਗਾ। ਤੁਹਾਨੂੰ ਇਕ ਗਜ਼ ਕੋਰਾ ਕੱਪੜਾ ਲੈ ਕੇ ਉਸ ਦੀ ਥੈਲੀ ਬਣਾ ਕੇ ਕਾਲੇ ਮਾਹਾਂ ਦੀ ਦਾਲ ਦਾਨ ਕਰਨੀ ਪਏਗੀ।" ਮਾਂ ਨੇ ਕਿਹਾ, ਇੰਨੇ ਮਾਂਹ ਤਾਂ ਸਾਡੇ ਕੋਲ ਨਹੀਂ। ਚੋਲੇ ਵਾਲੇ ਸਾਧ ਦੀ ਨਿਗ੍ਹਾ ਬਰਾਂਡੇ ਵਿਚ ਪਈ ਖੁੱਲ੍ਹੀ ਕਣਕ 'ਤੇ ਪਈ। ਕਹਿੰਦਾ, ਥੈਲੀ ਵਿਚ ਇਕ ਕੌਲੀ ਮਾਹਾਂ ਦੀ ਪਾ ਦਿਓ ਤੇ ਬਾਕੀ ਕਣਕ ਨਾਲ ਭਰ ਦਿਓ। ਇਕ ਗਜ਼ ਕੱਪੜੇ ਦੀ ਥੈਲੀ ਬਣਾ ਕੇ ਕਣਕ ਨਾਲ ਭਰ ਕੇ ਸਾਧਾਂ ਨੂੰ ਦੇ ਦਿੱਤੀ। ਦੂਸਰਾ ਸਾਧ ਬੜਾ ਹੱਟਾ-ਕੱਟਾ ਸੀ। ਕਣਕ ਦਾ ਥੈਲਾ ਮੌਰਾਂ 'ਤੇ ਰੱਖ ਕੇ ਤੁਰਦਾ ਬਣਿਆ। ਜਾਂਦੇ ਹੋਏ ਮੈਨੂੰ ਗਿੱਦੜਸਿੰਗੀ ਜਿਹੀ ਦੇ ਗਏ। ਮੈਂ ਉਸ ਨੂੰ ਸੰਭਾਲ ਕੇ ਰੱਖ ਲਿਆ।

ਜਦੋਂ ਸਾਧ ਸਾਡੇ ਵਾਲੀ ਗਲੀ ਵਿਚ ਤੁਰੇ ਜਾਂਦੇ ਸਨ ਤਾਂ ਪਿੰਡ ਵਿਚੋਂ ਸਾਡੇ ਬਜ਼ੁਰਗ ਬਾਪੂ ਹਰੀ ਸਿੰਘ ਆ ਗਏ। ਉਨ੍ਹਾਂ ਨੇ ਸਾਧਾਂ ਦੇ ਮੌਰਾਂ 'ਤੇ ਰੱਖੇ ਥੈਲੇ ਵੱਲ ਨਿਗ੍ਹਾ ਮਾਰੀ। ਜਦੋਂ ਬਾਪੂ ਜੀ ਘਰ ਆਏ, ਮੈਂ ਖੁਸ਼ ਹੋ ਕੇ ਕਿਹਾ ਕਿ ਬਾਪੂ ਜੀ ਸਾਡੇ ਘਰ ਚੋਲਿਆਂ ਵਾਲੇ ਦੋ ਸਾਧ ਆਏ ਸਨ। ਉਹ ਤੁਹਾਡਾ, ਸਾਡੇ ਬਾਬਾ ਜੀ ਅਤੇ ਪੜਦਾਦਾ ਜੀ ਦਾ ਨਾਂ ਵੀ ਜਾਣਦੇ ਸਨ। ਉਹ ਕਹਿੰਦੇ ਕਿ ਤੁਸੀਂ ਜਲਦੀ ਹੀ ਬਾਹਰ ਦੇ ਮੁਲਕਾਂ ਦੀਆਂ ਸੈਰਾਂ ਕਰੋਗੇ।

ਬਾਪੂ ਜੀ ਕਹਿਣ ਲੱਗੇ, ਤਾਂ ਉਹ ਠੱਗ ਕਣਕ ਦਾ ਥੈਲਾ ਇੱਥੋਂ ਲੈ ਕੇ ਗਏ ਨੇ? ਅਸੀਂ 'ਹਾਂ' ਵਿਚ ਜਵਾਬ ਦਿੱਤਾ ਤਾਂ ਬਾਪੂ ਜੀ ਨੇ ਸਾਨੂੰ ਕਾਫੀ ਬੁਰਾ-ਭਲਾ ਕਿਹਾ। ਸਾਡੀ ਮਾਂ ਨੂੰ ਵੀ ਝਿੜਕਾਂ ਪਈਆਂ। ਬਾਪੂ ਜੀ ਕਹਿੰਦੇ ਕਿ ਇਹ ਤਾਂ ਠੱਗ ਸਾਧ ਨੇ, ਜਦੋਂ ਕੋਈ ਹਰਿਦੁਆਰ ਅਸਤ ਪਾਉਣ ਜਾਂਦਾ ਹੈ, ਉਥੇ ਨਾਂ ਅਤੇ ਪਤਾ ਲਿਖਾਉਣਾ ਪੈਂਦਾ ਹੈ। ਇਹ ਚੋਲੇ ਵਾਲੇ ਠੱਗ ਸਾਧ ਹਰਿਦੁਆਰ ਤੋਂ ਨਾਂ-ਪਤਾ ਨੋਟ ਕਰਕੇ ਸਿੱਖੀ ਦੇ ਭੇਖ ਵਿਚ ਪਿੰਡਾਂ ਦੇ ਭੋਲੇ ਲੋਕਾਂ ਨੂੰ ਠੱਗਦੇ ਫਿਰਦੇ ਹਨ।

ਆਹ, ਇਕ ਹੋਰ ਠੱਗ ਸਾਧ ਦੀ ਕਹਾਣੀ ਵੀ ਸੁਣ ਲਓ। ਅੰਮ੍ਰਿਤਸਰ ਜ਼ਿਲ੍ਹੇ ਦਾ ਕੋਈ ਸਾਧ ਨਵਾਂ ਸ਼ਹਿਰ ਦੇ ਇਲਾਕੇ ਵਿਚ ਪੈਂਦੇ ਪਿੰਡਾਂ ਪੱਲੀਆਂ ਅਤੇ ਚੌੜ੍ਹਾ ਵਿਚਾਲੇ ਡੇਰੇ ਵਿਚ ਸੇਵਾ ਕਰਨ ਲੱਗ ਪਿਆ। ਹੌਲੀ-ਹੌਲੀ ਡੇਰੇ ਵਿਚ ਉਸ ਦਾ ਕਾਫੀ ਨਾਂ ਬਣ ਗਿਆ। ਉਸ ਨੇ ਮਿੱਠੀਆਂ ਮਿੱਠੀਆਂ ਗੱਲਾਂ ਕਰ ਕੇ ਇਲਾਕੇ ਦੇ ਲੋਕ ਆਪਣੇ ਨਾਲ ਜੋੜ ਲਏ ਤੇ ਉਹ ਹੱਦੋਂ ਵੱਧ ਉਸ 'ਤੇ ਵਿਸ਼ਵਾਸ ਕਰਨ ਲੱਗ ਪਏ। ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਕਰਕੇ ਬੀਬੀਆਂ ਸਾਰਾ ਦਿਨ ਲੰਗਰ ਦੀ ਸੇਵਾ ਕਰਦੀਆਂ ਰਹਿੰਦੀਆਂ ਪਰ ਚੋਲੇ ਵਾਲੇ ਸਾਧ ਦੀ ਅੰਦਰ ਦੀ ਬਿਰਤੀ ਮਲੀਨ ਸੀ।

ਇਕ ਵਾਰ ਤਰਲੋਚਨ ਸਿੰਘ ਦੁਪਾਲਪੁਰ (ਪਿੰਡ ਦੁਪਾਲਪੁਰ ਸਾਡੇ ਨਾਲ ਲਗਦਾ ਪਿੰਡ ਹੈ) ਆਪਣੇ ਕੁਝ ਸਾਥੀਆਂ ਨਾਲ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਨ। ਰਸਤੇ ਵਿਚ ਗੁਰਦੁਆਰਾ ਸਾਹਿਬ ਦੇਖ ਕੇ ਜਲ ਪਾਣੀ ਛਕਣ ਵਾਸਤੇ ਅੰਦਰ ਚਲੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਲੰਗਰ ਹਾਲ ਵੱਲ ਗਏ। ਕੀ ਦੇਖਿਆ ਕਿ ਚੋਲੇ ਵਾਲਾ ਸਾਧ ਬਰਾਂਡੇ ਵਿਚ ਪਲੰਗ 'ਤੇ ਸਰਾਲ ਵਾਂਗ ਲੰਮਾ ਪਿਆ ਸੀ। ਕਾਫ਼ੀ ਬੀਬੀਆਂ ਇਸ ਸਾਧ ਦੀਆਂ ਲੱਤਾਂ, ਪੈਰਾਂ ਤੇ ਸਰੀਰ ਦੀ ਮਾਲਸ਼ ਕਰ ਰਹੀਆਂ ਸਨ। ਦੁਪਾਲਪੁਰ ਨੇ ਇਹ ਸਭ ਆਪਣੀਆਂ ਅੱਖਾਂ ਨਾਲ ਦੇਖਿਆ। ਅਨੰਦਪੁਰ ਸਾਹਿਬ ਤੋਂ ਪਿੰਡ ਆ ਕੇ ਦੁਪਾਲਪੁਰ ਨੇ ਚੋਲੇ ਵਾਲੇ ਉਸ ਸਾਧ ਨੂੰ ਗੁਰਮਤਿ ਸਿਧਾਂਤ ਮੁਤਾਬਕ ਖਤ ਲਿਖਿਆ। ਖਤ 'ਤੇ ਆਪਣਾ ਨਾਂ ਅਤੇ ਪਤਾ ਵੀ ਲਿਖ ਦਿੱਤਾ। ਜਦੋਂ ਉਸ ਅਖੌਤੀ ਸਾਧ ਨੇ ਖਤ ਪੜ੍ਹਿਆ ਤਾਂ ਬਹੁਤ ਕਲਪਿਆ। ਸਾਧ ਦੇ ਚੋਲਿਆਂ ਵਾਲੇ ਚੇਲੇ-ਚਾਟੜੇ ਸਾਧ ਦੀ ਮਦਦ ਵਾਸਤੇ ਤੜਫਣ ਲੱਗੇ। ਚੋਲੇ ਵਾਲੇ ਸਾਧ ਨੇ ਆਪਣੇ 6-7 ਚੇਲੇ-ਚਾਟੜੇ ਦੁਪਾਲਪੁਰ ਨੂੰ ਡਰਾਉਣ ਉਸ ਦੇ ਪਿੰਡ ਭੇਜ ਦਿੱਤੇ। ਸ. ਦੁਪਾਲਪੁਰ ਘਰ ਹੀ ਬੈਠੇ ਸਨ। ਫਤਿਹ ਸਾਂਝੀ ਕਰਨ ਬਾਅਦ ਉਨ੍ਹਾਂ ਸਾਧ ਵਾਲੀ ਚਿੱਠੀ ਦਾ ਜ਼ਿਕਰ ਕੀਤਾ ਅਤੇ ਧਮਕਾਉਣ ਲੱਗੇ। ਦੁਪਾਲਪੁਰ ਨੇ ਬੜੇ ਧੀਰਜ ਅਤੇ ਪਿਆਰ ਨਾਲ ਉਨ੍ਹਾਂ ਨੂੰ ਮੰਜੇ 'ਤੇ ਬਿਠਾਇਆ। ਜਲ ਪਾਣੀ ਛਕਾਇਆ। ਉਸ ਤੋਂ ਬਾਅਦ ਉਨ੍ਹਾਂ ਗੁਰਮਤਿ ਸਿਧਾਂਤ ਮੁਤਾਬਕ ਬੜੇ ਪਿਆਰ ਨਾਲ ਸਮਝਾਇਆ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਨੂੰ ਕੀ ਸਿੱਖਿਆ ਦਿੰਦੇ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਕਾਫ਼ੀ ਜਾਗ੍ਰਿਤੀ ਆਈ, ਸ਼ਬਦ ਗੁਰੂ ਦੀ ਮਹਾਨਤਾ ਦਾ ਪਤਾ ਲੱਗਾ। ਦੁਪਾਲਪੁਰ ਨੇ ਇਹ ਵੀ ਆਖ ਦਿੱਤਾ ਕਿ ਕੁਝ ਸਮੇਂ ਬਾਅਦ ਤੁਸੀਂ ਉਸ ਸਾਧ ਦੀਆਂ ਗੱਲਾਂ ਲੈ ਕੇ ਮੇਰੇ ਕੋਲ ਆਓਗੇ।

ਤਕਰੀਬਨ ਇਕ ਸਾਲ ਬਾਅਦ ਉਸ ਸਾਧ ਧਨਵੰਤ ਸਿੰਘ ਦਾ ਉਸ ਡੇਰੇ ਵਿਚ ਹੀ ਕਿਸੇ ਲੜਕੀ 'ਤੇ ਮਨ ਮੈਲਾ ਹੋ ਗਿਆ। ਉਸ ਦਿਨ ਨਵਾਂ ਸਾਲ ਚੜ੍ਹਨਾ ਸੀ। ਸਾਧ ਧਨਵੰਤ ਸਿੰਘ ਨੇ ਲੜਕੀ ਨੂੰ ਕਿਹਾ ਕਿ ਉਹ ਨਵਾਂ ਸ਼ਹਿਰ ਚੱਲੇ ਹਨ, ਉਸ ਨੂੰ ਉਸ ਦੇ ਪਿੰਡ ਛੱਡ ਆਉਂਦੇ ਹਨ। ਨਵਾਂ ਸ਼ਹਿਰ ਧਨਵੰਤ ਸਿੰਘ ਕੋਲ ਵਿਦੇਸ਼ ਰਹਿੰਦੇ ਆਪਣੇ ਕਿਸੇ ਸ਼ਰਧਾਲੂ ਦੀ ਕੋਠੀ ਦੀ ਚਾਬੀ ਸੀ। ਸਾਧ ਲੜਕੀ ਨੂੰ ਉਸ ਕੋਠੀ ਲੈ ਗਿਆ ਅਤੇ ਆਪਣੇ ਡਰਾਈਵਰ ਨੂੰ ਕਿਹਾ ਕਿ ਅੱਜ ਅਸੀਂ ਨਵਾਂ ਸਾਲ ਮਨਾਉਣਾ ਹੈ। ਸ਼ਰਾਬ ਦੀ ਬੋਤਲ ਤੇ ਮੱਛੀ ਦੇ ਪਕੌੜੇ ਲੈ ਕੇ ਆ। ਡਰਾਈਵਰ ਨੂੰ ਸਾਧ 'ਤੇ ਬਹੁਤ ਵਿਸ਼ਵਾਸ ਸੀ। ਉਹ ਵੀ ਡਰ ਗਿਆ। ਉਸ ਨੇ ਸੋਚਿਆ ਕਿ ਬਾਬਾ ਜੀ ਮੇਰਾ ਇਮਤਿਹਾਨ ਲੈ ਰਹੇ ਹਨ। ਉਸ ਨੇ ਸ਼ਰਾਬ ਅਤੇ ਮੱਛੀ ਬਾਬਾ ਜੀ ਨੂੰ ਲਿਆ ਦਿੱਤੀ। ਸਾਧ ਨੇ ਡਰਾਈਵਰ ਨੂੰ ਡੇਰੇ ਵਾਪਸ ਭੇਜ ਦਿੱਤਾ।

ਦੂਸਰੇ ਦਿਨ ਲੜਕੀ ਨੇ ਸਾਰੀ ਕਹਾਣੀ ਆਪਣੇ ਘਰ ਵਾਲਿਆਂ ਨੂੰ ਦੱਸ ਦਿੱਤੀ ਜਿਨ੍ਹਾਂ ਨਵਾਂ ਸ਼ਹਿਰ ਦੇ ਨਾਮੀ ਸੱਜਣਾਂ ਨੂੰ ਨਾਲ ਲੈ ਕੇ ਪੁਲਿਸ ਰਿਪੋਰਟ ਕਰ ਦਿੱਤੀ। ਸਾਧ ਦੇ ਉਹੀ ਬੰਦੇ ਤਰਲੋਚਨ ਸਿੰਘ ਦੁਪਾਲਪੁਰ ਕੋਲ ਪਹੁੰਚ ਗਏ। ਦੁਪਾਲਪੁਰ ਉਨ੍ਹਾਂ ਸੱਜਣਾਂ ਨੂੰ ਲੈ ਕੇ ਅਕਾਲ ਤਖ਼ਤ ਗਏ। ਉਸ ਸਮੇਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਕਾਲ ਤਖ਼ਤ ਦੇ ਜਥੇਦਾਰ ਸਨ ਪਰ ਦੁੱਖ ਇਸ ਗੱਲ ਦਾ ਹੋਇਆ ਕਿ ਜਥੇਦਾਰ ਵੇਦਾਂਤੀ ਨੇ ਸਿਆਸੀ ਦਬਾਅ ਕਾਰਨ ਉਸ ਸਾਧ ਨੂੰ ਕੋਈ ਸਜ਼ਾ ਨਾ ਦਿੱਤੀ। ਫਿਰ ਪੁਲਿਸ ਨੇ ਉਸ ਸਾਧ ਨੂੰ ਗ੍ਰਿਫ਼ਤਾਰ ਕਰਕੇ ਕੇਸ ਚਲਾਇਆ ਅਤੇ ਅਦਾਲਤ ਨੇ ਉਸ ਨੂੰ 10 ਸਾਲ ਦੀ ਸਜ਼ਾ ਕਰ ਦਿੱਤੀ। ਚੋਲੇ ਵਾਲਾ ਉਹ ਸਾਧ ਹੁਣ ਸਜ਼ਾ ਭੁਗਤ ਰਿਹਾ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਅਖੌਤੀ ਸਾਧਾਂ ਮਗਰ ਲੱਗਣ ਦੀ ਕੋਈ ਜ਼ਰੂਰਤ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਸੰਤ ਦੁਨੀਆ ਵਿਚ ਹੋਰ ਕੋਈ ਨਹੀਂ ਹੈ।

# ਪਟਾਕਾ ਪੈ ਗਿਆ

ਪਈ ਸੀ। ਉਸ ਦੇ ਮਗਰ ਲਗ ਕੇ ਹੀ ਉਸ ਸਾਡਾ ਹੈਡਕਵਾਟਰ ਲਭ ਲਿਆ ਤੇ ਉਸ ਨੂੰ ਨਿਗਰਾਨੀ ਹੇਠ ਰੱਖਣ ਡਹਿ ਪਈ। ਸੋਢੀ ਦੇ ਕਵਾਟਰੋਂ ਨਿਕਲਦਿਆਂ, ਸਟੇਸ਼ਨ ਜਾਂਦਿਆਂ, ਗੱਡੀ ਚੜ੍ਹਦਿਆਂ ਤੇ ਸਫ਼ਰ ਕਰਦਿਆਂ ਸੀ. ਆਈ. ਡੀ. ਉਸ ਦੇ ਮਗਰ ਲੱਗ ਪਈ ਤੇ ਮਤਾਂ ਸਾਨੂੰ ਸ਼ੱਕ ਹੋ ਜਾਵੇ, ਉਸ ਨੇ ਸੋਢੀ ਨੂੰ ਪੰਜਾਬ ਦੀ ਹੱਦ ਅੰਦਰ ਗ੍ਰਿਫ਼ਤਾਰ ਨਹੀਂ ਕੀਤਾ ਤੇ ਜਦ ਉਹ ਦਿੱਲੀ ਪਹੁੰਚ ਗਿਆ ਤਾਂ ਹੱਥ ਪਾਇਆ।

ਪੌਂਡ ਅਸਾਂ ਭੋਲਾ ਸਿੰਘ ਪਾਸ ਪੁਚਾ ਦਿੱਤੇ ਜੋ ਸੋਢੀ ਦੀ ਗ੍ਰਿਫ਼ਤਾਰੀ ਪਿੱਛੋਂ ਉਥੋਂ ਚੁਕ ਕੇ ਕੋਟ ਸੋਧੇ ਮੱਲਾ ਸਿੰਘ ਦੇ ਡੇਰੇ ਜਾਗੀਰ ਸਿੰਘ ਦੇ ਚਾਚੇ ਜੀਵਨ ਸਿੰਘ ਪਾਸ ਰਖਵਾ ਦਿੱਤੇ।

ਉਪਰੰਤ ਭਗਤ ਰਾਮ ਕਾਬਲ ਨੂੰ ਤੇ ਮੈਂ ਬਾਹਰ ਜ਼ਿਲ੍ਹਿਆਂ ਨੂੰ ਚਲਿਆ ਗਿਆ। ਮਗਰੋਂ ਜਾਗੀਰ ਸਿੰਘ ਨੂੰ ਨਾਂਹ ਨੁਕਰ ਕਰਨ ਦੇ ਬਾਵਜੂਦ ਵੀ ਹੰਸ ਰਾਜ ਨਾਲ ਜਾ ਕੇ ਕਿਲ੍ਹੇ ਵਿਚ ਮੁਲਾਕਾਤ ਕਰਨ ਲਈ ਆਰਡਰ ਮਿਲ ਗਿਆ। ਉਹ ਹੰਸ ਰਾਜ ਨਾਲ ਮਿਥੇ ਦਿਨ-ਰਾਤ ਦੇ ਨੌਂ ਵਜੇ ਡੇਹਰੇ ਸਾਹਿਬ ਦੇ ਗੁਰਦੁਆਰੇ ਜਾ ਮਿਲਿਆ। ਹੰਸ ਰਾਜ ਇਕ ਗਠੜੀ ਵਿਚ ਪੁਲਸੀ ਹਵਾਲਦਾਰ ਦੀ ਵਰਦੀ ਲਿਆਇਆ ਹੋਇਆ ਸੀ, ਜੋ ਜਾਗੀਰ ਸਿੰਘ ਨੇ ਪਾਉਣੀ ਸੀ। ਪਰ ਜਾਗੀਰ ਸਿੰਘ ਦਾ ਅੰਦਰਲਾ ਨਾ ਮੰਨਿਆ ਤੇ ਉਹ ਹੈਡਕਵਾਟਰ ਦੀ ਹੁਕਮ ਅਦੂਲੀ ਕਰਨ ਲਈ ਤਿਆਰ ਹੋ ਪਿਆ। ਉਸ ਨੇ ਹੰਸ ਰਾਜ ਦੀਆਂ ਤਸੱਲੀਆਂ, ਦਿਲਬਰੀਆਂ, ਅਰਜੋਈਆਂ ਤੇ ਮਿੰਨਤਾਂ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਉਹ ਕਿਲ੍ਹੇ ਦੇ ਅੰਦਰ ਨਾ ਗਿਆ ਤੇ ਰਾਤ ਦੀ ਗੱਡੀ ਚੜ੍ਹ ਕੇ ਆਪਣੇ ਪਿੰਡ ਚਲਿਆ ਗਿਆ।

ਉਧਰ ਇਸ ਮੁਲਾਕਾਤ ਵਾਸਤੇ ਸੀ. ਆਈ. ਡੀ. ਨੇ ਕਿਲ੍ਹੇ ਵਿਚ ਸਾਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਉਸ ਦੇ ਸਭ ਅੰਗਰੇਜ਼ ਤੇ ਦੇਸੀ ਅਫ਼ਸਰ ਆਪੋ-ਆਪਣੇ ਕਮਰਿਆਂ ਤੇ ਮੇਜ਼ਾਂ 'ਤੇ ਇਸ ਵੇਲੇ ਦੀ ਉਡੀਕ ਵਿਚ ਬੈਠੇ ਸਨ। ਦੂਲਾ ਸਿੰਘ ਤੋਂ ਲੁਕਾ ਕੇ ਉਸ ਦੀ ਕਾਲ ਕੋਠੜੀ ਵਿਚ ਡਿਕਟੋਫੋਨ ਲਾਇਆ ਹੋਇਆ ਸੀ ਤਾਂ ਜੋ ਉਸ ਮੁਲਾਕਾਤ ਵੇਲੇ ਹੋਣ ਵਾਲੀਆਂ ਗੱਲਾਂ ਸੁਣ ਸਕਣ। ਜਾਗੀਰ ਸਿੰਘ ਦੀ ਸਿਆਣਪ ਨੇ ਉਨ੍ਹਾਂ ਦੀ ਸਕੀਮ ਫੇਲ੍ਹ ਕਰ ਦਿੱਤੀ।

ਸੀ. ਆਈ. ਡੀ. ਨੇ ਇਥੋਂ ਤਕ ਹੀ ਰੱਸਾ ਲੰਮਾ ਛਡਿਆ ਹੋਇਆ ਸੀ। ਹੁਣ ਉਸ ਨੇ ਹਮਲਾ ਕਰਨ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਤੀਸਰੀ ਰਾਤੇ ਉਨ੍ਹਾਂ ਨੇ ਨਵੇਂ ਕੋਟ ਅੰਦਰ ਪਾਰਟੀ ਦੇ ਹੈਡਕਵਾਟਰ ਤੇ ਸ਼ਾਹੂ ਦੀ ਗੜ੍ਹੀ ਪਾਰਟੀ ਦੇ ਪਰਾਹੁਣੇ ਘਰ ਛਾਪਾ ਮਾਰਿਆ। ਹੈਡਕਵਾਟਰੋਂ ਹਰਬੰਸ ਸਿੰਘ ਕਰਨਾਟਾ ਤੇ ਚੈਨ ਸਿੰਘ ਫੜੇ ਗਏ ਤੇ ਪਰਾਹੁਣੇ ਘਰੋਂ ਦਲੀਪ ਸਿੰਘ ਜੌਹਲ, ਮਿਰਜ਼ਾ ਇਬਰਾਹੀਮ ਤੇ ਜੀਵਨ ਸਿੰਘ ਦੁਖੀ ਸ਼ੈਂਕਰ ਢਹਿ ਗਏ।

ਇਨ੍ਹਾਂ ਦੋਹਾਂ ਹੈਡਕਵਾਟਰੀਆਂ ਨੇ ਇਕ-ਇਕ ਨਾ ਖਾਧੀ। ਸਵਾਲ ਇਹ ਨਹੀਂ ਕਿ ਉਨ੍ਹਾਂ ਦੋਹਾਂ ਵਿਚੋਂ ਪਹਿਲ ਕਿਨ ਕੀਤੀ ਪਰ ਉਨ੍ਹਾਂ ਨੇ ਸੋਢੀ ਵਾਂਗ ਪਾਰਟੀ ਬਾਰੇ ਹਗਿਆ-ਮੂਤਿਆ ਅਲਫੋਂ ਯੇ ਤਕ ਸਭ ਉਗਲੱਛ ਦਿੱਤਾ। ਜਦ ਉਨ੍ਹਾਂ ਦੀਆਂ ਦੱਸਾਂ ਦੂਲਾ ਸਿੰਘ ਦੇ ਮੂੰਹ ਤੇ ਆਈਆਂ ਤਾਂ ਫਿਰ ਉਹ ਵੀ ਵਹਿ ਤੁਰਿਆ। ਫਿਰ ਤਾਂ ਲਗੇ ਛਾਪੇ ਤੇ ਛਾਪੇ ਪੈਣ। ਸਭ ਲੁਕਵੇਂ ਅੱਡੇ, ਝਾਲਾਂ ਤੇ ਠਾਹਰਾਂ ਪੁਲਿਸ ਨੇ ਜਾਂ ਫੋਲੀਆਂ। ਉਥੋਂ ਅਨੇਕਾਂ ਵਰਕਰ, ਹਮਦਰਦ ਤੇ ਸਹਾਇਕਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਲਾਹੌਰ ਕਿਲ੍ਹੇ ਵਿਚ ਲਿਆਂਦਾ ਗਿਆ। ਕੇਵਲ ਉਂਗਲਾਂ ਤੇ ਗਿਣਨ ਜੋਗੇ ਅਸੀਂ ਉਹ ਬੰਦੇ ਹੀ ਬਚੇ, ਜਿਨ੍ਹਾਂ ਦੇ ਥਾਂ ਟਿਕਾਣਿਆਂ ਦਾ ਹੈਡਕਵਾਟਰੀਆਂ ਨੂੰ ਪਤਾ ਨਹੀਂ ਸੀ।

ਜਾਗੀਰ ਸਿੰਘ ਛਾਪੇ ਤੋਂ ਬਚ ਰਿਹਾ, ਕਿਉਂਕਿ ਉਸ ਦਿਨ ਸਬੱਬੀਂ ਘਰ ਨਹੀਂ ਸੀ। ਫੇਰ ਉਹ ਅਲੋਪ ਹੋ ਗਿਆ। ਪੰਦਰਾਂ ਕੁ ਦਿਨ ਬਾਅਦ ਉਹ ਤਰਕਾਲੀਂ ਆਪਣੇ ਪਿੰਡ ਚਲਿਆ ਗਿਆ। ਸੀ. ਆਈ. ਡੀ. ਨੇ ਉਸ ਦੇ ਤੇ ਮਲਾ ਸਿੰਘ ਦੇ ਡੇਰੇ ਜੀਉਣ ਸਿੰਘ ਦੇ ਘਰ ਛਾਪੇ ਮਾਰੇ ਤੇ ਇੱਥੋਂ ਜਾਗੀਰ ਸਿੰਘ ਤੋਂ ਸੋਨੇ ਦੇ ਪੰਜ ਸੌ ਪੌਂਡ ਕਾਬੂ ਕਰ ਲਏ।

ਦੂਲਾ ਸਿੰਘ ਦੀ ਇਸ ਮੂਰਖ ਫਾਹੀ ਨਾਲ ਅਸਾਂ ਫਕੀਰਨੀ ਵੀ ਗਵਾਈ ਤੇ ਧੂੰਆਂ ਵੀ ਬੁਝਵਾ ਲਿਆ।

ਸਾਡਾ ਜੋਸ਼ ਗਰੁਪ ਨਾਲ ਏਕਾ ਹੋ ਚੁੱਕਾ ਸੀ, ਪਰ ਇਸ ਤੇ ਅਜੇ ਅਮਲ ਨਹੀਂ ਸੀ ਹੋਇਆ। ਹੁਣ ਅਸਾਂ ਬਾਕੀ ਬਚੇ ਹੋਇਆਂ ਨੇ ਜੋਸ਼ ਦੇ ਬੰਦਿਆਂ ਨਾਲ ਰਲ ਕੇ ਇਸ ਦੀ ਪਾਰਟੀ ਕਮੇਟੀ ਵਿਚ ਕੰਮ ਕਰਨਾ ਆਰੰਭ ਦਿੱਤਾ। ਅੱਗੇ ਉਤੋਂ ਪਾਰਟੀ ਇਕ ਤੇ ਪੰਜਾਬ ਕਮੇਟੀਆਂ ਦੋ ਸਨ।

ਇਸ ਨਾਲ ਕਿਰਤੀ ਗਰੁਪ ਦਾ ਭੋਗ ਪੈ ਗਿਆ।

# ਨੈਣ-ਨਕਸ਼

ਵੱਜ ਕੇ ਵਿਆਹ ਹੋਇਆ ਪਰ ਹੋਇਆ ਸਹੁਰਿਆਂ ਦੇ ਪਿੰਡ ਤੋਂ ਕਿਤੇ ਦੂਰ। ਕਾਂਤਾ ਦੇ ਨੂੰਹ ਪੁੱਤ ਦੀ ਕੋਰਟ ਮੈਰਿਜ ਹੋਣੀ ਸੀ। ਕੁੜਮ ਕਬੀਲਾ, ਸਰਪੰਚ ਨੰਬਰਦਾਰ ਦੋਹਾਂ ਪਾਸਿਆਂ ਤੋਂ ਮੈਰਿਜ ਰਜਿਸਟਰਾਰ ਦੇ ਦਫ਼ਤਰ ਸਨ। ਕਾਗਜ਼ੀ ਕਾਰਵਾਈ ਪਿੱਛੋਂ ਜਦੋਂ ਕਾਂਤਾ ਦਾ ਵੱਡਾ ਪੁੱਤ ਅੰਦਰ ਵੜਨ ਲੱਗਾ ਤਾਂ ਪੈ ਗਿਆ ਦੌਰਾ। ਪੈ ਗਈ ਭੱਜ ਨੱਸ। ਅੰਦਰੋਂ ਜਦੋਂ ਰੌਲਾ-ਰੱਪਾ ਸੁਣ ਕੇ ਸ਼ੀਲਾ ਨਿਕਲੀ ਤਾਂ ਪਛਾਣ ਲਿਆ ਕ੍ਰਿਸ਼ਨ ਨੇ ਸੁਦਾਮਾ। ਕਾਂਤਾ ਅਤੇ ਸ਼ੀਲਾ ਦੀਆਂ ਨਜ਼ਰਾਂ ਮਿਲੀਆਂ, ਤੇ ਬਚਪਨ ਯਾਦ 'ਚੋਂ ਨਿਕਲ ਗਿਆ।

ਕਾਂਤਾ ਪੁੱਛਣ ਲੱਗੀ, "ਸ਼ੀਲਾ' ਤੂੰ ਕਿੱਥੇ?"

"ਮੈਂ ਇਥੇ ਤਹਿਸੀਲਦਾਰ ਲੱਗੀ ਹੋਈ ਆਂ।"

"ਤੇ ਤੂੰ?"

"ਅਮਰੀਕਾ ਤੋਂ ਪੁੱਤ ਵਿਆਹੁਣ ਆਈ ਸੀ।"

"ਫੇਰ?"

"ਮਿਰਗੀ ਪੈਣੇ ਨੂੰ ਮਿਰਗੀ ਪੈ ਕੇ ਹਟੀ ਐ।"

"ਵਿਚਲੀ ਗੱਲ ਕੀ ਐ?"

"ਵਿਆਜ ਖਾਣੇ ਲਾਲਚੀ ਬਾਪ ਨੇ ਜੀਹਦੇ ਲੜ ਲਾਈ, ਬੱਸ ਬਾਰਾਂ-ਤੇਰਾਂ ਸਾਲ ਕੱਟੇ, ਛੱਡ ਗਿਆ ਕੱਲੀ ਨੂੰ, ਮੀਚ ਗਿਆ ਅੱਖਾਂ। ਉਸ ਮੁਲਕ 'ਚ ਔਲਾਦ ਮਾਂਵਾਂ ਦੇ ਕਾਬੂ 'ਚ ਨ੍ਹੀਂ ਰਹਿੰਦੀ। ਆਹ ਜੀਹਨੂੰ ਵਿਆਹੁਣ ਆਈ ਸੀ, ਨਸ਼ਿਆਂ ਦੇ ਭੰਨ੍ਹੇ ਨੂੰ ਕੀਹਨੇ ਕੁੜੀ ਦੇਣੀ ਸੀ ਅਮਰੀਕਾ 'ਚ। ਇਥੇ ਵਿਆਹ ਤਾਂ ਹੋ ਗਿਆ ਪਰ ਆਹ ਮਿਰਗੀ ਦੇ ਦੌਰੇ ਨੇ ਖੋਲ੍ਹ'ਤਾ ਪਾਜ, ਚੱਕ'ਤਾ ਝੱਗਾ।"

"ਡਾਲਰ ਤਾਂ ਹੋਣਗੇ ਚਾਰ ਕੋਲ?"

"ਤੂੰ ਲੈ ਲੈ ਨਖੁੱਟੀਏ। ਫੁੱਟ ਗਏ ਲੇਖ। ਫੁੱਫੜ ਮੋਇਆ ਵੀ ਪਰ੍ਹੇ ਜਾਵੇ ਜੀਹਨੇ ਲੱਭ'ਤਾ ਚੌਦਵੀਂ ਦਾ ਚੰਦ ਅਮਰੀਕਾ 'ਚ। ਤੂੰ ਲੱਗ'ਗੀ ਅਫ਼ਸਰ। ਨੀ ਰੁਪਈਏ ਡਾਲਰਾਂ ਨਾਲੋਂ ਕਿਤੇ ਚੰਗੇ ਨੇ।"

ਕਾਂਤਾ ਦਾ ਪੁੱਤ ਮਿਰਗੀ ਦੇ ਦੌਰੇ 'ਚੋਂ ਨਿਕਲਿਆ ਤਾਂ ਕੁੜੀ ਆਲੇ ਕਰਨ ਲੱਗ ਪਏ ਕਾਨਾਫੂਸੀ। ਚਾਚੇ ਤਾਏ ਕੁੜੀ ਦੇ ਪਿਓ ਨੂੰ ਆਖਣ, "ਛੱਡ ਪਰ੍ਹੇ। ਸਬਰ ਕਰ ਲੈ, ਅਸੀਂ ਨ੍ਹੀਂ ਤੋਰਨੀ ਧੀ।"

ਡਿਊਟੀ ਵਾਲੀ ਕੁਰਸੀ 'ਤੇ ਬਹਿੰਦਿਆਂ ਹੀ ਸ਼ੀਲਾ ਕਹਿਣ ਲੱਗੀ, "ਬੋਲੋ, ਮੈਰਿਜ ਰਜਿਸਟਰ ਕਰਨੀ ਆ ਕਿ ਨਹੀਂ?"

ਕਿੰਨਾ ਚਿਰ ਚੁੱਪ ਰਹਿਣ ਤੋਂ ਬਾਅਦ ਵਿਆਹੁੰਦੜ ਕੁੜੀ ਦਾ ਬਾਪ ਦੱਬਵੀਂ ਜੀਭੇ ਕਹਿਣ ਲੱਗਾ, "ਧੀ ਦੇ ਅਮਰੀਕਾ ਜਾਣ ਦੇ ਚਾਅ ਕਾਹਨੂੰ ਫੂਕਣੇ ਆਂ। ਚਲੋ, ਏਡਾ ਵੱਡਾ ਮੁਲਕ ਐ। ਹੋ ਜੂ ਦਵਾ ਦਾਰੂ ਨਾਲ ਮੁੰਡਾ ਠੀਕ।"

ਤੇ ਕਾਂਤਾ ਨੇ ਸਰਟੀਫਿਕੇਟ 'ਤੇ ਦਸਤਖ਼ਤ ਕਰਕੇ ਹਟੀ ਸ਼ੀਲਾ ਨੂੰ ਘੁੱਟ ਕੇ ਕਲਾਵੇ 'ਚ ਲੈ ਲਿਆ। ਉਹਨੂੰ ਲਗਦਾ ਸੀ, ਦੀਵੇ ਨੇ ਸੂਰਜ ਗੋਡਿਆਂ ਹੇਠ ਲੈ ਲਿਆ ਹੈ। ਪਰ ਨਸ਼ਿਆਂ ਦੇ ਭੰਨ੍ਹੇ ਅਮਰੀਕਾ ਵਾਲੇ ਦੀ ਕਾਰ 'ਚ ਬਹਿੰਦੀ ਸੁਨੱਖੀ ਧੀ ਦਾ ਲਾਲ ਚੂੜਾ ਦੇਖ ਕੇ ਸ਼ੀਲਾ ਫਿਰ ਸੋਚਦੀ ਸੀ, "ਅੱਜ ਫਿਰ ਕੋਈ ਜਗਨ ਨਾਥ ਹਾਰ ਗਿਆ ਹੈ।"

**ਅੰਤਿਕਾ:**

ਪਤਝੜ ਦੀ ਮੁਨਿਆਦ ਅਜੇ ਬਾਕੀ ਹੈ,
ਮੁੱਕ ਗਏ ਰੁੱਖਾਂ ਦੇ ਪੱਤੇ ਝੜ ਝੜ ਕੇ।
ਕੰਢੇ ਹੀ ਟੁੱਟੇ ਨਾ ਬੇੜੀ ਹੀ ਉਲਟੀ,
ਦੇਖ ਲਿਆ ਦਰਿਆਵਾਂ ਨੇ ਚੜ੍ਹ ਚੜ੍ਹ ਕੇ

*(ਹਰਜਿੰਦਰ ਕੰਗ ਦੀ 'ਠੀਕਰੀ ਪਹਿਰਾ' 'ਚੋਂ)*

# ਸੌਖੀ ਨਾ ਡਰਾਈਵਰੀ ਲੋਕੋ...

ਟਰੱਕ ਅਤੇ ਟਰੱਕ ਡਰਾਈਵਰ ਹਰ ਦੇਸ਼ ਦੀ ਤਰ੍ਹਾਂ ਅਮਰੀਕਾ ਦੀ ਵੀ ਰੀੜ੍ਹ ਦੀ ਹੱਡੀ ਹਨ। ਜਿਵੇਂ ਕਿਸੇ ਵੀ ਅੰਗ ਬਿਨਾ ਸਰੀਰ ਅਧੂਰਾ ਹੈ, ਬਿਲਕੁਲ ਇਵੇਂ ਹੀ ਟਰੱਕ ਤੇ ਟਰੱਕ ਡਰਾਈਵਰ ਬਿਨਾ ਹਰ ਦੇਸ਼ ਅਧੂਰਾ ਹੈ ਤੇ ਹਰ ਦੇਸ਼ ਦੀ ਤਰੱਕੀ ਅਧੂਰੀ ਹੈ। ਕਿਸਾਨ, ਫੌਜੀ ਅਤੇ ਡਰਾਈਵਰ, ਇਹ ਤਿੰਨ ਅਨਮੋਲ ਰਤਨ ਜਿਸ ਦੇਸ਼ ਕੋਲ ਹਨ, ਉਸ ਨੂੰ ਤਰੱਕੀ ਦੀਆਂ ਸਿਖਰਾਂ 'ਤੇ ਪਹੁੰਚਣ ਤੋਂ ਕੋਈ ਵੀ ਰੋਕ ਨਹੀਂ ਸਕਦਾ। ਕਿਸਾਨ ਆਪਣੇ ਮੁਲਕ ਦੇ ਲੋਕਾਂ ਦਾ ਢਿੱਡ ਪਾਲਦਾ ਹੈ, ਫੌਜੀ ਕਿਸੇ ਕੰਡਿਆਲੀ ਤਾਰ ਵਾਂਗ ਆਪਣੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਾ ਹੈ ਤਾਂ ਕਿ ਦੇਸ਼ ਤੇ ਦੇਸ਼ ਵਾਸੀਆਂ ਨੂੰ ਕੋਈ ਮਾੜੀਆਂ ਨਜ਼ਰਾਂ ਨਾਲ ਨਾ



**ਨਿੰਮਾ ਡੱਲੇਵਾਲਾ**
**ਫੋਨ:513-432-9754**

ਦੇਖ ਸਕੇ। ਡਰਾਈਵਰ ਦੇਸ਼ ਵਾਸੀਆਂ ਦੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਪੁੱਜਦੀਆਂ ਕਰਦਾ ਹੈ। ਅਮਰੀਕਾ ਦੇ ਟਰੱਕਿੰਗ ਕਾਰੋਬਾਰ ਵਿਚ ਹਰਿ ਭਾਈਚਾਰਿਆਂ ਦੇ ਮੁਕਾਬਲੇ ਪੰਜਾਬੀਆਂ ਦਾ ਵੱਧ ਹਿੱਸਾ ਹੈ। ਉਂਜ ਤਾਂ ਅਮਰੀਕਾ ਦੀ ਹਰ ਸਟੇਟ ਵਿਚ ਪੰਜਾਬੀ ਡਰਾਈਵਰ ਵੱਸਦੇ ਹਨ ਪਰ ਸਭ ਤੋਂ ਵੱਧ ਕੈਲੀਫੋਰਨੀਆ ਦੀ ਧਰਤੀ 'ਤੇ ਪੰਜਾਬੀ ਟਰੱਕਰਾਂ ਦੇ ਝੰਡੇ ਲਹਿਰਾ ਰਹੇ ਹਨ।

ਅਸੀਂ ਵੱਡੇ-ਵੱਡੇ ਸਟੋਰਾਂ ਵਿਚ ਖਰੀਦਦਾਰੀ ਕਰਨ ਜਾਂਦੇ ਹਾਂ। ਸੂਈ ਜਿੰਨੀ ਨਿੱਕੀ ਜਿਹੀ ਚੀਜ਼ ਤੋਂ ਲੈ ਕੇ ਵੱਡੀਆਂ ਵੱਡੀਆਂ ਵਸਤਾਂ ਜੋ ਅਸੀਂ ਲੋੜ ਅਨੁਸਾਰ ਖਰੀਦਦੇ ਹਾਂ, ਉਨ੍ਹਾਂ ਸਟੋਰਾਂ ਵਿਚ ਹੀ ਨਹੀਂ ਬਣਦਾ। ਆਮ ਬੰਦੇ ਨੂੰ ਤਾਂ ਸ਼ਾਇਦ ਇਹ ਵੀ ਨਹੀਂ ਪਤਾ ਕਿ ਇਹ ਸਾਮਾਨ ਕਿਥੇ ਬਣਦਾ ਹੈ? ਇਹ ਸਾਰਾ ਸਾਮਾਨ ਇਕ ਤੋਂ ਦੂਜੀ ਥਾਂ ਕਈ ਘੰਟਿਆਂ ਜਾਂ ਦਿਨਾਂ ਦਾ ਪੈਂਡਾ ਮਾਰ ਕੇ ਟਰੱਕ ਡਰਾਈਵਰ ਹੀ ਸਟੋਰਾਂ ਵਿਚ ਪੁੱਜਦਾ ਕਰਦੇ ਹਨ। ਸਾਡੇ ਨਿੱਤ ਦੇ ਆਹਾਰ ਦਾ ਮੁੱਖ ਹਿੱਸਾ-ਹਰੀਆਂ ਸਬਜ਼ੀਆਂ ਅਤੇ ਫਰੂਟ ਜ਼ਿਆਦਾਤਰ ਕੈਲੀਫੋਰਨੀਆ ਵਿਚ ਉਪਜਦੇ ਹਨ। ਇਹ ਬਾਜ਼ਾਰ ਵਿਚੋਂ ਹੁੰਦੇ ਹੋਏ ਸਾਡੀ ਰਸੋਈ ਤੱਕ ਕਿਵੇਂ ਪੁੱਜਦੇ ਹਨ, ਇਹ ਸੋਚਣ ਵਾਲੀ ਗੱਲ ਹੈ। ਇਹ ਇੰਨੀਆਂ ਸੌਖੀਆਂ ਨਹੀਂ ਪੁੱਜਦੀਆਂ। ਫਿਰ ਕਿਵੇਂ ਅੱਪੜਦੀਆਂ ਹਨ ਕੈਲੀਫੋਰਨੀਆ ਦੀ ਧਰਤੀ ਉਤੇ ਜੰਮਣ ਵਾਲੀਆਂ ਹਰੀਆਂ ਸਬਜ਼ੀਆਂ ਮਿਡਵੈਸਟ ਅਤੇ ਨਿਊ ਯਾਰਕ ਦੇ ਬਾਜ਼ਾਰਾਂ ਵਿਚ?

ਇਕ ਪਿੱਕ ਸ਼ੈਟਮਾਰੀਆ ਤੇ ਦੂਜੀ ਪਿੱਕ ਸਾਲੀਨੱਸ ਦੇ ਕੂਲਰ ਤੋਂ ਕਰ ਕੇ ਫਰਿਜ਼ਨੋ ਜਾਂ ਬੇਕਰਜ਼ਫੀਲਡ ਘਰੋਂ ਰੁਕ ਕੇ ਪੂਰੇ ਹਫ਼ਤੇ ਦੀਆਂ ਰੋਟੀਆਂ ਚੁੱਕ ਰਵਾਨਾ ਹੋ ਜਾਂਦਾ ਹੈ ਹਰ ਟਰੱਕ ਮੰਜ਼ਿਲਾਂ ਵੱਲ, ਤੇ ਜਿਹੜੇ ਟਰੱਕਰ 'ਕੱਲੇ 'ਕਹਿਰੇ ਹਨ, ਉਹ ਬੇਕਰਜ਼ਫੀਲਡ 24-7 'ਤੇ ਰੁਕ ਕੇ ਮਨਪਸੰਦ ਰੋਟੀ ਸਬਜ਼ੀ ਲੈ ਕੇ ਕੈਲੀਫੋਰਨੀਆ ਤੋਂ ਬਾਹਰ ਨਿਕਲਣ ਜੋਗਾ ਮਹਿੰਗਾ ਡੀਜ਼ਲ ਪੁਆ ਕੇ ਅਤੇ ਗੁਰਾਂ ਨੂੰ ਯਾਦ ਕਰਕੇ ਚਾਲੇ ਪਾ ਦਿੰਦੇ ਹਨ ਅਮਰੀਕਾ ਦੇ ਦੂਜੇ ਕੋਨੇ ਵੱਲ। 58 ਦੀਆਂ ਪਹਾੜੀਆਂ ਨੂੰ ਚੀਰਦੇ 5-6 ਘੰਟੇ ਬਾਅਦ ਆ ਵੜਦੇ ਹਨ ਐਰੀਜ਼ੋਨਾ ਦੇ ਸ਼ਹਿਰ ਕਿੰਗ ਮੈਨ, ਜਿੱਥੇ ਆਣ ਕੇ ਥੋੜ੍ਹੇ ਸਸਤੇ ਡੀਜ਼ਲ ਦੇ ਟੈਂਕ ਭਰਾ, ਕੁਝ ਖਾ ਕੇ ਤੇ ਕੌਫੀ ਦਾ ਕੱਪ ਲੈ, ਲੌਗਬੁੱਕ 'ਤੇ ਲੀਕ ਮਾਰ ਕੇ ਗੀਅਰ ਪਾ ਤੁਰ ਪੈਂਦੇ ਹਨ ਰਹਿੰਦਾ ਸਫਰ ਮੁਕਾਉਣ ਲਈ।

ਫਲੈਗ ਸਟਾਫ ਦੀਆਂ ਸਭ ਤੋਂ ਉਚੀਆਂ ਚੋਟੀਆਂ ਜਿੱਥੇ ਗਰਮੀ ਦੀ ਰੁੱਤ ਵਿਚ ਵੀ ਠੰਢ ਪੈਂਦੀ ਹੈ, ਨੂੰ ਪਾਰ ਕਰਦਾ ਹਰ ਟਰੱਕ ਦਾਖਲ ਹੋ ਜਾਂਦਾ ਹੈ ਨਿਊ ਮੈਕਸੀਕੋ ਸਟੇਟ ਵਿਚ, ਜਿੱਥੇ ਵੜਨ ਸਾਰ ਫਿਕਰ ਜਿਹਾ ਲੱਗ ਜਾਂਦਾ ਹੈ ਅੱਗੇ ਖੁੱਲ੍ਹੇ ਵੇਟ ਸਟੇਸ਼ਨ ਦਾ ਕਿਉਂਕਿ ਉਥੇ ਕੁ ਆਣ ਕੇ ਲੌਗਬੁੱਕ ਯਾਨਿ ਡਰਾਇਵ ਦੀ ਟਰਮ ਆਖਰੀ ਪਲਾਂ 'ਤੇ ਆ ਜਾਂਦੀ ਹੈ, ਤੇ ਸਭ ਤੋਂ ਪਹਿਲਾਂ ਨਜ਼ਰ ਟਰੱਕ ਵਿਚ ਲੱਗੀ ਬਾਬੇ ਦੀ ਫੋਟੋ 'ਤੇ ਜਾਂਦੀ ਹੈ ਕਿ ਰੱਬਾ ਠੀਕ ਠਾਕ ਸਕੇਲ ਲੰਘ ਜਾਂ। ਕਿਤੇ ਕੱਢ ਨਾ ਲੈਣ ਦੇ ਡਰ ਕਰਕੇ ਆਪ ਮੁਹਾਰੇ ਮੂੰਹੋਂ ਵਾਹਿਗੁਰੂ-ਵਾਹਿਗੁਰੂ ਨਿਕਲਦਾ ਹੈ ਤੇ ਸਕੇਲ ਪਾਰ ਹੋ ਜਾਂਦੀ ਹੈ।

ਸੈਂਚਰੀ ਦੀ ਕਮਾਈ
ਅਤੇ ਵੋਲਵੋ ਦੀ ਚਲਾਈ,
ਕੋਈ ਨਾ ਜਵਾਬ ਕੈਨਵਰਥ ਦੇ ਜ਼ੋਰ ਦਾ।
ਘੱਟ ਪੀਵੇ ਤੇਲ ਤੇ ਕੰਮ ਵੀ ਬਰੋਬਰ ਕਰੇ,
ਜਿਉਂਦਾ ਰਹੇ ਕੋਲੰਬੀਆ
ਜੋ ਪੈਸੇ ਵੱਧ ਜੋੜਦਾ।
ਠਾਰਾਂ-ਠਾਰਾਂ ਟੈਰਾਂ ਅਤੇ
ਠਾਰਾਂ-ਠਾਰਾਂ ਗੇਰਾਂ ਵਾਲਾ
ਰਾਜਾ ਅਖਵਾਏ ਪੀਟਰਬਿਲਟ
ਜੀ ਟੀ ਰੋਡ ਦਾ।

ਭਾਵੇਂ ਲੱਖ ਲੌਗਬੁੱਕ ਪੂਰੀ ਹੋਈ ਹੋਵੇ ਪਰ ਅਣਥੱਕ ਮਿਹਨਤੀ ਪੰਜਾਬੀ ਟਰੱਕਰ ਸੈਨ ਜੋਨ ਜਾ ਕੇ ਹੀ ਬਰੇਕਾਂ ਖਿੱਚਦੇ ਹਨ। ਯੂ.ਐਸ.ਡੀ.ਓ.ਟੀ. ਅਨੁਸਾਰ 24 ਘੰਟਿਆਂ ਵਿਚ 11 ਘੰਟੇ ਡਰਾਈਵ ਕਰਨਾ ਅਤੇ 10 ਘੰਟੇ ਸੌਣਾ ਹੁੰਦਾ ਹੈ ਪਰ ਪੰਜਾਬੀ ਆਪਣੇ ਸੁਭਾਅ ਮੁਤਾਬਕ 15-20 ਘੰਟੇ ਵੀ ਟਰੱਕ ਚਲਾ ਸਕਦੇ ਹਨ। ਸੈਨ ਜੋਨ ਆਣ ਵੀ ਉਹ ਪੂਰੇ 10 ਘੰਟੇ ਨਹੀਂ ਸੌਂਦੇ, 5 ਘੰਟੇ ਸੌਂ ਲੌਗਬੁੱਕ ਵਿਚ 10 ਘੰਟੇ ਸੌਣਾ ਦਿਖਾ, ਮੂੰਹ ਹੱਥ ਧੋ, ਕੌਫੀ ਲੈ ਚਾਲੇ ਪਾ ਦਿੰਦੇ ਹਨ ਅਗਾਂਹ ਵੱਲ। ਟੈਕਸਸ ਦੇ 176 ਮੀਲਾਂ ਨੂੰ ਟਾਇਰਾਂ ਥੱਲੇ ਮਲਦੇ ਹੋਏ ਜਾ ਰੁਕਦੇ ਹਨ, ਓਕਲਹੋਮਾ ਸ਼ਹਿਰ ਜਿਥੇ ਆਣ ਕੇ ਉਣੇ ਹੋਏ ਟੈਂਕ ਹੋਰ ਵੀ ਸਸਤੇ ਡੀਜ਼ਲ ਨਾਲ ਚੰਗੀ ਤਰ੍ਹਾਂ ਫੁੱਲ ਕਰ ਤੇ ਗੈਸ ਬਾਲ ਗਰਮ ਕਰਦੇ ਹਨ ਸਿਰਫ਼ ਦੋ ਰੋਟੀਆਂ, ਕਿਉਂਕਿ ਜ਼ਿਆਦਾ ਰੋਟੀ ਖਾ ਕੇ ਟਰੱਕ ਵੀ ਨਹੀਂ ਚਲਦਾ। 'ਨੇਸਤੀ ਨਾ ਪਵੇ' ਸੋਚ ਇਕ ਕੱਪ ਬਣਾਉਂਦੇ ਹਨ ਮੁੱਛ ਮਰੋੜ ਚਾਹ ਦਾ। ਕਈ ਵੀਰ ਤਾਂ ਚਮਚਾ ਵੀ ਮਾਰਦੇ ਹਨ। ਇਹ ਚਮਚਾ ਕਿਹੜਾ ਹੁੰਦਾ ਹੈ, ਇਹ ਸਿਰਫ਼ ਉਹੀ ਜਾਣਦੇ



ਹਨ। ਮੁੜ ਮੋਟਰ ਚੜ੍ਹ ਜਾਂਦੀ ਹੈ ਹਾਈਵੇਅ 40 ਉਤੇ। ਨਿਊ ਯਾਰਕ ਜਾਣ ਵਾਲਾ ਹਰ ਡਰਾਈਵਰ ਸੋਚਦਾ ਹੈ ਕਿ ਰੂਟ 40 'ਤੇ ਰਹਿ ਕੇ 130 ਮੀਲਾਂ ਵੱਧ ਪੁਆਈਆਂ ਜਾਣ ਜਾਂ ਫਿਰ ਟਰਨਪਾਈਕ ਵਾਲਾ ਰੂਟ ਲੈ ਕੇ ਟੌਲ ਪਾਇਆ ਜਾਏ।

ਪੂਰੀ ਪੂਰੀ ਗਰੇਸ ਵੇਟ ਵਾਲੇ ਵਰਜੀਨੀਆ ਤੇ ਟੈਨੇਸੀ ਦੀਆਂ ਪਹਾੜੀਆਂ ਤੋਂ ਬਚਣ ਮਾਰੇ ਸਟੇਅਰਿੰਗ ਮੋੜ ਦਿੰਦੇ ਹਨ ਤੁਲਸੇ ਵੱਲ, ਤੇ ਆਣ ਪੈਰ ਧਰਦੇ ਹਨ ਮਜ਼ੂਰੀ ਦੇ ਸ਼ਹਿਰ ਜੋਪਲਿਨ ਵਿਚ। ਇੱਥੇ ਵੀ ਖੁੱਲ੍ਹੀ ਸਕੇਲ ਦਾ ਪੰਗਾ ਫਿਕਰ ਜਿਹਾ ਪਾਈ ਰੱਖਦਾ ਹੈ। ਖੁੱਲ੍ਹੀ ਸਕੇਲ ਦੇ ਉਪਰੋਂ 5 ਦੀ ਸਪੀਡ 'ਤੇ ਲੰਘਣ ਵੇਲੇ ਸਾਹ ਜਿਹੇ ਸੁੱਕੇ ਰਹਿੰਦੇ ਹਨ ਤੇ ਸੁੱਖੀ-ਸਾਂਦੀ ਲੰਘਣ ਸਾਰ ਹੀ ਪਾਇਆ ਖੂਨ ਵਧ ਜਾਂਦਾ ਹੈ। ਕਈ ਪੰਜਾਬੀ ਭਰਾ ਤਾਂ ਰੱਬ ਦਾ ਨਾਂ ਲੈ ਕੇ ਟੇਢਾ-ਟੇਢਾ ਤੱਕਦੇ ਬਾਹਰ ਦੀ ਵੀ ਲੰਘ ਜਾਂਦੇ ਹਨ ਪਰ ਉਨ੍ਹਾਂ ਦੇ ਮੂੰਹ ਵਿਚ ਰੱਬ-ਰੱਬ ਤੇ ਨਜ਼ਰਾਂ ਸ਼ੀਸ਼ੇ ਰਾਹੀਂ ਪਿੱਛੇ ਰੋਡ ਉਤੇ ਉਦੋਂ ਤੱਕ ਰਹਿੰਦੀਆਂ ਹਨ, ਜਦੋਂ ਤੱਕ ਸਕੇਲ ਨਜ਼ਰ ਆਉਣੋਂ ਬੰਦ ਨਹੀਂ ਹੁੰਦੀ; ਕਿਉਂਕਿ ਡਰ ਹੁੰਦਾ ਹੈ ਕਿ ਡੀ.ਓ.ਟੀ. ਵਾਲਾ ਮਗਰ ਆਣ ਕਿਤੇ ਮੋੜ ਕੇ ਪਿੱਛੇ ਨਾ ਲੈ ਜਾਵੇ। ਕਈ ਵਾਰੀ ਪਿੱਛੇ ਆਣ ਮੋੜ ਵੀ ਲੈ ਜਾਂਦੇ ਹਨ ਤੇ ਡਰਾਈਵਰ ਦਾ ਬਣਦਾ ਹੱਕ ਸਕੇਲ ਬਾਹਰੋਂ ਲੰਘਣ ਦੀ ਟਿਕਟ ਦੇ ਕੇ ਜਾਣ ਦਿੰਦੇ ਹਨ। ਹਰ ਸਟੇਟ ਤੋਂ ਦੂਜੀ ਸਟੇਟ ਵਿਚ ਦਾਖ਼ਲ ਹੋਣ ਵੇਲੇ ਡੀ.ਓ.ਟੀ. ਦਾ ਲੱਗਿਆ ਨਾਕਾ ਜ਼ਿਆਦਾਤਰ ਪੰਜਾਬੀ ਡਰਾਈਵਰ ਵੀਰਾਂ ਦਾ ਖੂਨ ਸੁਕਾਈ ਰੱਖਦਾ ਹੈ, ਕਿਉਂਕਿ ਉਨ੍ਹਾਂ ਨੇ ਵੱਧ ਡਰਾਇਵ 'ਤੇ ਘੱਟ ਸੌਂ ਕੇ ਲੌਗਬੁੱਕ ਪਾੜ-ਪਾੜ ਚਾਰ ਦਿਨਾਂ ਦਾ ਸਫ਼ਰ ਤਿੰਨ ਦਿਨਾਂ ਵਿਚ ਮੁਕਾਉਣਾ ਹੁੰਦਾ ਹੈ,

ਜਿਹੜੇ ਯਾਰੋ ਵੀਰ ਟਰੱਕਰ ਬਣ ਜਾਂਦੇ।
ਮਸਤੀ ਦੇ ਵਿਚ ਰਹਿਣ ਵਾਲੇ
ਫੱਕਰ ਬਣ ਜਾਂਦੇ।
ਜਿੱਥੇ ਪੈ ਜੇ ਯਾਰੀ ਘਿਓ ਸ਼ੱਕਰ ਬਣ ਜਾਂਦੇ।
ਜਿਥੇ ਪੈ ਜੇ ਵੈਰ ਤੇ ਉਥੇ ਪੱਥਰ ਬਣ ਜਾਂਦੇ।

ਜਾਨ ਤਲੀ 'ਤੇ ਰੱਖੀ, ਰੱਬ ਆਸਰੇ ਰੋਡ ਉਤੇ ਉਡਦੇ ਮਜ਼ੂਰੀ ਦੀਆਂ ਹਵਾਵਾਂ ਨੂੰ ਚੀਰਦੇ ਹੋਏ ਆਣ ਵੜਦੇ ਹਨ ਇਲੀਨਾਏ ਯਾਨਿ ਸ਼ਿਕਾਗੋ ਵਾਲੀ ਸਟੇਟ ਵਿਚ। ਸੈਨ ਜੋਨ ਦੇ ਚੜ੍ਹੇ ਦਿਨ ਦੀ ਇੱਥੇ ਆ ਰਾਤ ਬਣ ਜਾਂਦੀ ਹੈ। ਲੌਗਬੁੱਕ ਵੀ ਸੇਂਟ ਲੁਇਸ ਤੋਂ ਪਿੱਛੇ ਹੀ ਦਮ ਤੋੜ ਦਿੰਦੀ ਹੈ ਪਰ ਪੰਜਾਬੀ ਵੀਰਾਂ ਦਾ ਦਮ ਨਹੀਂ ਟੁੱਟਦਾ ਗੱਡੀ ਚਲਾਉਣ ਤੋਂ, ਤੇ ਲਾਲਚ ਹੋ ਜਾਂਦਾ ਹੈ ਰਾਤ ਸਮੇਂ ਬੰਦ ਸਕੇਲਾਂ ਦਾ ਤੇ ਬਰੇਕਾਂ ਜਾ ਕੇ ਮਾਰਦੇ ਹਨ ਇੰਡੀਅਨਐਪੋਲਿਸ ਪਰ ਕਈ ਪੈਗ ਦੇ ਸ਼ੌਕੀਨ ਸਪਾਈਸਲੈਂਡ ਵਿਚ "ਮਿੱਤਰਾਂ ਦੇ ਢਾਬੇ" 'ਤੇ ਜਾ ਕੇ ਹੀ ਰੁਕਦੇ ਹਨ, ਕਿਉਂਕਿ ਉਥੇ ਪੈਗ ਦਾ ਜੁਗਾੜ ਹੁੰਦਾ ਹੈ। ਪੈਗ ਮਾਰ 'ਅੱਖ ਮੀਚੀ ਰਾਤ ਘੜੀਸੀ' ਦਿਨ ਚੜ੍ਹਿਆ ਪਰ ਨੀਂਦ ਨਾ ਪੂਰੀ ਹੋਣ ਦੇ ਬਾਵਜੂਦ ਹਿੰਮਤ ਕਰ ਉਠਣਾ ਪੈਂਦਾ। ਨਹਾ-ਧੋ ਕੇ ਫਿਰ ਉਹੀ ਕੋਹਲੂ ਵਾਲਾ ਗੇੜਾ ਸ਼ੁਰੂ ਹੋ ਜਾਣਾ ਹੈ। ਓਹਾਇਓ, ਪੈਨਸਿਲਵੇਨੀਆ, ਵੈਸਟ ਵਰਜੀਨੀਆ, ਨਿਊ ਜਰਸੀ ਜਿਹੀਆਂ ਸਟੇਟਾਂ ਦੇ ਸ਼ਹਿਰਾਂ ਵਿਚੋਂ ਲੰਘਦੇ ਵਾਸ਼ਿੰਗਟਨ ਬ੍ਰਿਜ ਰਾਹੀਂ ਦਾਖਲ ਹੋ ਜਾਂਦੇ ਹਨ-ਨਿਊ ਯਾਰਕ ਮੰਜ਼ਿਲ ਵਾਲੇ ਸ਼ਹਿਰ। ਤੇ ਬਰੌਂਸ ਮਾਰਕਿਟ ਵਿਚ ਜਾ ਖਾਲੀ ਕਰਦੇ ਹਨ ਬੜੀ ਜ਼ਿੰਮੇਵਾਰੀ, ਮਿਹਨਤ ਤੇ ਫਿਕਰਾਂ ਨਾਲ, ਤਾਪਮਾਨ ਦਾ ਵੀ ਪੂਰਾ ਖਿਆਲ ਰੱਖ ਲਿਆਂਦਾ ਹੋਇਆ ਫਲ ਅਤੇ ਸਬਜ਼ੀਆਂ ਦਾ 53 ਫੁੱਟਾ ਰੀਫਰ। ਇੰਜ ਟਰੱਕ ਡਰਾਈਵਰ ਰੋਡ 'ਤੇ ਚੱਲਣ ਵਾਲੇ ਜਹਾਜ਼ ਰਾਹੀਂ ਪੂਰੀਆਂ 13 ਸਟੇਟਾਂ ਪਾਰ ਕਰ ਪੁੱਜਦੀਆਂ ਕਰਦਾ ਹੈ ਕੈਲੀਫੋਰਨੀਆ ਦੀ ਧਰਤੀ ਉਤੇ ਉਗਣ ਵਾਲੀਆਂ ਸਬਜ਼ੀਆਂ ਅਮਰੀਕਾ ਦੇ ਦੂਜੇ ਕੋਨੇ ਨਿਊ ਯਾਰਕ ਵਿਚ ਯਾਨਿ ਇਕ ਸਿਰੇ ਤੋਂ ਦੂਜੇ ਸਿਰੇ।

ਇਧਰੋਂ ਈਸਟ ਤੋਂ ਵੈਸਟ ਨੂੰ ਸਾਮਾਨ ਦਾ ਲੋਡ ਚੁੱਕ ਰਵਾਨਾ ਹੋ ਜਾਂਦੇ ਹਨ ਘਰ ਵੱਲ ਉਨ੍ਹਾਂ ਹੀ ਰਾਹਾਂ 'ਤੇ। ਘਰ ਵੱਲ ਜਾਣ ਵੇਲੇ ਦਿਲ ਵਿਚ ਵੱਖਰਾ ਹੀ ਚਾਅ ਹੁੰਦਾ ਹੈ ਕਿਉਂਕਿ ਕਈ ਦਿਨਾਂ ਮਗਰੋਂ ਘਰ ਜਾਣਾ ਹੁੰਦਾ ਹੈ। ਚੂੜੇ ਵਾਲੀ ਦੀ ਦਿਲ ਨੂੰ ਖਿੱਚ ਤੇ ਚੂੜੇ ਵਾਲੀ ਵੀ ਰਾਹਾਂ ਵਿਚ ਨਜ਼ਰਾਂ ਵਿਛਾਈ ਬੈਠੀ ਹੁੰਦੀ ਹੈ। ਹਫ਼ਤੇ ਭਰ ਦੀ ਦੂਰੀ ਅਹਿਸਾਸ ਕਰਵਾ ਦਿੰਦੀ ਹੈ ਜਿਵੇਂ ਅੱਜ ਮੁਕਲਾਵੇ ਵਾਲੀ ਰਾਤ ਹੋਵੇ।

ਡਰਾਈਵਰੀ ਨਾ ਇੰਨੀ ਵੀ ਸੁਖਾਲੀ ਮਿੱਤਰੋ।
ਰੋਡਾਂ ਉਤੇ ਲੰਘਦੀ ਦੀਵਾਲੀ ਮਿੱਤਰੋ।
ਦੂਜੀ ਯਾਦ ਸਤਾਵੇ ਘਰ ਵਿਚ
ਬੈਠੀਆਂ ਹੀਰਾਂ ਦੀ।
ਜਾਨ ਤਲੀ 'ਤੇ ਰਹਿੰਦੀ
ਸਦਾ ਡਰਾਇਵਰ ਵੀਰਾਂ ਦੀ।
ਉਹੀ ਤੜਫ ਦੂਜੇ ਪਾਸੇ:
ਚੂੜੇ ਵਾਲੀ ਬਾਂਹ ਰੱਖ ਰਾਤ ਨੂੰ ਸਰ੍ਹਾਣੇ,
ਕਿਵੇਂ ਲੰਘੇ ਰਾਤ ਇਹ ਤਾਂ ਝੱਲਾ ਦਿਲ ਜਾਣੇ।
ਵਿਚ ਜੁਦਾਈਆਂ ਲੰਘ ਜਾਂਦੀ ਹੈ
ਰੁੱਤ ਬਹਾਰਾਂ ਦੀ।
ਸੁੱਕੀ ਰਹਿੰਦੀ ਜਾਨ ਵੀ
ਘਰ ਵਿਚ ਬੈਠੀਆਂ ਨਾਰਾਂ ਦੀ।

ਪੰਜਾਬੀਆਂ ਦੇ ਹਰ ਟਰੱਕ ਦੇ ਮੱਥੇ ਉਤੇ ਲੱਗਿਆ ਸਿੱਖੀ ਵਾਲਾ ਚਿੰਨ੍ਹ 'ਖੰਡਾ' ਦੂਰੋਂ ਦੱਸ ਦਿੰਦਾ ਹੈ ਕਿ ਕੋਈ ਸਿੰਘ ਆ ਰਿਹਾ ਹੈ। ਕਈ ਸਿੰਘਾਂ ਦੇ ਕੀਤੇ ਗਲਤ ਕਾਰਨਾਮਿਆਂ ਕਾਰਨ ਸਾਡਾ ਸਿੱਖੀ ਦਾ ਪਵਿੱਤਰ ਨਿਸ਼ਾਨ ਵੀ ਬਦਨਾਮ ਹੋ ਗਿਆ ਹੈ। ਰੋਡ 'ਤੇ ਚਲੇ ਜਾਂਦੇ ਟਰੱਕ ਨੂੰ ਝੱਟ ਲਾਈਟਾਂ ਲੱਗ ਜਾਂਦੀਆਂ ਹਨ ਕਈ ਡੀ.ਓ.ਟੀ. ਵਾਲੇ ਤਾਂ ਖੰਡੇ ਦੇ ਨਿਸ਼ਾਨ ਨੂੰ ਪੰਜਾਬੀਆਂ ਦੇ ਗੈਂਗ ਦਾ ਨਿਸ਼ਾਨ ਦੱਸਦੇ ਹਨ ਅਤੇ ਰੋਕ ਕੇ ਤਲਾਸ਼ੀ ਲਏ ਬਿਨਾਂ ਨਹੀਂ ਜਾਣ ਦਿੰਦੇ।

ਟਰੱਕ ਤੇ ਡਰਾਈਵਰ ਦੀ ਕਹਾਣੀ ਦਾ ਇਕ ਪਾਤਰ ਡਿਸਪੈਚਰ ਹੈ ਜੋ ਘਰੇ ਬੈਠਾ ਕੰਪਿਊਟਰ 'ਤੇ ਉਂਗਲਾਂ ਮਾਰ ਲੋਡ ਲੱਭ 10% ਕੱਟ ਕੇ ਅੱਗੇ ਓਨਰ ਓਪਰੇਟਰ ਨੂੰ ਦਿੰਦਾ ਹੈ। ਭਾਵੇਂ ਸਾਰੇ ਡਿਸਪੈਚਰ ਕਿਹੋ ਜਿਹੇ ਪਰ ਬਹੁਤਿਆਂ ਦੀ ਕਹਾਣੀ ਇਹੋ ਹੈ ਕਿ ਜਿਹੜਾ ਕਿਸੇ ਦਿਨ ਖੁਦ ਵੀ ਡਰਾਈਵਰ ਹੁੰਦਾ ਸੀ, ਉਹ ਆਪਣਾ ਵਕਤ ਭੁੱਲ

*(ਬਾਕੀ ਅਗਲੇ ਸਫੇ 'ਤੇ)*

# ਖੋਟ ਵਾਲਾ ਖੋਟਾ

ਜੇ ਕਿਸੇ ਅਸਲੀ ਚੀਜ਼ ਵਿਚ ਉਸ ਨਾਲ ਮਿਲਦੀ-ਜੁਲਦੀ ਕੋਈ ਚੀਜ਼ ਰਲਾ ਦਿੱਤੀ ਜਾਵੇ ਤਾਂ ਇਸ ਨੂੰ ਖੋਟ ਪਾਉਣਾ ਕਹਿੰਦੇ ਹਨ ਅਤੇ ਖੋਟ ਪਾਉਣੇ ਵਾਲੇ ਨੂੰ ਨੀਤ ਦਾ ਖੋਟਾ ਪੁਕਾਰਿਆ ਜਾਂਦਾ ਹੈ।

ਸ਼ਾਇਦ ਦੁਨੀਆਂ 'ਚ ਭਾਰਤ ਹੀ ਅਜਿਹਾ ਦੇਸ਼ ਹੈ ਜਿਥੇ ਖੋਟਾ ਮਾਲ ਵਿਕਦਾ ਹੈ; ਜਿਥੇ ਖੋਟੇ ਪੈਸਿਆਂ ਵਾਂਗ ਖੋਟੇ ਲੀਡਰ ਵੀ ਚੱਲਦੇ ਹਨ ਜੋ ਅੱਗਿਓਂ ਖੋਟੀ ਪਨੀਰੀ ਵੀ ਤਿਆਰ ਕਰਦੇ ਹਨ ਕਿਉਂਕਿ ਸਾਫ਼ ਨੀਅਤ ਵਾਲੇ ਨੇਤਾ ਇਨ੍ਹਾਂ ਨੂੰ ਰਾਸ

**ਅਵਤਾਰ ਸਿੰਘ ਹੰਸਰਾ**
**ਫੋਨ:661-368-1144**

ਨਹੀਂ ਆਉਂਦੇ। ਜਿਵੇਂ ਗਾਰੇ ਨਾਲ ਲਿਬੜੀ ਹੋਈ ਮੱਝ, ਪੂਛ ਮਾਰ ਮਾਰ ਕੇ ਨਾਲ ਦੀਆਂ ਮੱਝਾਂ ਨੂੰ ਵੀ ਗੰਦਾ ਕਰ ਦਿੰਦੀ ਹੈ, ਇਵੇਂ ਦਾ ਕਿਰਦਾਰ ਇਨ੍ਹਾਂ ਲੀਡਰਾਂ ਦਾ ਹੁੰਦਾ ਹੈ।

ਜੇ ਦੁੱਧ 'ਚ ਪਾਣੀ ਪਾ ਕੇ ਵੇਚਿਆ ਜਾਵੇ ਤਾਂ ਦੁੱਧ ਖੋਟਾ ਹੋ ਜਾਂਦਾ ਹੈ। ਇਸ ਵਿਚ ਪਾਣੀ ਦਾ ਕੋਈ ਕਸੂਰ ਨਹੀਂ ਹੁੰਦਾ, ਕਸੂਰ ਤਾਂ ਸਿਰਫ਼ ਦੋਧੀ ਦਾ ਹੁੰਦਾ ਹੈ ਜੋ ਵੱਧ ਮੁਨਾਫ਼ਾ ਕਮਾਉਣ ਦੇ ਲਾਲਚ ਵਿਚ ਆਪਣੀ ਬਦਨੀਤ ਕਾਰਨ ਇਨਸਾਨੀਅਤ ਨੂੰ ਬੱਦੂ ਕਰਦਾ ਹੈ। ਛੇਤੀ ਮਾਇਆਧਾਰੀ ਬਣ ਜਾਣ ਦਾ ਚਾਅ ਅਜਿਹੇ ਨੀਚ ਕੰਮ ਕਰਵਾਉਂਦਾ ਹੈ। ਕਿਸੇ ਮਾਈ ਨੇ ਸਵੇਰੇ ਸਵੇਰੇ ਦੋਧੀ ਕੋਲ ਸ਼ਿਕਾਇਤ ਕੀਤੀ ਕਿ ਭਾਈ ਕੱਲ੍ਹ ਤੇਰੇ ਵੱਲੋਂ ਦਿੱਤੇ ਦੁੱਧ ਵਿਚੋਂ ਡੱਡ ਨਿਕਲੀ ਸੀ। ਦੋਧੀ ਖਸਿਆਣੀ ਜਿਹੀ ਹਾਸੀ ਹੱਸ ਕੇ ਕਹਿੰਦਾ, "ਮਾਈ ਹੋਰ ਤੂੰ ਇਕ ਲਿਟਰ ਦੁੱਧ ਵਿਚੋਂ ਹਾਥੀ ਭਾਲਦੀ ਐਂ?"

ਜਿਸ ਦੀ ਨੀਤ ਖੋਟੀ ਹੋ ਜਾਵੇ, ਉਹ ਉਪਰੋਂ ਉਪਰੋਂ ਭਾਵੇਂ ਜਿੰਨਾ ਮਰਜ਼ੀ ਸਾਫ਼-ਸੁਥਰੇ ਚਿੱਟੇ ਕੱਪੜੇ ਪਾ ਕੇ ਲਿਸ਼ਕਿਆ ਪੁਸ਼ਕਿਆ ਫਿਰੇ, ਬਗਲਾ ਭਗਤ ਬਣ ਬਣ ਬੈਠੇ, ਫਿਰ ਵੀ ਲੋਕ ਉਸ ਦੀ ਮਾੜੀ ਨੀਅਤ, ਮੈਲੀ ਰੂਹ ਬਾਰੇ ਪੂਰੀ ਤਰ੍ਹਾਂ ਜਾਣੂ ਹੋ ਜਾਂਦੇ ਹਨ, ਕਿਉਂਕਿ ਕਿਸੇ ਦੀ ਵੀ ਚੰਗੀ ਜਾਂ ਮਾੜੀ ਨੀਅਤ ਦਾ ਅਕਸ ਉਸ ਦੇ ਚਿਹਰੇ 'ਤੇ ਆਪ ਮੁਹਾਰੇ ਪ੍ਰਗਟ ਹੋ ਜਾਂਦਾ ਹੈ ਕਿਉਂਕਿ ਚਿਹਰਾ ਸਾਡੇ ਮਨ ਦੇ ਭਾਵਾਂ ਦਾ ਸ਼ੀਸ਼ਾ ਹੁੰਦਾ ਹੈ ਅਤੇ ਅੱਖਾਂ ਵਿਚ ਨੀਅਤ ਦਾ ਪ੍ਰਛਾਵਾਂ ਸਾਫ਼ ਦਿਖਾਈ ਦੇ ਰਿਹਾ ਹੁੰਦਾ ਹੈ।

ਸੋਨੇ ਵਿਚ ਪਿੱਤਲ ਦੀ ਖੋਟ ਮਿਲਾਉਣ ਵਾਲਾ ਸੁਨਿਆਰਾ, ਸੁਨਿਆਰਾ ਨਹੀਂ ਹੁੰਦਾ। ਉਸ ਦੇ ਦਿਲ ਵਿਚ ਖੋਟ ਹੁੰਦੀ ਹੈ। ਉਹ ਭਾਵੇਂ ਪਾਏ ਟਾਂਕੇ ਦੇ ਨਾਂ ਉਤੇ ਗਹਿਣਿਆਂ ਦੀ ਬਣਵਾਈ ਵਿਚੋਂ ਕੁਝ ਪੈਸੇ ਘੱਟ ਕਰਕੇ ਗਾਹਕ ਨੂੰ ਖੁਸ਼ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹੈ ਪਰ ਅਸਲ ਟਾਂਕਾ ਕਿੰਨਾ ਲਾਇਆ, ਇਹ ਤਾਂ ਉਹ ਹੀ ਜਾਣਦਾ ਹੁੰਦਾ ਹੈ। ਇਕ ਮਾਈ ਨੇ ਪੁੱਛਿਆ, "ਭਾਈ ਗਹਿਣੇ ਪੂਰੇ ਨਖ਼ਾਲਸ ਬਣਾਏ ਨੇ?"

"ਹਾਂ ਮਾਈ, ਜਿਥੇ ਮਰਜ਼ੀ ਸੰਹੁ ਚੁਕਾ ਲੈ, ਰੱਬ ਨੂੰ ਜਾਨ ਦੇਣੀ ਐਂ। ਮੈਂ ਆਪਣੇ ਵੱਲੋਂ ਗਹਿਣੇ ਪੂਰੇ ਨਖ਼ਾਲਸ ਬਣਾਏ ਨੇ।" ਇਹ ਸੁਣ ਕੇ ਭੋਲੀ ਮਾਈ ਅਨਪੜ੍ਹ ਹੋਣ ਕਰਕੇ ਬਾਗੋ-ਬਾਗ ਹੋ ਗਈ।

ਭਾਰਤ ਵਿਚ ਨਕਲਚੂ ਬੜੇ ਮਾਹਰ ਹਨ। ਉਹ ਅਸਲੀ ਚੀਜ਼ ਵਰਗੀ ਫਟਾ-ਫਟ ਨਕਲੀ ਚੀਜ਼ ਬਣਾ ਦਿੰਦੇ ਹਨ। ਅਨਪੜ੍ਹ ਸਾਊ ਲੋਕਾਂ ਨੂੰ ਇਸ ਚਤੁਰਾਈ ਦਾ ਪਤਾ ਹੀ ਨਹੀਂ ਲਗਦਾ। ਉਹ ਅਸਲੀ ਵਰਗੀਆਂ ਦਿਸਦੀਆਂ ਨਕਲੀ ਦਵਾਈਆਂ ਖਾ ਖਾ ਕੇ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਉਨ੍ਹਾਂ ਦੇ ਸਨੇਹੀ ਸਬਰ ਦਾ ਘੁੱਟ ਭਰ ਕੇ ਕਹਿ ਉਠਦੇ ਹਨ ਕਿ ਇਸ ਦੀ ਇਹੀ ਲਿਖੀ ਹੀ ਐਨੀ ਸੀ, ਰੱਬ ਦੀਆਂ ਲਿਖੀਆਂ ਨੂੰ ਕੌਣ ਮੋੜੇ! ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਇਸ ਵਿਚ ਰੱਬ ਦਾ ਕੋਈ ਕਸੂਰ ਨਹੀਂ, ਕਸੂਰ ਤਾਂ ਨਕਲੀ ਦਵਾਈਆਂ ਬਣਾਉਣ ਵਾਲੇ ਬੇਈਮਾਨ ਲੋਕਾਂ ਦਾ ਹੈ।

ਇਸ ਤੋਂ ਬਿਨਾਂ, ਖਾਣ-ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਕਰਨ ਵਾਲੇ ਅਨਸਰਾਂ ਨਾਲ ਵੀ ਸਖ਼ਤੀ ਨਾਲ ਨਜਿੱਠਣਾ ਚਾਹੀਦਾ ਹੈ ਕਿਉਂਕਿ ਪੀਲੀ ਮਿੱਟੀ ਮਿਲੀ ਹਲਦੀ ਵਾਲੀ ਸਬਜ਼ੀ ਖਾਣ ਵਾਲਿਆਂ ਦੇ ਗੁਰਦਿਆਂ 'ਚ ਪੱਥਰੀਆਂ ਬਣ ਜਾਂਦੀਆਂ ਹਨ। ਗੰਦਾ ਪਾਣੀ ਰਲੇ ਦੁੱਧ ਪੀਣ ਵਾਲੇ ਲੋਕਾਂ ਨੂੰ ਪੀਲੀਆ ਹੋ ਜਾਂਦਾ ਹੈ। ਗਾਂ ਦੀ ਚਰਬੀ ਮਿਲਿਆ ਘਿਓ ਖਾਣ ਨਾਲ ਅੰਤੜੀ ਰੋਗ ਹੋ ਜਾਂਦਾ ਹੈ ਅਤੇ ਕਈ ਧਾਰਮਿਕ ਲੋਕਾਂ ਦਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ। ਬਣਾਉਟੀ ਰੰਗ 'ਚ ਰੰਗੀਆਂ ਦਾਲਾਂ ਖਾਣ ਨਾਲ ਕਈਆਂ ਨੂੰ ਕੈਂਸਰ ਹੋ ਜਾਂਦਾ ਹੈ। ਰੋੜਾਂ ਵਾਲੀਆਂ ਦਾਲਾਂ ਤਾਂ ਮਜ਼ਾ ਹੀ ਕਿਰਕਰਾ ਕਰ ਦਿੰਦੀਆਂ ਹਨ। ਸੋ, ਅਜਿਹੇ ਮਿਲਾਵਟਖੋਰਾਂ ਨੂੰ ਸਖ਼ਤ ਸਜ਼ਾ ਤਾਂ ਮਿਲਣੀ ਹੀ ਚਾਹੀਦੀ ਹੈ।

ਇਸੇ ਤਰ੍ਹਾਂ ਭਾਰਤ ਵਿਚ ਉਸਾਰੀ ਅਧੀਨ ਸਰਕਾਰੀ ਬਿਲਡਿੰਗਾਂ, ਪੁਲਾਂ ਅਤੇ ਸੜਕਾਂ ਦਾ ਬੁਰਾ ਹਾਲ ਹੈ, ਕਿਉਂਕਿ ਉਨ੍ਹਾਂ ਲਈ ਮਿਆਰੀ ਮਸਾਲਾ ਨਹੀਂ ਵਰਤਿਆ ਜਾਂਦਾ। ਇਕ ਵਾਰ ਅਜਿਹਾ ਬਣਿਆ ਪੁਲ ਟੁੱਟਣ ਨਾਲ ਠੇਕੇਦਾਰ ਦਾ ਪੁੱਤਰ, ਕਾਰ ਸਮੇਤ ਦਰਿਆ ਵਿਚ ਜਾ ਡਿੱਗਿਆ। ਜਦੋਂ ਚਾਰ ਘੰਟਿਆਂ ਬਾਅਦ ਉਸ ਦੀ ਕਾਰ ਕਰੇਨ ਨਾਲ ਖਿੱਚ ਕੇ ਪਾਣੀਓਂ ਬਾਹਰ ਕੱਢਿਆ ਗਿਆ ਤਾਂ ਠੇਕੇਦਾਰ ਆਪਣੇ ਪੁੱਤਰ ਦੀ ਲਾਸ਼ ਦੇਖ ਕੇ ਧਾਹਾਂ ਮਾਰ ਮਾਰ ਕੇ ਕੁਰਲਾ ਰਿਹਾ ਸੀ ਕਿ ਹਾਏ ਪੁੱਤਰਾ! ਮੈਂ ਤੇਰੇ ਲਈ ਮਾਇਆ ਜੋੜਨ ਲਈ ਬੇਈਮਾਨੀ ਕੀਤੀ ਤਾਂ ਕਿ ਤੂੰ ਐਸ਼ ਦੀ ਜ਼ਿੰਦਗੀ ਜੀਅ ਸਕੇਂ; ਮੈਨੂੰ ਕੀ ਪਤਾ ਸੀ ਕਿ ਮੈਂ ਤੇਰੀ ਮੌਤ ਦੇ ਰੱਸੇ ਵੱਟ ਰਿਹਾ ਹਾਂ! ਹਾਏ ਓ ਮੇਰੇ ਪੁੱਤਰਾ! ਮੇਰਾ ਦੁਰਾਚਾਰ ਤੇਰੇ ਅੱਗੇ ਆ ਗਿਆ!!

ਨਵੀਆਂ ਸੜਕਾਂ ਬਣਾਉਣ ਵੇਲੇ ਬਜਰੀ ਵਿਚ ਸਹੀ ਮਿਕਦਾਰ ਵਿਚ ਲੁੱਕ ਮਿਲਾਉਣ ਦੀ ਥਾਂ ਕਾਲਾ ਰੰਗ ਅਤੇ ਕਾਲਾ ਤੇਲ ਮਿਲਾ ਕੇ ਰੋੜੀ ਕਾਲੀ ਕਰ ਦਿੱਤੀ ਜਾਂਦੀ ਹੈ। ਕਾਲਾ ਰੰਗ ਜਾਂ ਕਾਲਾ ਤੇਲ ਭਲਾ ਲੁੱਕ ਵਾਂਗ ਵੱਟੀਆਂ (ਰੋੜੀ) ਨੂੰ ਕਿਵੇਂ ਜੋੜ ਕੇ ਰੱਖ ਸਕਦਾ ਹੈ? ਸੋ, ਅਜਿਹੀਆਂ ਨਵੀਆਂ ਬਣੀਆਂ ਸੜਕਾਂ ਦੋ ਤਿੰਨ ਮਹੀਨਿਆਂ ਵਿਚ ਹੀ ਟੁੱਟ ਜਾਂਦੀਆਂ ਹਨ ਅਤੇ ਵੱਟੀਆਂ ਤਾਂ ਦੋ ਹਫਤਿਆਂ ਵਿਚ ਹੀ ਖਿੰਡਣ ਲੱਗ ਪੈਂਦੀਆਂ ਹਨ। ਇਸ ਵਿਚ ਠੇਕੇਦਾਰ ਦੇ ਨਾਲ-ਨਾਲ ਨਿਗਰਾਨ ਅਮਲਾ ਵੀ ਉਨਾ ਹੀ ਕਸੂਰਵਾਰ ਹੁੰਦਾ ਹੈ ਕਿਉਂਕਿ ਹਿੱਸਾ-ਪੱਤੀ ਲੈ ਕੇ ਹੀ ਅਜਿਹੀਆਂ ਸੜਕਾਂ ਪਾਸ ਕੀਤੀਆਂ ਜਾਂਦੀਆਂ ਹਨ।

ਨਾਜਾਇਜ਼ ਢੰਗ ਨਾਲ ਕਮਾ ਕੇ ਭਾਵੇਂ ਤੁਸੀਂ ਆਪਣੇ ਉਦਾਲੇ ਮਾਇਆ ਦੇ ਢੇਰ ਲਗਾ ਲਵੋ, ਪਰ ਉਹ ਤੁਹਾਡੇ ਦਿਲ ਨੂੰ ਚੈਨ ਅਤੇ ਮਨ ਨੂੰ ਸਕੂਨ ਨਹੀਂ ਦੇ ਸਕਦੇ। ਮਨ ਨੂੰ ਸ਼ਾਂਤੀ ਤਾਂ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਮਾਈ ਨਾਲ ਹੀ ਮਿਲ ਸਕਦੀ ਹੈ ਅਤੇ ਅਜਿਹੀ ਕਮਾਈ ਨੂੰ ਵਰਤਣ ਅਤੇ ਖਾਣ ਹੰਢਾਉਣ ਵਿਚ ਹੀ ਮਜ਼ਾ ਆਉਂਦਾ ਹੈ। ਨਾਜਾਇਜ਼ ਕਮਾਈ ਕਰਨ ਵਾਲੇ ਦੇ ਮਨ ਵਿਚ ਸਦਾ ਹੀ ਇਹ ਤੌਖਲਾ ਬਣਿਆ ਰਹਿੰਦਾ ਹੈ ਜੋ ਉਸ ਦੀ ਰਾਤਾਂ ਦੀ ਨੀਂਦ ਹਰਾਮ ਕਰ ਦਿੰਦਾ ਹੈ।

ਜੇ ਕਿਸੇ ਕੰਮ ਨੂੰ ਸਹੀ ਢੰਗ ਨਾਲ ਅਤੇ ਸਹੀ ਮਿਆਰ ਅਨੁਸਾਰ ਕੀਤਾ ਜਾਵੇ ਤਾਂ ਮਨ ਸੰਤੁਸ਼ਟ ਹੋ ਜਾਂਦਾ ਹੈ। ਸੰਤੁਸ਼ਟ ਮਨ ਹੀ ਚਿੰਤਾ ਮੁਕਤ ਹੋ ਸਕਦਾ ਹੈ। ਫਿਰ ਅਜਿਹੇ ਸੁਨਿਆਰੇ ਵਿਅਕਤੀ ਲਈ ਕਿਸੇ ਹੋਰ ਮੁਕਤੀ ਦੀ ਲੋੜ ਨਹੀਂ ਰਹਿੰਦੀ। ਬੇਈਮਾਨ ਮਨ ਸਦਾ ਭੈਅਭੀਤ ਰਹਿੰਦਾ ਹੈ ਜੋ ਭ੍ਰਿਸ਼ਟਾਚਾਰੀ ਲਈ ਸਭ ਤੋਂ ਵੱਡੀ ਸਜ਼ਾ ਹੈ। ਭੈਅਭੀਤ ਮਨ ਕਦੇ ਵੀ ਸੰਤੁਸ਼ਟ ਨਹੀਂ ਹੋ ਸਕਦਾ। ਅਜਿਹਾ ਉਖੜਿਆ ਮਨ ਸਦਾ ਦੁਖੀ ਰਹਿੰਦਾ ਹੈ। ਬੱਸ, ਇਹ ਅਸੰਤੁਸ਼ਟੀ ਹੀ ਉਸ ਨੂੰ ਸਾਰੀ ਉਮਰ ਲਾਹਣਤਾਂ ਪਾਉਂਦੀ ਰਹਿੰਦੀ ਹੈ।

# ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਹੋਣਗੇ

**ਖੇਡ ਤੇ ਖਿਡਾਰੀ**

**ਪ੍ਰਿੰ. ਸਰਵਣ ਸਿੰਘ**

ਕਨਸੋਆਂ ਹਨ ਕਿ ਕਬੱਡੀ ਦੇ ਖਿਡਾਰੀ ਫਿਰ ਤਾਕਤ ਦੀਆਂ ਵਰਜਿਤ ਦਵਾਈਆਂ (ਡਰੱਗਾਂ) 'ਤੇ ਲੱਗ ਗਏ ਹਨ। ਉਹ ਐਨਾਬੋਲਿਕ ਸਟੀਰਾਇਡ, ਟੈਸਟੋਸਟਰੋਨ, ਐਮਫੈਟਾਮਾਈਨ ਆਦਿ ਦੇ ਟੀਕੇ ਲਵਾਉਣ ਤੇ ਨਸ਼ੀਲੇ ਪਦਾਰਥ ਫਿਰ ਲੈਣ ਲੱਗ ਪਏ ਹਨ। ਮੀਫੈਂਟਰਮਾਈਨ ਟੀਕੇ ਦਾ ਨਾਂ ਹੀ 'ਮੋਕੇ' ਦਾ ਟੀਕਾ ਪੱਕ ਗਿਆ ਹੈ। ਕਈਆਂ ਨੇ ਇਹਦਾ ਨਾਂ ਮੋਗੇ ਵਾਲਾ ਟੀਕਾ ਰੱਖਿਆ ਹੈ ਜੋ ਆਮ ਵਰਤਿਆ ਜਾਂਦੈ। ਇਹਦਾ ਕਾਰਨ ਕਬੱਡੀ ਫੈਡਰੇਸ਼ਨਾਂ ਵੱਲੋਂ ਡੋਪ ਟੈਸਟ ਕਰਵਾਉਣ ਤੋਂ ਅਵੇਸਲੇ ਹੋ ਜਾਣਾ ਹੈ। ਦੂਜੇ ਕਬੱਡੀ ਵਿਸ਼ਵ ਕੱਪ ਸਮੇਂ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਲਾਜ਼ਮੀ ਹੋਣਗੇ। ਜਿਨ੍ਹਾਂ ਨੇ ਕਬੱਡੀ ਵਰਲਡ ਕੱਪ ਵਿਚ ਖੇਡਣਾ ਹੈ ਉਹ ਸਾਵਧਾਨ ਹੋ ਜਾਣ।


ਸੰਨ 2006 ਵਿਚ ਮੈਂ 'ਕਬੱਡੀ ਨੂੰ ਡਰੱਗ ਦਾ ਜੱਫਾ' ਲੇਖ ਲਿਖ ਕੇ ਡਰੱਗ ਦੇ ਖ਼ਿਲਾਫ਼ ਹਾਲ-ਦੁਹਾਈ ਪਾਈ ਸੀ। ਉਹ ਲੇਖ ਮੇਰੀ ਪੁਸਤਕ 'ਕਬੱਡੀ ਕਬੱਡੀ ਕਬੱਡੀ' ਵਿਚ ਵੀ ਪ੍ਰਕਾਸ਼ਤ ਹੋਇਆ ਸੀ। ਕਬੱਡੀ ਫੈਡਰੇਸ਼ਨਾਂ ਸੁਚੇਤ ਹੋ ਗਈਆਂ ਸਨ ਅਤੇ ਕੈਨੇਡਾ ਤੇ ਇੰਗਲੈਂਡ ਦੀਆਂ ਕਬੱਡੀ ਫੈਡਰੇਸ਼ਨਾਂ ਨੇ 2007 ਦੇ ਕਬੱਡੀ ਸੀਜ਼ਨ ਲਈ ਡੋਪ ਟੈਸਟ ਕਰਨ ਦਾ ਫੈਸਲਾ ਕਰ ਲਿਆ ਸੀ ਪਰ ਅਮਲ ਨਹੀਂ ਸੀ ਕੀਤਾ। 2008 ਦੇ ਕਬੱਡੀ ਸੀਜ਼ਨ ਦੌਰਾਨ ਕੈਨੇਡਾ ਤੇ ਇੰਗਲੈਂਡ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਕਬੱਡੀ ਖੇਡਣ ਆਏ ਸਭਨਾਂ ਖਿਡਾਰੀਆਂ ਦੇ ਡੋਪ ਟੈਸਟ ਕਰਵਾਏ ਜਿਨ੍ਹਾਂ ਵਿਚੋਂ 119 ਖਿਡਾਰੀ ਨਸ਼ੇੜੀ ਨਿਕਲੇ। ਉਨ੍ਹਾਂ ਉਤੇ ਇਕ ਸਾਲ ਨਾ ਖਿਡਾਉਣ ਦੀ ਪਾਬੰਦੀ ਲਾਈ ਗਈ।

ਸੰਨ 2009 ਵਿਚ ਸੌ ਦੇ ਕਰੀਬ ਖਿਡਾਰੀ ਡਰੱਗੀ ਨਿਕਲੇ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਖੇਡਣ ਦਾ ਮੌਕਾ ਨਹੀਂ ਦਿੱਤਾ ਗਿਆ। ਨੱਬੇ ਫੀਸਦੀ ਖਿਡਾਰੀ ਵਿਦੇਸ਼ਾਂ ਦਾ ਕਬੱਡੀ ਸੀਜ਼ਨ ਲਾਉਣ ਲਈ ਹੀ ਕਬੱਡੀ ਖੇਡਦੇ ਹਨ। ਜੇਕਰ ਵਿਦੇਸ਼ਾਂ ਦਾ ਵੀਜ਼ਾ ਦੇਣ ਵੇਲੇ ਹੀ ਡੋਪ ਟੈਸਟ ਪਾਸ ਕਰਨ ਦੀ ਸ਼ਰਤ ਲਾਗੂ ਕਰ ਦਿੱਤੀ ਜਾਵੇ ਤਾਂ ਡਰੱਗ ਦੀ ਵਬਾ ਨੂੰ ਸਮੇਂ ਸਿਰ ਕਾਬੂ ਕੀਤਾ ਜਾ ਸਕਦਾ ਹੈ। ਪਰ ਖਰੇ ਖੋਟੇ ਦੀ ਪਰਖ ਨਾ ਚਾਹੁਣ ਵਾਲੇ ਨਹੀਂ ਚਾਹੁੰਦੇ ਕਿ ਵੀਜ਼ੇ ਲੱਗਣ ਵੇਲੇ ਇਹ ਸ਼ਰਤ ਲਾਗੂ ਹੋਵੇ। ਇਸੇ ਢਿੱਲ ਕਾਰਨ ਇਸ ਸਾਲ ਇਕ ਹਜ਼ਾਰ ਤੋਂ ਵੱਧ 'ਖਿਡਾਰੀ' 'ਕਬੱਡੀ ਸੀਜ਼ਨ' ਲਾਉਣ ਲਈ ਕੈਨੇਡਾ ਤੇ ਯੂਰਪ ਦੇ ਮੁਲਕਾਂ ਵਿਚ ਗਏ ਸਨ।

ਸੰਨ 2010 ਵਿਚ ਪੰਜਾਬ 'ਚ ਹੋਏ ਪਹਿਲੇ ਕਬੱਡੀ ਵਿਸ਼ਵ ਕੱਪ ਤੋਂ ਪਹਿਲਾਂ ਟਰਾਇਲਾਂ ਸਮੇਂ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਕੀਤੇ ਸਨ ਜਿਸ ਦੇ ਸਿੱਟੇ ਵਜੋਂ 18 ਖਿਡਾਰੀ ਡਰੱਗੀ ਨਿਕਲੇ ਸਨ। 5 ਖਿਡਾਰੀ ਡੋਪ ਟੈਸਟ ਨਾ ਦੇਣ ਕਾਰਨ ਬਾਹਰ ਕਰ ਦਿੱਤੇ ਸਨ। ਵਿਸ਼ਵ ਕੱਪ ਦੌਰਾਨ 85 ਖਿਡਾਰੀਆਂ ਦੇ ਸੈਂਪਲ ਲਏ ਗਏ ਸਨ ਜਿਨ੍ਹਾਂ ਵਿਚ 9 ਖਿਡਾਰੀ ਪਾਜ਼ੇਟਿਵ ਪਾਏ ਗਏ ਸਨ। ਉਨ੍ਹਾਂ ਦਾ ਸਬੰਧ ਪਾਕਿਸਤਾਨ, ਇਰਾਨ, ਸਪੇਨ, ਇਟਲੀ, ਕੈਨੇਡਾ ਤੇ ਅਮਰੀਕਾ ਦੀਆਂ ਟੀਮਾਂ ਨਾਲ ਸੀ।

ਪਹਿਲੇ ਕਬੱਡੀ ਵਿਸ਼ਵ ਕੱਪ ਤੋਂ ਬਾਅਦ ਜੋ ਡੋਪ ਟੈਸਟ ਹੋਏ ਉਹ ਸਿਰਫ਼ ਵਿਖਾਵੇ ਲਈ ਹੀ ਹੋਏ ਤੇ ਕਿਸੇ ਖਿਡਾਰੀ ਨੂੰ ਨਸ਼ੇੜੀ ਨਹੀਂ ਐਲਾਨਿਆ ਗਿਆ। ਕਾਰਨ ਇਹ ਹੈ ਕਿ ਕਬੱਡੀ ਫੈਡਰੇਸ਼ਨਾਂ ਇਕ ਦੀਆਂ ਦੋ-ਦੋ ਬਣ ਗਈਆਂ ਹਨ। ਖਿਡਾਰੀਆਂ ਨੂੰ ਆਪੋ ਆਪਣੇ ਵੱਲ ਖਿੱਚਣ ਲਈ ਉਨ੍ਹਾਂ ਨੇ ਅਸਲੀ ਡੋਪ ਟੈਸਟ ਕਰਨ ਦੀ ਥਾਂ ਵਿਖਾਵੇ ਦੇ ਡੋਪ ਟੈਸਟਾਂ ਨਾਲ ਬੁੱਤਾ ਸਾਰਨਾ ਸ਼ੁਰੂ ਕਰ ਲਿਆ ਹੈ। ਨਤੀਜਾ ਇਹ ਹੈ ਕਿ ਕਬੱਡੀ ਦੇ ਅਨੇਕਾਂ ਖਿਡਾਰੀ ਫਿਰ ਡਰੱਗ ਦੀ ਗ੍ਰਿਫਤ ਵਿਚ ਆ ਗਏ ਹਨ।

ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈਆਂ ਝਗੜਿਆਂ ਤੋਂ ਬਚਾਉਣ, ਵਧੀਆ ਇਨਸਾਨ ਬਣਾਉਣ, ਊਰਜਾ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਖੇਡ ਕਲਾ ਸਿਖਰ 'ਤੇ ਪੁਚਾਉਣ ਲਈ ਹੁੰਦੀਆਂ ਹਨ, ਖਿਡਾਰੀਆਂ ਨੂੰ ਨਸ਼ਿਆਂ 'ਤੇ ਲਾ ਕੇ ਕੱਪ ਜਿੱਤਣ ਲਈ ਨਹੀਂ। ਕਰੋੜਾਂ ਦੀ ਕਬੱਡੀ ਵਿਚ ਜੇ ਲੱਖਾਂ ਰੁਪਏ ਨਸ਼ੇ ਦੀਆਂ ਦਵਾਈਆਂ 'ਤੇ ਲੱਗ ਜਾਣ ਤਾਂ ਕੀ ਫਾਇਦਾ ਇਹੋ ਜਿਹੀ ਖੇਡ ਦਾ?





ਪੰਜਾਬ ਵਿਚ ਕਬੱਡੀ ਦਾ ਦੂਜਾ ਵਿਸ਼ਵ ਕੱਪ 1 ਨਵੰਬਰ ਤੋਂ 20 ਨਵੰਬਰ ਤਕ 16 ਜ਼ਿਲ੍ਹਿਆਂ ਵਿਚ ਖੇਡਿਆ ਜਾ ਰਿਹੈ ਜਿਸ ਦਾ ਪਹਿਲਾ ਇਨਾਮ ਦੋ ਕਰੋੜ, ਦੂਜਾ ਇਕ ਕਰੋੜ ਤੇ ਤੀਜਾ ਇਕਵੰਜਾ ਲੱਖ ਰੁਪਏ ਦਾ ਹੈ। ਉਸ ਵਿਚ 14 ਮੁਲਕਾਂ ਦੀਆਂ ਟੀਮਾਂ ਭਾਗ ਲੈਣਗੀਆਂ ਜਿਨ੍ਹਾਂ ਵਿਚਾਲੇ 45 ਮੈਚ ਖੇਡੇ ਜਾਣਗੇ। ਹਰ ਟੀਮ ਵਿਚ 14 ਖਿਡਾਰੀ ਤੇ 2 ਆਫੀਸ਼ਲ ਹੋਣਗੇ। ਪ੍ਰਬੰਧਕਾਂ ਨੇ ਸਪੱਸ਼ਟ ਕੀਤਾ ਹੈ ਕਿ ਵਿਸ਼ਵ ਕੱਪ ਵਿਚ ਖੇਡਣ ਵਾਲੇ ਹਰ ਖਿਡਾਰੀ ਦਾ ਡੋਪ ਟੈਸਟ ਕੀਤਾ ਜਾਵੇਗਾ। ਭਾਰਤੀ ਟੀਮ ਦੀ ਚੋਣ ਕਰਨ ਵੇਲੇ ਹੀ ਡੋਪ ਟੈਸਟ ਕਰ ਲਏ ਜਾਣਗੇ ਤੇ ਫਿਰ ਮੈਚਾਂ ਦੌਰਾਨ ਵੀ ਕੀਤੇ ਜਾਣਗੇ।

ਮਰਦਾਂ ਦੀ ਭਾਰਤੀ ਟੀਮ ਦੇ ਖਿਡਾਰੀਆਂ ਲਈ ਟਰਾਇਲ 3 ਤੋਂ 5 ਅਕਤੂਬਰ ਅਤੇ ਔਰਤਾਂ ਲਈ 14-15 ਅਕਤੂਬਰ ਨੂੰ ਗੁਰੂ ਨਾਨਕ ਸਟੇਡੀਅਮ ਲੁਧਿਆਣੇ ਹੋਣਗੇ। ਟਰਾਇਲਾਂ ਰਾਹੀਂ 30 ਔਰਤਾਂ ਤੇ 40 ਮਰਦ ਕੋਚਿੰਗ ਕੈਂਪ ਲਈ ਚੁਣੇ ਜਾਣਗੇ। ਚੋਣ ਕਮੇਟੀ ਵਿਚ ਸ਼ਿਵਦੇਵ ਸਿੰਘ, ਕੇ. ਜਗਦੀਸ਼ਵਰ ਯਾਦਵ, ਬਲਵਿੰਦਰ ਸਿੰਘ ਫਿੱਡੂ, ਦੇਵੀ ਦਿਆਲ, ਹਰਪ੍ਰੀਤ ਬਾਬਾ, ਬਲਬੀਰ ਬਿੱਟੂ, ਗੁਰਦੀਪ ਸਿੰਘ ਮੱਲ੍ਹੀ ਤੇ ਮੈਂ (ਪ੍ਰਿੰ. ਸਰਵਣ ਸਿੰਘ) ਹੋਵਾਂਗੇ। ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਨੂੰ ਵੀ ਚਾਹੀਦੈ ਕਿ ਉਹ ਟੀਮਾਂ ਦੀ ਚੋਣ ਕਰਨ ਵੇਲੇ ਹੀ ਖਿਡਾਰੀਆਂ ਦੇ ਡੋਪ ਟੈਸਟ ਕਰਵਾ ਲੈਣ। ਇਹ ਨਾ ਹੋਵੇ ਕਿ ਵਿਸ਼ਵ ਕੱਪ ਖੇਡਣ ਸਮੇਂ ਉਨ੍ਹਾਂ ਦੇ ਖਿਡਾਰੀ ਪਾਜ਼ੇਟਿਵ ਨਿਕਲ ਆਉਣ ਤੇ ਉਨ੍ਹਾਂ ਨੂੰ ਸ਼ਰਮਿੰਦਗੀ ਉਠਾਉਣੀ ਪਵੇ। ਖਿਡਾਰੀ ਕਿੰਨੇ ਵੀ ਤਕੜੇ ਜਾਂ ਨਾਮਵਰ ਕਿਉਂ ਨਾ ਹੋਣ ਉਹ ਡੋਪ ਟੈਸਟ ਵਿਚ ਬਖਸ਼ੇ ਨਹੀਂ ਜਾਣਗੇ।

ਕਬੱਡੀ ਸਰਕਲ ਸਟਾਈਲ ਹੁਣ ਉਨ੍ਹਾਂ ਦੇਸ਼ਾਂ ਵਿਚ ਵੀ ਖੇਡੀ ਜਾਣ ਲੱਗੀ ਹੈ ਜਿਥੇ ਪੰਜਾਬੀ ਨਹੀਂ ਰਹਿੰਦੇ। ਗੋਰੇ ਤੇ ਕਾਲੇ ਖਿਡਾਰੀ ਵੀ ਕਬੱਡੀ ਖੇਡਣ ਲੱਗੇ ਹਨ। 25 ਤੋਂ 27 ਸਤੰਬਰ ਤਕ ਇਰਾਨ ਦੇ ਸ਼ਹਿਰ ਤਬਰੀਜ਼ ਵਿਚ ਪਹਿਲਾ ਏਸ਼ੀਆ ਕਬੱਡੀ ਕੱਪ ਹੋਇਆ ਜੋ ਭਾਰਤੀ ਟੀਮ ਨੇ ਜਿੱਤਿਆ। ਉਸ ਨੇ ਅਫਗਾਨਿਸਤਾਨ ਦੀ ਟੀਮ ਨੂੰ 69-20, ਸ੍ਰੀਲੰਕਾ ਨੂੰ 72-32, ਇਰਾਨ ਨੂੰ 67-26, ਨਿਪਾਲ ਨੂੰ 61-42 ਅੰਕਾਂ 'ਤੇ ਹਰਾਉਣ ਪਿੱਛੋਂ ਫਾਈਨਲ ਵਿਚ ਪਾਕਿਸਤਾਨ ਦੀ ਟੀਮ ਨੂੰ 53-38 ਅੰਕਾਂ ਉਤੇ ਹਰਾ ਕੇ ਕੱਪ ਜਿੱਤਿਆ। ਏਕਮ ਹਠੂਰ ਬੈਸਟ ਜਾਫੀ ਤੇ ਸੰਦੀਪ ਸੁਰਖਪੁਰੀਆ ਬੈਸਟ ਰੇਡਰ ਐਲਾਨੇ ਗਏ।

ਪੰਜਾਬ ਵਿਚ ਖੇਡਿਆ ਗਿਆ ਪਹਿਲਾ ਕਬੱਡੀ ਵਰਲਡ ਕੱਪ ਵੀ ਭਾਰਤੀ ਟੀਮ ਨੇ ਪਾਕਿਸਤਾਨੀ ਟੀਮ ਨੂੰ 58-24 ਅੰਕਾਂ ਉਤੇ ਹਰਾ ਕੇ ਜਿੱਤਿਆ ਸੀ। ਉਦੋਂ ਕੁਲਜੀਤਾ ਬੈਸਟ ਰੇਡਰ ਤੇ ਮੰਗੀ ਬੈਸਟ ਜਾਫੀ ਐਲਾਨੇ ਗਏ ਸਨ। ਹੁਣ ਕਬੱਡੀ ਦਾ ਏਸ਼ੀਆ ਤੇ ਵਰਲਡ ਕੱਪ ਦੋਵੇਂ ਭਾਰਤ ਪਾਸ ਹਨ। ਵੇਖਾਂਗੇ ਕਬੱਡੀ ਦਾ ਦੂਜਾ ਵਰਲਡ ਕੱਪ ਕੌਣ ਜਿੱਤਦੈ? ਜੇਕਰ ਕੈਨੇਡਾ 'ਤੇ ਅਮਰੀਕਾ ਦੇ ਕਬੱਡੀ ਪ੍ਰੋਮੋਟਰ ਸਹਿਮਤੀ ਨਾਲ ਸਹੀ ਟੀਮਾਂ ਚੁਣ ਕੇ ਵਰਲਡ ਕੱਪ ਖੇਡੇ ਤਾਂ ਸੰਭਵ ਹੈ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਨੂੰ ਵਖਤ ਪਾ ਦੇਣ। ਇੰਗਲੈਂਡ, ਇਟਲੀ ਤੇ ਆਸਟ੍ਰੇਲੀਆ ਦੀਆਂ ਟੀਮਾਂ ਵੀ ਤਕੜੀਆਂ ਹੋ ਸਕਦੀਆਂ ਹਨ। ਅਰਜਨਟੀਨਾ ਦੀ ਟੀਮ ਵਿਚ ਸਭ ਗੋਰੇ ਖਿਡਾਰੀ ਹੋਣਗੇ। ਕਬੱਡੀ ਮੈਚ ਦੇਸ਼ ਵਿਦੇਸ਼ ਵਿਚ ਲਾਈਵ ਟੈਲੀਕਾਸਟ ਕੀਤੇ ਜਾਣਗੇ।

# ਸੌਖਾ ਨਹੀਂ ਇਸ਼ਮੀਤ ਦਾ ਵਿਛੋੜਾ ਭੁਲਾ ਸਕਣਾ



**ਕੀ ਮੈਂ ਝੂਠ ਬੋਲਿਐ...**

**ਸਵਰਨ ਸਿੰਘ ਟਹਿਣਾ***

*ਫੋਨ:91-98141-78883

25 ਨਵੰਬਰ 2007 ਦੀਆਂ ਸਾਰੀਆਂ ਅਖ਼ਬਾਰਾਂ ਦੇ ਮੁੱਖ ਸਫ਼ਿਆਂ 'ਤੇ ਇੱਕ ਖ਼ਬਰ ਚਮਕੀ ਹੋਈ ਸੀ। ਫੋਟੋ ਵਿਚ ਦਿਸਦੇ ਮੁੰਡੇ ਦੇ ਚਿਹਰੇ 'ਤੇ ਅਵੱਲਾ ਜਿਹਾ ਨੂਰ ਸੀ, ਉਸ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ, ਸਨਮਾਨ ਦੇਣ ਵਾਲੀਆਂ ਹਸਤੀਆਂ ਵੀ ਪੂਰੀ ਤਰ੍ਹਾਂ ਖੁਸ਼ ਸਨ ਤੇ ਸਿਰਲੇਖ ਸੀ, "ਪੰਜਾਬ ਦੇ ਪੁੱਤ ਇਸ਼ਮੀਤ ਸਿੰਘ ਦੀ ਝੋਲੀ ਪਿਆ 'ਸਟਾਰ ਵਾਇਸ ਆਫ਼ ਇੰਡੀਆ' ਖ਼ਿਤਾਬ।" ਇਕਦਮ ਇਹ ਖ਼ਬਰ ਦੇਸ-ਵਿਦੇਸ਼ ਤੱਕ ਅੱਪੜੀ। ਬਾਲੀਵੁੱਡ ਦੀਆਂ ਸਿਰਕੱਢ ਹਸਤੀਆਂ ਵੱਲੋਂ ਇਸ਼ਮੀਤ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਉਸ ਦੇ ਸਨਮਾਨ ਲਈ ਥਾਂ-ਥਾਂ ਵਿਉਂਤਬੰਦੀਆਂ ਹੋਣ ਲੱਗੀਆਂ। ਸਿੱਖੀ ਸਰੂਪ ਨਾਲ ਜੁੜਿਆ ਉਹ ਪੰਜਾਬ ਦਾ ਪਹਿਲਾ ਅਜਿਹਾ ਪੁੱਤ ਬਣ ਗਿਆ, ਜਿਹੜਾ ਰਾਸ਼ਟਰੀ ਪੱਧਰ ਦੇ ਗਾਇਕੀ ਮੁਕਾਬਲੇ ਵਿਚ ਸਭ ਨੂੰ ਮਾਤ ਪਾ ਕਰੋੜਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ। ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਕਈ ਦਿਨ ਉਸ ਦੀ ਇਸ ਪ੍ਰਾਪਤੀ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਪੇਸ਼ ਹੋਈਆਂ। ਮੁਕਾਬਲੇ 'ਚ ਹਿੱਸਾ ਲੈਂਦਿਆਂ ਹੀ ਉਹ ਸਭ ਦਾ ਚਹੇਤਾ ਬਣ ਗਿਆ ਕਿਉਂਕਿ ਉਸ ਦੇ ਸੁਭਾਅ 'ਚ ਨਿਮਰਤਾ ਸੀ, ਉਸ ਨੇ ਸਾਰੇ ਜੱਜਾਂ ਦਾ ਸਤਿਕਾਰ ਕੀਤਾ, ਮੁਕਾਬਲੇਬਾਜ਼ਾਂ ਨਾਲ ਵੀ ਖੂਬ ਘੁਲਿਆ-ਮਿਲਿਆ। ਜਦੋਂ ਜੱਜ ਉਸ ਦੀ ਗਾਇਕੀ 'ਤੇ ਪ੍ਰਤੀਕ੍ਰਿਆ ਦਿੰਦੇ ਤਾਂ ਉਹ ਮਾਸੂਮੀਅਤ ਨਾਲ ਇੰਜ ਜਵਾਬ ਦਿੰਦਾ ਕਿ ਸਭ ਕੀਲੇ ਜਾਂਦੇ। ਉਸ ਲਈ ਸਭ ਤੋਂ ਵੱਡੀ ਖੁਸ਼ੀ ਇਹ ਸੀ ਕਿ ਸੁਰਾਂ ਦੀ ਦੇਵੀ ਲਤਾ ਮੰਗੇਸ਼ਕਰ ਨੇ ਖੁਦ ਕਿਹਾ ਕਿ ਉਹ ਉਸ ਨਾਲ ਇੱਕ ਗੀਤ ਗਾਉਣਾ ਚਾਹੇਗੀ। ਸਾਧਾਰਨ ਗੁਰਸਿੱਖ ਪਰਿਵਾਰ ਵਿਚ ਜੰਮੇ-ਪਲੇ 17 ਸਾਲਾ ਨੌਜਵਾਨ ਦੀ ਪ੍ਰਾਪਤੀ ਨੂੰ ਏਨੀ ਸਲਾਹੁਤਾ ਮਿਲ ਰਹੀ ਹੋਵੇ, ਤਾਂ ਖੁਸ਼ੀ 'ਚ ਖੀਵਾ ਕੌਣ ਨਹੀਂ ਹੋਵੇਗਾ।

ਉਸ ਦੀ ਜਿੱਤ ਨੂੰ ਪੂਰੇ ਪੰਜਾਬ ਨੇ ਆਪਣੀ ਜਿੱਤ ਸਮਝਿਆ, ਘਰ ਮਿਲਣ ਆਉਣ ਵਾਲਿਆਂ ਦੀ ਭੀੜ ਜੁੜ ਗਈ ਤੇ ਲੁਧਿਆਣੇ 'ਚ ਕਈ ਕੁਇੰਟਲ ਲੱਡੂ ਵੰਡੇ ਗਏ। ਬਾਪ ਗੁਰਪਿੰਦਰ ਸਿੰਘ ਸੋਢੀ, ਮਾਂ ਅੰਮ੍ਰਿਤ ਕੌਰ, ਭੈਣ ਸੁਮੀਤ, ਚਾਚੇ ਚਰਨ ਕਮਲ ਸਿੰਘ ਤੋਂ ਉਸ ਦੀ ਜਿੱਤ ਦਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ ਪਰ 29 ਜੁਲਾਈ 2008 ਦੀਆਂ ਅਖ਼ਬਾਰਾਂ ਵਿਚ ਮੁੜ ਇਕ ਖ਼ਬਰ ਪ੍ਰਮੁੱਖਤਾ ਨਾਲ ਛਪੀ, ਜਿਸ ਨੇ ਸਭ ਨੂੰ ਝੰਜੋੜ ਛੱਡਿਆ। ਇਹ ਗੱਲ ਸਭ ਨੂੰ ਝੂਠ ਜਿਹੀ ਜਾਪੀ ਕਿ ਇਸ਼ਮੀਤ ਨਾਲ ਇਹੋ ਜਿਹਾ ਹਾਦਸਾ ਵਾਪਰ ਸਕਦੈ। ਮੀਡੀਆ ਦੱਸ ਰਿਹਾ ਸੀ ਕਿ



'ਇਸ਼ਮੀਤ ਨਹੀਂ ਰਿਹਾ', ਪਰ ਇਹ ਕਿਵੇਂ ਹੋ ਸਕਦੈ, ਸਵਾਲ ਹਰ ਕਿਸੇ ਦੇ ਦਿਮਾਗ਼ ਵਿਚ ਦੌੜ ਰਿਹਾ ਸੀ। ਹੌਲੀ-ਹੌਲੀ ਅਖ਼ਬਾਰਾਂ-ਚੈਨਲਾਂ ਵੱਲੋਂ ਦੱਸੀ ਖ਼ਬਰ ਸਹੀ ਸਾਬਤ ਹੋ ਗਈ। ਉਹ ਇਸ਼ਮੀਤ ਤੁਰ ਗਿਆ ਸੀ, ਜਿਸ ਨੂੰ ਪੂਰੇ ਭਾਰਤ ਦੇ ਸੰਗੀਤ ਪ੍ਰੇਮੀਆਂ ਨੇ ਐਸ.ਐਮ.ਐਸ. ਕਰਕੇ ਮੋਹਰੀ ਬਣਾਇਆ ਸੀ। ਉਹ ਇਸ਼ਮੀਤ, ਜਿਹੜਾ ਜੱਜਾਂ ਨੂੰ ਵੀ ਝੂਮਣ ਲਾ ਛੱਡਦਾ ਸੀ, ਜਿਸ ਨੇ ਬਾਲੀਵੁੱਡ ਦੇ ਨਾਮਣੇ ਵਾਲੇ ਸੰਗੀਤਕਾਰਾਂ ਨਾਲ ਅਗਲੀ ਫਿਲਮ ਵਿਚ ਗਾਉਣ ਦਾ ਵਾਅਦਾ ਕੀਤਾ ਸੀ, ਇਸ ਦੁਨੀਆਂ 'ਤੇ ਨਹੀਂ ਰਿਹਾ ਸੀ। ਜਿਹੜੇ ਪ੍ਰਸ਼ੰਸਕਾਂ ਨੇ ਅੱਠ ਮਹੀਨੇ ਪਹਿਲਾਂ ਉਸ ਦੀ ਜਿੱਤ 'ਤੇ ਖੁਸ਼ੀਆਂ ਮਨਾਈਆਂ ਸਨ, ਉਹ ਅੰਦਰੋਂ ਟੁੱਟ ਗਏ। ਪਰਿਵਾਰ ਦੇ ਜੀਆਂ ਦਾ ਰੋਣ ਝੱਲਣਾ ਮੁਸ਼ਕਲ ਸੀ।

ਇਸ਼ਮੀਤ ਦੀ ਮੌਤ 'ਤੇ ਕਈ ਪੱਖਾਂ ਤੋਂ ਕਿੰਤੂ ਹੋਇਆ, ਕਿਉਂਕਿ ਦੱਸੇ ਕਾਰਨ ਤੱਥਾਂ ਨਾਲ ਮੇਲ ਨਹੀਂ ਖਾਂਦੇ ਸਨ। ਘਰਦਿਆਂ ਆਖਿਆ ਕਿ ਜਦੋਂ ਉਸ ਨੂੰ ਤੈਰਨਾ ਨਹੀਂ ਸੀ ਆਉਂਦਾ, ਫਿਰ ਉਹ ਮਾਲਦੀਵ ਦੇ ਹੋਟਲ ਵਿਚਲੇ ਸਵਿਮਿੰਗ ਪੂਲ ਵਿਚ ਤੈਰਨ ਲਈ ਕਿਵੇਂ ਉਤਰ ਸਕਦੈ? ਸਰੀਰ ਦੇ ਜਿਹੜੇ ਹਿੱਸਿਆਂ 'ਤੇ ਸੱਟਾਂ ਲੱਗੀਆਂ ਸਨ, ਉਨ੍ਹਾਂ ਨਾਲ ਸਬੰਧਤ ਵੀ ਖ਼ਬਰਾਂ ਬਣੀਆਂ। ਮਾਪਿਆਂ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ, ਪਰ ਹੌਲੀ-ਹੌਲੀ ਸਭ ਕੁੱਝ ਪਰ੍ਹੇ ਹੁੰਦਾ ਗਿਆ।

ਮੌਤ ਵੇਲੇ ਵੀ ਇਸ਼ਮੀਤ ਇੱਕ ਟੀ.ਵੀ. ਚੈਨਲ ਵੱਲੋਂ ਸ਼ੁਰੂ ਕੀਤੇ ਜਾਣ ਵਾਲੇ ਰਿਐਲਟੀ ਸ਼ੋਅ ਦੀ ਸ਼ੂਟਿੰਗ ਵਿਚ ਹਿੱਸਾ ਲੈਣ ਮਾਲਦੀਵ ਗਿਆ ਸੀ। ਪੰਜਾਬ ਸਰਕਾਰ ਨੇ ਜ਼ਿੰਮੇਵਾਰੀ ਸਮਝਦਿਆਂ ਉਸ ਦੀ ਲਾਸ਼ ਵਿਸ਼ੇਸ਼ ਹੈਲੀਕਾਪਟਰ ਰਾਹੀਂ ਲੁਧਿਆਣੇ ਲਿਆਂਦੀ। ਨਾਮਵਰ ਹਸਤੀਆਂ ਤੋਂ ਲੈ ਕੇ ਸਾਧਾਰਨ ਸਰੋਤੇ ਤੱਕ ਉਸ ਦੀਆਂ ਅੰਤਮ ਰਸਮਾਂ ਸਮੇਂ ਹਾਜ਼ਰ ਸਨ।

ਇਸ਼ਮੀਤ ਦੇ ਜਾਣ ਮਗਰੋਂ ਕਈ ਲੀਡਰਾਂ ਨੇ ਭਾਵੁਕ ਬਿਆਨ ਦਿੱਤੇ, ਜਿਹੇ ਅਕਸਰ ਦਿੱਤੇ ਜਾਂਦੇ ਨੇ ਪਰ ਹਾਲੇ ਤੱਕ ਉਹ ਸੱਚ ਸਾਬਤ ਨਹੀਂ ਹੋਏ। ਉਸ ਦੇ ਮਾਪਿਆਂ 'ਇਸ਼ਮੀਤ ਸਿੰਘ ਫਾਉਂਡੇਸ਼ਨ' ਬਣਾਈ, ਜਿਸ ਵਿਚ ਉਨ੍ਹਾਂ ਬੱਚਿਆਂ ਨੂੰ ਸਨਮਾਨਤ ਕਰਨ ਦਾ ਫ਼ੈਸਲਾ ਲਿਆ, ਜਿਹੜੇ ਕਲਾ ਦੇ ਧਨੀ ਹੋਣ ਦੇ ਬਾਵਜੂਦ ਮੰਦੇ ਘਰੇਲੂ ਹਾਲਾਤਾਂ ਕਾਰਨ ਅੱਗੇ ਵਧਣ ਤੋਂ ਅਸਮਰੱਥ ਹਨ।

ਇਸ਼ਮੀਤ ਦੇ ਛੋਟੇ ਜਿਹੇ ਜੀਵਨ ਸਫ਼ਰ 'ਤੇ ਝਾਤ ਮਾਰਿਆਂ ਉਸ ਦੀ ਸੋਚ 'ਤੇ ਰਸ਼ਕ ਹੋਣ ਲੱਗਦੈ। ਉਸ ਦਾ ਜਨਮ 2 ਸਤੰਬਰ 1988 ਨੂੰ ਲੁਧਿਆਣਾ ਵਿਚ ਹੋਇਆ। ਪੂਰਾ ਪਰਿਵਾਰ ਸਿੱਖੀ ਦੇ ਰੰਗ ਵਿਚ ਰੰਗਿਆ ਹੋਵੇ, ਜਿੱਥੇ ਗੁਰਬਾਣੀ ਕੀਰਤਨ ਨੂੰ ਸਾਹਾਂ ਜਿੰਨਾ ਜ਼ਰੂਰੀ ਸਮਝਿਆ ਜਾਂਦਾ ਹੋਵੇ, ਤੇ ਉਸ ਪਰਿਵਾਰ ਦਾ ਨੌਜਵਾਨ ਏਨੀ ਵੱਡੀ ਮੱਲ ਮਾਰੇ, ਕੋਈ ਛੋਟੀ ਗੱਲ ਨਹੀਂ। ਘਰੇਲੂ ਮਾਹੌਲ ਮੁਤਾਬਕ ਇਸ਼ਮੀਤ ਦਾ ਧਿਆਨ ਵੀ ਗੁਰਬਾਣੀ ਕੀਰਤਨ ਵੱਲ ਖਿੱਚਿਆ ਗਿਆ। ਸਵੇਰੇ-ਸ਼ਾਮ ਗੁਰੂ ਦੀ ਹਜ਼ੂਰੀ ਵਿਚ ਪਾਠ ਕਰਨਾ, ਮਿੱਠਾ ਬੋਲਣਾ, ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਤੇ ਪੜ੍ਹਾਈ ਵਿਚ ਹੁਸ਼ਿਆਰ ਹੋਣਾ ਉਸ ਦੇ ਹਿੱਸੇ ਆਇਆ। ਜਿਨ੍ਹੀਂ ਦਿਨੀਂ ਉਹ 'ਸਟਾਰ ਵਾਇਸ ਆਫ਼ ਪੰਜਾਬ' ਸ਼ੋਅ ਦੇ ਔਡੀਸ਼ਨ ਲਈ ਗਿਆ, ਉਦੋਂ ਉਹ ਮੁੰਬਈ ਵਿਚ ਪੜ੍ਹਾਈ ਕਰਦਾ ਸੀ।

ਸ਼ੋਅ ਦੇ ਸ਼ੁਰੂ ਵਿਚ ਉਹ ਥੋੜ੍ਹਾ ਘਬਰਾਇਆ ਦਿਸਿਆ, ਸ਼ਾਇਦ ਇਸ ਕਰਕੇ ਕਿ ਪਲੇਟਫਾਰਮ ਨਾਲੋਂ ਉਮਰ ਕਾਫੀ ਛੋਟੀ ਸੀ। ਪਰ ਪੜਾਅ ਦਰ ਪੜਾਅ ਅੱਗੇ ਵਧਦਾ ਉਹ ਉਸ ਥਾਂ ਪਹੁੰਚ ਗਿਆ, ਜਿਥੇ ਉਸ ਦਾ ਸਿਰਫ਼ ਇੱਕ ਮੁਕਾਬਲੇਬਾਜ਼ ਹਰਸ਼ਿਤ ਰਹਿ ਗਿਆ ਤੇ ਅਖੀਰ ਉਸ ਨੇ ਉਹਨੂੰ ਵੀ ਪਛਾੜ ਦਿੱਤਾ। ਔਡੀਸ਼ਨ ਮੌਕੇ ਉਸ ਨੇ 'ਮੁਝੇ ਰਾਤ ਦਿਨ' ਗੀਤ ਗਾਇਆ ਤੇ ਬਾਅਦ 'ਚ ਉਹ ਮੁਹੰਮਦ ਰਫ਼ੀ, ਸੋਨੂੰ ਨਿਗਮ, ਕੁਮਾਰ ਸ਼ਾਨੂ, ਸੁਖਵਿੰਦਰ ਸਿੰਘ, ਸ਼ੈਲੇਂਦਰ ਸਿੰਘ, ਉਦਿਤ ਨਰਾਇਣ, ਮਲਕੀਤ ਸਿੰਘ, ਸ਼ਾਨ, ਕੁਨਾਲ ਗਾਂਜਾਵਾਲਾ ਤੇ ਕਈ ਹੋਰਾਂ ਦੇ ਗੀਤ ਗਾਉਂਦਾ-ਗਾਉਂਦਾ ਉਹ ਇੱਛਾ ਪੂਰ ਗਿਆ, ਜਿਸ ਲਈ ਸਾਰੇ ਮੁਕਾਬਲੇਬਾਜ਼ ਉਥੇ ਪਹੁੰਚੇ ਸਨ।

ਚੜ੍ਹਦੀ ਉਮਰੇ ਏਨਾ ਵੱਡਾ ਮੁਕਾਬਲਾ ਜਿੱਤਣ ਮਗਰੋਂ ਅਕਸਰ ਮਾਇਆ ਨਗਰੀ ਬੰਦੇ ਨੂੰ ਆਪਣੇ ਰੰਗ 'ਚ ਰੰਗ ਲੈਂਦੀ ਹੈ, ਪਰ ਇਸ਼ਮੀਤ ਨੇ ਸਭ ਤੋਂ ਪਹਿਲਾਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਧਾਰਮਿਕ ਕੈਸਿਟ ਕੀਤੀ, 'ਸਤਿਗੁਰ ਤੁਮਰੇ ਕਾਜ ਸਵਾਰੇ।' ਇਸ ਕੈਸਿਟ ਵਿਚ ਉਸ ਨੇ 'ਸਤਿਗੁਰ ਤੁਮਰੇ ਕਾਜ ਸਵਾਰੇ', 'ਮੇਰਾ ਮਾਤ ਪਿਤਾ', 'ਮਿੱਤਰ ਪਿਆਰੇ ਨੂੰ', 'ਨਾਮ ਜਪਤ ਦੁਖ ਜਾਏ' ਤੇ 'ਏਕ ਨੂਰ' ਸ਼ਬਦਾਂ ਨੂੰ ਸੁਰੀਲੀ ਅਵਾਜ਼ ਵਿਚ ਗਾਇਆ। 'ਬਿੱਗ ਮਿਊਜ਼ਿਕ' ਵੱਲੋਂ ਰਿਲੀਜ਼ ਇਸ ਐਲਬਮ ਨੂੰ ਸਭ ਨੇ ਸਲਾਹਿਆ।

ਆਪਣੇ ਬਾਲੀਵੁੱਡ ਸਫ਼ਰ ਦੀ ਤਿਆਰੀ ਲਈ ਇਸ਼ਮੀਤ ਨੇ ਕਮਰ ਕੱਸ ਲਈ ਸੀ ਤੇ ਵੱਡੇ-ਵੱਡੇ ਸੰਗੀਤਕਾਰ ਉਸ ਨੂੰ ਆਪਣੇ ਸੰਗੀਤ ਵਿਚ ਗਾਉਣ ਦੀ ਸੁਲ੍ਹਾ ਮਾਰਨ ਲੱਗੇ ਸਨ। ਕਈ ਨਿਰਮਾਤਾ-ਨਿਰਦੇਸ਼ਕ ਉਸ ਤੋਂ ਫ਼ਿਲਮਾਂ 'ਚ ਗਵਾਉਣ ਦੇ ਇੱਛੁਕ ਸਨ ਪਰ ਕੁਦਰਤ ਨੂੰ ਤਾਂ ਕੁੱਝ ਹੋਰ ਹੀ ਮਨਜ਼ੂਰ ਸੀ।

ਇਸ਼ਮੀਤ ਦੇ ਜਾਣ ਮਗਰੋਂ ਇਕ ਵਾਰ ਭਾਵੇਂ ਸਾਰਾ ਭਾਰਤ ਸੋਗਗ੍ਰਸਤ ਹੋ ਗਿਆ ਪਰ ਬਾਅਦ 'ਚ ਬਰਸੀ ਜਾਂ ਜਨਮ ਦਿਨ ਮੌਕੇ ਬਾਲੀਵੁੱਡ, ਆਮ ਲੋਕਾਂ ਜਾਂ ਮੀਡੀਏ ਨੂੰ ਉਸ ਦੀ ਬਹੁਤੀ ਯਾਦ ਨਾ ਆਈ। ਸਰਕਾਰੀ ਪੱਧਰ 'ਤੇ ਉਸ ਦੀ ਯਾਦਗਾਰ ਬਣਾਉਣ ਦੀਆਂ ਜੋ ਗੱਲਾਂ ਹੋਈਆਂ ਸਨ, ਉਹ ਹਾਲੇ ਤੱਕ ਅਧੂਰੀਆਂ ਨੇ। ਲੋੜ ਹੈ ਇਸ਼ਮੀਤ ਸਿੰਘ ਦੀ ਯਾਦ ਵਿਚ ਕੋਈ ਸਕੂਲ, ਕਾਲਜ ਜਾਂ ਹੋਰ ਸੰਸਥਾ ਖੜ੍ਹੀ ਕਰਨ ਦੀ, ਜਿੱਥੇ ਆਉਣ ਵਾਲੇ ਵਿਦਿਆਰਥੀ ਉਸ ਤੋਂ ਪ੍ਰੇਰਨਾ ਲੈ ਸਕਣ ਤੇ ਛੋਟੀ ਉਮਰੇ ਉਸ ਵਾਂਗ ਕੁੱਝ ਕਰ ਦਿਖਾਉਣ ਦਾ ਸੁਪਨਾ ਪਾਲ ਸਕਣ।

## ਸੌਖੀ ਨਾ ਡਰਾਈਵਰੀ ਲੋਕੋ...

(ਸਫਾ 36 ਦੀ ਬਾਕੀ)

ਜਾਂਦਾ ਹੈ। ਕੋਈ ਵਿਰਲਾ ਹੀ ਹੋਵੇਗਾ ਜੋ ਕੁੰਡੀ ਨਹੀਂ ਲਾਉਂਦਾ। ਬਹੁਤੇ ਬੰਦਾ ਹੱਕ 10% ਕੱਟ ਕੇ ਵੀ ਆਪਣਾ ਗੁਜ਼ਾਰਾ ਹੋਇਆ ਨਹੀਂ ਸਮਝਦੇ ਅਤੇ ਡਰਾਈਵਰ ਦਾ ਹੱਕ ਖਾਣਾ ਆਪਣਾ ਹੱਕ ਸਮਝਦੇ ਹਨ। ਸਵੇਰੇ ਦਿਨ ਚੜ੍ਹਨ ਸਾਰ ਸ਼ੁਰੂ ਹੋਇਆ ਝੂਠ ਆਥਣ ਤੱਕ ਨਹੀਂ ਮੁੱਕਦਾ। ਡਿਸਪੈਚ ਯਾਨਿ ਦਲਾਲੀ ਵਾਲਾ ਇਹ ਕਿੱਤਾ ਜਿਵੇਂ ਝੂਠ ਦੇ ਪੈਰਾਂ ਬਿਨਾ ਬਿਲਕੁਲ ਨਹੀਂ ਚੱਲ ਸਕਦਾ। ਪੰਜਾਬੀ ਟਰੱਕਰ ਵੀਰਾਂ ਨੇ ਇਕ ਕਹਾਵਤ ਵੀ ਬਣਾਈ ਹੈ ਕਿ ਜੇ ਕੋਈ ਬੰਦਾ ਲੱਖ ਡਾਲਰ ਲੈ ਕੇ ਵੀ ਝੂਠ ਨਹੀਂ ਬੋਲਦਾ ਤਾਂ ਉਸ ਨੂੰ ਡਿਸਪੈਚ ਕਰਨ ਲਾ ਦਿਓ, ਪੈਰ-ਪੈਰ 'ਤੇ ਝੂਠ ਬੋਲਣ ਲੱਗ ਜਾਵੇਗਾ।

ਮਹਿਲਾਂ ਵਰਗੇ ਘਰਾਂ ਮੂਹਰੇ ਹਮਰ ਤੇ ਬੀਮਰ ਗੱਡੀਆਂ ਸੌਖੀਆਂ ਨਹੀਂ ਖੜ੍ਹੀਆਂ। ਇਨ੍ਹਾਂ ਪਿੱਛੇ ਲੁਕੀ ਸਖਤ ਮਿਹਨਤ, ਹਜ਼ਾਰਾਂ ਮੀਲ ਸੜਕਾਂ ਉਤੇ ਟਰੱਕ ਚਲਾਉਂਦਿਆਂ ਨੈਣਾਂ ਵਿਚ ਗੁਜ਼ਾਰੀਆਂ ਰਾਤਾਂ ਤੇ ਫਫੜੇ ਦੀਆਂ ਪੱਕੀਆਂ ਰੋਟੀਆਂ ਗਰਮ ਕਰ ਕੇ ਖਾ, ਪਰਿਵਾਰ ਦੀਆਂ ਨਜ਼ਰਾਂ ਤੋਂ ਓਹਲੇ ਰਹਿਣ ਕਾਰਨ ਹੀ ਖੜ੍ਹੀਆਂ ਹਨ। ਜਿਉਂਦੇ ਰਹਿਣ ਡਰਾਈਵਰ ਵੀਰ ਜਿਨ੍ਹਾਂ ਨੇ ਦੇਸ਼ ਦੀ ਖੁਸ਼ਹਾਲੀ ਦੇ ਨਾਲ-ਨਾਲ ਆਪਣੇ ਘਰ ਪਰਿਵਾਰ ਵੀ ਖੁਸ਼ਹਾਲ ਕੀਤੇ ਹਨ।

ਰੋੜਾਂ ਨਾਲ ਯਾਰੀ ਪੱਕੀ ਪਾਉਣੀ ਪੈਂਦੀ ਏ।
ਨੈਣਾਂ ਵਿਚੋਂ ਰਾਤ ਵੀ ਲੰਘਾਉਣੀ ਪੈਂਦੀ ਏ।
ਜ਼ਿੰਦਗੀ ਦੇ ਸਭੇ ਘਰੇ ਛੱਡ ਕੇ ਸਵਾਦ,
ਕਈ ਦਿਨਾਂ ਦੀ ਪੱਕੀ ਖਾਣੀ ਪੈਂਦੀ ਏ।

ਫਿਲਮੀ ਦੁਨੀਆਂ

# ਮੌਸਮ ਖੁਸ਼ਗਵਾਰ ਨਾ ਬਣਾ ਸਕੀ ਫਿਲਮ 'ਮੌਸਮ'

ਪਿਆਰ ਦੀ ਰਵਾਨੀ ਸਿਆਸੀ ਤ੍ਰਾਸਦੀ, ਧਾਰਮਿਕ ਖਲਾਅ 'ਚ ਵਿਚਰਦੀ ਮਨੁੱਖਤਾ ਦੇ ਦਰਦ ਨੂੰ ਇਕੋ ਧਾਗੇ ਵਿਚ ਪਰੋਂਦੀ ਹੋਈ ਬਿਆਨ ਕਰੇ ਤਾਂ ਅੰਦਾਜ਼ ਖੂਬਸੂਰਤ ਲੱਗਦਾ ਹੈ ਪਰ ਇਹ ਹਵਾ ਵਿਚ ਲਿਖੇ ਹਰਫਾਂ ਵਾਂਗ ਹੀ ਹੈ ਜਿਨ੍ਹਾਂ ਦੀ ਸ਼ਾਹਿਦਗੀ ਹਰ ਦਿਲ ਤੱਕ ਪਹੁੰਚੇ ਤਾਂ ਅਰਥ ਸਾਰਥਕ ਹਨ; ਪਰ ਅਫਸੋਸ ਕਿ ਫ਼ਿਲਮ 'ਮੌਸਮ' ਪਹਿਲੇ ਦਿਨ ਦੇ ਚੰਗੇ ਵਪਾਰਕ ਅੰਕੜੇ ਜਟਾਉਣ ਦੇ ਬਾਵਜੂਦ ਇਸ ਸਾਲ ਦੀ ਯਾਦਗਾਰ ਫ਼ਿਲਮ ਨਹੀਂ ਕਹੀ ਜਾ ਸਕਦੀ। ਇਹ ਫ਼ਿਲਮ ਨਾ ਤਾਂ ਦਰਸ਼ਕ ਦੀ ਪਸੰਦ ਵਜੋਂ ਯਾਦ ਰੱਖੀ ਜਾ ਸਕਦੀ ਹੈ, ਤੇ ਨਾ ਹੀ ਮਿਸਾਲੀ ਅਦਾਕਾਰ ਪੰਕਜ ਕਪੂਰ ਦੀ ਪਹਿਲੀ ਫ਼ਿਲਮ ਵਜੋਂ ਯਾਦ ਕੀਤੀ ਜਾ ਸਕਦੀ ਹੈ।




ਫ਼ਿਲਮ ਦੀ ਕਹਾਣੀ ਕੁਝ ਇਸ ਤਰ੍ਹਾਂ ਹੈ: ਹੈਰੀ (ਸ਼ਾਹਿਦ ਕਪੂਰ) ਸਿੱਖ ਪੰਜਾਬੀ ਮੁੰਡਾ ਹੈ ਜੋ ਆਇਤ (ਸੋਨਮ ਕਪੂਰ) ਨੂੰ ਪਿਆਰ ਕਰਦਾ ਹੈ। ਫ਼ਿਲਮ ਦੇ ਸ਼ੁਰੂਆਤ ਦੇ ਪਿੰਡ ਦ੍ਰਿਸ਼ ਚੋਂ ਹੈਰੀ ਦੇ ਇਜ਼ਹਾਰ ਨੂੰ ਸਹਿਮਤੀ ਦੇਣ ਦੇ ਅਗਲੇ ਦਿਨ ਦੇ ਵਾਅਦੇ ਨੂੰ ਕੀਤੇ ਜਾਣ ਤੋਂ ਬਾਅਦ ਬਿਨਾਂ ਮਿਲਿਆ ਹੀ ਆਇਤ ਪਿੰਡ ਤੋਂ ਚਲੇ ਜਾਂਦੀ ਹੈ। ਫਿਰ ਹੈਰੀ ਸਕਵਾਇਡਨ ਲੀਡਰ ਬਣ ਜਾਂਦਾ ਹੈ ਤੇ ਏਅਰ ਫੋਰਸ ਵੱਲੋਂ ਸਕਾਟਲੈਂਡ ਜਾਂਦਾ ਹੈ ਜਿੱਥੇ ਉਹਦੀ ਮੁਲਾਕਾਤ ਮੁੜ ਆਇਤ ਨਾਲ ਹੁੰਦੀ ਹੈ। ਇਸ ਵਾਰ ਹਾਲਾਤ ਕੁਝ ਇੰਝ ਬਦਲੇ ਹਨ ਕਿ ਆਇਤ ਦਾ ਫੁੱਫੜ ਮੁੰਬਈ ਬੰਬ ਧਮਾਕਿਆਂ ਵਿਚ ਮਾਰਿਆ ਜਾਂਦਾ ਹੈ। ਆਇਤ ਇੱਥੇ ਆਪਣੇ ਚਾਚਾ, ਪਿਤਾ ਤੇ ਭੂਆ ਨਾਲ ਰਹਿ ਰਹੀ ਹੈ। ਇੱਥੇ ਵੀ ਹੈਰੀ ਦੇ ਪਿਆਰ ਨੂੰ ਹਾਮੀ ਦੇਣ ਦਾ ਵਾਅਦਾ ਅਗਲੇ ਦਿਨ 'ਤੇ ਪਾ ਕੇ ਆਇਤ ਰਵਾਨੀ ਲੈਂਦੀ ਹੈ ਪਰ ਇਸ ਵਾਰ ਫਿਰ ਸਮੇਂ ਤੋਂ ਖੁੰਝਿਆ ਹੈਰੀ ਕਾਰਗਿਲ ਦੀ ਜੰਗ ਛਿੜਨ 'ਤੇ ਫੌਰੀ ਭਾਰਤ ਆ ਜਾਂਦਾ ਹੈ ਤੇ ਆਇਤ ਤੇ ਹੈਰੀ ਦਾ ਮਿਲਾਪ ਫਿਰ ਟਲ ਜਾਂਦਾ ਹੈ। ਆਇਤ ਦੇ ਪਿਤਾ ਵੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ। ਆਇਤ ਆਪਣੀ ਭੂਆ ਨਾਲ ਰਹਿ ਰਹੀ ਹੈ। ਹੈਰੀ ਆਇਤ ਨੂੰ ਲੱਭਦਾ ਆਉਂਦਾ ਹੈ ਪਰ ਆਇਤ ਸਕਾਟਲੈਂਡ ਤੋਂ ਅਮਰੀਕਾ ਚਲੇ ਗਈ ਹੈ। ਹੈਰੀ ਉਥੇ ਵੀ ਜਾਂਦਾ ਹੈ ਪਰ ਆਇਤ ਨਾਲ ਮਿਲਾਪ ਨਹੀਂ ਹੁੰਦਾ। ਇੰਝ ਨਿੱਕੇ ਵੱਡੇ ਘਟਨਾਕ੍ਰਮ 'ਚੋਂ ਲੰਘਦੀ ਕਹਾਣੀ ਅਹਿਮਦਾਬਾਦ ਆ ਕੇ ਪੂਰੀ ਹੁੰਦੀ ਹੈ।

ਪੰਕਜ ਕਪੂਰ ਦੇ ਨਿਰਦੇਸ਼ਨ ਦੀ ਪਲੇਠੀ ਫ਼ਿਲਮ 'ਮੌਸਮ' ਚੰਗੀ ਹੁੰਦਿਆਂ ਵੀ ਤਮਾਮ ਊਣਤਾਈਆਂ ਦੀ ਸ਼ਿਕਾਰ ਬਣ ਗਈ। ਇੰਜ ਲੱਗਦਾ ਹੈ ਕਿ ਜਿੱਥੇ ਜਿੱਥੇ ਨਿਰਦੇਸ਼ਕ ਪੰਕਜ ਕਪੂਰ ਫ਼ਿਲਮ ਵਿਚ ਆਪਣਾ ਤਜਰਬਾ ਸਾਂਝਾ ਕਰਦਾ ਹੈ, ਉਥੇ ਤਾਂ ਫ਼ਿਲਮ ਆਪਣਾ ਪ੍ਰਭਾਵ ਪਾਉਂਦੀ ਹੈ ਪਰ ਜਿੱਥੇ ਪੰਕਜ ਕਪੂਰ ਵਪਾਰਕ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਮਸਾਲੇ ਵਾਲੀ ਚਟਣੀ ਘੋਲਦਾ ਹੈ, ਉਥੇ ਹੀ ਫ਼ਿਲਮ ਆਪਣਾ ਪ੍ਰਭਾਵ ਗੁਆ ਦਿੰਦੀ ਹੈ। ਇੰਜ ਫ਼ਿਲਮ ਨਾ ਮੁੱਦੇ ਦੀ ਗੱਲ ਸਾਫ ਤੌਰ 'ਤੇ ਕਰਦੀ ਹੈ ਤੇ ਨਾ ਹੀ ਮਸਾਲਾ ਫ਼ਿਲਮ ਦੇ ਰੂਪ ਵਿਚ ਦਰਸ਼ਕਾਂ ਦਾ ਮਨੋਰੰਜਨ ਸਾਫ ਤੌਰ 'ਤੇ ਕਰ ਪਾਉਂਦੀ ਹੈ। 'ਮੌਸਮ' ਪ੍ਰਤੀਕਾਤਮਕ ਤੌਰ 'ਤੇ ਮੌਸਮ ਦੀ ਵੱਖ ਵੱਖ ਵੰਨਗੀ ਵਿਚ ਕਿਰਦਾਰਾਂ ਦੇ ਵਿਚਰਨ ਦੀ ਕਹਾਣੀ ਹੈ। ਇਹ ਉਹ ਕਿਰਦਾਰ ਹਨ ਜੋ ਸਮਾਜ ਦੇ ਉਹਨਾਂ ਘੱਟ ਤਬਕਿਆਂ ਦੇ ਪ੍ਰਤੀਕਾਤਮਕ ਰੂਪ ਹਨ ਜੋ ਆਪਣੀ ਹਿਜਰਤ ਨੂੰ ਸੰਸਾਰ ਭਰ ਵਿਚ ਜਾਰੀ ਰੱਖੇ ਹੋਏ ਹਨ ਪਰ ਉਹਨਾਂ ਦੀ ਮੰਜ਼ਿਲ ਹਮੇਸ਼ਾ ਅੱਧੀ ਹੈ। ਸ਼ਾਹਿਦ ਕਪੂਰ ਪੰਜਾਬੀ ਮੁੰਡਾ ਹਰਿੰਦਰ ਸਿੰਘ ਹੈ ਜੋ ਸਕਵਾਇਡਨ ਲੀਡਰ ਹੈ ਤੇ ਸਾਬਤ ਕਰਦਾ ਹੈ ਕਿ ਉਹ ਦੇਸ਼ ਲਈ ਕੁਰਬਾਨ ਹੋਣ ਵਾਲਾ ਪੰਜਾਬੀ ਸਿੱਖ ਹੈ ਪਰ ਉਸ ਦੀ ਹਿਜਰਤ ਹਮੇਸ਼ਾ ਚੱਲਦੀ ਹੈ-ਤਲਾਸ਼ ਨੂੰ ਲੈ ਕੇ, ਭਟਕਣ ਨੂੰ ਲੈ ਕੇ, ਪਿਆਸ ਨੂੰ ਲੈ ਕੇ, ਪਿਆਰ ਨੂੰ ਲੈ ਕੇ।

ਫ਼ਿਲਮ ਦੇ ਇਹ ਕਿਰਦਾਰ 1984 ਦੇ ਕਾਲੇ ਦਿਨਾਂ ਦੇ ਪੰਜਾਬ ਦਾ ਪ੍ਰਭਾਵ ਦੇ ਇਸ਼ਾਰੇ (ਫ਼ਿਲਮ ਦਾ ਸੰਵਾਦ-ਪਹਿਲਾਂ ਚੁਰਾਸੀ ਤੇ ਹੁਣ ਇਹ ਅਯੁੱਧਿਆ), ਕਸ਼ਮੀਰੀ ਪੰਡਿਤਾਂ ਦੀ ਵਿਚਾਰਗੀ, 6 ਦਸੰਬਰ 1992 ਦੀ ਬਾਬਰੀ ਮਸਜਿਦ ਤੇ 1993 ਦੇ ਮੁੰਬਈ ਬੰਬ ਧਮਾਕਿਆਂ ਦੇ ਗਵਾਹ ਹਨ। ਇਨ੍ਹਾਂ ਕਿਰਦਾਰਾਂ ਨੇ 1999 ਦੀ ਕਾਰਗਿਲ ਜੰਗ ਨੂੰ ਵੀ ਭੋਗਿਆ ਹੈ ਤੇ 11 ਸਤੰਬਰ 2001 ਦੇ ਵਰਲਡ ਟਰੇਡ ਸੈਂਟਰ ਦੇ ਤਹਿਸ ਨਹਿਸ ਦਾ ਸੰਤਾਪ ਵੀ ਇਹ ਭੁਗਤ ਰਹੇ ਹਨ। ਇਨ੍ਹਾਂ ਦੀ ਹਿਜਰਤ ਇੱਥੇ ਹੀ ਨਹੀਂ ਮੁੱਕਦੀ। ਇਹ 2002 ਦੇ ਗੁਜਰਾਤ ਵਿਚ ਵੀ ਆਪਣੀ ਜ਼ਿੰਦਗੀ ਦੇ ਸਫਿਆਂ ਨੂੰ ਭਿਆਨਕ ਦੈਂਤ ਤੋਂ ਬਚਾ ਨਹੀਂ ਸਕਦੇ। ਸੋਨਮ ਕਪੂਰ ਦਾ ਕਿਰਦਾਰ (ਆਇਤ) ਉਨ੍ਹਾਂ ਮੁਸਲਮਾਨਾਂ ਦੀ ਹਿਜਰਤ ਦਾ ਪ੍ਰਤੀਕ ਹੈ। ਇੱਕ ਪਾਸੇ ਪੰਜਾਬੀ ਤੇ ਇੱਕ ਪਾਸੇ ਮੁਸਲਮਾਨ, ਆਪੋ ਆਪਣੇ ਮੌਸਮ ਨੂੰ ਬਿਆਨ ਕਰਦੇ ਹਨ। ਦੋਵੇਂ ਕਿਰਦਾਰ (ਸ਼ਾਹਿਦ ਤੇ ਸੋਨਮ) ਇਕ ਦੂਜੇ ਨਾਲ ਸੰਵਾਦ ਕਰਦੇ ਹਨ ਕਿ ਪੰਜਾਬ ਵਿਚ ਕੀ ਸੀ ਤੇ ਇਹ ਗੁਜਰਾਤ ਵਿਚ ਕੀ ਹੈ? ਹੱਲ ਪਹੁੰਚਦਾ ਹੈ ਕਿ ਦੋਵੇਂ ਸਮਿਆਂ ਵਿਚ ਉਹ ਭਿਆਨਕ ਪਰਛਾਵੇਂ ਸਨ। ਹੱਲ ਮਿਲਦਾ ਹੈ ਕਿ ਥੋੜ੍ਹਾ ਤੂੰ (ਮੁਸਲਮਾਨਾਂ ਨੇ) ਗਵਾਇਆ ਹੈ, ਥੋੜ੍ਹਾ ਮੈਂ (ਸਿੱਖਾਂ ਨੇ) ਗੁਆਇਆ ਹੈ; ਤੇ ਚਲੋ ਮਿਲ ਕੇ ਨਵੀਂ ਦੁਨੀਆਂ ਵਸਾਈਏ!

ਕਹਾਣੀ ਪੰਜਾਬ ਦੇ ਇਕ ਪਿੰਡ ਤੋਂ ਸ਼ੁਰੂ ਹੁੰਦੀ ਹੈ। ਇਸ ਪਿੰਡ ਦਾ ਦ੍ਰਿਸ਼ ਪੰਜਾਬ ਦੀ ਖੂਬਸੂਰਤੀ ਨੂੰ ਬਹੁਤ ਚੰਗੀ ਤਰ੍ਹਾਂ ਬਿਆਨ ਕਰਦਾ ਹੈ। ਫ਼ਿਲਮ ਦਾ ਨਾਇਕ ਹੈਰੀ ਆਪਣੀ ਭੈਣ ਦੇ ਵਿਆਹ 'ਤੇ ਬਿਸਤਰੇ ਇੱਕਠੇ ਕਰ ਰਿਹਾ ਹੈ। ਟਰੈਕਟਰ 'ਤੇ ਪ੍ਰਹਾਉਣਿਆਂ ਨੂੰ ਲਿਆਂਦਾ ਜਾ ਰਿਹਾ ਹੈ। ਕੁਝ ਚੀਜ਼ਾਂ ਫਿਲਮ ਵਿਚ ਬਹੁਤ ਹੀ ਮੁਸਕਰਾਹਟੀ ਅੰਦਾਜ਼ ਵਿਚ ਪੇਸ਼ ਹੋਈਆਂ ਹਨ। ਉਹ ਸਾਈਕਲ, ਹਲਵਾਈ ਦੀ ਦੁਕਾਨ, ਰਜੋ ਦਾ ਪਿਆਰ, ਟਾਂਗੇ ਵਾਲਾ ਦਾ ਤਰੱਕੀ ਕਰਨਾ ਤੇ ਵਰਤਮਾਨ ਤੱਕ ਪਹੁੰਚਦਿਆਂ ਹੋਇਆ ਹੁਣ ਆਟੋਮੋਬਾਈਲ ਦੇ ਯੁੱਗ ਵਿਚ ਟੈਂਪੂ ਨੂੰ ਆਪਣੇ ਰਿਜਕ ਦਾ ਹਿੱਸਾ ਬਣਾਉਣਾ ਸਮੇਂ ਦੀ ਚਲਾਇਮਾਨ ਦ੍ਰਿਸ਼ਟੀ ਨੂੰ ਬਾਖੂਬੀ ਬਿਆਨ ਕਰਦਾ ਹੈ ਪਰ ਹੈਰਾਨੀ ਇਸ ਗੱਲ ਤੋਂ ਹੁੰਦੀ ਹੈ ਕਿ ਪ੍ਰਭਾਤ ਵੇਲਾ ਪੇਸ਼ ਕਰਨ ਵੇਲੇ ਗੁਰਬਾਣੀ ਦਾ ਸੁਣਨਾ ਜਾਇਜ਼ ਹੈ ਤੇ ਖੋਪੀਏ ਵੇਲੇ ਗੁਰਬਾਣੀ ਦਾ ਕੰਨਾਂ ਵਿਚ ਪੈਣਾ ਪੰਜਾਬ ਦੀ ਉਸ ਮਿਸਾਲ ਨੂੰ ਜ਼ਿੰਦਾ ਕਰਦਾ ਹੈ ਜਿਸ ਨੂੰ ਪ੍ਰੋ: ਪੂਰਨ ਸਿੰਘ 'ਪੰਜਾਬ ਜਿਉਂਦਾ ਗੁਰਾਂ ਦੇ ਨਾਮ 'ਤੇ' ਕਹਿੰਦਾ ਹੈ। ਪੂਰੀ ਫ਼ਿਲਮ ਗਹੁ ਨਾਲ ਦੇਖੀਏ ਤਾਂ ਦਰਸ਼ਕਾਂ ਨੂੰ ਸਭ ਤੋਂ ਵਧੀਆ ਅਹਿਸਾਸ ਹੀ ਫ਼ਿਲਮ ਦਾ ਇਹੋ ਹਿੱਸਾ ਹੀ ਦਿੰਦਾ ਹੈ। ਇਸ ਦਾ ਇਹ ਵੀ ਕਾਰਨ ਹੈ ਕਿ ਪੰਜਾਬ ਛੋਹ ਦਾ ਕੋਈ ਵੀ ਦ੍ਰਿਸ਼ ਕਿਸੇ ਵੀ ਫ਼ਿਲਮ ਵਿਚ ਹੋਵੇ, ਉਹ ਫ਼ਿਲਮ ਦਾ ਸਭ ਤੋਂ ਮਜ਼ਬੂਤ ਹਿੱਸਾ ਹੁੰਦਾ ਹੈ।




ਫ਼ਿਲਮ ਦੇ ਗੀਤ ਬਹੁਤ ਪਿਆਰੇ ਹਨ ਜੋ ਨਹਾਇਤ ਹੀ ਅਦਬੀ ਹਰਫਾਂ ਨਾਲ ਬੁਣੇ ਗਏ ਹਨ। ਪੇਂਡੂ ਦ੍ਰਿਸ਼ ਦੀ ਪੇਸ਼ਕਾਰੀ ਕਲਾ ਨਿਰਦੇਸ਼ਨ ਪੱਖੋਂ ਸ਼ਲਾਘਾਯੋਗ ਹੈ। ਫ਼ਿਲਮ ਦਾ ਕੈਮਰਾ ਬਹੁਤ ਸੋਹਣਾ ਵਰਤਿਆ ਗਿਆ ਹੈ। ਇਸ ਲਈ ਸਿਨੇਮੈਟੋਗ੍ਰਾਫਰ ਬਿਨੋਦ ਪ੍ਰਧਾਨ ਲਈ ਸ਼ਾਬਾਸ਼ੀ ਬਣਦੀ ਹੈ।



**ਪੰਕਜ ਕਪੂਰ ਦੇ ਨਿਰਦੇਸ਼ਨ ਦੀ ਪਲੇਠੀ ਫ਼ਿਲਮ 'ਮੌਸਮ' ਚੰਗੀ ਹੁੰਦਿਆਂ ਵੀ ਤਮਾਮ ਊਣਤਾਈਆਂ ਦੀ ਸ਼ਿਕਾਰ ਬਣ ਗਈ। ਇੰਝ ਲੱਗਦਾ ਹੈ ਕਿ ਜਿੱਥੇ ਜਿੱਥੇ ਨਿਰਦੇਸ਼ਕ ਪੰਕਜ ਕਪੂਰ ਫ਼ਿਲਮ ਵਿਚ ਆਪਣਾ ਤਜਰਬਾ ਸਾਂਝਾ ਕਰਦਾ ਹੈ, ਉੱਥੇ ਤਾਂ ਫ਼ਿਲਮ ਆਪਣਾ ਪ੍ਰਭਾਵ ਪਾਉਂਦੀ ਹੈ ਪਰ ਜਿੱਥੇ ਪੰਕਜ ਕਪੂਰ ਵਪਾਰਕ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਮਸਾਲੇ ਵਾਲੀ ਚਟਣੀ ਘੋਲਦਾ ਹੈ, ਉਥੇ ਹੀ ਫ਼ਿਲਮ ਆਪਣਾ ਪ੍ਰਭਾਵ ਗੁਆ ਦਿੰਦੀ ਹੈ।**

# ਦੀਪਿਕਾ ਚਾਰ ਵਰ੍ਹਿਆਂ 'ਚ ਅਹਿਮ ਮੁਕਾਮ 'ਤੇ

ਦੀਪਿਕਾ ਪਾਦੁਕੋਣ ਨੂੰ ਬਾਲੀਵੁੱਡ ਫ਼ਿਲਮਾਂ 'ਚ ਕੰਮ ਕਰਦਿਆਂ ਅਜੇ ਸਿਰਫ਼ ਚਾਰ ਸਾਲ ਹੀ ਹੋਏ ਹਨ ਪਰ ਉਸ ਦੀ ਇਮੇਜ ਇਕ ਅਜਿਹੀ ਹੀਰੋਇਨ ਦੀ ਬਣ ਚੁੱਕੀ ਹੈ ਜਿਸ ਦੇ ਨਾਲ ਬਾਲੀਵੁੱਡ ਦੇ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਵੀ ਕੰਮ ਕਰਨ ਲਈ ਉਤਾਵਲੇ ਰਹਿੰਦੇ ਹਨ। ਇਨ੍ਹਾਂ ਚਾਰ ਸਾਲਾਂ 'ਚ ਆਪਣੀ ਤਕਰੀਬਨ ਹਰ ਫ਼ਿਲਮ 'ਚ ਵੱਖ-ਵੱਖ ਕਿਰਦਾਰ ਨਿਭਾ ਕੇ ਦੀਪਿਕਾ ਨੇ ਆਪਣੀ ਇਕ ਵੱਖਰੀ ਪਛਾਣ ਬਣਾਈ ਹੈ।



ਪ੍ਰਕਾਸ਼ ਝਾਅ ਦੀ ਫ਼ਿਲਮ 'ਆਰਕਸ਼ਣ' ਤੋਂ ਇਲਾਵਾ ਦੀਪਿਕਾ ਡੇਵਿਡ ਧਵਨ ਦੇ ਬੇਟੇ ਰੋਹਿਤ ਧਵਨ ਵੱਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਫ਼ਿਲਮ 'ਦੇਸੀ ਬੁਆਏ' ਵੀ ਕਰ ਰਹੀ ਹੈ ਜਿਸ 'ਚ ਅਕਸ਼ੈ ਕੁਮਾਰ ਤੇ ਜਾਨ ਇਬਰਾਹਿਮ ਵੀ ਮੁੱਖ ਭੂਮਿਕਾਵਾਂ 'ਚ ਹਨ।

ਵਿਸ਼ਾਲ ਭਾਰਦਵਾਜ ਦੀ ਵੀ ਇਕ ਫ਼ਿਲਮ ਦੀਪਿਕਾ ਕਰ ਰਹੀ ਹੈ ਤੇ 'ਬੀਇੰਗ ਸਾਇਰਸ' ਫੇਮ ਨਿਰਦੇਸ਼ਕ ਹੋਮੀ ਅਦਾਜਾਨੀ ਦੀ ਵੀ ਇਕ ਫ਼ਿਲਮ 'ਚ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ ਦੀਪਕਾ ਸੈਫ ਅਲੀ ਖ਼ਾਨ ਨਾਲ 'ਕਾਕਟੇਲ' ਅਤੇ 'ਰੇਸ-2' ਕਰ ਰਹੀ ਹੈ, ਭਾਵ ਦੀਪਿਕਾ ਇਸ ਵੇਲੇ ਆਪਣੀਆਂ ਫ਼ਿਲਮਾਂ 'ਚ ਕਾਫੀ ਰੁੱਝੀ ਹੋਈ ਹੈ ਤੇ ਇਨ੍ਹਾਂ ਫ਼ਿਲਮਾਂ ਨੂੰ ਕਾਫੀ ਇੰਜੁਆਏ ਵੀ ਕਰ ਰਹੀ ਹੈ। ਸ਼ਾਇਦ ਇਸੇ ਕਾਰਨ ਦੀਪਿਕਾ ਅਜੇ ਵਿਆਹ ਦੇ ਬੰਧਨ 'ਚ ਨਹੀਂ ਬੱਝਣਾ ਚਾਹੁੰਦੀ। ਦੀਪਿਕਾ ਦਾ ਕਹਿਣੈ ਕਿ ਅਜੇ ਤਾਂ ਮੈਂ ਬਸ 25 ਸਾਲਾਂ ਦੀ ਹੀ ਹਾਂ ਤੇ ਅਜੇ ਵਿਆਹ ਦਾ ਮੇਰਾ ਕੋਈ ਇਰਾਦਾ ਨਹੀਂ ਹੈ।

# ਹਰਭਜਨ ਮਾਨ ਲੈ ਕੇ ਆਇਆ 'ਯਾਰਾ ਓ ਦਿਲਦਾਰਾ'

ਗਾਇਕ ਤੇ ਅਦਾਕਾਰ ਹਰਭਜਨ ਮਾਨ ਇਕ ਹੋਰ ਪੰਜਾਬੀ ਫ਼ਿਲਮ ਲੈ ਕੇ ਹਾਜ਼ਰ ਹੈ। ਹਰਭਜਨ ਮਾਨ ਦੀਆਂ 'ਜੀ ਆਇਆਂ ਨੂੰ', 'ਅਸਾਂ ਨੂੰ ਮਾਣ ਵਤਨਾਂ ਦਾ', 'ਮਿੱਟੀ 'ਵਾਜਾਂ ਮਾਰਦੀ', 'ਮੇਰਾ ਪਿੰਡ', 'ਜੱਗ ਜਿਉਂਦਿਆਂ ਦੇ ਮੇਲੇ' ਜਿਹੀਆਂ ਫ਼ਿਲਮਾਂ ਸਿਨੇਮਾ ਦਾ ਸ਼ਿੰਗਾਰ ਬਣੀਆਂ ਹਨ ਤੇ ਹੁਣ ਹਰਭਜਨ ਦੀ ਨਵੀਂ ਫ਼ਿਲਮ 'ਯਾਰਾ ਓ ਦਿਲਦਾਰਾ' ਲੋਕ ਕਚਹਿਰੀ 'ਚ ਹੈ।



ਪੰਜਾਬੀਅਤ ਦੇ ਵੰਨ-ਸੁਵੰਨੇ ਰੰਗਾਂ ਨਾਲ ਲਬਰੇਜ ਇਹ ਫ਼ਿਲਮ ਜਿਸ ਦੀ ਨਿਰਦੇਸ਼ਨਾ ਨੌਜਵਾਨ ਤੇ ਪ੍ਰਤਿਭਾਸ਼ਾਲੀ ਨਿਰਦੇਸ਼ਕ ਸ਼ਿਤਿਜ਼ ਚੌਧਰੀ ਵੱਲੋਂ ਕੀਤੀ ਗਈ ਹੈ, ਦੇ ਇਕ-ਇਕ ਸੀਨ ਵਿਚ ਬੇਹਤਰੀਨ ਸਿਨੇਮਾ ਤਕਨੀਕ ਦਾ ਇਸਤੇਮਾਲ ਤਾਂ ਕੀਤਾ ਹੀ ਗਿਆ ਹੈ, ਨਾਲ ਹੀ ਪੰਜਾਬ 'ਚੋਂ ਗੁੰਮ ਹੁੰਦੀਆਂ ਜਾ ਰਹੀਆਂ ਆਪਸੀ ਸਾਂਝਾਂ ਨੂੰ ਵੀ ਭਾਵਨਾਤਮਕ ਢੰਗ ਨਾਲ ਦਰਸਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਫ਼ਿਲਮ 'ਚ ਹਰਭਜਨ ਮਾਨ ਆਪਣੀਆਂ ਕਦਰਾਂ-ਕੀਮਤਾਂ ਨਾਲ ਡੂੰਘਾ ਮੋਹ ਰੱਖਣ ਵਾਲੇ ਇਕ ਸੰਸਕਾਰੀ ਪਰਿਵਾਰ ਦੇ ਫਰਜੰਦ ਦੀ ਭੂਮਿਕਾ ਨਿਭਾ ਰਿਹਾ ਹੈ।

ਹਿੰਦੀ ਫ਼ਿਲਮ ਇੰਡਸਟਰੀ ਦੇ ਲੀਜੈਂਡ ਐਕਟਰਾਂ ਵਿਚ ਸ਼ੁਮਾਰ ਕਬੀਰ ਬੇਦੀ ਨਾਲ ਅਹਿਮ ਭੂਮਿਕਾ ਨਿਭਾਉਣ ਬਾਰੇ ਹਰਭਜਨ ਦਾ ਕਹਿਣਾ ਹੈ ਕਿ ਇਸ ਤੋਂ ਵੱਡੀ ਖੁਸ਼ਕਿਸਮਤੀ ਵਾਲੀ ਗੱਲ ਹੋਰ ਕੀ ਹੋਵੇਗੀ ਕਿ ਆਪਣੇ ਸ਼ੁਰੂਆਤੀ ਸਿਨੇ ਸਫ਼ਰ ਦੌਰਾਨ ਹੀ ਉਸ ਫ਼ਿਲਮੀ ਹਸਤੀ ਨਾਲ ਅਭਿਨੈ ਕਰਨ ਦਾ ਮੌਕਾ ਮਿਲਿਆ ਹੈ।

ਹਰਭਜਨ ਮਾਨ ਅਨੁਸਾਰ ਫ਼ਿਲਮ ਨੂੰ ਤਕਨੀਕੀ ਪੱਖੋਂ ਬੇਹਤਰ ਬਣਾਉਣ ਲਈ ਪੂਰੀ ਟੀਮ ਨੇ ਤਨਦੇਹੀ ਨਾਲ ਆਪਣਾ ਯੋਗਦਾਨ ਪਾਇਆ ਹੈ ਜਿਸ ਨੂੰ ਵੇਖਦਿਆਂ ਇਹ ਉਮੀਦ ਕਰਦਾ ਹਾਂ ਕਿ ਪਿਛਲੀਆਂ ਫ਼ਿਲਮਾਂ ਦੀ ਤਰ੍ਹਾਂ ਇਹ ਫ਼ਿਲਮ ਵੀ ਦਰਸ਼ਕਾਂ ਦੀ ਹਰ ਕਸੌਟੀ 'ਤੇ ਪੂਰੀ ਤਰ੍ਹਾਂ ਖਰੀ ਉਤਰੇਗੀ।


NRI SABHA
NRI SABHA, USA
ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਸ: ਕਮਲਜੀਤ ਸਿੰਘ ਹੇਅਰ ਮਿਤੀ 5-14 ਅਕਤੂਬਰ ਨੂੰ ਅਮਰੀਕਾ ਦੌਰੇ ਤੇ ਪਹੁੰਚ ਰਹੇ ਹਨ, ਉਨ੍ਹਾਂ ਦਾ ਸਮੂਹ ਐਨ.ਆਈ.ਸਭਾ ਅਮਰੀਕਾ ਵਲੋਂ ਉਨ੍ਹਾਂ ਦਾ ਇਥੇ ਪਹੁੰਚਣ ਤੇ ਸਵਾਗਤ
ਸ: ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ ਪੰਜਾਬ)
ਸ: ਸੇਵਾ ਸਿੰਘ ਸੇਖਵਾਂ (ਸਿੱਖਿਆ ਮੰਤਰੀ ਪੰਜਾਬ)
ਸ: ਬਲਬੀਰ ਸਿੰਘ ਬਾਠ (ਐਨ.ਆਰ.ਆਈ.ਮੰਤਰੀ ਪੰਜਾਬ)
ਕਮਲਜੀਤ ਸਿੰਘ ਹੇਅਰ (ਪ੍ਰਧਾਨ ਐਨ.ਆਰ.ਆਈ.ਸਭਾ ਪੰਜਾਬ)
ਸ: ਕਮਲਜੀਤ ਸਿੰਘ ਹੇਅਰ ਆਪਣੇ ਦੌਰੇ ਦੌਰਾਨ ਜਿਥੇ ਐਨ.ਆਈ.ਸਭਾ ਦੇ ਮੈਂਬਰਾਂ ਨਾਲ ਮੀਟਿੰਗਾਂ ਕਰਨਗੇ, ਉਥੇ ਸਮੂਹ ਐਨ.ਆਈਜ਼ ਵੀਰਾਂ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਣਗੇ
ਚਰਨਜੀਤ ਸਿੰਘ ਬਾਠ (ਸਰਪ੍ਰਸਤ ਐਨ.ਆਰ.ਆਈ.ਸਭਾ ਯੂ.ਐਸ.ਏ.)
ਜਸਪ੍ਰੀਤ ਸਿੰਘ ਅਟਾਰਨੀ (ਪ੍ਰਧਾਨ ਐਨ.ਆਰ.ਆਈ.ਸਭਾ ਯੂ.ਐਸ.ਏ.)
ਜੋਬਨਜੀਤ ਸਿੰਘ ਚੇਅਰਮੈਨ (ਐਨ.ਆਰ.ਆਈ.ਸਭਾ ਯੂ.ਐਸ.ਏ)
ਤੇਜਪਾਲ ਸਿੰਘ ਨਿਕਸਨ (ਸਕੱਤਰ ਐਨ.ਆਰ.ਆਈ.ਸਭਾ ਯੂ.ਐਸ.ਏ.)
ਮਨਜੀਤ ਸਿੰਘ (ਜਨਰਲ ਸਕੱਤਰ ਐਨ.ਆਰ.ਆਈ.ਸਭਾ ਯੂ.ਐਸ.ਏ.)
ਨਵਿੰਦਰ ਭੰਡਾਲ ਵਾਈਸ ਚੇਅਰਮੈਨ ਅਮਰੀਕਾ
ਕੈਨੀ ਵਿਰਕ ਪ੍ਰਧਾਨ ਕੈਲੇਫੋਰਨੀਆਂ
ਬੌਬੀ ਗੋਸਲ ਵਾਈਸ ਚੇਅਰਮੈਨ
ਦਲਬੀਰ ਦਿਲ ਨਿੱਝਰ ਜਨਰਲ ਸਕੱਤਰ
ਪ੍ਰੀਤਮ ਸਿੰਘ ਗਰੇਵਾਲ ਵਾਈਸ ਚੇਅਰਮੈਨ
ਰੌਣਕ ਸਿੰਘ ਮੀਤ ਪ੍ਰਧਾਨ
ਮਾਨ ਮਨਦੀਪ ਮੀਡੀਆ ਸਲਾਹਕਾਰ
ਗੁਰਦੇਵ ਕੰਗ ਜਨਰਲ ਸਕੱਤਰ ਅਮਰੀਕਾ
ਨਰਿੰਦਰਪਾਲ ਸਿੰਘ ਹੁੰਦਲ ਮੁੱਖ ਬੁਲਾਰਾ ਅਮਰੀਕਾ
ਜਾਰੀ ਕਰਤਾ:-ਐਨ.ਆਰ.ਆਈ. ਸਭਾ ਅਮਰੀਕਾ


ਦੂਜਾ ਕਬੱਡੀ ਕੱਪ
ਬੇਕਰਸਫੀਲਡ ਵਿੱਚ
ਸਮੂਹ ਬੇਕਰਸਫੀਲਡ ਸੰਗਤਾਂ ਵਲੋਂ
15 ਅਕਤੂਬਰ 2011 ਦਿਨ ਸ਼ਨੀਵਾਰ
ਸਥਾਨ ▶ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ
8100, ਸਟਾਈਨ ਰੋਡ, ਬੇਕਰਸਫੀਲਡ
ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ
ਇਸ ਟੂਰਨਾਮੈਂਟ ਵਿੱਚ ਰੈਫਰੀ ਦਾ ਫੈਸਲਾ ਅਟੱਲ ਹੋਵੇਗਾ
ਜੇਤੂ ਕਲੱਬ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 3100
21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100
ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ
ਜੱਸੀ ਗਿੱਲ 661-331-6766
ਜੀਤਾ ਮਾਣਕ 661-444-7799
ਬਲਜੀਤ ਧੂਤ 661-304-0087
ਦੀਪਾ ਢੀਡਸਾ 661-444-7666
ਜੀਤਾ ਢਿਲੋਂ 661-472-3717
ਗੁਰਿੰਦਰ ਬਸਰਾ 661-873-5181
ਤਰਲੋਚਨ ਸਿੰਘ 661-979-1495
ਸੇਵਾ ਕੁਲਥਮ 661-204-3785
ਗੁਰਮੀਤ ਸਿੱਧੂ 661-332-9491
ਜਾਪੀ ਢਿਲੋਂ 661-301-4693
ਜਗਤਾਰ ਗਿੱਲ 661-900-7466
ਮਲਕੀਤ ਸਿੰਘ 661-978-5795
ਸਹਿਯੋਗੀ ਸੱਜਣ : ਅਮਰੀਕ ਅਟਵਾਲ, ਤਰਲੋਚਨ ਸਿੰਘ ਮੁੰਡੀ, ਜਗੀਰ ਸਿੰਘ ਨਾਗਰਾ, ਬਲਦੇਵ ਸਰਾਂ, ਗੁਰਪ੍ਰੀਤ ਰਾਏ, ਨਿਕਸਨ (GTC), ਪਾਲਾ ਮੰਨਣ, ਮਨਜੀਤ ਧਾਲੀਵਾਲ, ਅਮਰੀਕ ਸਿੰਘ ਅਤੇ ਲਖਵੀਰ ਸਿੰਘ (PM), ਪਾਲ (ISD), ਸਿਕੰਦਰ ਜੱਸਤ, ਮਲਕੀਤ (ਡਾਲਾ), ਦਲਜੀਤ ਭੰਗੂ, ਗੁਰਸੇਵਕ ਭੰਗੂ, ਕਰਤਾਰ ਸਿੰਘ ਪਾਲੀ, ਜੋਬਨਜੀਤ (NRI Club), ਮਹਿੰਦਰ ਸਿੰਘ ਢੁੱਡੀਕੇ, ਹਰਜੀਤ ਸਿੰਘ (ਚੜਦੀਕਲਾ ਨਿਊਜ਼ਪੇਪਰ), ਸੁਖਵੀਰ ਗਿੱਲ, ਰੇਡੀਓ ਆਵਾਜ਼ ਪੰਜਾਬ ਦੀ, ਬਾਬਾ ਮਾਨ ਢੀਂਡਸਾ, ਰਾਮ ਸਿੰਘ ਸੰਘਾ, ਜੀਤਾ ਢਿਲੋਂ, ਦੀਪਾ ਢੀਂਡਸਾ, ਸੋਹੀ ਸਮਰ, ਹਰਮਨ ਤੂਰ, ਬਿੱਟਾ ਤੂਰ (PIXLEY) ਰਿਸ਼ਪਾਲ SUNRISE, ਬੌਬ ਬਾਠ (Pixley), ਪਰਦੀਪ ਬਰਾੜ, ਹਰਦਮ ਸਿੰਘ, ਬੌਵੀ (A1), ਦੀਦਾਰ ਸਿੰਘ, ਸੁਰਜੀਤ ਧਾਲੀਵਾਲ, ਗੁਰਚਰਨ ਢਿੱਲੋਂ, ਕੁਲਵੰਤ ਮਾਨ, ਗੁਰਬਖਸ਼ ਮਾਨ, ਹਾਕਮ ਸਿੰਘ, ਸਿਮਰਨ ਟੈਲੀਕਾਮ, ਰਿਸ਼ੂ ਅਤੇ ਖਹਿਰਾ (KTL), ਸੁੱਖੀ ਘੁੰਮਣ, ਕੁਲਦੀਪ ਤੂਰ, ਜਤਿੰਦਰ ਰੁਬੀ, ਲੱਕੀ ਸਿੰਘ, ਪਰਮਜੀਤ ਸਿੰਘ ਦੁਸਾਂਝ, ਅਜੀਤ ਸਿੰਘ ਭੱਠਲ 24/7, ਹੈਰੀ ਭੁੱਲਰ, ਦਲਜੀਤ (ਜਿੰਮੀ ਆਈਸਕ੍ਰੀਮ), ਅਜੈਬ ਸਿੰਘ, ਜਸਵੀਰ ਰਿਆੜ, ਜਗਦੀਪ ਬਿੰਦ, ਕੁਲਜੀਤ ਸਿੰਘ, ਭਰਪੂਰ ਸਿੰਘ, ਮਾਈਕ ਚੌਹਾਨ, ਬਿੱਲੂ (ਸੇਫਵੇਅ ਟਰੱਕ ਡਰਾਈਵਿੰਗ ਸਕੂਲ) ਬਲਦੇਵ ਸਿੰਘ, ਜਸਵੰਤ ਗਿੱਲ, ਸੋਨੂੰ ਅਤੇ ਜੀਤ (G&H), ਬਲਵਿੰਦਰ ਬਰਾੜ, ਭੁੱਲਰ, ਤਜਿੰਦਰ ਗਿੱਲ, ਧੀਰਾ (G.S.), T&H Transport, ਹੈਪੀ ਉੱਪਲ, ਦੀਪੀ ਸੰਧੂ, ਅਮਰੀਕ ਸੰਘਾ, ਕੁਲਦੀਪ ਬਾਠ, ਕੁਲਵੰਤ ਸਿੰਘ, ਸੋਨੀ ਬੁੱਟਰ, ਜਗਮੀਤ ਬਰਾੜ, ਜਾਪੀ ਤੱਖਰ, ਦੀਪਾ ਸਿੱਧੂ, ਲਾਲੀ ਸਿੱਧੂ, ਸੁਰਜੀਤ ਸਿੰਘ (ਅਰਵਨ), ਹੈਰੀ ਢਿੱਲੋਂ, ਕੁਲਦੀਪ ਰੰਧਾਵਾ, ਬੱਬੀ ਬੈਂਸ, ਨਿੱਕੂ, ਕਮਲਜੀਤ ਢਿੱਲੋਂ, ਫੌਜੀ, ਦਵਿੰਦਰ ਰਾਣਾ (F.B.T.), ਪਾਲਾ ਸੇਖੋਂ, ਹਰਪ੍ਰੀਤ ਸਿੰਘ (A&P Tire), ਸੁੱਖੀ (S&M), ਪ੍ਰਿੰਸ (Prince Transport), ਰਾਜ (Dango Express), ਸੁਲੱਖਣ ਰਾਏ, ਦੀਪਾ ਸਿਵੀਆ, ਬਲਦੇਵ ਸਿੰਘ (FRED LIQUOR) ਬਲਜੀਤ ਨਿਰਵੈਨ, ਅਮਰੀਕ ਗੋਰਾਇਆ, ਮਨੀ ਰਾਏ, ਸੁਖਪਾਲ ਸਿੰਘ, ਬਲਦੇਵ ਪੰਮਾ ਅਤੇ ਬਲਵੰਤ (Grimmway Farm), ਨਿਰਮਲ ਗਿੱਲ, ਗੁਰਮੀਤ ਸਿੱਧੂ, ਐਨ. ਕੇ. ਸਾਈਨ, ਸੁਖਦੇਵ ਗਿੱਲ, ਡੱਡੀ ਗਿੱਲ, Magoos Pizza, Senior Citizen Center, Amigos Pizza, Taj Mahal, Reliable Whole Sale, All India Sweet & Spices, Gilson Jewellers, Amar Mohamed, Magic Auto, Bobby Five Star, Bob Virk, Amarjit Singh Brar, Road Liner Log, Bhuto, B&B Reg. & Travel Services ਕਮੇਟੀ ਗੁਰਦੁਆਰਾ ਗੁਰੂ ਅੰਗਦ ਦਰਬਾਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਦਸਮੇਸ਼ ਦਰਬਾਰ, ਅਤੇ ਸਮੂਹ ਇਲਾਕਾ ਨਿਵਾਸੀ ।
ਨੋਟ : ਮੈਚ 9:00 ਵਜੇ ਸ਼ੁਰੂ ਹੋਵੇਗਾ ਅਤੇ ਹਰ ਇਕ ਟੀਮ ਦੀ ਐਂਟਰੀ ਮੈਚ ਤੋਂ 30 ਮਿੰਟ ਪਹਿਲਾਂ ਜ਼ਰੂਰੀ ਹੈ ।
ਟੀਮਾਂ ਦੀ ਐਂਟਰੀ ਲਈ ਕਾਲ ਕਰ ਸਕਦੇ ਹੋ
ਇਸ ਟੂਰਨਾਮੈਂਟ ਦੀ ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ
ਅਤੇ ਜਗਦੀਪ ਬਿੰਦ ਕਰਨਗੇ
ਹਰ ਪਾਸੇ ਸਿਕਿਊਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ
Design & Print Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com